# ਰੇਸ, ਕਲਾਸ ਤੇ ਜੰਗ

*ਲੇਖਕ ਦੀਆਂ ਹੋਰ ਪੁਸਤਕਾਂ*

**ਕਾਵਿ-ਸੰਗ੍ਰਹਿ**

ਪੰਧ ਤੇ ਪੀੜਾ
ਸ਼ਬਦ, ਸੁਪਨਾ ਤੇ ਸੰਗਰਾਮ

**ਕਹਾਣੀ-ਸੰਗ੍ਰਹਿ**

ਹਲਫ਼ਨਾਮਾ
ਮੰਜ਼ਿਲ ਤੋਂ ਉਰੇ ਉਰੇ
ਬਿਨ ਸਿੰਗੇ ਸਾਨ੍ਹ

**ਨਾਵਲ**

ਜੋ ਹਾਰੇ ਨਹੀਂ
ਮਿੱਟੀ ਜਾਏ
ਵਿੰਗ ਤੜਿੰਗੇ ਰਾਹ
ਜੋ ਹਾਰੇ ਨਹੀਂ (ਤ੍ਰੈਲੜੀ ਇਕੋ ਜਿਲਦ ਵਿਚ)
ਬਲਦੇ ਸਿਵਿਆਂ ਦਾ ਸੇਕ

**ਵਾਰਤਕ**

ਕਿਸਾਨ ਸੰਘਰਸ਼ਾਂ ਦੀ ਸ਼ਾਨਾਂਮੱਤੀ ਪਰੰਪਰਾ ਜਾਰੀ ਹੈ
ਨਾਟ ਸਫ਼ਰ ਦਾ ਸ਼ਾਹ-ਸਵਾਰ : ਗੁਰਸ਼ਰਨ ਸਿੰਘ
ਅੰਦੋਲਨ ਤੋਂ ਅੰਦੋਲਨ ਤੱਕ : ਜੀਵਨੀ ਗਿਆਨ ਸਿੰਘ ਸੰਘਾ

**ਸੰਪਾਦਤ**

ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ

**ਸਹਿ-ਸੰਪਾਦਤ**

ਸੁਪਨੇ ਤੇ ਸੰਤਾਪ (ਅਮਰੀਕੀ ਪੰਜਾਬੀ ਕਹਾਣੀਆਂ)
ਪੰਖ, ਪਿੰਜਰਾ ਤੇ ਪਰਵਾਜ਼ (ਅਮਰੀਕੀ ਪੰਜਾਬੀ ਕਹਾਣੀਆਂ)

# ਰੇਸ, ਕਲਾਸ ਤੇ ਜੰਗ

(ਕਹਾਣੀ-ਸੰਗ੍ਰਹਿ)

**ਪ੍ਰੋ. ਹਰਭਜਨ ਸਿੰਘ**

*Fiction/Punjabi Short Fiction*

**Race, Class Te Jung**

*By*

Prof. Harbhajan Singh
Kala Sanghian , Kapurthalla, Punjab, India.

Present Address:
3335 Homestead Road, Apt # 17
Santa Clara, Ca 95051, USA.
Ph: 408-246-2976
Email: prof_harbhajan@att.net

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010, Prof. Harbhajan Singh*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਬਲਵਿੰਦਰ ਸਿੰਘ

(ਉਤਮ ਸਵੀਟਸ, ਚੰਡੀਗੜ੍ਹ)

ਦੀ ਦੋਸਤੀ ਦੇ ਨਾਂ

# ਤਰਤੀਬ

## ਭਾਗ ਪਹਿਲਾ


- ਗਰਾਊਂਡ ਜ਼ੀਰੋ 9
- ਰੇਸ, ਕਲਾਸ ਤੇ ਜੰਗ 21
- ਪਾਗ਼ਲ ਮੌਸਮ ਠੱਗ ਨਿਜ਼ਾਮ 34
- ਕਾਲੇ ਪਾਣੀ 45
- ਸੋਨ ਚਿੜੀ ਦੇ ਖੰਭ 59
- ਮਜ੍ਹਮਾ 78


## ਭਾਗ ਦੂਜਾ


- ਹਿੱਪ ਹੌਪ 100
- ਕਾਲਾ ਨਾਚ 116
- ਹੱਡਾਂ 'ਚ ਖੁਰ ਗਿਆ ਚੰਦਰਮਾ 135

# ਗਰਾਊਂਡ ਜ਼ੀਰੋ

"ਤੁਸੀਂ ਠੀਕ ਠਾਕ ਤਾਂ ਹੋ!"

ਸ਼ੱਬੋ ਦੀ ਡਰੀ-ਡਰੀ ਆਵਾਜ਼ ਮੇਰੇ ਕੰਨੀਂ ਪੈ ਰਹੀ ਹੈ।

"ਹਾਂ, ਮੈਂ ਬਿਲਕੁਲ ਠੀਕ ਠਾਕ ਆਂ!"

"ਤੁਸੀਂ ਕਿਤੇ ਡਾਊਨ ਟਾਊਨ ਤਾਂ ਨਹੀਂ ਜਾ ਵੜੇ?"

"ਨਹੀਂ ਸ਼ੱਬੋ, ਮੈਂ ਤਾਂ ਸੈਂਟਰਲ ਪਾਰਕ ਵਿਚ ਆਂ, ਏਥੇ ਲੱਖਾਂ ਲੋਕ ਆ ਮੇਰੇ ਆਲੇ-ਦੁਆਲੇ ...।"

"ਹਾਏ ਮੈਂ ਮਰਜਾਂ, ਤੁਸੀਂ ਕਿੱਥੇ ਜਾ ਵੜੇ!"

ਉਹ ਗ਼ਮ ਦੇ ਖਾਰੇ ਸਮੁੰਦਰ ਵਿਚ ਗੋਤੇ ਖਾ ਰਹੀ ਲੱਗਦੀ ਹੈ।

ਅੱਜ-ਕੱਲ੍ਹ ਸਾਡੇ ਨਾਲ ਇਹ ਹਰ ਰੋਜ਼ ਵਾਪਰ ਰਿਹਾ ਹੈ। ਮਨਾਂ ਵਿਚੋਂ ਇਕ ਖ਼ੌਫ, ਇਕ ਦਹਿਲ, ਇਕ ਵੈਰਾਗ ਜਿਹਾ ਨਿਕਲ ਹੀ ਨਹੀਂ ਰਿਹਾ। ਇਕ ਹਾਦਸੇ ਨੇ ਸਾਰਾ ਜੀਵਨ ਅਸਤ-ਵਿਅਸਤ ਕਰ ਕੇ ਰੱਖ ਦਿੱਤਾ। ਹਾਦਸਾ ਵੀ ਇੱਡਾ ਵੱਡਾ ਕਿ ਸ਼ਾਇਦ ਹੀ ਖ਼ੁਰਾਫਾਤਾਂ ਦੇ ਇਤਿਹਾਸ ਵਿਚ ਪਹਿਲਾਂ ਕਦੇ ਘਟਿਆ ਹੋਵੇ। ਕਿਸੇ ਸ਼ੈਤਾਨ ਮਨ ਨੇ ਇੰਨੀ ਅਤਿ-ਆਧੁਨਿਕ ਖ਼ੁਰਾਫਾਤ ਪਹਿਲਾਂ ਕਦੇ ਨਹੀਂ ਸੋਚੀ ਹੋਣੀ।

ਮੈਂ ਡਰਦਾ ਮਾਰਿਆ ਕੰਮ 'ਤੇ ਨਹੀਂ ਗਿਆ ਕੋਈ ਮਹੀਨਾ ਭਰ। ਪਤਨੀ ਤੇ ਬੱਚਿਆਂ ਨੇ ਹੀ ਨਹੀਂ ਜਾਣ ਦਿੱਤਾ। ਬੱਸ, ਸਾਰਾ ਦਿਨ ਅੰਦਰ ਵੜੇ ਟੀਵੀ ਦੇਖਦੇ ਰਹੇ। ਟੀਵੀ ਸਕਰੀਨ ਉੱਤੇ ਵੀ ਦੋ ਹੀ ਚਿਹਰੇ: ਇਕ ਖੁਲ੍ਹੀ ਦਾੜ੍ਹੀ, ਉਦੇੜ ਪੱਗ ਵਾਲਾ, ਭੂਰਾ-ਪੀਲਾ ਸ਼ੈਤਾਨ ਚਿਹਰਾ ਅਤੇ ਦੂਜਾ, ਅੱਗ ਵਾਂਗ ਭੱਖਦਾ, ਗੋਰਾ-ਲਾਲ ਮੱਕਾਰ ਚਿਹਰਾ। ਦੋਨਾਂ ਚਿਹਰਿਆਂ ਦੇ ਵਿਚਕਾਰ, ਦੋ ਅੱਗ ਦੇ ਗੋਲੇ ਅਤੇ ਗਰਕਦੇ ਜਾਂਦੇ ਜ਼ਮੀਨ ਵਿਚ: ਫੰਬੇ-ਫੰਬੇ, ਚੀਥੜੇ-ਚੀਥੜੇ ਹਜ਼ਾਰਾਂ ਮਨੁੱਖੀ ਜਿਸਮ। ਸਭ ਕੁਝ ਭਸਮ ਅਤੇ ਸਿੱਧਾ ਗਰਾਊਂਡ ਜ਼ੀਰੋ ਵਿਚ। ਧੂੰਆਂ, ਗਰਦ, ਕੁਹਰਾਮ ਅਤੇ ਫਿਰ ਹੇਟ-ਕਰਾਈਮ। ਕਾਰੋਬਾਰ ਠੱਪ। ਸਿਰ ਉੱਤੇ ਹਰ ਵੇਲੇ ਨੰਗੀ ਲਟਕਦੀ ਤਲਵਾਰ।

ਭੈੜੇ-ਭੈੜੇ ਸੁਫਨੇ ਤੇ ਨੀਂਦ ਹਰਾਮ।

ਸ਼ੱਬੋ ਮੇਰੇ ਨਾਲੋਂ ਵੀ ਵੱਧ ਪਰੇਸ਼ਾਨ: ਲਕੋ ਕੇ ਰੱਖ ਦਿੱਤੇ ਸਾਰੇ ਪੰਜਾਬੀ ਸੂਟ; ਮੇਰੇ ਕੁੜਤੇ ਪਜਾਮੇ, ਆਪਣੇ ਕਮੀਜ਼ ਸਲਵਾਰ। ਕਈ ਹਫ਼ਤੇ ਬਾਹਰ ਨਹੀਂ ਨਿਕਲਿਆ ਸਾਰਾ ਪਰਿਵਾਰ। ਵੱਡਾ ਪੰਗਾ: ਦਾੜੀ, ਮੁੱਛਾਂ, ਕੇਸ, ਪੱਗ ਅਤੇ ਭੂਰੀ-ਭੂਰੀ ਦਿੱਖ। ਆਖਿਰ, ਬੱਚਿਆਂ ਨੇ ਹੱਲ ਲੱਭਿਆ:

"ਦਾੜੀ ਮੁੱਛਾਂ ਸਭ ਸਫਾ ਚੱਟ ਕਰਾ ਦਿਉ, ਪਾਪਾ! ਦਾੜ੍ਹੀ ਕੇਸਾਂ ਦਾ ਕਰਨਾ ਵੀ ਕੀ ਆ?"

'ਰੰਗ ਤੇ ਦਿੱਖ ਦਾ ਕੀ ਕਰਾਂ?' ਸਿਰਫ਼ ਸੋਚਿਆ, ਕਿਹਾ ਨਹੀਂ। ਸ਼ੱਬੋ ਤਾਂ ਹੋਰ ਵੀ ਡਰ ਗਈ ਬੱਚਿਆਂ ਦੇ ਇਸ ਸੁਝਾਅ ਨਾਲ, "ਦਾੜ੍ਹੀ ਮੁੱਛਾਂ ਸਫਾ ਚੱਟ ਕਰਾਉਣ ਨਾਲ ਤਾਂ ਐਵੇਂ ਵਾਧੂ ਦੀ ਸ਼ੱਕ ਈ ਪਊ। ਜੇ ਇਕ ਵਾਰ, ਇਨ੍ਹਾਂ ਭੂਤਨਿਆਂ ਨੂੰ ਸ਼ੱਕ ਪੈ ਗਿਆ, ਤਾਂ ਇਨ੍ਹਾਂ ਮਗਰੋਂ ਨਹੀਂ ਲਹਿਣਾ ਕਿੰਨਾ ਚਿਰ।"

ਸਿਆਣੇ ਮਿੱਤਰਾਂ ਸਲਾਹ ਦਿੱਤੀ, "ਪੱਗ ਤਾਂ ਲਾਹ ਹੀ ਦੇ ਪੰਨੂ ਯਾਰ!"

ਮੈਂ ਪੱਗ ਲਾਹ ਕੇ ਅਲਮਾਰੀ ਵਿਚ ਰੱਖ ਦਿੱਤੀ। ਦਾੜ੍ਹੀ ਕੁਤਰ ਕੇ ਨਵੇਂ ਪੰਜਾਬੀ ਗਾਇਕਾਂ ਵਰਗੀ ਕਰ ਲਈ। ਮੁੱਛਾਂ ਕਿਸੇ ਮੁੱਛ-ਫੁੱਟ ਗਭਰੂ ਵਾਂਗ ਅਤੇ ਸਿਰ ਇਕਦਮ ਰੜਾ ਮੈਦਾਨ।

ਅੱਜ ਸਵੇਰੇ ਕੰਮ 'ਤੇ ਨਿਕਲਿਆ ਕਈ ਹਫ਼ਤਿਆਂ ਬਾਅਦ: ਪਹਿਨ ਕੇ ਹਿੱਪੀ ਸਟਾਈਲ ਪੈਂਟ ਸ਼ਰਟ, ਸਿਰ ਉੱਤੇ 'ਜੰਕੀਜ਼' ਕੈਪ। ਦਿਲ ਵਿਚ ਇਕ ਤਿੱਖੀ ਚੀਸ ਅਤੇ ਜ਼ਿਹਨ ਵਿਚ ਉਫ਼ਨਦਾ ਉਫ਼ਾਨ। ਤੁਰਨ ਤੋਂ ਪਹਿਲਾਂ ਕਿੰਨਾ ਚਿਰ ਸੋਚਦਾ ਰਿਹਾ, 'ਕਿਹੜੇ ਪਾਸੇ ਜਾਵਾਂ, ਕਿਹੜੇ ਨਾ?'

ਹਵਾਈ ਅੱਡੇ ਉੱਤੇ ਤਾਂ ਉਦਾਂ ਹੀ ਉੱਲੂ ਬੋਲਦੇ ਆ। ਲੋਕ ਡਰਦੇ ਜਹਾਜ਼ੇ ਚੜ੍ਹਦੇ ਹੀ ਨਹੀਂ। ਜੇ ਕੋਈ ਭੁੱਲਾ ਭਟਕਿਆ ਪਹੁੰਚ ਵੀ ਜਾਵੇ ਤਾਂ 'ਹੋਮਲੈਂਡ ਸਕਿਊਰਿਟੀ' ਜਾਨ ਖਾ ਜਾਂਦੀ ਐ। ਡਾਊਨ-ਟਾਊਨ ਵਿਚ ਉਂਜ ਹੀ 'ਹੇਟ-ਕਰਾਈਮ' ਜ਼ੋਰਾਂ 'ਤੇ ਆ: ਦੋ-ਤਿੰਨ ਮੁਸਲਿਮ ਸਟੋਰ ਮਾਲਕ ਹਲਾਕ, ਛੋਟੇ-ਮੋਟੇ 'ਹੇਟ-ਕਰਾਈਮ' ਬੇਹਿਸਾਬ। ਬਿਜ਼ਨਿਸ ਇਲਾਕੇ ਵੀ ਹਾਲੇ ਤੱਕ ਠੰਡੇ ਹੀ ਪਏ ਆ, ਬਹੁਤੇ ਖੁਲ੍ਹੇ ਹੀ ਨਹੀਂ ਹਾਦਸੇ ਤੋਂ ਬਾਅਦ। ਟਾਈਮ ਸੁਕੇਅਰ ਅਤੇ ਸੈਂਟਰਲ ਮੈਨਹਟਨ ਏਰੀਆ, ਪੁਲੀਸ ਨੇ ਅੱਜ ਵੈਸੇ ਸੀਲ ਕੀਤੇ ਹੋਏ ਆ, ਜੰਗ ਵਿਰੋਧੀ ਪ੍ਰਦਰਸ਼ਨ ਕਾਰਨ।

'ਚੱਲ ਮਨਾਂ, ਹਸਪਤਾਲ ਏਰੀਏ ਵੱਲ ਚੱਲ ... ਮਰੀਜ਼ਾਂ ਦੀ ਗਿਣਤੀ ਤਾਂ ਵੱਧਦੀ ਈ ਜਾ ਰਹੀ ਐ।'

ਕਈ ਕੁਝ ਸੋਚ ਕੇ, ਮੈਂ ਕੈਬ ਹਸਪਤਾਲ ਏਰੀਏ ਵੱਲ ਤੋਰ ਲਈ ਅਤੇ ਵੱਡੇ ਕਾਊਂਟੀ ਹਸਪਤਾਲ ਦੀ ਡੀ. ਐਨ. ਏ. ਟੈਸਟ ਲੈਬ ਦੇ ਬਾਹਰ ਲੋਕਾਂ ਦੀ ਭੀੜ ਦੇਖ ਕੇ ਰੋਕ ਲਈ ਪਰ ਅੰਦਰ ਜਾਣ ਦੀ ਹਿੰਮਤ ਨਹੀਂ ਪਈ। ਇਸ ਲਈ ਬਾਹਰ ਸੜਕ ਉੱਤੇ, ਇਕ ਪਾਸੇ ਪਾਰਕ ਕਰਕੇ, ਸਵਾਰੀ ਦੀ ਉਡੀਕ ਕਰਨ ਲੱਗ ਪਿਆ।

ਪਰ ਇਕ ਘੰਟੇ ਤੱਕ ਵੀ ਕੋਈ ਸਵਾਰੀ ਮੇਰੇ ਤੱਕ ਨਹੀਂ ਪਹੁੰਚੀ ਤਾਂ ਮਨ ਦੀ ਬੇਚੈਨੀ ਵਧਣ ਲੱਗ ਪਈ ਅਤੇ ਨਾਂਹ-ਪੱਖੀ ਸੋਚ ਮੇਰੇ ਸੋਚ-ਕੇਂਦਰ ਉੱਤੇ ਹਮਲੇ ਕਰ-ਕਰ ਕੇ ਸੋਚ-ਕੇਂਦਰ ਨੂੰ ਹੀ ਢਾਹੁਣ ਲੱਗ ਪਈ। ਜ਼ਿੰਦਗੀ ਦੇ ਸਾਰੇ ਸੰਤਾਪੇ ਦਿਨ ਜ਼ਿਹਨ ਵਿਚ ਲਾਲ ਬਲਬਾਂ ਵਾਂਗ ਜਗ ਪਏ: ਜੂਨ ਉਨੀਂ ਸੌ ਚੌਰਾਸੀ ਦੇ ਵੱਡੇ ਘੱਲੂਘਾਰੇ ਤੋਂ ਬਾਅਦ ਮੈਂ ਰੱਖੇ ਸੀ – ਦਾੜ੍ਹੀ, ਮੁੱਛਾਂ ਤੇ ਸਿਰ ਦੇ ਲੰਮੇ-ਲੰਮੇ ਵਾਲ। ਜਦੋਂ 'ਭਾਊਆਂ' ਨੇ ਇਹ 'ਹੁਕਮਨਾਮਾ' ਜਾਰੀ ਕਰ ਦਿੱਤਾ ਕਿ 'ਜੋ ਵੀ ਦਾੜ੍ਹੀ, ਮੁੱਛਾਂ, ਵਾਲ ਕਟਾਏਗਾ, ਸੋਧ ਦਿੱਤਾ ਜਾਏਗਾ'। ਕੰਮ ਉੱਥੇ ਵੀ ਮੈਂ ਟੈਕਸੀ ਚਲਾਉਣ ਦਾ ਹੀ ਕਰਦਾ ਹੁੰਦਾ ਸੀ। ਉਹ ਵੀ ਜ਼ਿਲਾ ਅੰਮ੍ਰਿਤਸਰ ਦੇ



ਰਾਜਾ-ਸਾਂਸੀ ਹਵਾਈ ਅੱਡੇ ਤੋਂ ਇਧਰ-ਉਧਰ: ਬੜੀ ਅੱਗ ਬਲਦੀ ਸੀ, ਉਨ੍ਹੀਂ ਦਿਨੀਂ ਉੱਥੇ। ਇਹ ਪਤਾ ਨਹੀਂ ਸੀ ਹੁੰਦਾ: ਸ਼ਾਮ ਨੂੰ ਘਰ ਪਹੁੰਚ ਵੀ ਸਕਣਾ ਕਿ ਨਹੀਂ।

ਉਦੋਂ ਮਸੀਂ ਫੁੱਲ ਸਾਈਜ਼ ਕੀਤੀ, ਮੈਂ ਇਹ ਦਾੜ੍ਹੀ, ਮੁੱਛਾਂ ਅਤੇ ਕੇਸਾਂ ਦੀ ਲੰਬਾਈ। ਪਰ ਇਹ ਲੰਬਾਈ ਇੱਥੇ ਬੜੀ ਕੰਮ ਆਈ, ਰਾਜਨੀਤਕ ਸ਼ਰਨ ਦੇ ਕੰਮ। ਫਿਰ ਤਾਂ ਇਹਦੇ ਨਾਲ ਮੋਹ ਹੀ ਪੈ ਗਿਆ। ਆਪਣੀ ਵੱਖਰੀ ਪਹਿਚਾਣ ਦਾ ਚਿੰਨ੍ਹ ਲੱਗਣ ਲੱਗ ਪਿਆ ਇਹ ਸਰੂਪ: ਖੁੱਲ੍ਹੀ ਦਾੜ੍ਹੀ, ਕੁੰਢੀਆਂ ਮੁੱਛਾਂ, ਮੋਟਾ ਜੂੜਾ ਅਤੇ ਠੋਕਵੀਂ ਪੱਗ।

ਮੂੰਹ-ਸਿਰ ਉੱਤੇ ਹੱਥ ਫੇਰਿਆ ਤਾਂ ਆਪਣਾ-ਆਪ ਖਾਲੀ ਬੰਜਰ ਜਿਹਾ ਲੱਗਾ: 'ਇਕ ਤ੍ਰਾਸਦਿਕ ਸਥਿਤੀ ਵਿਚ ਉੱਗੇ ਦਾੜ੍ਹੀ-ਮੁੱਛਾਂ-ਕੇਸ, ਦੂਜੀ ਤ੍ਰਾਸਦਿਕ ਸਥਿਤੀ ਵਿਚ ਕਿੰਜ ਅਕਾਲ ਚਲਾਣਾ ਕਰ ਗਏ!' ਹਕੀਕਤ ਦੀ ਸ਼ਰਮਿੰਦਗੀ ਅਤੇ ਬੇਬਸੀ ਦਾ ਅਹਿਸਾਸ, ਦਿਲੋ-ਦਿਮਾਗ਼ ਨੂੰ ਕੁਰੇਦਦੇ ਰਹੇ ਕਾਫ਼ੀ ਦੇਰ ਤੱਕ। ਬਾਹਰੋਂ ਵਾਤਾਵਰਣ ਵਿਚੋਂ ਆ ਰਹੀ ਸਿੱਲ੍ਹੀ-ਸਿੱਲ੍ਹੀ ਸੋਗੀ ਧੁਨ, ਕਲੇਜਾ ਚੀਰ-ਚੀਰ ਕੇ ਲੰਘਦੀ ਗਈ।

ਡੀ. ਐਨ. ਏ. ਲੈਬ ਦੇ ਆਸ-ਪਾਸ ਪਸਰੀ ਪਈ ਮਰਨਊ ਚੁੱਪ, ਮਨ ਨੂੰ ਉਸੇ ਤਰ੍ਹਾਂ ਡੱਸ ਰਹੀ ਸੀ, ਜਿਸ ਤਰ੍ਹਾਂ ਨਿਗੂਣੀ ਲਾਚਾਰ ਹੋਂਦ ਦਾ ਅਹਿਸਾਸ। ਮਨ ਸੁੰਗੜ ਕੇ 'ਕੱਠਾ ਜਿਹਾ ਹੋ ਗਿਆ ਤਾਂ ਰੂਹ ਨੇ ਆਵਾਜ਼ ਮਾਰੀ, 'ਇੰਨੀ ਵੀ ਢੇਰੀ ਨਾ ਢਾਹ, ਬੰਦਿਆ!' ਅਤੇ ਮੈਂ ਢਾਊ ਸੋਚ ਨੂੰ ਮੋਟੀ ਸਾਰੀ ਗੰਢ ਮਾਰ ਕੇ ਇਕ ਪਾਸੇ ਪਰੇ ਵਗਾਹ ਮਾਰਿਆ। ਇਕ ਵੱਡਾ ਸਾਰਾ ਹੰਭਲਾ ਮਾਰ ਕੇ ਇਕੋ ਝਟਕੇ ਨਾਲ ਕੈਬ ਸਟਾਰਟ ਕੀਤੀ ਅਤੇ ਲਿਆ ਕੇ ਲੈਬ ਦੇ ਮੇਨ-ਗੇਟ ਸਾਹਮਣੇ ਖੜ੍ਹੀਆਂ ਪੀਲੀਆਂ, ਹਰੀਆਂ, ਸਤਰੰਗੀ ਕੈਬਾਂ ਦੀ ਕਤਾਰ ਦੇ ਪਿੱਛੇ ਲਾ ਦਿੱਤੀ।

ਡੀ. ਐਨ. ਏ. ਵਾਰਸਾਂ ਦੀ ਭੀੜ ਵਧਦੀ-ਵਧਦੀ ਇਕ ਲੰਬੀ ਕਤਾਰ ਬਣ ਕੇ ਪਿੱਛੇ ਨੂੰ ਸਰਕਦੀ-ਸਰਕਦੀ, ਲੈਬ ਤੋਂ ਬਾਹਰ ਨਿਕਲ ਕੇ, ਪਾਰਕਿੰਗ ਲਾਟ ਵਿਚ ਦੀ ਹੁੰਦੀ ਹੋਈ, ਸੜਕ ਤੱਕ ਪਹੁੰਚ ਗਈ ਸੀ ਅਤੇ ਆਲਾ-ਦੁਆਲਾ ਸਿਸਕੀਆਂ, ਹਉਕਿਆਂ, ਹੰਝੂਆਂ, ਆਹਾਂ ਤੇ ਸੋਗੀ ਮਾਤਮੀ ਮਾਹੌਲ ਨਾਲ ਨੱਕੋ ਨੱਕ ਭਰਿਆ ਪਿਆ ਸੀ। ਮਾਰੇ ਗਏ ਲੋਕਾਂ ਦੀ ਸ਼ਨਾਖਤ ਲਈ ਡੀ. ਐਨ. ਏ. ਟੈਸਟ ਹੀ ਇਕੋ-ਇਕ ਸਾਧਨ ਬਾਕੀ ਬਚਿਆ ਸੀ। ਅੱਜ ਡੀ. ਐਨ. ਏ. ਟੈਸਟ ਰਿਜ਼ਲਟ ਦੀ ਪਹਿਲੀ ਰਿਪੋਰਟ ਰੀਲੀਜ਼ ਹੋਣੀ ਸੀ।

ਇਸੇ ਲਈ ਮ੍ਰਿਤਕਾਂ ਦੇ ਵਾਰਸ, ਲਾਈਨ ਵਿਚ ਪੱਬਾਂ ਭਾਰ ਖੜ੍ਹੇ, ਆਪਣੀ ਵਾਰੀ ਦਾ ਇੰਤਜ਼ਾਰ ਕਰ ਰਹੇ ਸਨ ... ਅਤੇ ਇਸੇ ਲਾਈਨ ਵਿਚ, ਸਰ ਸਕਾਟ ਸਾਈਮਨ ਕੁੱਬਾ ਜਿਹਾ ਹੋ ਕੇ ਖੜ੍ਹਾ, ਮਰੇ ਜਿਹੇ ਕਦਮ ਅਗਾਂਹ-ਪਿਛਾਂਹ ਘਸੀਟ ਰਿਹਾ ਸੀ। ਸਦਮੇ ਦੇ ਅਸਹਿ ਬੋਝ ਨਾਲ ਉਹਦਾ ਹਿਰਦਾ ਡੁੱਬਦਾ ਜਾ ਰਿਹਾ ਸੀ ਅਤੇ ਉਸ ਤੋਂ ਖਲੋਇਆ ਨਹੀਂ ਸੀ ਜਾ ਰਿਹਾ। ਇਕ ਹਉਕਾ ਉਹਦੇ ਸੀਨੇ ਵਿਚੋਂ ਭਾਫ਼ ਬਣ ਕੇ ਬਾਹਰ ਨਿਕਲਦਾ ਸੀ ਤਾਂ ਦੂਜਾ ਪੱਥਰ ਵਾਂਗ ਛਾਤੀ ਉੱਤੇ ਆ ਸਵਾਰ ਹੁੰਦਾ ਸੀ। ਉਸਦੀ ਪਤਨੀ ਗਲੋਰੀਆ ਸਾਈਮਨ ਤਾਂ ਹਾਦਸੇ ਤੋਂ ਬਾਅਦ ਉੱਠੀ ਹੀ ਨਹੀਂ ਸੀ। ਅੱਜ ਉਹਦੇ ਨਾਲ ਵੀ ਮਸੀਂ ਆਈ, ਉਹ ਵੀ ਕਈ ਵਾਰ ਕਹਿਣ ਨਾਲ ਅਤੇ ਆਉਂਦੀ ਹੀ ਉਡੀਕ ਹਾਲ ਦੀ ਇਕ ਬੈਂਚ ਉੱਤੇ ਮਿੱਟੀ ਦੀ ਢੇਰੀ ਬਣ ਕੇ ਜਾ ਬੈਠੀ: ਨਿਰਜੀਵ, ਚੁੱਪ ਗੜੁੱਪ, ਡੌਰ-ਭੌਰੀ ਤੇ ਸਹਿਮੀ-ਸਹਿਮੀ।

ਸਕਾਟ ਨੇ ਉਹਦੇ ਵੱਲ ਦੇਖਿਆ ਤਾਂ ਹੋਰ ਮਾਯੂਸ ਹੋ ਗਿਆ: 'ਕਿਤੇ ਇਹ ਵੀ ਨਾ ਚੱਲ ਵਸੇ!'

ਪਰ ਗਲੋਰੀਆ ਦੀ ਹਾਲਤ ਨਾਲੋਂ ਕਿਤੇ ਵੱਧ ਦੁੱਖ ਉਸਨੂੰ ਆਪਣੇ ਨਵ-ਵਿਆਹੇ ਨੂੰਹ-ਪੁੱਤਰ ਦੀ ਮੌਤ ਦਾ ਹੋ ਰਿਹਾ ਸੀ। ਕੋਈ ਨਿਸ਼ਾਨੀ ਨਾ ਬਚਣ ਦਾ ਅਵਸੋਸ ਵੀ: 'ਕੋਈ ਬਾਲ ਬੱਚਾ ਹੀ ਹੁੰਦਾ, ਸਾਡਾ ਨਾਂ ਤਾਂ ਰਹਿ ਜਾਂਦਾ!'

ਇਸੇ ਤਰ੍ਹਾਂ ਦੀ ਮਨੋਸਥਿਤੀ ਵਿਚ, ਉਹ ਦਿਲ ਉੱਤੇ ਪੱਥਰ ਰੱਖੀ, ਕਈ ਦਿਨ ਆਪਣੇ ਨੂੰਹ-ਪੁੱਤਰ ਦੀਆਂ ਲਾਸ਼ਾਂ ਦੀ ਸ਼ਨਾਖਤ ਕਰਨ ਲਈ ਮੁਰਦਾ ਘਰ (ਮੌਰਚਰੀ) ਵੀ ਜਾਂਦਾ ਰਿਹਾ। ਪਰ ਉੱਥੇ ਲਾਸ਼ਾਂ ਕਿੱਥੇ ਸਨ: ਅੱਧ ਪਚੱਧੀਆਂ ਲੱਤਾਂ ਜਾਂ ਅੱਧ ਪਚੱਧੀਆਂ ਬਾਂਹਾਂ। ਖੋਪੜੀਆਂ ਬਿਨਾਂ ਮੂੰਹ-ਸਿਰ ਜਾਂ ਪਿਘਲੇ-ਪਿਘਲੇ ਚੂਰ-ਮੂਰ ਪਿੰਜਰ। ਪਸਲੀਆਂ, ਅੱਖਾਂ, ਕੰਨਾਂ, ਨੱਕਾਂ, ਉਂਗਲੀਆਂ, ਨੂੰਹਾਂ, ਗਿੱਟਿਆਂ, ਗੋਡਿਆਂ ਦੇ ਢੇਰ ... ਅਤੇ ਸਭ ਤੋਂ ਵੱਧ ਦਰਦਨਾਕ: ਦਿਲ ਕੰਬਾਊ ਇਕ ਬਦਬੋ, ਇਕ ਸੜਿਹਾਂਦ, ਸੁੰਨ ਕਰਦੀ ਜ਼ਿਹਨ ਨੂੰ ... ਮੂੰਹ ਚਿੜਾਉਂਦੀ ਜ਼ਿੰਦਗੀ ਦੀ ਹੋਂਦ ਨੂੰ ...

ਉਸ ਸ਼ਨਾਖਤ ਦੌੜ ਨੇ, ਉਸਨੂੰ ਇੰਨਾ ਝੰਡੋੜ ਕੇ ਰੱਖ ਦਿੱਤਾ ਕਿ ਉਹਦੇ ਅੰਦਰ ਸਕੂਨ ਨਾਂ ਦੀ ਕੋਈ ਵੀ ਚੀਜ਼ ਬਾਕੀ ਨਹੀਂ ਸੀ ਬਚੀ। ਉਹਦਾ ਮਨ ਬੁਝ-ਬੁਝ ਕੇ ਇੰਨਾ ਮਰ ਗਿਆ ਕਿ ਕਿਸੇ ਨਾਲ ਵੀ ਕੋਈ ਗੱਲ ਕਰਨ ਨੂੰ ਉਹਦਾ ਉੱਕਾ ਹੀ ਜੀਅ ਨਹੀਂ ਸੀ ਕਰਦਾ। ਗਲੋਰੀਆ ਨਾਲ ਵੀ ਨਹੀਂ। ਉਹ ਤਾਂ ਰਾਤਾਂ ਨੂੰ ਉੱਠ-ਉੱਠ ਕੇ ਵੀ ਮੁਰਦਾ ਘਰ ਜਾ ਵੜਦਾ ਅਤੇ ਸੁਫ਼ਨੇ ਵਿਚ ਵੀ ਮਨੁੱਖੀ ਪੁਰਜਿਆਂ ਦੇ ਢੇਰ ਫਰੋਲਦਾ, ਆਪਣੇ ਨੂੰਹ-ਪੁੱਤ ਨੂੰ ਭਾਲਦਾ ਰਹਿੰਦਾ।

ਤੇ ਅੱਜ, ਇਸ ਸ਼ਨਾਖਤ ਲਾਈਨ ਵਿਚ ਖੜ੍ਹੇ ਨੂੰ ਵੀ ਮਨੁੱਖੀ ਪੁਰਜਿਆਂ ਦੇ ਉਹੀ ਢੇਰ ਦਿਖਾਈ ਦੇ ਰਹੇ ਸਨ। ਉਸਦੀ ਰੂਹ ਲਗਾਤਾਰ ਕੰਬ ਰਹੀ ਸੀ ਅਤੇ ਉਹਨੂੰ ਇੰਜ ਲੱਗਣ ਲੱਗ ਪਿਆ ਕਿ ਉਹਦੇ ਦਿਲ ਦਾ ਹੁਣੇ ਪਟਾਕਾ ਬੋਲ ਜਾਏਗਾ ਅਤੇ ਉਹ ਧੜਾਮ ਕਰਕੇ ਥੱਲੇ ਡਿਗ ਜਾਏਗਾ: ਗਰਾਉਂਡ ਜ਼ੀਰੋ 'ਤੇ।

ਕਈ ਡੀ. ਐਨ. ਏ. ਵਾਰਸ ਆਪਸ ਵਿਚ ਸਿੱਲ੍ਹੀਆਂ-ਸਿੱਲ੍ਹੀਆਂ, ਰੋਂਦੂ ਗੱਲਾਂ ਕਰਨ ਲੱਗ ਪਏ ਸਨ ਅਤੇ ਕਈ, ਹਾਲ ਵਿਚ ਲੱਗੇ ਟੀਵੀ ਦੀ ਸਕਰੀਨ ਉੱਤੇ ਅੱਖਾਂ ਗੱਡੀ, ਮ੍ਰਿਤਕ ਫਾਇਰ ਫਾਈਟਰਜ਼ ਦੀ ਯਾਦ ਵਿਚ ਗਰਾਉਂਡ ਜ਼ੀਰੋ ਉੱਤੇ ਹੋ ਰਹੀ ਮੈਮੋਰੀਅਲ ਮੀਟਿੰਗ ਦਾ ਸਿੱਧਾ ਪ੍ਰਸਾਰਨ ਦੇਖ ਰਹੇ ਸਨ: ਇਸ ਮੀਟਿੰਗ ਵਿਚ ਅਮਰੀਕੀ ਰਾਸ਼ਟਰਪਤੀ ਦੇ ਪਹੁੰਚਣ ਅਤੇ ਕਿਸੇ ਖਾਸ ਐਲਾਨ ਕਰਨ ਬਾਰੇ ਵਾਰ-ਵਾਰ ਦੱਸਿਆ ਜਾ ਰਿਹਾ ਸੀ ਅਤੇ ਇਹ ਵੀ ਦਿਖਾਇਆ ਜਾ ਰਿਹਾ ਸੀ ਕਿ ਕਿੰਜ, ਫਾਇਰ ਫਾਈਟਰਜ਼ ਆਪਣੀ ਜਾਨ ਉੱਤੇ ਖੇਲ੍ਹ ਕੇ ਆਪਣਾ ਫਰਜ਼ ਨਿਭਾ ਗਏ। ਜਾਨ ਬਚਾਉਣ ਲਈ ਆਖਰੀ ਵਾਹ ਲਾਉਂਦੇ, ਖਿੜਕੀਆਂ ਵਿਚ ਦੀ ਛਾਲਾਂ ਮਾਰਦੇ ਲੋਕ ਅਤੇ ਅੱਗ ਬਝਾਉਣ ਲਈ ਜਾਨ ਉੱਤੇ ਖੇਲਦੇ ਫਾਇਰ ਫਾਈਟਰਜ਼: ਦਰਦਨਾਕ ਦ੍ਰਿਸ਼, ਕਈ ਵਾਰਸਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ।

ਪਰ ਬਹੁਤੇ ਗ਼ਮ ਦੇ ਦਰਿਆ ਵਿਚ ਨੱਕੋ-ਨੱਕ ਡੁੱਬੇ ਪਏ, ਮਾਰੇ ਗਏ ਸਗੇ ਸੰਬੰਧੀਆਂ



ਬਾਰੇ, ਅੱਗੇ-ਪਿੱਛੇ ਵਾਲਿਆਂ ਨਾਲ ਗੱਲਾਂ ਕਰ ਰਹੇ ਸਨ: ਸਕਾਟ ਸਾਈਮਨ ਦੇ ਅੱਗੇ ਖੜ੍ਹੀ ਇਕ ਜਵਾਨ ਔਰਤ ਦਾ ਪਤੀ ਪਹਿਲੇ ਟਾਵਰ ਉੱਤੇ ਹੋਏ ਹਮਲੇ ਵਿਚ ਮਾਰਿਆ ਗਿਆ ਸੀ ਅਤੇ ਉਸ ਤੋਂ ਅੱਗੇ ਖੜ੍ਹੇ ਬੁੱਢੇ ਫੌਜੀ ਦਾ ਜਵਾਨ ਫੌਜੀ ਪੁੱਤਰ ਪੈਂਟਾਗਨ ਉੱਤੇ ਹੋਏ ਤੀਜੇ ਹਮਲੇ ਵਿਚ। ਉਹ ਦੋਵੇਂ ਆਪਸ ਵਿਚ ਬਹੁਤ ਹੀ ਠਰੀਆਂ-ਠਰੀਆਂ ਅਤੇ ਦਿਲ-ਕੰਬਾਊ ਗੱਲਾਂ ਕਰ ਰਹੇ ਸਨ। ਉਹ ਔਰਤ, ਬੁੱਢੇ ਫੌਜੀ ਨੂੰ ਦੱਸ ਰਹੀ ਸੀ, "ਕਬਰ ਲਈ ਤਾਂ ਮੈਂ ਥਾਂ ਵੀ ਮੁੱਲ ਲੈ ਲਈ ਏ, ਪਰ ਉਹਦੇ ਵਿਚ ਰੱਖਾਂ ਕੀ? ਜੇ ਅੱਜ ਸ਼ਨਾਖਤ ਰਿਪੋਰਟ ਮਿਲ ਜਾਏ ਤਾਂ ਇਹਦੀ ਇਕ ਕਾਪੀ ਰੱਖ ਕੇ ਹੀ ਯਾਦਗਾਰ ਬਣਾ ਦਿਆਂ!"

ਉਹ ਫਿਸ-ਫਿਸ ਕਰਦੀ ਫੁੱਟ ਹੀ ਪਈ ਅਤੇ ਨਿਢਾਲ ਜਿਹੀ ਹੋ ਕੇ ਗਲੋਰੀਆ ਦੇ ਨਾਲ ਬੈਂਚ ਉੱਤੇ ਆ ਬੈਠੀ। ਬੈਗ ਵਿਚੋਂ ਬੋਤਲ ਕੱਢ ਕੇ ਪਾਣੀ ਪੀਣ ਲੱਗਿਆਂ, ਉਹਦੀ ਅਜਿਹੀ ਭੁੱਬ ਨਿਕਲੀ ਕਿ ਪਾਣੀ ਦੀ ਥਾਂ, ਲਹੂ ਦੇ ਹੰਝੂ ਪੀ ਕੇ ਰਹਿ ਗਈ। ਗਲੋਰੀਆ ਨੇ ਠੰਢੇ-ਸਰਦ ਹਉਕਿਆਂ ਰਾਹੀਂ ਆਪਣੇ ਗ਼ਮ ਦਾ ਇਜ਼ਹਾਰ ਕੀਤਾ ਅਤੇ ਉਹਦੇ ਵੱਲ ਹਮਦਰਦੀ ਭਰੀਆਂ ਨਜ਼ਰਾਂ ਨਾਲ ਦੇਖਿਆ। ਪਰ ਉਹ ਔਰਤ ਬਿਨਾ ਕੋਈ ਗੱਲ ਕੀਤਿਆਂ, ਮੁੜ ਲਾਈਨ ਵਿਚ ਜਾ ਖੜੋਤੀ ਕਿਉਂਕਿ ਸ਼ਨਾਖਤ ਰਿਪੋਰਟ ਮਿਲਣੀ ਅਤੇ ਲਾਈਨ ਅੱਗੇ ਸਰਕਨੀ ਸ਼ੁਰੂ ਹੋ ਗਈ ਸੀ।

ਇਕ ਹੱਥ ਵਿਚ ਰਿਪੋਰਟ ਅਤੇ ਦੂਜੇ ਹੱਥ ਵਿਚ ਪੈਕਿਟ ਫੜੀ, ਮਰੇ ਜਿਹੇ ਕਦਮ ਪੁੱਟਦੇ ਵਾਰਸ ਬਾਹਰ ਆ ਰਹੇ ਸਨ। ਹਰ ਪੈਕਿਟ ਵਿਚ ਮ੍ਰਿਤਕ ਦੇ ਸਰੀਰ ਦਾ ਉਹ ਪੁਰਜਾ ਬੰਦ ਸੀ, ਜਿਸ ਵਿਚੋਂ ਸ਼ਨਾਖਤ ਲਈ ਡੀ. ਐਨ. ਏ. ਲਏ ਗਏ ਸਨ। ਕਿਸੇ ਪੈਕਿਟ ਵਿਚ ਮਾਸ ਦਾ ਅੱਧ-ਜਲਿਆ ਟੁਕੜਾ; ਕਿਸੇ ਵਿਚ ਬਿਨਾਂ ਮਾਸ ਹੱਡੀ; ਕਿਸੇ ਵਿਚ ਕੋਈ ਅੱਧ ਜਲੀ ਕੋਈ ਉਂਗਲੀ, ਕਿਸੇ ਵਿਚ ਨਾੜਾਂ ਦੇ ਕੁਝ ਟੁੱਚ ਜਿਹੇ ਹੀ ਅਤੇ ਕਿਸੇ ਵਿਚ ਸਿਰਫ਼ ਲਹੂ ਦੀਆਂ ਘੱਟੇ ਭਰੀਆਂ ਕੁਝ ਬੂੰਦਾਂ, ਜੰਮ ਕੇ ਕਾਲੀਆਂ ਹੋਈਆਂ ਪਈਆਂ।

ਕਈ ਵਾਰਸ ਰੋਂਦੇ ਕੁਰਲਾਂਦੇ ਅਤੇ ਕਈ ਦਿਲ ਉੱਤੇ ਪੱਥਰ ਰੱਖੀ, ਅਸਹਿ ਸਦਮੇ ਨਾਲ ਝੂਰਦੇ, ਇੰਜ ਬਾਹਰ ਆ ਰਹੇ ਸਨ ਜਿਵੇਂ ਗਰਾਉਂਡ ਜ਼ੀਰੋ ਵਿਚ ਧਸਦੇ ਜਾ ਰਹੇ ਹੋਣ। ਇਕ ਔਰਤ ਤਾਂ ਪੈਕਿਟ ਨੂੰ ਛਾਤੀ ਨਾਲ ਲਾਈ ਮੇਨ ਗੇਟ ਦੇ ਐਨ ਵਿਚਕਾਰ ਖੜੋ ਕੇ ਵਿਰਲਾਪ ਕਰਦੀ-ਕਰਦੀ, ਸਿਆਪਾ ਕਰਨ ਲੱਗ ਪਈ, "ਹਾਏ ਓਏ ਮੇਰਿਆ ਮੱਖਣਾਂ! ਤੂੰ ਇਕ ਉਂਗਲੀ ਹੀ ਰਹਿ ਗਿਆ ਵੇ ... ਉਹ ਜ਼ਾਲਮ ਵੀ, ਟੁਕੜੇ ਟੁਕੜੇ ਹੋ ਕੇ, ਕੁੱਤੇ ਦੀ ਮੌਤੇ ਮਰਨ, ਜਿਨ੍ਹਾਂ ਤੈਨੂੰ ਮਾਰਿਆ ... ਹਾਏ ਓਏ ਮੇਰਿਆ ਮੱਖਣਾਂ, ਤੈਨੂੰ ਮੈਂ ਕਿੰਨੇ ਦੁੱਖਾਂ ਨਾਲ ਪਾਲਿਆ ਸੀ!"

ਚਾਰੇ ਪਾਸੇ ਮੌਤ ਦੀ ਤਬਾਹੀ ਦੇ ਮਾਤਮ ਦਾ ਭਿਆਨਕ ਸਾਇਆ ਸੋਗੀ ਸਫਾਂ ਵਿਛਾਈ ਬੈਠਾ ਸੀ। ਸਕਾਟ ਸਾਈਮਨ ਨੂੰ ਤਾਂ ਗਸ਼ ਹੀ ਪੈਣ ਨੂੰ ਫਿਰਦੀ ਸੀ ਅਤੇ ਉਹ ਕੱਛੂ-ਕੁੰਮੇ ਵਾਂਗ ਲਾਈਨ ਦੇ ਨਾਲ-ਨਾਲ ਅੱਗੇ ਸਰਕ ਰਿਹਾ ਸੀ। ਉਹਦੀਆਂ ਅੱਖਾਂ ਅੱਗੇ ਆ-ਆ ਕੇ ਇਹ ਪੈਕਿਟ, ਤਾਂਡਵ-ਨਾਚ ਕਰਦੇ, ਉਸਨੂੰ ਚਿੜਾ ਰਹੇ ਸਨ: ਉਹਦਾ ਪੁੱਤਰ ਕਦੇ ਇਕ ਉਂਗਲ ਬਣ ਜਾਂਦਾ, ਕਦੇ ਸਿਰਫ਼ ਇਕ ਨਾਖ਼ੁਨ ਅਤੇ ਨਹੁੰ ਕਾਲੇ ਹੋ ਗਏ ਲਹੂ ਦੀਆਂ ਸਿਰਫ਼ ਕੁਝ ਬੂੰਦਾਂ।

ਉਧਰ ਮੈਮੋਰੀਅਲ ਮੀਟਿੰਗ ਵਿਚ ਰਾਸ਼ਟਰਪਤੀ ਪਹੁੰਚ ਚੁੱਕਾ ਸੀ ਅਤੇ ਟੀਵੀ ਸਕਰੀਨ ਉੱਤੇ ਉਹਦਾ ਮੱਕਾਰ ਚਿਹਰਾ ਅੱਗ ਉਗਲਦਾ, ਥੁੱਕ ਤੇ ਥੁੱਕ ਸੁੱਟ ਰਿਹਾ ਸੀ, "ਸਾਡੀਆਂ ਫੌਜਾਂ ਅੱਜ 'ਆਤੰਕੀ ਦੇਸ਼' ਵਿਚ ਦਾਖਲ ਹੋ ਗਈਆਂ ਹਨ ਅਤੇ ਅੱਗੇ ਵੱਧ ਰਹੀਆਂ ਹਨ। ਅਸੀਂ, 'ਆਤੰਕਵਾਦ' ਦਾ ਨਾਮੋ-ਨਿਸ਼ਾਨ ਮਿਟਾ ਕੇ ਰੱਖ ਦਿਆਂਗੇ। ਅਸੀਂ, ਸਾਰੇ 'ਆਤੰਕੀ ਦੇਸ਼ਾਂ' ਦੀ ਹਿੱਕ ਉੱਤੇ ਆਪਣੀ ਜਿੱਤ ਦਾ ਝੰਡਾ ਗੱਡ ਕੇ ਹੀ ਸਾਹ ਲਵਾਂਗੇ ...।"

ਤਾਲੀਆਂ ਦੀ ਗੜਗੜਾਹਟ, ਸਿੱਧੀ ਉਡੀਕ ਹਾਲ ਵਿਚ ਪਹੁੰਚ ਰਹੀ ਸੀ ਅਤੇ ਵਾਰਸਾਂ ਅੰਦਰ ਚੱਲ ਰਹੀ ਸਿੱਲ੍ਹੀ-ਸਿੱਲ੍ਹੀ ਚੁਰ-ਚੁਰ ਅਤੇ ਸੋਗੀ ਧੁਨ ਹੋਰ ਮਾਤਮੀ ਹੋ ਗਈ ਸੀ ਅਤੇ ਇਸ ਨੂੰ ਚੀਰਦੀ ਹੋਈ ਇਕ ਆਵਾਜ਼ ਚਾਰੇ ਪਾਸੇ ਹਵਾ ਵਿਚ ਫੈਲ ਗਈ ਸੀ: "ਇਹ ਹੋਰ ਅੱਗ ਲਾਏਗਾ ... ਇਹਦੇ ਬਾਪ ਦੀ ਲਾਈ ਤਾਂ ਹਾਲੇ ਤੱਕ ਬੁਝੀ ਨਹੀਂ ... ਇਹਦੀ ਲਾਈ ਸ਼ਾਇਦ ਕਦੇ ਵੀ ਨਾ ਬੁਝ ਸਕੇ ...।"

ਪਰ ਤਾਲੀਆਂ ਦੀ ਇਹ ਗੜਗੜਾਹਟ ਜਾਰੀ ਸੀ ਅਤੇ ਸਕਾਟ ਸਾਈਮਨ ਦੇ ਤਾਲੂ ਵਿਚ ਥਾਪੀਆਂ ਵਾਂਗ ਵੱਜ ਰਹੀ ਸੀ। ਉਹ ਦਰਦ ਨਾਲ ਦੋਹਰਾ-ਚੌਹਰਾ ਹੋਇਆ, ਮੱਥੇ ਅਤੇ ਪੁੜਪੜੀਆਂ ਤੋਂ ਪਸੀਨਾ ਪੂੰਝਦਾ, ਬੁੜਬੁੜ ਕਰ ਰਿਹਾ ਸੀ। ਪਰ ਉਸਦੀ ਬੁੜਬੁੜ ਦੀ ਕਿਸੇ ਨੂੰ ਕੋਈ ਸਮਝ ਨਹੀਂ ਆ ਰਹੀ ਸੀ। ਸ਼ਾਇਦ, ਉਸਨੂੰ ਖ਼ੁਦ ਨੂੰ ਵੀ ਨਹੀਂ।

ਗਲੋਰੀਆ ਵੀ ਮਰੇ-ਮਰੇ ਕਦਮ ਪੁੱਟਦੀ ਉਹਦੇ ਕੋਲ ਆ ਖਲੋਤੀ ਅਤੇ ਬੋਲੀ, "ਚਲੋ ਘਰ ਚੱਲੀਏ!"

"ਕੋਈ ਨਿਸ਼ਾਨੀ ਤਾਂ ਮਿਲ ਜਾਏ!"

"ਅਹੁ ਪੈਕਿਟ?" ਗਲੋਰੀਆਂ ਦੀਆਂ ਸਦਮੇ ਮਾਰੀਆਂ ਅੱਖੀਆਂ ਵਿਚੋਂ ਹੰਝੂਆਂ ਦੀ ਇਕ ਲੰਮੀ ਧਾਰ ਵਗ ਤੁਰੀ।

"ਰਿਪੋਰਟ ਵੀ ਤਾਂ ਚਾਹੀਦੀ ਐ ... ਸਰਕਾਰੀ ਮੁਆਵਜ਼ੇ ਲਈ, ਤੇ ਇੰਨਸ਼ੋਰਿੰਸ ਕਲੇਮ ਲਈ ਵੀ।"

"ਕੀ ਕਰਨਾ ਹੁਣ ਆਪਾਂ ਮੁਆਵਜ਼ਾ? ਖਰਿਆ ਦੋ ਸਾਹ ਹੋਰ ਆਉਣੇ ਆ, ਖਰਿਆ ਨਹੀਂ।"

ਗਲੋਰੀਆ ਦੀ ਜ਼ੁਬਾਨ ਲੜਖੜਾ ਗਈ ਅਤੇ ਸਰੀਰ ਵੀ। ਸਕਾਟ ਨੇ ਆਪ ਡਿਗਣ ਤੋਂ ਬਚਦਿਆਂ, ਉਹਨੂੰ ਸੰਭਾਲਿਆ ਅਤੇ ਮੋਢੇ ਦਾ ਸਹਾਰਾ ਦੇਈ, ਮੇਰੀ ਕੈਬ ਤੱਕ ਮਸੀਂ ਪਹੁੰਚਿਆ। ਮੈਂ ਫਟਾਫਟ ਦਰਵਾਜ਼ਾ ਖੋਲ੍ਹਿਆ, ਹਮਦਰਦੀ ਤੇ ਅਦਬ ਨਾਲ ਦੋਨਾਂ ਨੂੰ ਸੀਟ ਉੱਤੇ ਬਿਠਾਇਆ ਅਤੇ ਕੈਬ ਉਨ੍ਹਾਂ ਦੇ ਦੱਸੇ ਰਾਹ ਤੋਰ ਲਈ।

ਪਰ ਸਕਾਟ ਸਾਈਮਨ ਤੋਂ ਬੈਠਿਆ ਨਹੀਂ ਗਿਆ; ਉਹ ਪੁਰਜਾ-ਪੁਰਜਾ ਹੋ ਕੇ ਪੂਰੀ ਸੀਟ 'ਤੇ ਖਿਲਰ ਗਿਆ: ਹੱਥ ਕਿਤੇ, ਪੈਰ ਕਿਤੇ, ਧੜ ਕਿਤੇ ਤੇ ਸਿਰ ਕਿਤੇ ਅਤੇ ਗਲੋਰੀਆ, ਸੁੰਗੜ-ਸਿਮਟ ਕੇ ਸੀਟ ਦੇ ਅੰਦਰ ਜਾ ਧਸੀ।

ਉਨ੍ਹਾਂ ਦਾ ਦੁੱਖ ਮੇਰੇ ਤੋਂ ਸਹਾਰਿਆ ਨਹੀਂ ਜਾ ਰਿਹਾ ਸੀ। ਇੰਨੇ ਦੁਖੀ ਅਤੇ ਸੋਗੀ



ਚਿਹਰੇ, ਮੈਂ ਅਮਰੀਕਾ ਵਿਚ ਪਹਿਲਾਂ ਕਦੇ ਨਹੀਂ ਸੀ ਦੇਖੇ। ਸਕਾਟ ਦੀਆਂ ਅੱਖਾਂ ਪਾਤਾਲ ਵਿਚ ਗੱਡੀਆਂ ਹੋਈਆਂ ਸਨ ਅਤੇ ਉਹਦਾ ਚਿਹਰਾ ਸ਼ੀਸ਼ੇ ਵਿਚ ਦਿਖ-ਦਿਖ, ਮੈਨੂੰ ਬੇਆਰਾਮ ਕਰ ਰਿਹਾ ਸੀ।

ਉਹ ਨੀਮ-ਬੇਹੋਸ਼ੀ ਦੀ ਹਾਲਤ ਵਿਚ ਬੁੜਬੁੜਾ ਰਿਹਾ ਸੀ:

"ਅਖੇ, 'ਮੈਂ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਇਮਾਰਤ ਦੀ ਇਕ ਸੌ ਇੱਕਵੀਂ ਮੰਜ਼ਿਲ ਉਤੇ ਆਪਣੇ ਦਫਤਰ ਵਿਚ ਬੈਠਾ ਇੰਜ ਮਹਿਸੂਸ ਕਰਦਾਂ, ਜਿਵੇਂ ਸਵਰਗ ਵਿਚ ਵੱਸਦਾ ਹੋਵਾਂ ... ਜਿਵੇਂ ਹਰ ਸਮੇਂ ਆਸਮਾਨ ਵਿਚ ਉੱਡ ਰਿਹਾ ਹੋਵਾਂ ... ਥੱਲੇ ਜ਼ਮੀਨ ਉਤੇ ਤੁਰੇ ਫਿਰਦੇ ਲੋਕ ਮੈਨੂੰ ਕੀੜੇ ਮਕੌੜੇ ਜਿਹੇ ਦਿੱਖਦੇ ਆ ... ਕਾਰਾਂ ਵੈਨਾਂ ਤੇ ਘਰ, ਸਿਰਫ਼ ਚਿੜੀਆਂ ਕਾਂ' ...।"

ਉਹ ਨੂੰਹ-ਪੁੱਤਰ ਦੇ ਕਹੇ ਸ਼ਬਦ ਦੁਹਰਾਅ ਰਿਹਾ ਸੀ:

"ਅਖੇ, 'ਇਕ ਸੌ ਇੱਕਵੀਂ ਮੰਜ਼ਿਲ ਉੱਤੇ ਆਪਣੇ ਦਫਤਰ ਵਿਚ ਬੈਠੀ, ਮੈਂ ਆਪਣੇ-ਆਪ ਨੂੰ ਬੱਦਲਾਂ ਵਿਚ ਵੱਸਦੀ ਮਹਿਸੂਸ ਕਰਦੀ ਹਾਂ। ਮੈਨੂੰ ਇੰਜ ਲੱਗਦਾ ਹੈ ਜਿਵੇਂ ਸਿਤਾਰਿਆਂ ਉਤੇ ਸਾਡਾ ਘਰ ਹੋਵੇ ਤੇ ਚੰਨ ਮੇਰੀ ਗੋਦੀ ਵਿਚ ਖੇਲ੍ਹਦਾ ਛੋਟਾ ਜਿਹਾ ਬੱਚਾ ਹੋਵੇ!' ...

"ਅਖੇ, 'ਬਾਰਿਸ਼ ਹੋਣ ਤੋਂ ਮਗਰੋਂ ਤਾਂ ਇੰਜ ਲੱਗਣ ਲੱਗ ਪੈਂਦਾ ਹੈ ਜਿਵੇਂ ਮੈਂ ਇਕ ਸਤਰੰਗੀ ਪੀਂਘ ਹੋਵਾਂ ਅਤੇ ਮੇਰੇ ਆਸ-ਪਾਸ ਉੱਡਦੇ ਫਿਰਦੇ ਚਿੱਟੇ-ਸਫੈਦ ਬਰਫ਼ ਰੰਗੇ ਬੱਦਲ ਮੇਰੇ ਰੰਗਾਂ ਉਤੇ ਰਸ਼ਕ ਕਰਦੇ, ਮੇਰੇ ਬਦਨ ਨੂੰ ਛੂਹ-ਛੂਹ ਕੇ, ਮੂੰਹ ਨੂੰ ਚੁੰਮ-ਚੁੰਮ ਕੇ ਲੰਘਦੇ ਜਾ ਰਹੇ ਹੋਣ' ...।"

ਉਹਦੀ ਬੁੜਬੁੜ ਜਿਉਂ-ਜਿਉਂ ਉੱਚੀ ਹੁੰਦੀ ਗਈ; ਗਲੋਰੀਆ ਸੀਟ ਵਿਚ ਹੋਰ ਡੂੰਘੀ ਧਸਦੀ ਗਈ।

ਉਨ੍ਹਾਂ ਦਾ ਇਹ ਸੰਤਾਪ ਮੇਰੇ ਤੋਂ ਝੱਲਿਆ ਨਹੀਂ ਜਾ ਰਿਹਾ ਸੀ। ਮੇਰਾ ਦਿਲ ਕਹਿ ਰਿਹਾ ਸੀ, 'ਸ਼ਾਇਦ ਇਨ੍ਹਾਂ ਦੇ ਦਿਲ ਦਾ ਗੁਬਾਰ ਉਤਰਿਆ ਨਹੀਂ। ਇਨ੍ਹਾਂ ਦੇ ਦੁੱਖ ਵਿਚ ਕੋਈ ਸ਼ਰੀਕ ਨਹੀਂ ਹੋਇਆ, ਤੇ ਇਹ ਸਦਮੇ ਦਾ ਸਾਰਾ ਬੋਝ ਆਪਣੀਆਂ ਰੂਹਾਂ ਉੱਤੇ ਚੁੱਕੀ ਫਿਰਦੇ ਆ। ਮੈਨੂੰ ਇਨ੍ਹਾਂ ਦਾ ਦੁੱਖ ਵੰਡਾਉਣਾ ਚਾਹੀਦਾ!' ਪਰ ਉਨ੍ਹਾਂ ਦੀ ਅੱਤ ਦਰਜੇ ਦੀ ਸੋਗੀ ਦਸ਼ਾ ਦੇਖ ਕੇ ਕੁਝ ਕਹਿਣ ਦੀ ਹਿੰਮਤ ਵੀ ਨਹੀਂ ਪੈ ਰਹੀ ਸੀ।

ਅਚਾਨਕ, ਕੈਬ ਨੇ ਇਕ ਤਿੱਖਾ ਕੂਹਣੀ ਮੋੜ ਕੱਟਿਆ ਤਾਂ ਸਕਾਟ ਨੇ ਮਾੜੀਆਂ ਜਿਹੀਆਂ ਅੱਖਾਂ ਖੋਲ੍ਹ ਕੇ, ਮੇਰੇ ਵੱਲ ਕੌੜਾ-ਕੁਸੈਲਾ ਜਿਹਾ ਝਾਕਿਆ ਤਾਂ ਮੈਂ ਪੁੱਛ ਹੀ ਲਿਆ, "ਸਰ, ਤੁਹਾਡਾ ਕੌਣ ਸਵਰਗਵਾਸ ਹੋ ਗਿਆ?"

ਪਰ ਸਕਾਟ ਕੁਝ ਨਹੀਂ ਬੋਲਿਆ। ਗਲੋਰੀਆ ਨੇ ਲੰਮੀ ਆਹ ਭਰ ਕੇ, ਦੋ ਸ਼ਬਦ ਜ਼ਰੂਰ ਕਹੇ, "ਨੂੰਹ-ਪੁੱਤਰ!"

"ਦੇਖੋ, ਕੀ ਕਹਿਰ ਹੋ ਗਿਆ? ਇਹੋ ਜਿਹਾ ਦੁਖਾਂਤ ਨਾ ਕਦੇ ਦੇਖਿਆ ਸੀ, ਨਾ ਸੁਣਿਆ ... ਕਿਸੇ ਦੀ ਲਾਸ਼ ਤੱਕ ਨਹੀਂ ਮਿਲੀ ...!"

ਮੈਂ ਦਿਲੀ ਅਫਸੋਸ ਕੀਤਾ ਪਰ ਮੇਰੇ ਅਫਸੋਸ ਨਾਲ ਉਹ ਹੋਰ ਵੀ ਗੁੰਮ-ਸੁੰਮ ਹੋ ਕੇ ਆਪਣੇ ਅੰਦਰ ਜਾ ਧਸੇ ਅਤੇ ਪਤਾ ਨਹੀਂ ਕਦੋਂ, ਮੇਰੇ ਮੂੰਹੋਂ ਇਹ ਸ਼ਬਦ ਆਪ-ਮੁਹਾਰੇ ਨਿਕਲ ਗਏ, "ਸਰ, ਕਿਹੜੀ ਮੰਜ਼ਿਲ 'ਤੇ ਕੰਮ ਕਰਦੇ ਸੀ ਤੁਹਾਡੇ ਨੂੰਹ-ਪੁੱਤਰ?"

"ਗਰਾਊਂਡ ਜ਼ੀਰੋ!" ਸਕਾਟ ਦੇ ਮੂੰਹੋਂ ਅੱਗ ਦੇ ਦੋ ਗੋਲੇ ਵਰਸੇ। ਬੇਹੱਦ ਖਰ੍ਹਵੇ, ਗੁੱਸੇ ਅਤੇ ਤ੍ਰਿਸਕਾਰ ਭਰੇ ਦੋ ਸ਼ਬਦ।

ਇਨ੍ਹਾਂ ਸ਼ਬਦਾਂ ਵਿਚਲੀ ਨਫ਼ਰਤ, ਮੇਰਾ ਛੀਨਾ ਛਲਣੀ ਕਰ ਗਈ। ਪਰ ਉਸਨੂੰ ਕੰਬਦਾ ਦੇਖ ਕੇ ਮੈਂ ਡਰ ਗਿਆ ਅਤੇ ਘਰ ਅੱਗੇ ਉਤਾਰ ਕੇ, ਸਕਾਟ ਦੀ ਕੰਬਦੇ ਹੱਥਾਂ ਨਾਲ ਡਾਲਰ ਗਿਣਨ ਦੀ ਪ੍ਰਕਿਰਿਆ ਨੂੰ ਅਧੂਰੀ ਛੱਡ ਕੇ, ਬਿਨਾਂ ਕਿਰਾਇਆ ਲਏ ਭੱਜ ਆਇਆ। ਪਰ ਉਹਦੀ ਤਿੱਖੀ ਬੁੜਬੁੜ, ਦੂਰ ਤੱਕ ਮੇਰਾ ਪਿੱਛਾ ਕਰਦੀ ਰਹੀ:

"ਕਿੱਦਾਂ ਚਵੜ-ਚਵੜ ਕਰ ਰਿਹਾ ਸੀ ....।"

ਘਰ ਪਹੁੰਚ ਕੇ ਵੀ ਉਹਦੀ ਬੌਖਲਾਹਟ ਖਤਮ ਨਹੀਂ ਹੋਈ। ਗਲੋਰੀਆ ਹਊ-ਪਰੇ ਕਰਦੀ, ਉਹਨੂੰ ਵਰਚਾਉਣ ਦੀ ਕੋਸ਼ਿਸ਼ ਕਰਦੀ ਰਹੀ, "ਵਿਚਾਰੇ ਨੇ ਕਿਰਾਇਆ ਵੀ ਨਹੀਂ ਲਿਆ! ਅਵਸੋਸ ਕਰਦਾ ਸੀ। ਦੁੱਖ ਤਾਂ ਸਾਰਿਆਂ ਨੂੰ ਹੀ ਹੋਇਆ, ਕਈ ਪਰਵਾਸੀ ਵੀ ਤਾਂ ਮਾਰੇ ਗਏ, ਹਾਦਸੇ ਵਿਚ ...!"

"ਕਿਰਾਇਆ ਨਹੀਂ ਲਿਆ, ਅਵਸੋਸ ਕਰਦਾ ਸੀ! ਕੀ ਪਤਾ ਡਰਦਾ ਮਾਰਿਆ ਭੱਜ ਗਿਆ ਹੋਵੇ ਕਿ ਫੜਾ ਨਾ ਦੇਣ ... ਕੋਈ ਸ਼ੱਕੀ ਕਿਸਮ ਦਾ ਮੁਸਲਮਾਨ ਲੱਗਦਾ ਸੀ ... ਪਾਕੀ, ਅਫਗਾਨੀ, ਇਰਾਨੀ ਜਾਂ ਇਰਾਕੀ ... ਕੀ ਪਤਾ, ਕੋਈ ਫਿਲਸਤੀਨੀ ਹੀ ਹੋਵੇ ... ਕੱਲ੍ਹ, ਦੋ ਕੈਬ ਵਾਲੇ ਫੜੇ ਵੀ ਤਾਂ ਗਏ ...।"

"ਛੱਡੋ ਵੀ ਹੁਣ, ਕਿਉਂ ਹੋਰ ਟੈਨਸ਼ਨ ਲੈਂਦੇ ਹੋ?"

ਗਲੋਰੀਆ ਉਹਨੂੰ ਚੁੱਪ ਕਰਾਉਣ ਦੀ ਪੂਰੀ ਵਾਹ ਲਾਉਂਦੀ ਰਹੀ। ਪਰ ਉਹਦਾ ਬਲੱਡ ਪਰੈਸ਼ਰ ਇਕਦਮ ਇੰਨਾ ਵੱਧ ਗਿਆ ਕਿ ਉਹ ਸਾਰਾ ਕੰਬਣ ਲੱਗ ਪਿਆ। ਉਹਨੂੰ ਦੌਰਾ ਪਿਆ ਦੇਖ ਕੇ, ਗਲੋਰੀਆ ਨੇ ਤਰਲਾ ਜਿਹਾ ਲੈ ਕੇ ਕਿਹਾ, "ਸਕਾਟ, ਰੱਬ ਦੇ ਵਾਸਤੇ ਲੰਮੇ ਪੈ ਜਾਓ! ਚਲੋ ਬੈੱਡ ਉੱਪਰ, ਮੈਂ ਬਲੱਡ ਪਰੈਸ਼ਰ ਦੀ ਗੋਲੀ ਤੇ ਪਾਣੀ ਲੈ ਕੇ ਹੁਣੇ ਆਈ ... ਚਲੋ, ਪਲੀਜ਼, ਬੈੱਡ 'ਤੇ ਚਲੋ ਸਕਾਟ!"

ਪਰ ਉਹਦੇ ਤੋਂ ਆਪਣੇ-ਆਪ 'ਤੇ ਕੰਟਰੋਲ ਨਹੀਂ ਹੋਇਆ। ਉਹਦਾ ਪਾਰਾ ਚੜ੍ਹਦਾ ਹੀ ਗਿਆ ਅਤੇ ਉਹ ਗੁੱਸੇ ਨਾਲ ਉਬਲਦਾ, ਅਵਾ-ਤਵਾ ਬੋਲਦਾ ਗਿਆ: "ਕਿੱਦਾਂ ਪੁੱਛ ਰਿਹਾ ਸੀ, 'ਕੀ ਕੰਮ ਕਰਦੇ ਸੀ?' ... ਕਿਉਂ? ਪੁੱਛਦਾ ਸੀ? ... ਦਾੜ੍ਹੀ ਤੋਂ ਵੀ ਤਾਂ ਅੱਤਵਾਦੀ ਲੱਗਦਾ ਸੀ ... ਓਸਾਮਾ ਬਿਨ ਲਾ ... ਲਾ ...।"

'ਲਾਦੇਨ' ਸ਼ਬਦ ਸਕਾਟ ਦੇ ਸੰਘ ਵਿਚ ਫਸ ਗਿਆ ਅਤੇ ਉਹਨੂੰ ਉੱਥੂ ਆ ਗਿਆ। ਤੇਜ਼ ਉੱਥੂ। ਉਹ ਪਸੀਨੋ-ਪਸੀਨੀ ਹੋਇਆ ਰਾਲ਼ਾਂ ਪੂੰਝਣ ਦੀ ਕੋਸ਼ਿਸ਼ ਕਰਦਾ ਰਿਹਾ। ਉਸਦੇ ਹੱਥ-ਪੈਰ ਬੁਰੀ ਤਰ੍ਹਾਂ ਕੰਬਦੇ ਰਹੇ। ਸੀਨੇ ਵਿਚ ਤੇਜ਼ ਦਰਦ ਉੱਠਿਆ ਅਤੇ ਉਹ ਔਖੇ-ਔਖੇ ਬੋਝਲ ਸਾਹ ਲੈਂਦਾ, ਕਾਰਪਿਟ ਉੱਤੇ ਚੌਫਾਲ ਲੰਮਾ ਪੈ ਗਿਆ।



ਗਲੋਰੀਆ ਨੂੰ ਸਮਝ ਨਹੀਂ ਆ ਰਹੀ ਸੀ, ਉਹ ਕੀ ਕਰੇ? ਫਿਰ ਵੀ ਉਹਨੇ, ਇਕ ਮਿੰਟ ਦੀ ਵੀ ਦੇਰ ਕੀਤੇ ਬਿਨਾ, ਨਾਈਨ ਵੰਨ ਵੰਨ ਨੂੰ ਐਮਰਜੰਸੀ ਕਾਲ ਕਰਕੇ ਦੱਸ ਦਿੱਤਾ: "ਮੇਰੇ ਪਤੀ, ਸਕਾਟ ਸਾਈਮਨ ਨੂੰ ਦਿਲ ਦਾ ਖਤਰਨਾਕ ਦੌਰਾ ਪਿਆ ਐ ਤੇ ਉਹ ਨਿਢਾਲ ਹੋਇਆ ਥੱਲੇ ਲੁਡਕਿਆ ਪਿਆ ਹੈ ... ਪਲੀਜ਼ ਤੁਰੰਤ ਪਹੁੰਚੋ!"

ਉਹਦੇ ਇਹ ਦੱਸਣ ਤੋਂ ਬਾਅਦ, ਕੁਝ ਮਿੰਟਾਂ ਵਿਚ ਹੀ, ਪੁਲੀਸ ਕਾਰ ਅਤੇ ਮੈਡੀਕਲ ਵੈਨ ਪਹੁੰਚ ਗਈ ਅਤੇ ਸਕਾਟ ਨੂੰ ਚੁੱਕ ਕੇ ਹਸਪਤਾਲ ਲੈ ਗਈ ... ਤੇ ਗਲੋਰੀਆ ਵੀ ਨਾਲ ਹੀ ਚਲੀ ਗਈ।

* *

ਉਧਰ ਸਕਾਟ ਦਾ ਇਲਾਜ਼ ਸ਼ੁਰੂ ਹੋ ਗਿਆ ਸੀ ਅਤੇ ਇਧਰ ਮੈਂ ਦੂਜੇ ਗੇੜੇ, ਪਹਿਲੇ ਨਾਲੋਂ ਵੀ ਵੱਧ ਬੇਇਜ਼ਤੀ ਕਰਾ ਕੇ, ਹੀਣ-ਬੋਧ ਨਾਲ ਮਰਦਾ ਜਾ ਰਿਹਾ ਸਾਂ। ਮੂਡ ਇੰਨਾ ਜ਼ਿਆਦਾ ਖਰਾਬ ਹੋ ਗਿਆ ਸੀ ਕਿ ਤਨ-ਮਨ-ਦਿਮਾਗ਼ ਉਬਲੀ ਜਾ ਰਹੇ ਸਨ। ਬੇਅਦਬੀ, ਜ਼ਲਾਲਤ ਅਤੇ ਨਮੋਸ਼ੀ ਦੇ ਪੱਛਾਂ ਨਾਲ ਪੱਛੀ ਰੂਹ ਵੀ ਜ਼ਾਰੋ-ਜ਼ਾਰ ਰੋ ਰਹੀ ਸੀ।

ਸੋਚਿਆ, ਘਰ ਪਰਤ ਜਾਵਾਂ ਪਰ ਬਿੱਲ ਕਿੱਥੋਂ ਦਿਆਂਗੇ? ਘਰ ਦੀ ਕਿਸ਼ਤ, ਇਨਸ਼ੋਅਰੈਂਸ, ਕੈਬ ਟੈਕਸ, ਬੱਚਿਆਂ ਦੀ ਪੜ੍ਹਾਈ, ਖਰਚੇ ਮੂੰਹ ਅੱਡੀ ਅੱਖਾਂ ਅੱਗੇ ਆ ਖਲੋਏ ਤਾਂ ਘਰ ਮੁੜਨ ਦਾ ਵਿਚਾਰ ਦਮ ਤੋੜ ਗਿਆ।

ਤੇ ਭੁੱਖ ਦਾ ਅਹਿਸਾਸ ਜਾਗ ਪਿਆ:

ਸ਼ੱਬੋ ਦੇ ਪਕਾਏ ਆਲੂ-ਪਰਾਉਂਠੇ, ਟਿਫਨ ਵਿਚ ਪਏ ਨਜ਼ਰ ਆਏ ਤਾਂ ਜੀਅ-ਭਿਆਣੇ ਜਿਹੇ ਕੈਬ ਇਕ ਰੈਸਟੋਰੈਂਟ ਵੱਲ ਨੂੰ ਕੱਢ ਲਈ। ਪਰ ਰੈਸਟੋਰੈਂਟ ਬੰਦ ਪਿਆ ਦਿਖਿਆ। ਉੱਪਰ "ਫਾਰ ਸੇਲ" ਦਾ ਫੱਟਾ ਚਿਪਕਿਆ ਹੋਇਆ। ਅਤੇ ਸੋਚ ਫਿਰ ਗੋਤਾ ਖਾ ਗਈ, 'ਇਹ ਅਰਬੀ ਰੈਸਟੋਰੈਂਟ ਤਾਂ ਹਾਦਸੇ ਤੋਂ ਪਹਿਲਾਂ ਬੜਾ ਚੱਲਦਾ ਹੁੰਦਾ ਸੀ। ਵਾਰੀ ਨਹੀਂ ਸੀ ਆਉਂਦੀ ਹੁੰਦੀ ਏਥੇ ਤਾਂ ਘੰਟਾ-ਘੰਟਾ ਭਰ'। ਪਾਰਕਿੰਗ ਲਾਟ ਵਿਚ ਖਿਲਰੇ ਪਏ ਕੱਚ ਦੇ ਟੁਕੜੇ ਦੇਖ ਕੇ ਲੱਗਾ ਕਿ ਇਹ ਰੈਸਟੋਰੈਂਟ ਵੀ 'ਹੇਟ-ਕਰਾਈਮ' ਦੀ ਭੇਟ ਚੜ੍ਹ ਗਿਆ ਤੇ ਖਵਰੇ ਉਹ ਅਰਬੀ ਵਿਚਾਰਾ ਵੀ!

ਇਕ ਪਾਸੇ ਕੈਬ ਪਾਰਕ ਕਰ ਕੇ ਸੋਚਾਂ ਦੀ ਘੁੰਮਣਘੇਰੀ ਵਿਚ ਘਿਰਿਆ, ਮੈਂ ਸਿਰ ਸੁੱਟ ਕੇ ਬੈਠ ਗਿਆ ਅਤੇ ਕੈਬ ਵਿਚ ਲੱਗਾ ਰੇਡਿਉ ਚਾਲੂ ਕਰ ਦਿੱਤਾ ਤਾਂ ਜ਼ੋਰਦਾਰ ਭਾਸ਼ਣ ਦੀ ਜੋਸ਼ੀਲੀ ਆਵਾਜ਼, ਕਿਸੇ ਹੁਸੀਨ ਖ਼ੁਆਬ ਵਾਂਗ, ਮੇਰੇ ਕੰਨਾਂ ਵਿਚ ਪੈਣ ਲੱਗੀ, "ਸਿਰਫ਼ ਸਤੰਬਰ ਗਿਆਰਾਂ ਹੀ ਆਤੰਕਵਾਦ ਨਹੀਂ, ਬਸਤੀਵਾਦੀ ਹਵਸ ਅਤੇ ਬਸਤੀਆਂ ਲਈ ਜੰਗ ਵੀ ਆਤੰਕਵਾਦ ਹੈ। ਉਸੇ ਦਾ ਪ੍ਰਤੀਕਰਮ ਹੈ ਇਹ ਸਤੰਬਰ ਗਿਆਰਾਂ। ਨਾਗਾਸਾਕੀ-ਹੀਰੋਸ਼ੀਮਾ, ਵੀਅਤਨਾਮ, ਖਾੜੀ ਯੁੱਧ, ਫਿਲਸਤੀਨੀਆਂ ਦੇ ਘਾਣ ਦਾ ਪ੍ਰਤੀਕਰਮ ਹੈ ਸਤੰਬਰ ਗਿਆਰਾਂ ...।"

ਭਾਸ਼ਣ ਚੰਗਾ-ਚੰਗਾ ਲਗਾ। ਦਿਲ ਨੂੰ ਥੋੜ੍ਹਾ ਚੈਨ ਅਤੇ ਰੂਹ ਨੂੰ ਮਾੜਾ ਜਿਹਾ ਸਕੂਨ ਆਇਆ ਅਤੇ ਪਰਾਉਂਠੇ ਚਬਾਉਂਦਾ, ਜੂਸ ਪੀਂਦਾ ਮੈਂ ਹੋਰ ਵੀ ਉਤਸੁਕਤਾ ਨਾਲ ਭਾਸ਼ਣ

ਸੁਣਨ ਲੱਗ ਪਿਆ। ਹੁਣ ਕੋਈ ਲੜਕੀ ਜਾਂ ਔਰਤ ਬੋਲ ਰਹੀ ਲੱਗਦੀ ਸੀ ਅਤੇ ਉਸਦੀ ਤਿੱਖੀ ਜੋਸ਼ੀਲੀ ਵੰਗਾਰਵੀਂ ਆਵਾਜ਼, ਸਿੱਧੀ ਮੇਰੀ ਰੂਹ ਵਿਚ ਉਤਰਦੀ ਜਾ ਰਹੀ ਸੀ:

"ਹਰੇਕ ਨਿਹੱਕੀ ਜੰਗ ਦੇ ਵਿਰੁੱਧ ਸਾਡੀ ਵੀ ਇਕ ਜੰਗ ਹੈ: ਇਕ ਹੱਕੀ ਜੰਗ ... ਤੇ ਇਹ ਜੰਗ, ਸਾਮਰਾਜੀ ਸਿਸਟਮ ਦੀ ਕਬਰ ਪੁੱਟੇ ਬਿਨਾ, ਇਸਦੇ ਸਾਰੇ ਪ੍ਰਪੰਚਾਂ ਨੂੰ ਹਰਾਏ ਬਿਨਾ, ਅਤੇ ਦੁਨੀਆ ਭਰ ਦੇ ਨਿਆਂ-ਸ਼ੀਲ ਅਤੇ ਸ਼ਾਂਤੀ-ਪਸੰਦ ਲੋਕਾਂ ਦੇ ਇਕ-ਜੁੱਟ ਹੋਏ ਬਿਨਾ ਨਹੀਂ ਜਿੱਤੀ ਜਾ ਸਕਦੀ ...।"

ਭਾਸ਼ਣਾਂ ਦੇ ਨਾਲ ਨਾਅਰੇ ਵੀ ਬੁਲੰਦ ਹੋਣ ਲੱਗੇ ਅਤੇ ਮੇਰਾ ਦਿਲ ਵੀ ਫੜਕਣਾ ਸ਼ੁਰੂ ਹੋ ਗਿਆ। ਮਨ ਵਿਚ ਇਕ ਤੇਜ਼ ਲਹਿਰ ਜਿਹੀ ਉੱਠੀ ਅਤੇ ਮੈਂ ਆਪਣੀ ਕੈਬ ਵਿਰੋਧ ਪ੍ਰਦਰਸ਼ਨ ਵੱਲ ਨੂੰ ਜਾਂਦੇ ਰਾਹੇ ਤੋਰ ਲਈ। ਪ੍ਰਦਰਸ਼ਨ ਸੈਂਟਰਲ ਪਾਰਕ ਵਿਚ ਪਹੁੰਚ ਕੇ, ਰੈਲੀ ਵਿਚ ਬਦਲ ਗਿਆ ਸੀ ਅਤੇ ਉਸੇ ਜਗ੍ਹਾ ਤੋਂ ਇਹ ਆਵਾਜ਼ ਆ ਰਹੀ ਸੀ।

ਮੈਂ ਰੈਲੀ ਤੋਂ ਬਹੁਤ ਉਰੇ ਹੀ, ਇਕ ਪੇਡ-ਪਾਰਕਿੰਗ ਲਾਟ ਵਿਚ ਕੈਬ ਪਾਰਕ ਕੀਤੀ ਅਤੇ ਪੈਦਲ ਮਾਰਚ ਕਰਨ ਲੱਗ ਪਿਆ। ਸੜਕ ਦੇ ਦੋਨੀਂ ਪਾਸੇ ਹੋਰ ਲੋਕ ਵੀ ਜਾ ਰਹੇ ਸਨ ਅਤੇ ਭਾਰੀ ਪੁਲੀਸ ਫੋਰਸ, ਹਰਲ-ਹਰਲ ਕਰਦੀ ਫਿਰ ਰਹੀ ਸੀ: ਮੋਟਰ ਸਾਈਕਲ ਪੁਲੀਸ, ਕਾਰ ਪੁਲੀਸ, ਘੋੜਾ ਪੁਲੀਸ, ਕੁੱਤਾ ਪੁਲੀਸ, ਸਨਾਈਪਰ ਪੁਲੀਸ, ਲੇਡੀਜ਼ ਪੁਲੀਸ ਅਤੇ ਸਾਦਾ ਵਰਦੀ ਪੁਲੀਸ ... ਪਰ ਲੋਕ ਰੁਕੇ ਨਹੀਂ ਅਤੇ ਮੈਂ ਵੀ ਸੀਨਾ ਤਾਣ ਕੇ ਰੈਲੀ ਵਿਚ ਜਾ ਵੜਿਆ।

ਰੈਲੀ ਵਿਚ ਬੇਸ਼ੁਮਾਰ ਲੋਕ ਸਨ ਅਤੇ ਗਗਨ-ਭੇਦੀ ਨਾਅਰਿਆਂ ਨਾਲ ਸਾਰਾ ਨਿਊਯਾਰਕ ਤੇ ਵਾਸ਼ਿੰਗਟਨ ਡੀ. ਸੀ. ਗੂੰਜ ਰਿਹਾ ਸੀ। ਮੈਂ ਵੀ ਅੱਡੀਆਂ ਚੁੱਕ-ਚੁੱਕ ਕੇ ਪੂਰੇ ਜ਼ੋਸ ਨਾਲ ਨਾਅਰੇ ਮਾਰਨ ਲੱਗ ਪਿਆ ਤਾਂ ਮੇਰੀ ਸਾਰੀ ਮਾਯੂਸੀ ਤੇ ਨਮੋਸ਼ੀ ਖੰਬ ਲਾ ਕੇ ਉੱਡ ਗਈ। ਮੇਰਾ ਦਿਲ ਉਛਾਲੇ ਅਤੇ ਜੋਸ਼ ਉਬਾਲੇ ਖਾਂਦਾ ਗਿਆ ਅਤੇ ਮੈਨੂੰ ਇਹ ਮਹਿਸੂਸ ਹੁੰਦਾ ਗਿਆ: 'ਹੁਣ ਮੈਂ ਸਹੀ ਥਾਂ ਖੜ੍ਹਾ ਹਾਂ, ਅਸਲੀ ਗਰਾਉਂਡ ਜ਼ੀਰੋ 'ਤੇ। ਜਿੱਥੇ ਕਿ ਹਰ ਇਨਸਾਨ ਨੂੰ ਖੜ੍ਹੇ ਹੋਣਾ ਚਾਹੀਦਾ ਹੈ'।

ਮੇਰੇ ਅੰਦਰਲਾ ਗੁਬਾਰ, ਦਹਾੜ ਬਣ ਕੇ ਬਾਹਰ ਨਿਕਲਦਾ ਗਿਆ ਅਤੇ ਮੈਂ ਅੱਗੇ ਹੋਰ ਅੱਗੇ ਵੱਧਦਾ ਗਿਆ ... ਪਰ ਅਚਾਨਕ, ਮੇਰੇ ਸੈੱਲ ਫੋਨ ਦੀ ਘੰਟੀ ਵੱਜ ਉੱਠੀ ਅਤੇ ਨਾਅਰੇ ਲਈ ਉੱਠਿਆ ਮੇਰਾ ਹੱਥ, ਰੋਬੋਟ ਵਾਂਗ ਇਕਦਮ ਫੋਨ ਤੱਕ ਪਹੁੰਚ ਗਿਆ।

"ਹੈੱਲੋ" ਕਹਿੰਦੇ ਹੀ ਸ਼ੱਬੋ ਦੀ ਡਰੀ-ਡਰੀ ਆਵਾਜ਼ ਮੇਰੇ ਕੰਨਾਂ ਵਿਚ ਪਈ, "ਜੀ ਮੈਂ ਕਿਹਾ, ਤੁਸੀਂ ਠੀਕ-ਠਾਕ ਤਾਂ ਹੋ?"

"ਹਾਂ, ਮੈਂ ਬਿੱਲਕੁੱਲ ਠੀਕ ਆਂ! ਤੁਸੀਂ ਸਾਰੇ ਜਣੇ ਠੀਕ ਹੋ? ਰਿੱਚੀ ਤੇ ਪਿੰਟਾ ਸਕੂਲੋਂ ਤਾਂ ਆ ਹੀ ਗਏ ਹੋਣੇ ਆਂ!"

"ਬੱਚੇ ਤਾਂ ਘਰ ਆ ਗਏ ਆ ... ਪਰ ... ਤੁਸੀਂ ਕਿਤੇ ਡਾਊਨ-ਟਾਊਨ ਵਿਚ ਤਾਂ ਨਹੀਂ ਜਾ ਵੜੇ?"

"ਨਹੀਂ ਸ਼ੱਬੋ, ਮੈਂ ਤਾਂ ਇੱਥੇ ਸੈਂਟਰਲ ਪਾਰਕ ਵਿਚ ਆਂ। ਏਥੇ ਲੱਖਾਂ ਲੋਕ ਆ ਮੇਰੇ ਆਲੇ



ਦੁਆਲੇ। ਨਾਅਰੇ ਮਾਰਦੇ, ਗੀਤ ਗਾਉਂਦੇ, ਭਾਸ਼ਣ ਕਰਦੇ ... ਏਥੇ ਮੈਨੂੰ ਕੋਈ ਖਤਰਾ ਨਹੀਂ!"

"ਹਾਏ ਮੈਂ ਮਰ ਜਾਂ, ਦਰਿਆ ਵਿਚ ਰਹਿ ਕੇ ਮਗਰਮੱਛ ਨਾਲ ਵੈਰ!"

"ਇੰਨਾ ਰੁਦਨ ਕਿਉਂ ਕਰ ਰਹੀ ਐਂ? ਦੱਸ ਤਾਂ ਸਹੀ, ਹੋਇਆ ਕੀ ਐ?"

"ਰਣਬੀਰ ਸੋਢੀ ਨੂੰ, ਡਾਊਨ ਟਾਊਨ ਵਿਚ, ਭੂਤਰੇ ਨਸਲਵਾਦੀਆਂ ਨੇ ਗੋਲੀ ਮਾਰ ਕੇ ਮਾਰ ਸੁੱਟਿਆ ..."

"ਓ ਹੋ, ਰਣਬੀਰ ਸੋਢੀ! ... ਤੈਨੂੰ ਕੀਹਨੇ ਦੱਸਿਆ?"

"ਮੈਂ ਪੰਜਾਬੀ ਰੇਡਿਓ ਤੋਂ ਸੁਣਿਆ ਹੁਣੇ-ਹੁਣੇ ... ਤੁਸੀਂ ਸਿੱਧੇ ਘਰ ਚਲੇ ਆਓ ... ਮੈਨੂੰ ਬੜਾ ਡੀਪ-ਡਿਪਰੈਸ਼ਨ ਹੋਈ ਜਾ ਰਿਹਾ, ਮੇਰਾ ਦਿਲ ਨਹੀਂ ਖਲੋ ਰਿਹਾ!"

ਸ਼ੱਬੋ ਡੁਸਕਣ ਲੱਗ ਪਈ ਹੈ ਅਤੇ ਰਣਬੀਰ ਸੋਢੀ ਦੀ ਮੌਤ ਦੀ ਖ਼ਬਰ ਆਸਮਾਨੀ ਬਿਜਲੀ ਵਾਂਗ ਸਿੱਧੀ ਮੇਰੇ ਸਿਰ 'ਤੇ ਆ ਕੇ ਡਿੱਗੀ ਹੈ ਅਤੇ ਮੇਰੀ ਬੋਲਤੀ ਬੰਦ ਹੋ ਗਈ ਹੈ ... ਮੇਰਾ ਦਿਲ ਡੱਕੇ-ਡੋਲੇ ਖਾ ਰਿਹਾ ਹੈ ਅਤੇ ਰਣਬੀਰ ਸੋਢੀ ਦਾ ਹੰਸੂ ਹੰਸੂ ਕਰਦਾ ਹੱਸਮੁਖ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਖਲੋਇਆ ਹੈ: ਖੁੱਲ੍ਹੀ ਕਾਲੀ ਗਿੱਠ ਲੰਮੀ ਦਾੜ੍ਹੀ, ਪੋਚਵੀਂ ਪੱਗ, ਚਿਹਰੇ ਉੱਤੇ ਜਵਾਨੀ ਦਾ ਪੂਰਾ ਜਲੌਅ। ਮਿੱਠ ਬੋਲੜਾ, ਸੱਜਣ ਸਾਊ ਆਦਮੀ ਤੇ ਨੇਕ ਸੁਭਾਅ ... ਹਾਲੇ ਸਵੇਰੇ ਹੀ ਤਾਂ ਮੈਨੂੰ ਮਿਲਿਆ ਸੀ, ਡੀ. ਐਨ. ਏ. ਲੈਬ ਦੇ ਸਾਹਮਣੇ ਸਵਾਰੀ ਲਾਹੁਣ ਆਇਆ।

ਦਿਲ ਵਿਚੋਂ ਇਕ ਵੈਰਾਗ ਜਿਹਾ ਉੱਠ-ਉੱਠ ਕੇ, ਸਿਰ ਨੂੰ ਚੜ੍ਹ ਰਿਹਾ ਹੈ ਅਤੇ ਮੈਂ ਸਦਮੇ ਨਾਲ ਚੂਰ-ਮੂਰ, ਭੀੜ ਵਿਚੋਂ ਰਾਹ ਬਣਾਉਂਦਾ, ਡੌਰ-ਭੌਰ ਜਿਹਾ, ਆਲਾ-ਦੁਆਲਾ ਝਾਕਦਾ, ਹੌਲੀ-ਹੌਲੀ ਬਾਹਰ ਨਿਕਲ ਰਿਹਾ ਹਾਂ। ਪਰ ਮੇਰੇ ਕਦਮ, ਇਕ ਉੱਚੀ ਥਾਂ ਉੱਤੇ ਪਹੁੰਚ ਕੇ ਆਪ-ਮੁਹਾਰੇ ਰੁਕ ਗਏ ਹਨ: ਚਾਰੇ ਪਾਸੇ ਨਜ਼ਰ ਘੁੰਮਾ-ਘੁੰਮਾ ਕੇ ਇਹ ਦੇਖ ਰਿਹਾ ਹਾਂ ਕਿ ਮੇਰੇ ਹੁਲੀਏ ਵਰਗੇ ਕਿੰਨੇ ਕੁ ਹੋਰ ਲੋਕ ਮੌਜੂਦ ਹਨ ਇਸ ਰੈਲੀ ਵਿਚ?

ਪਰ ਮੇਰੇ ਵਰਗਾ ਕੋਈ ਵੀ ਹੋਰ ਸ਼ੱਖਸ ਨਜ਼ਰ ਨਹੀਂ ਆ ਰਿਹਾ। ਦੂਰ-ਦੂਰ ਤੱਕ, ਇਕ ਵੀ ਬੰਦਾ ਨਹੀਂ।

ਉਧਰ ਭਾਸ਼ਣ ਜ਼ੋਰ-ਸ਼ੋਰ ਨਾਲ ਜਾਰੀ ਹਨ ਅਤੇ ਇਧਰ ਮੈਂ ਦਾੜ੍ਹੀਆਂ, ਪੱਗਾਂ ਭਾਲਦਾ ਫਿਰ ਰਿਹਾ ਹਾਂ। ਪਰ ਨਾ ਕਿਤੇ ਕੋਈ ਪੱਗ, ਨਾ ਦਾੜ੍ਹੀ ਹੀ ਦਿਖ ਰਹੀ ਐ ... ਤੇ ਰਣਬੀਰ ਸੋਢੀ ਦੀ ਸੂਰਤ ਫਿਰ ਮੇਰੇ ਸਾਹਮਣੇ ਆਣ ਖਲੋਤੀ ਹੈ ਅਤੇ ਮੇਰੀਆਂ ਅੱਖਾਂ ਅੱਗੇ ਇਕ ਨ੍ਹੇਰਾ ਜਿਹਾ ਛਾਉਂਦਾ ਜਾ ਰਿਹਾ ਹੈ ਅਤੇ ਸਟੇਜ ਉੱਤੇ ਝੁੱਲ ਰਿਹਾ ਅਮਰੀਕੀ ਝੰਡਾ, ਮੈਨੂੰ ਹੋਰ ਉੱਚਾ ਹੁੰਦਾ ਜਾਂਦਾ ਨਜ਼ਰ ਆ ਰਿਹਾ ਹੈ।

ਇਹ ਹੀ ਝੰਡਾ ਤਾਂ ਰਣਬੀਰ ਦੀ ਕੈਬ ਦੇ ਅੱਗੇ ਪਿੱਛੇ ਵੀ ਗੱਡਿਆ ਹੋਇਆ ਸੀ: "ਸਿੱਖ ਅਮਰੀਕਾ ਦਾ ਸਮਰਥਨ ਕਰਦੇ ਹਨ", ਬੈਨਰ ਵਾਲਾ। ਇਸੇ ਬੈਨਰ ਵਾਲਾ ਇਹੀ ਝੰਡਾ, ਅੱਜ-ਕੱਲ੍ਹ ਸਾਰੇ ਪਰਵਾਸੀਆਂ ਦੀਆਂ ਕੈਬਾਂ, ਕਾਰਾਂ, ਘਰਾਂ ਅਤੇ ਕਾਰੋਬਾਰਾਂ ਉੱਤੇ ਗੱਡਿਆ ਹੋਇਆ ਹੈ। ਮੇਰੀ ਆਪਣੀ ਕੈਬ ਦੇ ਅੱਗੇ ਪਿੱਛੇ ਵੀ।

ਇਹ ਹੀ ਝੰਡਾ, ਇਸ ਸਮੇਂ ਮੇਰੇ ਦਿਲੋ-ਦਿਮਾਗ਼ ਵਿਚ ਵੀ ਗੱਡਿਆ ਜਾ ਰਿਹਾ ਹੈ,

ਅਮਰੀਕੀ ਰਾਸ਼ਟਰਪਤੀ ਦੇ ਅੱਜ ਦੇ ਭਾਸ਼ਣ ਦੇ ਰੰਗ ਨਾਲ ਤਾਜ਼ਾ-ਤਾਜ਼ਾ ਰੰਗਿਆ ਹੋਇਆ ਅਤੇ ਮੈਂ ਸ਼ੱਬੋ ਦੀ ਆਵਾਜ਼ ਦਾ ਪਿੱਛਾ ਕਰਦਾ, ਘਰ ਵੱਲ ਨੂੰ ਬੁਝੇ-ਬੁਝੇ ਜਿਹੇ ਕਦਮ ਪੁੱਟਦਾ ਤੁਰ ਪਿਆ ਹਾਂ।

ਅਤੇ ਪਾਰਕਿੰਗ ਲਾਟ ਵਿਚੋਂ ਆਪਣੀ ਕੈਬ ਬਾਹਰ ਕੱਢਦਾ, ਜਿਧਰ ਨੂੰ ਵੀ ਦੇਖਦਾ ਹਾਂ, 'ਅਸੀਂ ਅਮਰੀਕਾ ਦਾ ਸਮਰਥਨ ਕਰਦੇ ਹਾਂ', ਬੈਨਰਾਂ ਵਾਲੇ ਝੰਡੇ ਹੀ ਝੰਡੇ ਦਿਖਾਈ ਦੇ ਰਹੇ ਹਨ ਅਤੇ ਮੈਂ ਇਨ੍ਹਾਂ ਬੈਨਰਾਂ ਤੇ ਝੰਡਿਆਂ ਦੇ ਬੋਝ ਥੱਲੇ ਦੱਬਦਾ ਜਾ ਰਿਹਾ ਹਾਂ ਅਤੇ ਮੇਰੇ ਕੰਨਾਂ ਵਿਚ ਇਕੋ ਆਵਾਜ਼ ਲਗਾਤਾਰ ਗੂੰਜ ਰਹੀ ਹੈ:

"ਦਰਿਆ ਵਿਚ ਰਹਿ ਕੇ ਮਗਰਮੱਛ ਨਾਲ ਵੈਰ!"

ਇਹ ਆਵਾਜ਼ ਮੇਰੀ ਪਤਨੀ ਸ਼ੱਬੋ ਦੀ ਹੈ। ਇਹ ਆਵਾਜ਼ ਸਾਰੀਆਂ ਪਰਵਾਸੀ ਪਤਨੀਆਂ ਦੀ ਹੈ। ਇਹ ਆਵਾਜ਼ ਸਾਡੀ ਲਾਚਾਰ ਹੋਂਦ ਦੀ ਹੈ। ਇਹ ਆਵਾਜ਼ ਮਸ਼ੀਨ ਦਾ ਪੁਰਜਾ ਬਣ ਕੇ, ਮਨੁੱਖੀ ਸੰਵੇਦਨਸ਼ੀਲਤਾ ਤੋਂ ਹੱਥ ਧੋਅ ਬੈਠੇ ਮਨੁੱਖ ਦੀ ਵੀ ਹੈ ਅਤੇ ਇਹ ਆਵਾਜ਼ ਨਿਆਸਰੇ ਹੋਣ ਦੇ ਅਹਿਸਾਸ ਨਾਲ ਪੀੜਿਤ ਹਰ ਉਸ ਇਨਸਾਨ ਦੀ ਵੀ, ਜੋ ਇਕ ਖੁੱਡ 'ਚੋਂ ਨਿਕਲ ਕੇ ਦੂਜੀ ਵਿਚ ਜਾ ਵੜਦਾ ਹੈ।

ਇਹ ਆਵਾਜ਼ ਮੇਰੇ ਕੰਨ ਪਾੜਦੀ, ਕਲੇਜਾ ਲੂੰਹਦੀ, ਮੇਰੇ ਵਜੂਦ ਨੂੰ ਝੁਠਲਾਉਂਦੀ, ਮੈਨੂੰ ਖਤਮ ਕਰਦੀ ਜਾ ਰਹੀ ਹੈ ਅਤੇ ਅੱਗ ਦਾ ਇਕ ਗੋਲਾ ਮੇਰੇ ਜ਼ਿਹਨ ਅੰਦਰ ਧੱਸਦਾ ਜਾ ਰਿਹਾ ਹੈ ਅਤੇ ਮੇਰਾ ਸਾਰਾ ਵਜੂਦ, ਅੱਗ ਦੀਆਂ ਲਪਟਾਂ ਬਣ ਕੇ, ਗਰਕ ਜਾਣ ਲਈ ਗਰਾਉਂਡ ਜ਼ੀਰੋ ਭਾਲ ਰਿਹਾ ਹੈ ਪਰ ਉਹ ਗਰਾਉਂਡ ਜ਼ੀਰੋ, ਕਿਤੇ ਨਜ਼ਰ ਨਹੀਂ ਆ ਰਿਹਾ ਅਤੇ ਮੈਂ ਪਾਤਾਲ ਵਿਚ ਡੂੰਘਾ ਹੋਰ ਡੂੰਘਾ ਨਿਘਰਦਾ ਜਾਂਦਾ, ਘਰ ਵੱਲ ਨੂੰ ਉੱਡਦਾ ਹੋਇਆ ਆ ਰਿਹਾ ਹਾਂ।

****



# ਰੇਸ, ਕਲਾਸ ਤੇ ਜੰਗ

ਸ਼ਿੰਨੀ ਸ਼ੀਆਨ ਜੰਗ-ਵਿਰੋਧੀ ਅੰਦੋਲਨ ਦਾ ਝੰਡਾ ਚੁੱਕ ਕੇ ਚੱਲ ਪਈ ਹੈ ਅਤੇ ਪ੍ਰੈਜੀਡੈਂਟ ਦੇ ਰੈਂਚ ਦੇ ਬਾਹਰ ਆਪਣੇ ਸਮਰਥਕਾਂ ਸਹਿਤ ਧਰਨਾ ਮੱਲ ਕੇ ਬੈਠੀ ਮੀਡਿਆ ਦੇ ਸਵਾਲਾਂ ਦੇ ਜਵਾਬ ਦੇ ਰਹੀ ਹੈ:

"ਮੈਂ ਉਹਦੀਆਂ (ਪ੍ਰੈਜੀਡੈਂਟ ਦੀਆਂ) ਅੱਖਾਂ ਵਿਚ ਝਾਕ ਕੇ, ਇਹ ਪੁੱਛਣਾ ਚਾਹੁੰਨੀ ਹਾਂ ਕਿ ਤੇਰੀਆਂ ਅੱਖਾਂ ਵਿਚ ਨੱਚਦੀ ਵਹਿਸ਼ਤ ਦਾ ਮਕਸਦ ਕੀ ਐ? ਮੈਂ ਇਹ ਜਾਣਨਾ ਚਾਹੁੰਨੀ ਹਾਂ ਕਿ ਇਕ ਝੂਠਾ ਬੰਦਾ ਆਪਣੇ ਅੰਦਰ ਕਿਸ ਤਰ੍ਹਾਂ ਮਹਿਸੂਸ ਕਰਦੈ? ਜਿਸਦੇ ਝੂਠ ਨਾਲ ਹਜ਼ਾਰਾਂ ਜਾਨਾਂ, ਲਾਸ਼ਾਂ ਬਣ ਚੁੱਕੀਆਂ ਹਨ ..."

"ਮੈਂ ਇਨ੍ਹਾਂ ਲਾਸ਼ਾਂ ਦੇ ਪ੍ਰਤੀਬਿੰਬ ਉਸਦੀਆਂ ਅੱਖਾਂ ਵਿਚ ਦੇਖਣਾ ਚਾਹੁੰਨੀ ਹਾਂ ..."

ਕਈ ਟੀਵੀ ਚੈਨਲ ਇਸਦਾ ਸਿੱਧਾ ਪ੍ਰਸਾਰਣ ਕਰ ਰਹੇ ਹਨ।

ਰਾਣਾ ਰਣਬੀਰ ਤੇ ਉਹਦੀ ਪਤਨੀ ਬਲਜੀਤ ਬੱਲੀ, ਆਪਣੇ ਘਰ ਦੇ ਲਿਵਿੰਗ ਰੂਮ ਵਿਚ ਬੈਠੇ, ਬੜੀ ਉਤਸੁਕਤਾ ਨਾਲ ਇਹ ਦੇਖ ਰਹੇ ਹਨ ਅਤੇ ਉਨ੍ਹਾਂ ਦੀ ਬੇਟੀ ਏਕਤਾ, ਆਪਣੇ ਕਮਰੇ ਵਿਚ ਬੈਠੀ ਹੋਮ-ਵਰਕ ਕਰ ਰਹੀ ਹੈ: ਬਾਰਵੇਂ ਗਰੇਡ ਵਿਚ ਪੜ੍ਹਦੀ ਏਕਤਾ ਨੇ ਇਸ ਸਾਲ ਹਾਈ ਸਕੂਲ ਗਰੇਜੂਏਟ ਹੋ ਜਾਣਾ ਹੈ। ਪੜ੍ਹਨ ਵਿਚ ਉਹ ਆਪਣੇ ਵੱਡੇ ਭਰਾ ਅਮਨਪ੍ਰੀਤ ਉਰਫ਼ ਟਿੰਕੂ ਨਾਲੋਂ ਕਿਤੇ ਵੱਧ ਹੁਸ਼ਿਆਰ ਨਿਕਲੀ ਹੈ।

ਇਸ ਲਈ ਮਾਪਿਆਂ ਨੂੰ ਉਸ ਤੋਂ ਵੱਡੀਆਂ ਉਮੀਦਾਂ ਹਨ: ਡਾਕਟਰ ਜਾਂ ਸਾਫਟਵੇਅਰ ਇੰਜਨੀਅਰ ਬਣਨ ਦੀਆਂ ਉਮੀਦਾਂ।

ਵੈਸੇ ਉਮੀਦਾਂ ਤਾਂ ਉਨ੍ਹਾਂ ਨੂੰ ਬੇਟੇ ਤੋਂ ਵੀ ਕੋਈ ਘੱਟ ਨਹੀਂ ਸਨ ਪਰ ਉਹਦੀ ਪਤਾ ਨਹੀਂ ਕੀ ਮੱਤ ਮਾਰੀ ਗਈ: ਚੰਗਾ-ਭਲਾ ਕਾਲਜ ਵਿਚ ਪੜ੍ਹਦਾ, ਫੌਜ ਵਿਚ ਭਰਤੀ ਹੋ ਗਿਆ। ਮਾਂ-ਬਾਪ ਨੇ ਬਥੇਰਾ ਸਮਝਾਇਆ, 'ਬੇਟਾ, ਤੂੰ ਬਲਦੀ ਦੇ ਮੂੰਹ ਵਿਚ ਨਾ ਜਾ', ਪਰ ਉਹ ਮੰਨਿਆਂ ਨਹੀਂ: ਅਖੇ, 'ਤਿੰਨ ਸਾਲ ਲਾ ਕੇ, ਫਿਰ ਮੌਕੇ ਈ ਮੌਕੇ ਆ ... ਫਿਰ ਏਨੀਆਂ ਸਹੂਲਤਾਂ ਮਿਲ ਜਾਣੀਆਂ ਕਿ ਜਿੰਨਾ ਮਰਜੀ ਪੜ੍ਹਾਂ ਜਾਂ ਕੋਈ ਬਿਜਨਸ ਕਰਾਂ।'

ਅਖੇ, 'ਹੁਣ ਤਾਂ ਸੀਤ ਯੁੱਧ ਵੀ ਖ਼ਤਮ ਹੋ ਗਿਆ, ਹੁਣ ਕਾਹਦਾ ਖ਼ਤਰਾ!'

ਉਹ ਫੌਜ ਵਿਚ ਚਲਾ ਗਿਆ ਤਾਂ ਮਾਂ-ਬਾਪ ਦੀ ਜਾਨ ਮੁੱਠੀ ਵਿਚ ਆ ਗਈ ਕਿਉਂਕਿ ਉਹਦੇ ਜਾਂਦੇ ਹੀ, 'ਬਾਲਕਨ' ਦੇ ਸਿਰ ਉੱਪਰ ਜੰਗ ਦੇ ਬੱਦਲ ਮੰਡਰਾਉਣ ਲੱਗ ਪਏ ਅਤੇ ਅਮਰੀਕਾ, 'ਨਾਟੋ' ਦੀ ਛਤਰੀ ਤਾਣ ਕੇ ਤੇ ਭਾਰੀ ਫੌਜ ਲੈ ਕੇ 'ਕਾਸਵੋ' ਵਿਚ ਜਾ ਵੜਿਆ।

ਪਰ ਟਿੰਕੂ ਤਿੰਨ ਸਾਲ ਸਹੀ ਸਲਾਮਤ ਪੂਰੇ ਕਰਕੇ ਅਤੇ 'ਰਿਜ਼ਰਵ ਫੌਜੀ' ਦੀ ਲੰਮੀ ਪੂਛ ਆਪਣੇ ਪਿੱਛੇ ਲਾ ਕੇ ਸੁੱਖ-ਸਵੀਲੀ ਘਰ ਪਰਤ ਆਇਆ ਤਾਂ ਮਾਂ-ਬਾਪ ਨੇ ਸੁੱਖ ਦਾ

ਸਾਹ ਲਿਆ। ਉਨ੍ਹਾਂ ਦੀਆਂ ਉਮੀਦਾਂ ਨੂੰ ਫਿਰ ਫੁੱਲ ਲੱਗਣ ਲੱਗੇ ਅਤੇ ਉਹਨੇ ਵੀ ਮਾਪਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ, ਇਕ ਕਮਿਊਨਿਟੀ ਕਾਲਜ ਵਿਚ, ਐਮ. ਬੀ. ਏ. ਦੇ ਕੋਰਸ ਵਿਚ ਦਾਖਲਾ ਲੈ ਲਿਆ।

ਪੜ੍ਹਾਈ-ਲਿਖਾਈ ਵਿਚ ਫਿਰ ਚੰਗਾ ਚੱਲ ਪਿਆ ਤਾਂ ਮਾਂ-ਬਾਪ ਖੁਸ਼ ਹੋ ਗਏ ਅਤੇ ਇਸ ਖੁਸ਼ੀ ਨੂੰ ਚਾਰ-ਚੰਨ ਲਾਉਣ ਲਈ, ਬੱਲੀ ਨੇ ਇਕ ਦਿਨ ਮਮਤਾ-ਭਰੀ ਰੀਝ ਤੇ ਚਾਅ ਨਾਲ ਕਿਹਾ:

"ਬੇਟਾ, ਹੁਣ ਤੇਰਾ ਵਿਆਹ ਕਰ ਦੇਈਏ?"

"ਮੰਮਾ, ਮੈਂ ਤਾਂ ਹਾਲੇ ਪੜ੍ਹਦਾਂ!" ਉਹ ਟਾਲ ਗਿਆ ਤਾਂ ਮਾਂ ਨੇ ਜ਼ੋਰ ਪਾਇਆ, "ਫਿਰ ਕੀ ਏ! ਅਸੀਂ ਕੋਈ ਕਾਲਜ ਜਾਂਦੀ ਕੁੜੀ ਲੱਭ ਲਾਂਗੇ। ਤੂੰ ਦੱਸ ਤਾਂ ਸਹੀ, ਤੈਨੂੰ ਕੇਹੋ ਜੇਹੀ ਵਹੁਟੀ ਚਾਹੀਦੀ ਏ?"

"ਨਹੀਂ ਮੰਮੀ, ਮੈਂ ਅਰੇਂਜਿਡ ਮੈਰਿਜ ਨਹੀਂ ਕਰ ਸਕਦਾ।"

ਉਹਨੇ ਅਰੇਂਜਿਡ ਮੈਰਿਜ ਦਾ ਸੰਕਲਪ ਹੀ ਰੱਦ ਕਰ ਦਿੱਤਾ ਤਾਂ ਮਾਂ ਚੁੱਪ ਕਰ ਗਈ ਕਿਉਂਕਿ, ਸ਼ਾਦੀ ਤਾਂ ਰਾਣੇ ਤੇ ਬੱਲੀ ਦੀ ਵੀ ਅਰੇਂਜਿਡ ਨਹੀਂ ਸੀ ਹੋਈ। ਰਾਣਾ 'ਰਾਜਪੂਤ' ਤੇ ਬੱਲੀ 'ਜੱਟੀ': ਲਵ ਮੈਰਿਜ ਹੀ ਸੰਭਵ ਸੀ ਅਤੇ ਉਹੀ ਹੋਈ। ਉਸਨੂੰ ਉਸ ਮਹੁੱਬਤ ਬਾਰੇ ਸਭ ਪਤਾ ਸੀ। ਮੁਹੱਬਤ, ਜੋ ਠਾਠਾਂ ਮਾਰਦੀ ਬਰਕਰਾਰ ਸੀ।

ਵੈਸੇ ਵੀ ਉਨ੍ਹੀਂ ਦਿਨੀਂ ਉਹਦੇ ਤਨ-ਮਨ ਵਿਚ ਪਿਆਰ-ਅੰਗੜਾਈਆਂ ਫੁੱਟਦੀਆਂ ਰਹਿੰਦੀਆਂ। ਰੂਹ ਮੁਹੱਬਤ ਲਈ ਲੋਚਦੀ, ਹਰ ਵਕਤ ਉਛਾਲੇ ਖਾਂਦੀ ਰਹਿੰਦੀ। ਹੁਸਨ-ਸ਼ਬਾਬ ਦੇ ਲਿਸ਼ਕਾਰੇ ਅਤੇ ਝਲਕਾਰੇ ਪੈਂਦੇ ਅਤੇ ਹਰੇਕ ਕੁੜੀ ਵਿਚੋਂ ਪਿਆਰ ਦੀ ਭਿੰਨੀ-ਭਿੰਨੀ ਖ਼ੁਸ਼ਬੂ ਆਉਂਦੀ। ਉਹਦਾ ਮਨ ਕਿਸੇ ਕੁੜੀ ਨਾਲ ਮੁਹੱਬਤ ਕਰਨ ਲਈ ਡੁੱਲ੍ਹ-ਡੁੱਲ੍ਹ ਜਾਂਦਾ ਅਤੇ ਹਰ ਰਾਤ ਮਹਿਕਾਂ ਲੱਦੀ, ਸੁਫ਼ਨਿਆਂ ਭਰੀ ਗੁਜ਼ਰਦੀ।

ਉਹਦੀ ਇਹ ਪਿਆਰ-ਰੀਝ ਇੰਨੀ ਚਮਕ ਪਈ ਕਿ ਐਮ. ਬੀ. ਏ. ਦੀ ਪੜ੍ਹਾਈ ਦੇ ਪਹਿਲੇ ਸਾਲ ਹੀ ਉਹਦੀ ਮੁਹੱਬਤ ਦਾ ਗੁਲਸ਼ਨ ਚਹਿਕ ਪਿਆ: ਉਹਨੂੰ ਇਕ ਕਾਲੀ ਕੁੜੀ ਨਾਲ ਇਸ਼ਕ ਹੋ ਗਿਆ। ਖ਼ੂਬਸੂਰਤ ਨੈਣ-ਨਕਸ਼ ਵਾਲੀ, ਉਹਦੀ ਜਮਾਤਣ ਨਿਓਮੀ, ਉਹਦੇ ਪੂਰੀ ਰਾਸ ਆ ਗਈ। ਉਹਦੇ ਸੁਫ਼ਨਿਆਂ ਦੀ ਰਾਣੀ ਤੇ ਦਿਲ ਦੀ ਮਲਕਾ ਬਣ ਗਈ ਅਤੇ ਉਹ ਵੀ ਉਹਦੀ ਰੂਹ ਦੇ ਕਣ-ਕਣ ਵਿਚ ਵਸ ਗਿਆ।

ਦੋਨਾਂ ਨੂੰ ਕਹਿਰ ਦਾ ਇਸ਼ਕ ਹੋਇਆ।

ਉਹ ਡੇਟਾਂ ਕਰਦੇ ਰਹੇ। ਪਿਆਰ ਦੇ ਬੁੱਲ੍ਹੇ ਲੁੱਟਦੇ ਰਹੇ।

ਕੁਆਰੇ ਹਨੀਮੂਨ ਮਨਾਉਂਦੇ ਗਏ।

ਪਰ, 'ਮਾਪਿਆਂ ਨੂੰ ਇਹ ਕਿੱਥੇ ਪ੍ਰਵਾਨ ਹੋਣਾ!' ਸੋਚ ਕੇ, ਉਹਨੇ ਇਹ ਪਿਆਰ-ਪੀਂਘ, ਉਨ੍ਹਾਂ ਤੋਂ ਚੋਰੀ-ਚੋਰੀ ਅਸਮਾਨੇ ਚਾੜ੍ਹ ਲਈ: ਜੇ ਕਦੇ ਸ਼ੱਕ ਵੀ ਪਿਆ, ਮਾਂ ਨੇ ਪੁੱਛ ਹੀ ਲਿਆ ਤਾਂ ਉਹ ਹੱਸ ਕੇ ਟਾਲ਼ ਗਿਆ।

ਪਰ ਨਿਓਮੀ ਦੇ ਮਾਂ-ਬਾਪ ਨੂੰ ਸਭ ਪਤਾ ਸੀ। ਉਸਨੇ ਖ਼ੁਦ ਹੀ ਦੱਸ ਦਿੱਤਾ ਸੀ। ਇਸ



ਲਈ ਉਹ ਕਦੇ-ਕਦਾਈਂ ਨਿਓਮੀ ਦੇ ਘਰ ਵੀ ਚਲਾ ਜਾਂਦਾ ਤਾਂ ਉਹਦੀ ਮਾਂ ਖੁਸ਼ ਹੁੰਦੀ। ਉਹਦਾ ਬਾਪ ਮੌਰਗਨ ਵਿਲੀਅਮ ਤਾਂ ਹੋਰ ਵੀ ਮਾਣ ਨਾਲ ਮਿਲਦਾ। ਉਹ ਖ਼ੁਦ ਵੀਅਤਨਾਮੀ ਜੰਗ ਦਾ ਵੈਟਰਨ ਹੋਣ ਦੇ ਨਾਤੇ, ਬਹਾਦੁਰੀ ਦੇ ਜੰਗੀ ਕਿੱਸੇ ਸੁਣਾਉਂਦਾ, ਆਪਣੇ 'ਪਰਪਲ ਹਰਟ' ਤਗ਼ਮੇ ਬਾਰੇ ਵਾਰ-ਵਾਰ ਜ਼ਿਕਰ ਕਰਦਾ ਤਾਂ ਟਿੰਕੂ ਵੀ ਆਪਣੇ ਰਿਜ਼ਰਵ ਫੌਜੀ ਹੋਣ 'ਤੇ ਫ਼ਖ਼ਰ ਕਰਦਾ, ਆਪਣੀ ਇਸ ਪੂਛ ਨੂੰ ਚੁੱਕ-ਚੁੱਕ ਕੇ, ਉਹਦੇ ਸਾਹਮਣੇ ਰੱਖਦਾ। ਮੌਰਗਨ ਉਸਦੀ ਇਹ ਪੂਛ ਦੇਖ ਕੇ ਖੁਸ਼ ਹੁੰਦਾ ਅਤੇ ਫੁੱਲ-ਫੁੱਲ ਕੇ ਉਹਦੇ ਨਾਲ ਗੱਲਾਂ ਕਰਦਾ ... ਤੇ ਕਈ ਵਾਰ ਜਦੋਂ ਨਿਓਮੀ ਵੀ, ਉਸਦੀ ਇਸ ਪੂਛ ਨੂੰ ਪਲੋਸ-ਪਲੋਸ ਕੇ ਖੁਸ਼ ਹੁੰਦੀ ਤਾਂ ਉਹ ਇਸਨੂੰ ਆਪਣੇ ਸਿਰ ਤੋਂ ਉੱਪਰ ਤੱਕ ਚੁੱਕ ਲੈਂਦਾ ਅਤੇ ਉਸਨੂੰ ਇਸਦੇ ਉੱਪਰ ਬਿਠਾ ਕੇ, ਇਸ਼ਕ ਦੀਆਂ ਹੁਸੀਨ ਵਾਦੀਆਂ ਦੀ ਸੈਰ ਕਰਾਉਂਦਾ।

ਪਰ ਉਸਦੀ ਇਹ ਪੂਛ ਉਦੋਂ ਅਚਾਨਕ ਵੇਲ੍ਹਣੇ ਵਿਚ ਫਸ ਗਈ, ਜਦੋਂ ਸਤੰਬਰ ਗਿਆਰਾਂ ਦੇ ਆਤੰਕਵਾਦੀ ਹਾਦਸੇ ਦੇ ਬਾਅਦ, ਅਮਰੀਕਾ ਨੇ ਅਫਗਾਨਿਸਤਾਨ ਉੱਤੇ ਚੜ੍ਹਾਈ ਕਰ ਦਿੱਤੀ। ਉਹਨੂੰ ਵੀ ਇਸ ਜੰਗ ਵਿਚ ਸ਼ਿਰਕਤ ਦੇ ਬੁਲਾਵੇ ਦੀ ਚਿੱਠੀ ਆ ਗਈ ਤੇ ਉਹ ਪੜ੍ਹਾਈ ਵਿੱਚੇ ਛੱਡ ਕੇ ਤੁਰ ਗਿਆ ਅਤੇ ਮਾਂ-ਬਾਪ ਦਾ ਸੰਤਾਪ ਫਿਰ ਸ਼ੁਰੂ ਹੋ ਗਿਆ।

"ਬਥੇਰਾ ਰੋਕਿਆ, ਪਰ ਕਿੱਥੇ ਮੰਨਿਆ!" ਬੱਲੀ ਖਪਦੀ।

"ਉਹ ਸਾਲੇ, ਭਰਤੀ ਵਾਲੇ, ਸਬਜ਼-ਬਾਗ਼ ਜੁ ਦਿਖਾ ਗਏ।" ਰਾਣਾ ਕੁੜ੍ਹਦਾ।

"ਪਰ ਇਹਨੂੰ ਸੱਤ ਸਾਲ ਦਾ 'ਕਾਨਟਰੈਕਟ' ਸਾਈਨ ਕਰਨ ਦੀ ਕੀ ਲੋੜ ਸੀ?" ਬੱਲੀ ਇਹਨੂੰ ਮੂਰਖਤਾ ਸਮਝਦੀ।

"ਉਹਨਾਂ ਨੇ ਭੁਚਲਾਅ ਜੁ ਲਿਆ: ਆਹ ਬੈਨੀਫਿੱਟ ਆ, ਔਹ ਬੈਨੀਫਿੱਟ ਆ, ਦੱਸ ਕੇ ਫਸਾ ਜੁ ਲਿਆ।" ਰਾਣਾ ਇਸਨੂੰ ਧੋਖਾ ਸਮਝਦਾ।

"ਪਰ ਇਹਦਾ ਆਪਣਾ ਮਨ ਵੀ ਤਾਂ ਚਾਹੁੰਦਾ ਸੀ। ਨਿੱਕਾ ਹੁੰਦਾ ਵੀ ਤਾਂ ਇੱਕੋ ਖਿਡੌਣਾ ਮੰਗਦਾ ਹੁੰਦਾ ਸੀ: ਟਿੰਕ, ਟਿੰਕ, ਕਰਦਾ; ਸਾਰਾ ਦਿਨ ਟਿੰਕ ਭਜਾਈ ਫਿਰਦਾ ਹੁੰਦਾ ਸੀ ... ਤਾਂ ਹੀ ਇਹਦੇ ਮਾਮੇ ਨੇ, ਇਹਦਾ ਨਾਂ ਟਿੰਕੂ ਪਾ ਲਿਆ ਸੀ।" ਬੱਲੀ ਬਚਪਨ ਫਰੋਲ ਕੇ ਬਹਿ ਜਾਂਦੀ ਤਾਂ ਰਾਣਾ ਝੁਰਦਾ, "ਹੁਣ ਲਾਹ ਲਵੇ ਟਿੰਕਾਂ ਦਾ ਚਾਅ!"

ਬੇਟੇ ਨੂੰ ਯਾਦ ਕਰ ਕੇ ਉਹ ਦੋਵੇਂ ਅਕਸਰ ਉਦਾਸ ਹੋ ਜਾਂਦੇ।

ਜੰਗੀ ਤਬਾਹੀ ਦੇ ਸੀਨ ਦੇਖ ਕੇ ਫ਼ਿਕਰ ਨਾਲ ਸੁੱਕਣ ਲੱਗਦੇ।

ਪਰ ਜਿਸ ਦਿਨ ਉਹਦਾ ਫੋਨ ਆ ਜਾਂਦਾ, ਖੁਸ਼ ਹੋ ਜਾਂਦੇ।

ਉਹ ਅਕਸਰ ਐਤਵਾਰ ਨੂੰ ਹੀ ਫੋਨ ਕਰਦਾ ਅਤੇ ਉਸ ਦਿਨ ਬੱਲੀ, ਰਸੀਵਰ ਨੂੰ ਛਾਤੀ ਨਾਲ ਲਾਈ ... ਔਖੇ-ਔਖੇ ਸਾਹ ਲੈਂਦੀ ... ਪਲ-ਪਲ ਸੰਤਾਪ ਭੋਗਦੀ ... ਬੇਟੇ ਦੀ ਸਲਾਮਤੀ ਲਈ ਦੁਆ ਕਰਦੀ।

ਖੈਰ! ਇਹ ਸੰਤਾਪ ਵੀ ਖ਼ਤਮ ਹੋ ਗਿਆ: ਉਹ ਸਾਲ ਬਾਅਦ ਸਹੀ ਸਲਾਮਤ ਵਾਪਸ ਘਰ ਆ ਗਿਆ। ਮਾਂ-ਬਾਪ ਨੂੰ ਫਿਰ ਸੁੱਖ ਦਾ ਸਾਹ ਆਇਆ। ਖੁਸ਼ੀ ਦੇ ਦਿਨ ਮੁੜ ਪਰਤ ਆਏ ਤੇ ਉਮੀਦਾਂ ਨੂੰ ਨਵੇਂ ਫੁੱਲ ਲੱਗਣੇ ਸ਼ੁਰੂ ਹੋ ਗਏ। ਨਿਓਮੀ ਵੀ ਮਿਲਦੇ ਸਾਰ ਖਿਲ਼

ਗਈ। ਮੁਹੱਬਤ ਮੁੜ ਰਾਹੇ ਪੈ ਗਈ ਅਤੇ ਟਿੰਕੂ ਦੀ ਪੜ੍ਹਾਈ ਫਿਰ ਸ਼ੁਰੂ ਹੋ ਗਈ।

ਪਰ ਇਹ ਖ਼ੁਸ਼ੀ ਵੀ ਥੋੜ੍ਹ-ਚਿਰੀ ਹੀ ਸਾਬਿਤ ਹੋਈ ਕਿਉਂਕਿ ਅਮਰੀਕਾ ਹੁਣ ਸਮੂਹਿਕ ਵਿਨਾਸ਼ ਦੇ ਹਥਿਆਰਾਂ ਦਾ ਇਕ ਨਵਾਂ ਬਹਾਨਾ ਬਣਾ ਕੇ, ਇਰਾਕ ਉੱਤੇ ਜਾ ਚੜ੍ਹਿਆ ... ਉਹਨੂੰ ਫਿਰ ਚਿੱਠੀ ਆ ਗਈ ਤਾਂ ਫਿਰ ਮਜ਼ਬੂਰਨ ਜਾਣਾ ਪਿਆ ਅਤੇ ਉਹ ਹਾਲੇ ਤੱਕ ਜੰਗ ਲੜ ਰਿਹਾ ਹੈ।

ਕੁਛ ਦਿਨਾਂ ਦੀ ਛੁੱਟੀ ਕੱਟ ਕੇ ਫਿਰ ਮੁੜ ਗਿਆ ... ਤੇ ਇਸ ਵਾਰ ਆਪਣੀ ਗਰਲ-ਫਰੈਂਡ ਨਿਓਮੀ ਨੂੰ ਵੀ ਆਪਣੇ ਪਰਿਵਾਰ ਨਾਲ ਮਿਲਾ ਕੇ ਗਿਆ ਪਰ ਮਾਂ ਦੇ ਸਵਾਲਾਂ ਨੂੰ ਫਿਰ ਹੱਸ ਕੇ ਟਾਲ ਗਿਆ:

"ਵੇ ਤੈਨੂੰ ਇਹ ਕਾਲੀ ਕਲੂਟੀ ਈ ਲੱਭੀ, ਇਸ਼ਕ ਕਰਨ ਨੂੰ?"

"ਓ ਮੰਮਾ, ਰੰਗਾਂ ਵਿਚ ਕੀ ਰੱਖਿਆ!" ਉਹ ਹੱਸਦਾ ਰਿਹਾ।

"ਵੇ ਤੂੰ ਕਿਹੜਾ ਕੋਈ ਲੂਲਾ-ਲੰਗੜਾ ਸੀ ... ਜੋ ਤੈਨੂੰ ਕੋਈ ਸੋਹਣੀ ਜਿਹੀ ਪੰਜਾਬੀ ਕੁੜੀ ਪਸੰਦ ਨਾ ਕਰਦੀ?"

"ਓ ਮੰਮਾ! ਤੁਸੀਂ ਵੀ, ਪਿਆਰ ਨੂੰ ਰੰਗਾਂ, ਜਾਤਾਂ, ਨਸਲਾਂ ਨਾਲ ਜੋੜਣ ਲੱਗ ਪਏ?"

"ਚੱਲ, ਜੇ ਤੇਰਾ ਏਨਾ ਈ ਉਹਦੇ ਨਾਲ ਪਿਆਰ ਐ, ਤਾਂ ਚਾਰ ਫੇਰੇ ਲੈ ਕੇ, ਉਹਨੂੰ ਮੇਰੇ ਕੋਲ ਛੱਡ ਜਾ।"

"ਕੋਈ ਨਹੀਂ ਮੰਮਾ, ਤੁਹਾਡੀ ਇਹ ਰੀਝ ਵੀ ਪੂਰੀ ਹੋ ਜਾਊ, ਪਹਿਲਾਂ ਆਹ ਸਿਆਪਾ ਤਾਂ ਮੁੱਕੇ, ਆਹ 'ਕੁੱਤੀ' ਜੰਗ ਤਾਂ ਕਿਸੇ ਪਾਸੇ ਲੱਗੇ।"

ਪਰ ਇਹ ਜੰਗ ਹੈ ਕਿ ਮੁੱਕਣ ਦਾ ਨਾਂ ਨਹੀਂ ਲੈ ਰਹੀ ਅਤੇ ਮਾਂ-ਬਾਪ ਫ਼ਿਕਰ ਨਾਲ ਮਰਦੇ ਜਾ ਰਹੇ ਹਨ। ਰਾਣਾ ਤਾਂ ਕੰਮ ਤੋਂ ਆਉਂਦਾ ਹੀ ਟੀਵੀ ਖੋਲ੍ਹ ਕੇ ਬਹਿ ਜਾਂਦਾ ਅਤੇ ਬੱਲੀ ਵੀ ਰੋਟੀ-ਟੁੱਕ ਤੋਂ ਵਿਹਲੀ ਹੋ ਕੇ ਉਹਦੇ ਕੋਲ ਆ ਬਹਿੰਦੀ ਐ ਅਤੇ ਉਹ ਓਨੀ ਦੇਰ ਨਹੀਂ ਉੱਠਦੇ, ਜਿੰਨੀ ਦੇਰ ਏਕਤਾ ਨਹੀਂ ਉਠਾਉਂਦੀ ... ਅੱਜ ਤਾਂ ਏਕਤਾ ਵੀ ਕਹਿ-ਕਹਿ ਕੇ ਥੱਕ ਗਈ ਹੈ, "ਪਾਪਾ ਹੁਣ ਬੱਸ ਵੀ ਕਰੋ ਇਹ ਖ਼ਬਰਾਂ!"

"ਮੰਮਾ, ਤੁਸੀਂ ਵੀ ਤਾਂ ਨਹੀਂ ਹਟਦੇ! ਭਾ ਜੀ ਕਹਿੰਦੇ ਆ, ਇਹ ਸਭ ਮੀਡਿਆ ਦੀ ਬੁੱਲਸ਼ੱਟ ਆ ... ਉਹ ਲੋਕਾਂ ਨੂੰ ਡਰਾ ਡਰਾ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਆ ..."

ਏਕਤਾ ਦੇ ਕਈ ਵਾਰ ਕਹਿਣ 'ਤੇ ਵੀ ਉਹ ਨਹੀਂ ਉੱਠੇ ਤਾਂ ਉਹ ਵੀ ਹਾਰ ਕੇ ਉਨ੍ਹਾਂ ਦੇ ਕੋਲ ਬਹਿ ਗਈ ਏ ... ਅਤੇ ਸ਼ਿੰਨੀ ਸ਼ੀਆਨ ਹੁਣ ਆਪਣੇ ਸਮਰਥਕਾਂ ਨੂੰ ਸੰਬੋਧਨ ਕਰ ਰਹੀ ਹੈ:

"ਮੇਰੇ ਬੇਟੇ ਦਾ ਲਹੂ ਮੈਨੂੰ ਕਹਿੰਦਾ: ਮਾਂ, ਮੇਰਾ ਲਹੂ ਡੋਲ੍ਹਣ ਵਾਲੇ ਨੂੰ ਇਕ ਵਾਰ ਇਹ ਪੁੱਛ ਤਾਂ ਸਹੀ ਕਿ ਉਹਨੇ ਕਾਹਦੀ ਖਾਤਰ, ਮੈਨੂੰ ਕਤਲ ਕਰਵਾਇਆ? ਮੈਂ ਆਪਣੇ ਬੇਟੇ ਦੇ ਲਹੂ ਦੀ ਕੋਈ ਕੀਮਤ ਨਹੀਂ ਚਾਹੁੰਦੀ, ਮੈਂ ਤਾਂ ਸਿਰਫ਼ ਇੰਨਾ ਚਾਹੁੰਨੀ ਹਾਂ ਕਿ ਕਿਸੇ ਵੀ ਹੋਰ ਮਾਂ ਦਾ ਬੇਟਾ ਇਸ ਝੂਠ ਤੇ ਵਹਿਸ਼ਤ ਦਾ ਸ਼ਿਕਾਰ ਨਾ ਬਣੇ ..."

ਉਹ "ਅਮਰੀਕੀ ਫ਼ੌਜਾਂ ਵਾਪਸ ਬੁਲਾਓ" ਦੀ ਰੱਟ ਲਾ ਰਹੀ ਹੈ ਅਤੇ ਇਸ ਟੀਵੀ ਸ਼ੋਅ



ਦੇ ਮਹਿਮਾਨ, ਚਾਰੇ ਵਿਦਵਾਨ ਆਪਸ ਵਿਚ ਚੁੰਝਾਂ ਫਸਾਈ ਬੈਠੇ ਹਨ। ਦੋ ਜਣੇ, ਫ਼ੌਜਾਂ ਵਾਪਸ ਬਲਾਉਣ ਦਾ ਕੋਈ ਵੀ ਸਮਾਂ ਬੰਨ੍ਹਣ ਦੀ ਨੀਤੀ ਦਾ ਵਿਰੋਧ ਕਰ ਰਹੇ ਹਨ, ਅਤੇ ਦੂਜੇ ਦੋਵੇਂ, ਇੱਕ ਨਿਸ਼ਚਿਤ ਟਾਈਮ ਟੇਬਲ ਦੀ ਮੰਗ ਕਰ ਰਹੇ ਹਨ।

ਅੰਤ, ਬਹਿਸ 'ਐਗਜ਼ਿੱਟ ਪਾਲਸੀ' ਉੱਤੇ ਪਹੁੰਚ ਕੇ ਅਟਕ ਗਈ ਹੈ ਅਤੇ ਟੀਵੀ ਹੋਸਟ ਇਸਨੂੰ ਹਵਾ ਦੇਣ ਲਈ, ਅੱਜ ਦੇ ਪ੍ਰਮੁੱਖ ਸਮਾਚਾਰ ਇਕ ਵਾਰ ਫਿਰ ਦਿਖਾ ਰਹੀ ਹੈ:

"ਅੱਜ ਸੱਤ ਹੋਰ ਅਮਰੀਕੀ ਫ਼ੌਜੀ, ਇਰਾਕ ਦੇ ਸ਼ਹਿਰ ਬਕੂਬਾ ਲਾਗੇ, ਇਕ ਰੋਡ-ਸਾਈਡ ਬੰਬ ਫਟਣ ਨਾਲ ਮਾਰੇ ਗਏ ..."

ਇਕ ਫ਼ੌਜੀ 'ਹੰਮਵੀ' ਲਪਟਾਂ ਮਾਰਦੀ ਬਲ ਰਹੀ ਹੈ ਅਤੇ ਵਿਚ ਜ਼ਿੰਦਾ ਰੋਸਟ ਹੋ ਰਹੇ ਅਮਰੀਕਨ ਫ਼ੌਜੀ ਦਿਖਾਈ ਦੇ ਰਹੇ ਹਨ।

"ਹਾਏ, ਇਹਨਾਂ ਵਿਚ ਕਿਤੇ ਮੇਰਾ ਟਿੰਕਾ ਤਾਂ ਨਹੀਂ?"

ਬੱਲੀ ਨੂੰ ਦੰਦਲ ਪੈਣ ਨੂੰ ਫਿਰਦੀ ਹੈ ਪਰ ਰਾਣਾ ਹੌਸਲਾ ਦਿੰਦਾ ਏ:

"ਬੱਲੀਏ ਐਵੇਂ ਨਾ ਰੋ, ਉਹ ਤਾਂ ਅੱਬੂ ਗਰੇਬ ਜੇਲ੍ਹ ਵਿਚ ਐ।"

"ਹਾਏ! ਉਸ ਜੇਲ੍ਹ ਵਿਚ, ਜਿੱਥੇ ਇਹ ਕੈਦੀਆਂ ਨੂੰ ਨੰਗੇ ਕਰਕੇ, ਸੰਗਲਾਂ ਨਾਲ ਨੂੜ ਕੇ, ਪਿੱਛੇ ਕੁੱਤੇ ਪਾ ਦਿੰਦੇ ਆ। ਹਾਏ ਓਏ ਮੇਰਿਆ ਰੱਬਾ! ਮੇਰੇ ਬੇਟੇ ਤੋਂ ਪਤਾ ਨਹੀਂ ਇਹ ਕੀ-ਕੀ ਕੁਕਰਮ ਕਰਾਉਂਦੇ ਹੋਣਗੇ?"

ਬੱਲੀ ਮਰਦੀ ਜਾ ਰਹੀ ਹੈ ਅਤੇ ਰਾਣਾ ਟੀਵੀ ਬੰਦ ਕਰਕੇ, ਗੁੰਮ-ਸੁੰਮ, ਖਾਣੇ ਦੇ ਟੇਬਲ ਉੱਤੇ ਆ ਬੈਠਾ ਹੈ ... ਏਕਤਾ ਨੇ ਹਿੰਮਤ ਕਰਕੇ ਖਾਣਾ ਗਰਮ ਕਰਕੇ ਟੇਬਲ ਉੱਤੇ ਰੱਖਿਆ ਹੈ ਅਤੇ ਤਿੰਨੇ ਜਣੇ ਖਾਣਾ ਖਾਂਦੇ ਵਕਤ ਹਲਕੀਆਂ ਫੁਲਕੀਆਂ ਗੱਲਾਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਟਿੰਕੂ ਦੀਆਂ ਯਾਦਾਂ ਤਿਤਲੀਆਂ ਵਾਂਗ ਚਾਰ-ਚੁਫੇਰੇ ਮੰਡਰਾਅ ਰਹੀਆਂ ਹਨ:

ਉਹਦੀ ਖਾਣ-ਪੀਣ ਦੀ ਪਸੰਦ ਬਾਰੇ, ਆਦਤਾਂ ਤੇ ਸ਼ੌਕਾਂ ਬਾਰੇ ਅਤੇ ਇਹ ਗੱਲਾਂ ਕਰਦੇ ਉਹ ਹੋਰ ਉਦਾਸ ਹੋ ਗਏ ਹਨ ਅਤੇ ਰਾਣੇ ਦੇ ਮਨ ਵਿਚੋਂ ਉੱਠਿਆ ਇਕ ਤੌਖਲਾ ਇਸ ਉਦਾਸੀ ਨੂੰ ਸੰਘਣੀ ਕਰ ਗਿਆ ਹੈ:

"ਏਕਤਾ ਬੇਟਾ, ਅੱਜ ਉਹਦੀ ਕੋਈ ਈਮੇਲ ਆਈ ਏ ਕਿ ਨਹੀਂ?"

"ਆਈ ਏ ਪਾਪਾ ... ਕਹਿੰਦਾ, ਮੈਂ ਠੀਕ ਆਂ।"

"ਜੰਗ ਵਿਚ ਕੋਈ ਠੀਕ ਕਿਵੇਂ ਹੋ ਸਕਦਾ? ਇਸ ਬਾਰ ਤਾਂ ਉਹ ਬਿਲਕੁੱਲ ਵੀ ਨਹੀਂ ਸੀ ਜਾਣਾ ਚਾਹੁੰਦਾ ਪਰ ਪਹਿਲਾਂ ਹੱਥ ਜੁ ਵੱਢ ਕੇ ਦੇ ਚੁੱਕਾ। ਹੁਣ ਰੋਂਦਾ, ਪਰਸੋਂ ਫੋਨ ਵਿਚ ਵੀ ਰੋਂਦਾ ਸੀ: ਕਹਿੰਦਾ, 'ਹੁਣ ਪਤਾ ਲੱਗਾ, ਮੈਂ ਕਿੰਨਾ ਸਟੂਪਿੱਡ ਨਿਕਲਿਆ!' ..."

ਬੱਲੀ ਦਾ ਗਲ਼ਾ ਭਰ ਆਇਆ ਹੈ ਤਾਂ ਉਹਦੇ ਸ਼ਬਦ ਬੋਚ ਕੇ ਰਾਣੇ ਨੇ ਅੱਗੇ ਤੋਰ ਲਏ ਹਨ: "ਬੱਲੀਏ, ਆਪਾਂ ਨੂੰ ਵੀ ਤਾਂ ਅਸਲ 'ਚ ਹੁਣ ਈ ਪਤਾ ਲੱਗਾ ਕਿ ਸਾਮਰਾਜ ਕੀ ਹੁੰਦਾ?"

"ਆਪਾਂ ਕਦੇ ਪੜ੍ਹਦੇ ਹੁੰਦੇ ਸੀ, 'ਸਾਮਰਾਜ ਦਾ ਮਤਲਬ ਹੀ ਜੰਗ ਹੁੰਦਾ' ... ਹੁਣ ਪਤਾ ਲੱਗਾ, ਇਹ ਕਿਉਂ ਹੁੰਦਾ ..."

ਰਾਣੇ ਦੀ ਇਹ ਗੱਲ ਸੁਣ ਕੇ ਏਕਤਾ ਵੀ ਭਾਵੁਕ ਹੋ ਕੇ ਗਈ ਏ, "ਪਾਪਾ, ਆਈ ਹੇਟ ਵਾਰ!"

"ਵੁਈ ਟੂ!" ਰਾਣੇ ਦੇ ਦਿਲ ਵਿਚੋਂ ਵੀ ਇਕ ਹੂਕ ਨਿਕਲੀ ਹੈ।

"ਫਿਰ ਪਾਪਾ, ਤੁਸੀਂ ਸ਼ਿੰਨੀ ਸ਼ੀਆਨ ਨਾਲ ਕਿਉਂ ਨਹੀਂ ਮਿਲ ਜਾਂਦੇ? ਪਹਿਲਾਂ ਤਾਂ ਬੜਾ ਦੱਸਦੇ ਹੁੰਦੇ ਸੀ: ਜਦੋਂ ਕਾਲਜ 'ਚ ਪੜ੍ਹਦੇ ਹੁੰਦੇ ਸੀ, ਜੰਗ ਦੇ ਵਿਰੁੱਧ ਜਲੂਸ ਕੱਢਦੇ ਹੁੰਦੇ ਸੀ। ਮੰਮਾ ਵੀ ਤੁਹਾਡੇ ਨਾਲ ਹੁੰਦੇ ਸੀ। ਤਾਂ ਹੀ ਤੁਸੀਂ, ਭਾ ਜੀ ਦਾ ਨਾਂ 'ਅਮਨਪ੍ਰੀਤ' ਰੱਖਿਆ, ਤੇ ਮੇਰਾ 'ਏਕਤਾ' ਰੱਖਿਆ। ਪਾਪਾ, ਹੁਣ ਜੰਗ ਦਾ ਵਿਰੋਧ ਕਿਉਂ ਨਹੀਂ ਕਰਦੇ?"

"ਬੇਟੀ, ਜੇ ਆਪਾਂ ਖੁੱਲ੍ਹੇ-ਆਮ *ਵਿਰੋਧ* ਕਰਾਂਗੇ ਤਾਂ ਟਿੰਕੂ ਕੀ ਸੋਚੂ? ਉਹ ਡੀਮੌਰਲਾਈਜ ਨਹੀਂ ਹੋਊ ਕਿ ਮੈਂ ਲੜ ਰਿਹਾਂ, ਤੇ ਮੇਰੇ ਮੰਮ-ਡੈਡ ਵਿਰੋਧ ਕਰ ਰਹੇ ਆ ..." ਬੱਲੀ ਨੇ ਤਰਕਸ਼ੀਲ ਲਹਿਜੇ ਤੇ ਉਦਾਸ ਟੋਨ ਵਿਚ ਕਿਹਾ ਤਾਂ ਏਕਤਾ ਨੇ ਨੀਝ ਨਾਲ ਦੋਨਾਂ ਦੇ ਚਿਹਰੇ ਨਿਹਾਰੇ ਅਤੇ ਚਿੰਤਾ ਦੇ ਗਹਿਰ-ਗੰਭੀਰ ਸਾਏ ਦੇਖ ਕੇ ਚੁੱਪ ਕਰ ਗਈ ਹੈ।

ਪਰ ਉਹਦੀ ਇਸ ਅਣਭੋਲ ਜਿਹੀ ਟਕੋਰ ਨੇ, ਉਨ੍ਹਾਂ ਨੂੰ ਉਸ ਵਿਦਿਆਰਥੀ ਅੰਦੋਲਨ ਦੇ ਰੂਬਰੂ ਲਿਜਾ ਖੜ੍ਹਾ ਕੀਤਾ, ਜਿਸ ਵਿਚ ਉਨ੍ਹਾਂ ਕਦੇ ਆਗੂ ਰੋਲ ਅਦਾ ਕੀਤਾ ਸੀ: ਰਣਬੀਰ ਰਾਣਾ, ਪੰਜਾਬ ਵਿਦਿਆਰਥੀ ਯੂਨੀਅਨ ਦੀ ਖਾਲਸਾ ਕਾਲਜ ਜਲੰਧਰ ਦੀ ਇਕਾਈ ਦਾ ਪ੍ਰਧਾਨ। ਬਲਜੀਤ ਬੱਲੀ ਖਾਲਸਾ ਕਾਲਜ ਫਾਰ ਵੋਮੈਨ, ਜਲੰਧਰ ਦੀ ਸਿਰਕੱਢ ਹਾਕੀ ਖਿਡਾਰਨ। ਯੂਨੀਅਨ ਦਾ ਬੋਲਬਾਲਾ, ਰਾਣੇ ਦੀ ਬੱਲੇ-ਬੱਲੇ ਅਤੇ ਦੋਨਾਂ ਦਾ ਇਸ਼ਕ। ਕੁੜੀਆਂ ਦੇ ਕਾਲਜ ਵਿਚ ਵੀ ਯੂਨੀਅਨ ਦੀ ਇਕਾਈ ਕਾਇਮ। ਬੱਲੀ ਇਸ ਇਕਾਈ ਦੀ ਲੀਡਰ। ਇਧਰ ਰਾਣੇ ਦੀ ਬੱਲੇ-ਬੱਲੇ, ਉਧਰ ਬੱਲੀ ਦੀ ਬੱਲੇ-ਬੱਲੇ।

ਸੰਸਾਰ ਭਰ ਵਿਚ ਵੀਅਤਨਾਮ ਦੀ ਆਜ਼ਾਦੀ ਦੇ ਪੱਖ ਵਿਚ ਅਤੇ ਅਮਰੀਕੀ ਸਾਮਰਾਜ ਦੇ ਵਿਰੁੱਧ ਇਕ ਜ਼ੋਰਦਾਰ ਲੋਕ-ਲਹਿਰ। ਪੰਜਾਬ ਵਿਦਿਆਰਥੀ ਯੂਨੀਅਨ ਵੱਲੋਂ ਵੀ, ਵੀਅਤਨਾਮ ਦੇ ਆਜ਼ਾਦੀ ਸੰਗਰਾਮ ਦਾ ਸਰਗਰਮ ਸਮਰਥਨ: ਸੈਮੀਨਾਰ, ਜਲਸੇ-ਜਲੂਸ, ਨਾਅਰੇ, ਨਾਟਕ ਤੇ ਇਨਕਲਾਬੀ ਗੀਤਾਂ ਦੀ ਗੂੰਜ: ਰਾਣਾ ਸਭ ਤੋਂ ਅੱਗੇ-ਅੱਗੇ, ਬੱਲੀ ਉਹਦੇ ਨਾਲ-ਨਾਲ।

ਉਨ੍ਹਾਂ ਦਾ ਅਚੇਤ ਇਸ ਪਿਛੋਕੜ ਨੂੰ ਫਰੋਲ ਰਿਹਾ ਹੈ।

ਸੰਗਰਾਮੀ ਅਤੀਤ, ਰੂਹਾਂ ਨੂੰ ਝੰਜੋੜ ਰਿਹਾ ਹੈ ਅਤੇ ਤਸੱਵਰ ਜੰਗ ਦੇ ਵਿਰੁੱਧ ਖੜ੍ਹੇ ਹੋਣ ਦੇ ਸਿਗਨਲ ਦੇ ਰਿਹਾ ਹੈ ਪਰ ਪੁੱਤਰ ਦਾ ਮੈਦਾਨੇ ਜੰਗ ਵਿਚ ਹੋਣਾ, ਚੁੱਪ ਰਹਿਣ ਲਈ ਮਜ਼ਬੂਰ ਕਰ ਰਿਹਾ ਹੈ।

ਇਸ ਲਈ ਉਹ ਇਕ ਡੂੰਘੇ ਆਤਮਿਕ ਸੰਘਰਸ਼ ਵਿਚੋਂ ਗੁਜ਼ਰ ਰਹੇ ਹਨ। ਜੰਗ ਦੀ ਤਬਾਹੀ ਦੇ ਸੀਨ ਦੇਖਦੇ ਹਨ ਤਾਂ ਇਹ ਵਿਰੋਧਾਭਾਸ ਹੋਰ ਵੀ ਪੁਰਜ਼ੋਰ ਹੋ ਕੇ ਇਕ ਦਵੰਦ-ਯੁੱਧ ਵਿਚ ਬਦਲ ਜਾਂਦਾ ਹੈ ਪਰ ਜੰਗ ਦੇ ਵਿਰੁੱਧ ਉੱਠ ਰਹੀ ਹਰ ਆਵਾਜ਼ ਦਿਮਾਗ਼ੀ ਰਾਹਤ



ਤੇ ਦਿਲੀ ਸਕੂਨ ਪ੍ਰਦਾਨ ਕਰਦੀ ਹੈ ਅਤੇ ਉਹ ਇਸ ਆਵਾਜ਼ ਦੇ ਮੂਕ-ਸਮਰਥਕ ਬਣੇ, ਅੱਜ ਫਿਰ ਸ਼ਿੰਨੀ ਸ਼ੀਆਨ ਦੇ ਮੋਰਚੇ ਦਾ ਸਿੱਧਾ ਪ੍ਰਸਾਰਣ ਦੇਖ ਰਹੇ ਹਨ।

ਮੋਰਚੇ ਨੂੰ ਚੱਲਦੇ ਹਫ਼ਤੇ ਤੋਂ ਵੱਧ ਸਮਾਂ ਹੋ ਗਿਆ ਹੈ।

ਪਰ ਪ੍ਰੈਜੀਡੈਂਟ ਸ਼ਿੰਨੀ ਸ਼ੀਆਨ ਦੇ ਮੱਥੇ ਨਹੀਂ ਲੱਗਿਆ।

ਉਸਨੇ ਇਸ ਬਾਰੇ ਇਕ ਬਿਆਨ ਜ਼ਰੂਰ ਹਵਾ ਵਿਚ ਦਾਗਿਆ ਹੈ:

"ਜੰਗ ਦਾ ਵਿਰੋਧ ਕਰਨ ਨਾਲ ਸਾਡੀਆਂ ਫੌਜਾਂ ਦਾ 'ਮਨੋਬਲ' ਟੁੱਟੇਗਾ ਤੇ 'ਦੁਸ਼ਮਣ' ਨੂੰ ਇਹਦਾ ਫਾਇਦਾ ਪਹੁੰਚੇਗਾ। ਅਸੀਂ ਇਹ ਜੰਗ ਜਿੱਤੇ ਬਿਨਾਂ ਵਾਪਸ ਨਹੀਂ ਆ ਸਕਦੇ ... ਸਾਨੂੰ ਮੁਕੰਮਲ ਜਿੱਤ ਤੋਂ ਘੱਟ ਕੁਝ ਵੀ ਨਹੀਂ ਚਾਹੀਦਾ ...।"

ਮੀਡਿਆ ਇਸ ਬਿਆਨ ਨੂੰ ਖ਼ੂਬ ਉਛਾਲ ਰਿਹਾ ਹੈ ਅਤੇ ਪ੍ਰੈਜੀਡੈਂਟ ਦੇ ਪੱਖ ਵਿਚ ਵੀ ਇਕ ਮੋਰਚਾ ਖੁੱਲ੍ਹ ਗਿਆ ਹੈ: 'ਜੰਗ ਸਮਰਥਕ ਮੋਰਚਾ' ... ਤੇ ਇਹ ਮੋਰਚਾ ਵੀ ਉਸਦੇ ਰੈਂਚ ਦੇ ਸਾਹਮਣੇ ਝੰਡੇ ਬੈਨਰ ਲੈ ਕੇ 'ਸਮਰਥਨ ਪ੍ਰਦਰਸ਼ਨ' ਕਰਦਾ ਦਿਖਾਇਆ ਜਾ ਰਿਹਾ ਹੈ।

ਪਰ ਸ਼ਿੰਨੀ ਦਾ ਮੋਰਚਾ ਜ਼ੋਰ ਫੜ ਰਿਹਾ ਹੈ ਤੇ ਅੱਜ ਕਈ ਸ਼ਹਿਰਾਂ ਵਿਚ ਜੰਗ ਦੇ ਵਿਰੁੱਧ ਕੈਂਡਲ-ਲਾਈਟ ਪ੍ਰਦਰਸ਼ਨ ਹੋ ਰਹੇ ਹਨ। ਰਾਣੇ ਦੇ ਸ਼ਹਿਰ ਵਿਚ ਵੀ ਇਕ ਰੋਸ-ਜਲੂਸ ਨਿਕਲਿਆ ਹੈ। ਨਿਓਮੀ ਦਾ ਬਾਪ ਮੌਰਗਨ ਵਿਲੀਅਮ ਇਸ ਮੋਰਚੇ ਦੀ ਅਗਵਾਈ ਕਰ ਰਿਹਾ ਹੈ। ਉਹਦੇ ਹੱਥ ਵਿਚ ਫੜਿਆ ਇਹ ਬੈਨਰ ਹਵਾ ਵਿਚ ਲਹਿਰਾਅ ਰਿਹਾ ਹੈ:

"ਦੇਸ਼ ਨੂੰ ਜੰਗਬਾਜ਼ਾਂ ਤੋਂ ਬਚਾਓ!"

ਇਹ ਨਾਅਰਾ ਸੱਤਾ ਦੇ ਗਲਿਆਰਿਆਂ ਤੱਕ ਗੂੰਜ ਉੱਠਿਆ ਹੈ।

ਅਤੇ ਪ੍ਰੈਜੀਡੈਂਟ ਆਪਣਾ ਰੈਂਚ ਛੱਡ ਕੇ ਭੱਜ ਗਿਆ ਹੈ।

ਪਰ ਮੋਰਚੇ ਉੱਪਰ ਤੂਫ਼ਾਨ ਨੇ ਹਮਲਾ ਕਰ ਦਿੱਤਾ ਹੈ।

ਇਕ ਸਮੁੰਦਰੀ ਤੂਫ਼ਾਨ, ਮਕਸੀਕਨ ਗੱਲਫ ਵਿਚੋਂ ਉੱਠ ਕੇ, ਹਰੀਕੇਨ ਕਟਰੀਨਾ ਦਾ ਰੂਪ ਧਾਰ ਕੇ, ਨਿਊ ਓਰਲੀਅਨਜ ਵਿਚ ਜਾ ਵੜਿਆ ਹੈ। ਸਾਰਾ ਸ਼ਹਿਰ ਪਾਣੀ ਵਿਚ ਡੁੱਬ ਗਿਆ ਹੈ। ਲੋਕ ਬਾਹਰ ਨਿਕਲਣ ਲਈ ਦੁਹਾਈਆਂ ਪਾ ਰਹੇ ਹਨ। ਅਨੇਕ ਲੋਕ ਛੱਤਾਂ ਉੱਤੇ ਖੜ੍ਹੇ ਕੁਰਲਾਅ ਰਹੇ ਹਨ। ਇਕ ਫੁੱਟਬਾਲ ਸਟੇਡੀਅਮ ਵਿਚ ਫਸੇ ਕਈ ਹਜ਼ਾਰ ਲੋਕ ਕੁਰਬਲ-ਕੁਰਬਲ ਕਰ ਰਹੇ ਹਨ। ਰਾਹਤ ਲਈ ਵਿਲਕਦੇ ਲੋਕਾਂ ਦੀ ਦੁਰਦਸ਼ਾ ਰੂਹਾਂ ਨੂੰ ਕੁਰੇਦ ਰਹੀ ਹੈ। ਲੋਕ ਰਾਹਤ ਖੁਣੋਂ ਮਰ ਰਹੇ ਹਨ। ਮ੍ਰਿਤਕਾਂ ਦੀ ਗਿਣਤੀ ਹਜ਼ਾਰਾਂ ਵਿਚ ਹੋਣ ਦਾ ਖਦਸਾ ਹੈ।

ਪਰ ਪ੍ਰਸ਼ਾਸਨ ਸੁੱਤਾ ਪਿਆ ਹੈ। ਸਿਰਫ਼ ਫੋਕੇ ਬਿਆਨ ਦਾਗ਼ ਰਿਹਾ ਹੈ। ਅੱਜ ਪੰਜਵੇਂ ਦਿਨ ਵੀ ਭੁੱਖੇ-ਪਿਆਸੇ ਲੋਕ ਮਦਦ ਲਈ ਬਹੁੜੀਆਂ ਪਾ ਰਹੇ ਹਨ। ਚਾਰੇ ਪਾਸੇ ਹਾਹਾਕਾਰ, ਹਾਏ-ਤੋਬਾ ਮਚੀ ਹੋਈ ਹੈ:

"ਰਾਹਤ ਕਿਉਂ ਨਹੀਂ ਪਹੁੰਚ ਰਹੀ?"

ਸਵਾਲ ਹਰ ਪਾਸੇ ਗੂੰਜ ਰਿਹਾ ਹੈ। ਰਾਹਤ ਖੁਣੋਂ ਹੋ ਰਹੀ ਦੁਰਦਸ਼ਾ ਦਾ ਮਸਲਾ ਜ਼ੋਰ

ਫੜ ਰਿਹਾ ਹੈ। ਪ੍ਰਸ਼ਾਸਨ ਦੇ ਵਿਰੁੱਧ ਤਿੱਖੀਆਂ ਆਵਾਜ਼ਾਂ ਉੱਠ ਰਹੀਆਂ ਹਨ ਤੇ ਇਕ ਨਵਾਂ ਮਾਹੌਲ ਗਰਮ ਹੋ ਰਿਹਾ ਹੈ: ਰੇਸ ਤੇ ਕਲਾਸ ਦਾ ਮਸਲਾ ਉਭਰ ਕੇ ਸਾਹਮਣੇ ਆ ਗਿਆ ਹੈ ਅਤੇ ਪ੍ਰੈਜ਼ੀਡੈਂਟ ਦੇ ਵਿਰੁੱਧ ਇਕ ਹੋਰ ਨਵਾਂ ਮੋਰਚਾ ਖੁੱਲ੍ਹ ਗਿਆ ਹੈ।

ਇਸ ਮੋਰਚੇ ਵਿਚ ਨਿਓਮੀ ਵੀ ਸ਼ਾਮਿਲ ਹੈ।

ਟਿੰਕੂ ਦੀ ਗਰਲ-ਫਰੈਂਡ ਨਿਓਮੀ ਵਿਲੀਅਮ।

ਕਟਰੀਨਾ ਪੀੜਿਤਾਂ ਦੀ ਮਦਦ ਲਈ ਉਸਨੇ ਇਕ ਵੈੱਬ-ਸਾਈਟ ਵੀ ਤਿਆਰ ਕਰ ਲਈ ਹੈ ਅਤੇ ਇਕ ਟੀਵੀ ਚੈਨਲ ਉੱਪਰ ਇਸ ਪ੍ਰੋਜੈਕਟ ਬਾਰੇ ਚਾਨਣਾ ਪਾਉਂਦੀ ਉਹ ਰੋਹ-ਭਰੇ ਜੋਸ਼ ਨਾਲ ਬੋਲ ਰਹੀ ਹੈ:

"ਜਿਨ੍ਹਾਂ ਲੋਕਾਂ ਕੋਲ ਕੋਈ ਵੀ ਘਰ, ਕਮਰਾ, ਗਰਾਜ, ਸ਼ੈੱਡ ਜਾਂ ਕੋਈ ਵੀ ਹੋਰ ਜਗ੍ਹਾ ਫਾਲਤੂ ਹੋਵੇ: ਉਹ ਪਲੀਜ਼, 'ਕਟਰੀਨਾ:ਪੁਨਰਵਾਸ ਡਾਟ ਕਾਮ' ਵੈੱਬ-ਸਾਈਟ ਉੱਤੇ ਸਾਡੇ ਨਾਲ ਸੰਪਰਕ ਕਰਨ ... ਤੇ ਜੋ ਪੈਸਾ ਜਾਂ ਕੋਈ ਸਾਮਾਨ ਦੇ ਸਕਦੇ ਹੋਣ, ਉਹ ਵੀ ਇਸੇ ਵੈੱਬ-ਸਾਈਟ ਉੱਤੇ ਸੰਪਰਕ ਕਰ ਸਕਦੇ ਹਨ ..."

ਇਸ ਪ੍ਰੋਜੈਕਟ ਬਾਰੇ ਮੁਢਲੀ ਜਾਣਕਾਰੀ ਤੋਂ ਬਾਅਦ ਉਹਦੇ ਬੋਲਣ ਦਾ ਲਹਿਜ਼ਾ ਹੋਰ ਵੀ ਜੁਝਾਰੂ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ:

"ਸ਼ਾਇਦ, ਹੁਣ ਤਕਰੀਬਨ ਸਾਰੇ ਅਮਰੀਕਨ ਲੋਕਾਂ ਨੂੰ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਕਟਰੀਨਾ ਪੀੜਿਤਾਂ ਨੂੰ ਕਿਉਂ ਇਗਨੋਰ ਕੀਤਾ ਗਿਆ? ਕਿਉਂਕਿ ਉਹ ਕਾਲੇ ਤੇ ਗਰੀਬ ਲੋਕ ਹਨ। ਇੱਕੀਵੀਂ ਸਦੀ ਵਿਚ ਵੀ ਕਾਲਾ ਰੰਗ, ਗੁਲਾਮੀ ਦਾ ਸਿੰਬਲ ਬਣਿਆ ਹੋਇਆ ਹੈ। ਕਾਲੇ ਲੋਕਾਂ ਨਾਲ ਹਾਲੇ ਵੀ ਗੁਲਾਮਾਂ ਵਾਲਾ ਸਲੂਕ ਹੋ ਰਿਹਾ ਹੈ ..."

"ਇਕ ਪਾਸੇ ਕਾਲੇ ਗਰੀਬ ਲੋਕਾਂ ਨੂੰ ਹਮਲਾਵਰ ਪਾਗ਼ਲ ਫੌਜੀ ਮੁਹਿੰਮਾਂ ਲਈ ਤੋਪ ਦੇ ਚਾਰੇ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ, ਹਰੀਕੇਨ ਕਟਰੀਨਾ ਦੇ ਪਾਣੀ ਵਿਚ ਡੁੱਬ-ਡੁੱਬ ਕੇ ਮਰਨ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਹੈ। ਇਨ੍ਹਾਂ ਪਾਗ਼ਲ ਫੌਜੀ ਮੁਹਿੰਮਾਂ ਉੱਪਰ ਸਾਡੀ ਟੈਕਸ ਮਨੀ ਦੇ ਬਿਲੀਅਨ ਟ੍ਰਿਲੀਅਨ ਡਾਲਰ ਖਰਚੇ ਜਾ ਰਹੇ ਆ ਪਰ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸਾਧਨਾਂ ਦੀ ਕਮੀ ਦੀ ਦੁਹਾਈ ਦਿੱਤੀ ਜਾ ਰਹੀ ਹੈ ..."

"ਅਤੇ ਇਹ ਸਭ ਸਾਡੀ ਬਰਦਾਸ਼ਤ ਕਰਨ ਦੀ ਸ਼ਕਤੀ ਤੋਂ ਪਰੇ ਦੀ ਗੱਲ ਹੈ। ਇਸ ਲਈ ਅਸੀਂ ਇਸ ਆ ਰਹੇ ਐਤਵਾਰ, ਦੁਪਹਿਰ ਦੋ ਵਜੇ, ਇਸ ਪ੍ਰਸ਼ਾਸਨ ਦੇ ਵਿਰੁੱਧ ਇਕ ਵਿਸ਼ਾਲ ਰੋਸ-ਪ੍ਰਦਰਸ਼ਨ ਕਰਾਂਗੇ, ਜੋ 'ਯੂਨੀਵਰਸਿਟੀ ਕੈਂਪਸ' ਤੋਂ ਸ਼ੁਰੂ ਹੋ ਕੇ 'ਮਿਲਟਰੀ ਬੇਸ' ਤੱਕ ਪੈਦਲ ਮਾਰਚ ਕਰੇਗਾ। ਜੋ ਲੋਕ ਵੀ ਇਸ ਮੋਰਚੇ ਵਿਚ ਸ਼ਾਮਿਲ ਹੋ ਸਕਦੇ ਹੋਣ, ਪਲੀਜ਼, ਸਮੇਂ ਸਿਰ ਪਹੁੰਚਣ ਦੀ ਖੇਚਲ ਕਰਨ।"

ਨਿਓਮੀ ਦਾ ਭਾਸ਼ਣ ਸੁਣ ਕੇ ਰਾਣਾ ਸੋਚ ਰਿਹਾ ਹੈ:

"ਕੀ ਕਲਾਸ ਦਾ ਮਸਲਾ ਫਿਰ ਸ਼ੁਰੂ ਹੋ ਗਿਆ?"

"ਕੀ ਇਹ ਮਾਰਕਸ ਦੀ ਵਾਪਸੀ ਹੈ?"

"ਬੋਲਦੀ ਕਿੰਨਾ ਤਿੱਖਾ ਹੈ, ਕਿੰਨੀ ਅਮੋਸ਼ਨਲ ਅਪੀਲ ਕਰਦੀ ਐ!"



ਬੱਲੀ ਵੀ ਨਿਓਮੀ ਦੇ ਭਾਸ਼ਣ ਦੀ ਤਾਰੀਫ਼ ਕਰ ਰਹੀ ਹੈ।

"ਜਿਵੇਂ ਬੱਲੀਏ, ਤੂੰ ਉਦੋਂ ਕਰਦੀ ਹੁੰਦੀ ਸੀ ... ਜਦੋਂ *ਆਪਣੇ* ਸਾਰੇ ਪੰਜਾਬ ਵਿਚ ਬੱਲੀ ਦੀ 'ਬੱਲੇ ਬੱਲੇ' ਹੁੰਦੀ ਸੀ ..."

"ਵਾਓ! ਭਾ ਜੀ ਦੀ ਗਰਲ ਫਰੈਂਡ ਨੇ ਅੱਜ ਕਮਾਲ ਕਰ ਦਿੱਤੀ ... ਮੈਂ ਉਹਦੀ ਵੈੱਬ ਸਾਈਟ ਤੋਂ ਭਾਸ਼ਣ ਸੁਣ ਕੇ ਆਈ ਆਂ ..."

ਏਕਤਾ ਵੀ ਵਾਹਵਾ ਉਤੇਜਿਤ ਹੋਈ ਲੱਗਦੀ ਹੈ।

"ਨੂੰਹ ਕੀਹਦੀ ਏ!" ਰਾਣੇ ਨੇ ਮਜ਼ਾਕ ਕੀਤਾ, ਬੱਲੀ ਨੇ ਨੱਕ ਸਕੋੜਿਆ ਤਾਂ ਰਾਣਾ ਤੇ ਏਕਤਾ ਦੋਵੇਂ ਖਿਲ਼ਖਿਲ਼ਾ ਕੇ ਹੱਸ ਰਹੇ ਹਨ ਅਤੇ ਹਾਸਾ ਰੁਕਦੇ ਹੀ ਏਕਤਾ ਫਿਰ ਚਹਿਕ ਰਹੀ ਹੈ:

"ਆਈ ਲਾਈਕ ਹਰ ਵੈਰੀ ਮੱਚ! ਕਿੰਨੀ ਬੋਲਡ ਲੱਗਦੀ ਏ!"

"ਆਫ ਕੋਰਸ, ਸ਼ੀ ਇਜ਼ ਏ ਗਰੇਟ ਯੰਗ ਲੇਡੀ! ਕਿੰਨੀਆਂ ਖ਼ਰੀਆਂ-ਖ਼ਰੀਆਂ ਗੱਲਾਂ ਕਹਿ ਕੇ ਗਈ ਐ।"

"ਪੇ, ਧੀ, ਪੁੱਤ ... ਸਾਰਿਆਂ ਨੂੰ ਇਹ ਕਾਲਾ ਰੰਗ ਕਿੰਨਾ ਪਸੰਦ ਆ ਗਿਆ! ਪੁੱਤ ਤਾਂ ਐਤਕੀਂ, ਕਪੜੇ ਵੀ ਸਾਰੇ ਕਾਲੇ ਰੰਗ ਦੇ ਹੀ ਖਰੀਦ ਕੇ ਲੈ ਕੇ ਗਿਆ ..." ਬੱਲੀ ਨੇ ਰੰਗ ਦਾ ਤੀਰ ਖਿੱਚ ਕੇ ਮਾਰਿਆ।

ਐਨ ਉਸੇ ਮੌਕੇ ਫੋਨ ਦੀ ਘੰਟੀ ਵੱਜੀ ਹੈ ਤਾਂ ਰਾਣਾ ਉਛਲਿਆ ਹੈ, "ਲਓ, ਟਿੰਕੂ ਦਾ ਫੋਨ ਵੀ ਆ ਗਿਆ!" ਤੇ ਉਹਨੇ ਫੁਰਤੀ ਨਾਲ ਫੋਨ ਚੁੱਕਦੇ ਸਾਰ ਹੀ ਬੋਲਣਾ ਸ਼ੁਰੂ ਕਰ ਦਿੱਤਾ ਹੈ, "ਹੈੱਲੋ ਬੇਟਾ ਅਮਨ! ਹਾਊ ਯੂ ਡੂਇੰਗ? ਅਸੀਂ ਤੇਰੀਆਂ ਹੀ ਗੱਲਾਂ ਕਰ ਰਹੇ ਸੀ!"

ਉਹ ਚਹਿਕ ਰਿਹਾ ਹੈ ਪਰ ਅੱਗਿਉਂ ਇਕ ਮੋਟੀ ਖਰਵ੍ਹੀ ਆਵਾਜ਼ ਕੰਨਾਂ ਵਿਚ ਪਈ ਹੈ, "ਕੈਣ ਆਈ ਸਪੀਕ ਟੂ ਰਣਬੀਰ ਸੀਂਘ ਰੈਣਾ?"

ਤੇ ਇਹ ਆਵਾਜ਼, ਰਾਣੇ ਦੇ ਵਜੂਦ ਵਿਚ ਦੀ ਅੱਗ ਦੀ ਲਾਟ ਵਾਂਗ ਨਿਕਲ ਗਈ ਹੈ। ਉਹਦੇ ਚਿਹਰੇ ਦਾ ਰੰਗ ਫਿੱਕਾ ਪੈ ਗਿਆ ਹੈ ਅਤੇ ਉਹਦੇ ਹੋਸ਼ ਉੱਡ ਗਏ ਹਨ, "ਮੈਂ ਬੋਲ ਰਿਹਾਂ ..." ਉਹ ਚੀਕਿਆ ਹੈ।

"ਮੈਂ ਮਿਲਟਰੀ ਕਮਾਂਡ ਸੈਂਟਰ ਤੋਂ ਬੋਲ ਰਿਹਾਂ: ਆਈ ਐਮ ਸੌਰੀ ਟੂ ਸੇਅ, ਤੁਹਾਡਾ ਪੁੱਤਰ ਅਮਨਪ੍ਰੀਟ ਅੱਜ ਇਕ ਰੋਡ-ਸਾਈਡ ਬੰਬ ਹਾਦਸੇ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਹ ਇਸ ਸਮੇਂ ਮਿਲਟਰੀ ਹੌਸਪੀਟਲ ਬਗਦਾਦ ਵਿਚ ਹੈ ... ਐਨੀ ਹਾਓ, ਨਥਿੰਗ ਟੂ ਵਰੀ ਮੱਚ, ਉਹ ਸਟੇਬਲ ਕੰਡੀਸ਼ਨ ਵਿਚ ਹੈ ..."

"ਕੈਨ ਆਈ ਸਪੀਕ ਟੂ ਹਿੱਮ?" ਰਾਣਾ ਫਿਰ ਚੀਕਿਆ।

"ਉਹ ਕੱਲ੍ਹ ਜਾਂ ਪਰਸੋਂ ਤੱਕ ਤੁਹਾਨੂੰ ਫੋਨ ਕਰ ਸਕੇਗਾ।"

ਰਾਣੇ ਦੇ ਕੰਨਾਂ ਵਿਚ ਕੰਨ-ਪਾੜਵੀਂ ਸਾਂ-ਸਾਂ ਹੋ ਰਹੀ ਹੈ। ਕਲੇਜੇ ਵਿਚੋਂ ਇਕ ਕੁਰਲਾਹਟ ਭਰੀ ਚੀਖ ਨਿਕਲੀ ਹੈ ਅਤੇ ਬੱਲੀ ਨੇ ਸਹਾਰਾ ਦੇ ਕੇ ਕੁਰਸੀ ਉੱਤੇ ਬਿਠਾਇਆ

ਹੈ। ਏਕਤਾ ਨੇ ਪਾਣੀ ਪਿਲਾਇਆ ਹੈ ਤੇ ਉਹਨੂੰ ਮਾੜੀ ਜਿਹੀ ਹੋਸ਼ ਆਉਂਦੇ ਹੀ ਬੱਲੀ ਕਾਹਲੀ-ਛਿੱਥੀ ਪੈਂਦੀ ਪੁੱਛ ਰਹੀ ਹੈ, "ਕੀ ਹੋਇਆ ਮੇਰੇ ਪੁੱਤ ਨੂੰ?"

"ਹੁਣ ਛੇਤੀਂ ਘਰ ਆ ਜਾਏਗਾ!" ਰਾਣੇ ਦੀ ਭੁੱਬ ਨਿਕਲੀ ਹੈ।

"ਕੁਛ ਦੱਸੋ ਵੀ?" ਬੱਲੀ ਜ਼ਮੀਨ ਵਿਚ ਧਸਦੀ ਜਾ ਰਹੀ ਹੈ।

"ਜ਼ਖ਼ਮੀ ਹੋ ਗਿਆ, ਬਗਦਾਦ ਹਸਪਤਾਲ ਵਿਚ ਪਿਆ ..."

ਰਾਣੇ ਦੀ ਫਿਰ ਭੁੱਬ ਨਿਕਲੀ ਹੈ। ਬੱਲੀ ਦੀਆਂ ਅੱਖਾਂ ਵਗ ਤੁਰੀਆਂ ਹਨ। ਏਕਤਾ ਭੱਜ ਕੇ ਆਪਣੇ ਕਮਰੇ ਵਿਚ ਜਾ ਵੜੀ ਹੈ ਅਤੇ ਸਾਰੀ ਰਾਤ ਰਾਣਾ ਪਰਿਵਾਰ ਲਈ ਸਭ ਤੋਂ ਵੱਧ ਸੋਗੀ ਰਾਤ ਹੋ ਨਿੱਬੜੀ ਹੈ।

"ਮੇਰਾ ਪੁੱਤ ਬਚ ਜਾਏ!" ਰਾਤ ਭਰ ਬੱਲੀ ਸੁਖਣਾ ਸੁੱਖਦੀ ਰਹੀ।

"ਬਚ ਤਾਂ ਗਿਆ ਈ ਐ ਪਰ ਕਿੰਨਾ ਕੁ ਬਚਿਆ ਏ, ਹਾਲੇ ਪਤਾ ਨਹੀਂ।" ਰਾਣੇ ਦੇ ਦਿਲ ਵਿਚੋਂ ਗ਼ਮ ਦੇ ਫੁਹਾਰੇ ਨਿਕਲਦੇ ਰਹੇ।

ਅਤੇ ਸੁਬਹਾ ਹੁੰਦੇ ਹੀ, 'ਫੋਨ ਆਈ ਡੀ' ਤੋਂ ਮਿਲਟਰੀ ਕਮਾਂਡ ਦਾ ਨੰਬਰ ਦੇਖ ਕੇ, ਰਾਣਾ ਫੋਨ ਮਿਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਅੱਗਿਉਂ ਸਿਰਫ਼ ਮਸ਼ੀਨ ਬੋਲ ਰਹੀ ਹੈ ਤਾਂ ਉਹਦੀ ਬੇਚੈਨੀ ਹੋਰ ਵੀ ਵਧ ਗਈ ਹੈ ਅਤੇ ਉਹ ਕੁਝ ਸੋਚ ਕੇ ਬੱਲੀ ਨੂੰ ਕਹਿ ਰਿਹਾ ਹੈ:

"ਨਿਓਮੀ ਨੂੰ ਫੋਨ ਕਰਕੇ ਪੁੱਛ, ਉਹਨੂੰ ਕੁਛ ਪਤਾ ਐ ਕਿ ਨਹੀਂ?"

ਬੱਲੀ ਨੇ ਦੁਖੀ ਹਿਰਦੇ ਨਾਲ ਨਿਓਮੀ ਦਾ ਨੰਬਰ ਮਿਲਾਇਆ ਏ ਤਾਂ ਮਰੀ ਜਿਹੀ ਆਵਾਜ਼ ਕਿਸੇ ਪਾਤਾਲ ਵਿਚੋਂ ਨਿਕਲ ਕੇ ਆ ਰਹੀ ਹੈ:

"ਮੈਂ ਪਤਾ ਲਾਉਣ ਦੀ ਟਰਾਈ ਕਰ ਰਹੀ ਆਂ ... ਅੱਜ ਸ਼ਾਮ ਤੱਕ ਕੁਛ ਪਤਾ ਲੱਗਣ ਦੀ ਉਮੀਦ ਏ ... ਪਤਾ ਲੱਗਦੇ ਹੀ, ਮੈਂ ਤੁਹਾਨੂੰ ਕਾਲ ਕਰਾਂਗੀ ..." ਇਸ ਤੋਂ ਅੱਗੇ ਉਹਨੂੰ ਕੁਝ ਨਹੀਂ ਅਹੁੜਿਆ।

ਬੱਲੀ ਨੂੰ ਵੀ ਕੁਝ ਹੋਰ ਕਹਿਣ ਲਈ ਸ਼ਬਦ ਨਹੀਂ ਲੱਭੇ ਅਤੇ ਉਨ੍ਹਾਂ ਦਾ ਇਹ ਸਾਰਾ ਦਿਨ ਵੀ ਸੋਗ ਵਿਚ ਗੁਜ਼ਰਿਆ ਹੈ। ਤਿੰਨੇ ਜਣੇ ਸਿਰ ਜੋੜ ਕੇ ਦਿਨ ਭਰ ਬੈਠੇ ਰਹੇ। ਟਿੰਕੂ ਦੀ ਸਲਾਮਤੀ ਲਈ ਦੁਆ ਕਰਦੇ ਰਹੇ। ਜੰਗ ਦੇ ਵਿਰੁੱਧ ਭੜਾਸ ਕੱਢਦੇ ਰਹੇ।

ਹੁਣ ਸ਼ਾਮ ਦੇ ਛੇ ਕੁ ਵਜੇ ਨਿਓਮੀ ਦਾ ਫੋਨ ਆਇਆ ਹੈ ਤਾਂ ਬੱਲੀ ਨੇ ਦਿਲ ਦੀ ਧੜਕਣ ਰੋਕ ਕੇ ਪੁੱਛਿਆ ਹੈ, "ਕੁਛ ਪਤਾ ਲੱਗਾ?"

"ਹਾਂ, ਡੈਡ ਨੇ ਥੋੜ੍ਹਾ ਪਤਾ ਲਗਾਇਆ ਹੈ।"

"ਹਾਲਤ ਜ਼ਿਆਦਾ ਖ਼ਰਾਬ ਏ?" ਬੱਲੀ ਦੀ ਹੂਕ ਨਿਕਲੀ ਏ।

"ਹਾਂ, ਜ਼ਿਆਦਾ ਖ਼ਰਾਬ ਏ। ਉਹ ਅੱਜ ਜਰਮਨ ਦੇ ਕਿਸੇ ਹਸਪਤਾਲ ਪਹੁੰਚ ਗਿਆ ਏ ... ਦੋ ਕੁ ਹਫ਼ਤੇ ਬਾਅਦ ਉਹਨੂੰ ਏਥੇ ਕਿਸੇ ਅਮਰੀਕਨ ਹਸਪਤਾਲ ਵਿਚ ਸ਼ਿਫਟ ਕਰ ਦੇਣਗੇ ... ਸ਼ਾਇਦ, ਉਹ ਕੱਲ੍ਹ ਜਾਂ ਪਰਸੋਂ ਤੱਕ ਆਪਾਂ ਨੂੰ ਫੋਨ ਕਰ ਸਕੇਗਾ।"



"ਸੱਟਾਂ ਕਿੱਥੇ ਲੱਗੀਆਂ?" ਬੱਲੀ ਦੀਆਂ ਅੱਖਾਂ ਭਰ ਆਈਆਂ।

"ਹਾਲੇ, ਏਨਾ ਹੀ ਪਤਾ ਲੱਗ ਸਕਿਆ ਕਿ ਉਹ ਸਟੇਬਲ ਕੰਡੀਸ਼ਨ ਵਿਚ ਹੈ, ਜਾਨ ਨੂੰ ਕੋਈ ਖ਼ਤਰਾ ਨਹੀਂ ... ਸ਼ਾਇਦ ਲੱਤਾਂ ਨੂੰ ਨੁਕਸਾਨ ਪਹੁੰਚਿਆ ਹੈ, ਕਿੰਨਾ ਕੁ? ਹਾਲੇ ਪਤਾ ਨਹੀਂ।"

"ਹਨੀ, ਥੈਂਕ ਯੂ ਵੈਰੀ ਮੱਚ, ਟੇਕ ਕੇਅਰ!" ਬੱਲੀ ਨੂੰ ਕੁਝ ਰਾਹਤ ਮਹਿਸੂਸ ਹੋਈ ਹੈ, "ਚਲੋ ਜਾਨ ਤਾਂ ਬਚ ਗਈ!"

"ਆਈ ਹੋਪ, ਹੀ ਵੈੱਲ ਵੀ ਆਲ ਰਾਈਟ, ਵੈਰੀ ਸੂਨ!"

ਏਕਤਾ ਦੇ ਮਨ ਦਾ ਬੋਝ ਵੀ ਕੁਝ ਹਲਕਾ ਹੋ ਗਿਆ ਹੈ।

"ਏਹਨਾਂ ਦਾ ਇਲਾਜ ਤਾਂ ਬਹੁਤ ਚੰਗਾ, ਛੇਤੀਂ ਠੀਕ ਹੋ ਜਾਣਾਂ।"

ਰਾਣੇ ਨੂੰ ਵੀ ਸਕੂਨ ਦਾ ਮਾੜਾ ਜਿਹਾ ਸਾਹ ਆਇਆ ਹੈ।

ਪਰ ਨਿੱਤ ਟਿੰਕੂ ਦਾ ਫੋਨ ਉਡੀਕਦਿਆਂ ਅੱਜ ਐਤਵਾਰ ਆ ਗਿਆ ਹੈ। ਉਹ ਕਈ ਦਿਨਾਂ ਦੇ ਬੇਟੇ ਦੇ ਮੂੰਹੋਂ ਇਕ ਸ਼ਬਦ ਤੱਕ ਸੁਣਨ ਲਈ ਵੀ ਤਰਸ ਰਹੇ ਹਨ ... ਅੱਜ ਤਾਂ ਸੁਬਹਾ ਉੱਠਦੇ ਸਾਰ ਹੀ ਦੋਵੇਂ ਜਣੇ ਫੋਨ ਦੇ ਸਿਰਹਾਣੇ ਬੈਠ ਗਏ ਹਨ ਪਰ ਦੁਪਹਿਰ ਤੱਕ ਵੀ ਫੋਨ ਨਹੀਂ ਆਇਆ ਤਾਂ ਫਿਰ ਆਸ਼ਾ, ਨਿਰਾਸ਼ਾ ਵਿਚ ਬਦਲਣ ਲੱਗ ਪਈ ਹੈ।

ਇਕ ਵਜੇ ਦੇ ਕਰੀਬ ਏਕਤਾ ਉਨ੍ਹਾਂ ਨੂੰ ਥੋੜ੍ਹਾ ਬਹੁਤ ਖਿਲਾ ਕੇ ਅਤੇ ਆਪ ਖਾ ਕੇ ਕਿਤੇ ਚਲੀ ਗਈ ਹੈ ਤਾਂ ਰਾਣਾ ਬੋਲਿਆ ਹੈ:

"ਬੱਲੀਏ, ਜਰਮਨੀ ਵਿਚ ਤਾਂ ਰਾਤ ਪੈ ਗਈ ਹੋਣੀ ਆ।"

"ਪਤਾ ਨਹੀਂ, ਉਹ ਬੋਲ ਵੀ ਸਕਦਾ ਹੋਣਾ ਕਿ ਨਹੀਂ?"

ਇੰਨਾ ਕਹਿ ਕੇ ਉਹ ਗੁੰਮ-ਸੁੰਮ ਹੋ ਗਿਆ ਹੈ ਤਾਂ ਬੱਲੀ ਦਾ ਤੌਖਲਾ ਵੀ ਹੋਰ ਵਧ ਗਿਆ ਹੈ ਅਤੇ ਉਨ੍ਹਾਂ ਕੁਝ ਵੀ ਸੁੱਝ ਨਹੀਂ ਰਿਹਾ।

ਇਸ ਲਈ ਟੀਵੀ ਖੋਲ੍ਹ ਕੇ ਬਹਿ ਗਏ ਹਨ।

ਇਕ ਲੋਕਲ ਟੀਵੀ ਚੈਨਲ ਉਪਰ, ਨਿਓਮੀ ਦੇ ਰੋਸ-ਪ੍ਰਦਰਸ਼ਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਹੋ ਗਿਆ ਏ: 'ਯੂਨੀਵਰਸਿਟੀ ਕੈਮਪਸ' ਵਿਚ ਲੋਕ ਭਾਰੀ ਗਿਣਤੀ ਵਿਚ ਜਮ੍ਹਾ ਹੋ ਰਹੇ ਹਨ। ਹਵਾ ਵਿਚ ਬੈਨਰ ਹੀ ਬੈਨਰ ਲਹਿਰਾਅ ਰਹੇ ਹਨ। ਨਾਅਰਿਆਂ ਨਾਲ ਅਸਮਾਨ ਗੂੰਜ ਰਿਹਾ ਹੈ ਅਤੇ ਸ਼ਿੰਨੀ ਸ਼ੀਆਨ ਵੀ ਆਪਣੇ ਸਮਰਥਕਾਂ ਸਹਿਤ ਆ ਪਹੁੰਚੀ ਹੈ।

"ਬੱਲੀਏ, ਚੱਲ ਆਪਾਂ ਵੀ ਚੱਲੀਏ!" ਰਾਣੇ ਦਾ ਦਿਲ ਫੜਕਿਆ ਹੈ।

"ਬੇਟਾ ਹਸਪਤਾਲ 'ਚ ਪਿਆ, ਆਪਾਂ ਸੜਕਾਂ 'ਤੇ ਤੁਰੇ ਫਿਰੀਏ?"

ਬੱਲੀ ਦਾ ਦਿਲ ਡੁੱਬ ਰਿਹਾ ਹੈ ਤਾਂ ਰਾਣਾ ਵੀ ਚੁੱਪ ਕਰ ਗਿਆ ਹੈ।

ਉਧਰ ਮਾਰਚ ਸ਼ੁਰੂ ਹੋ ਗਿਆ ਹੈ। ਸਭ ਤੋਂ ਅੱਗੇ ਮੌਰਗਨ ਵਿਲੀਅਮ ਚੱਲ ਰਿਹਾ ਹੈ। ਉਹਦੇ ਨਾਲ ਸ਼ਿਨੀ ਸ਼ੀਆਨ ਅਤੇ ਉਨ੍ਹਾਂ ਦੇ ਪਿੱਛੇ ਹੱਥਾਂ ਵਿਚ ਜੰਗ-ਵਿਰੋਧੀ ਨਾਅਰਿਆਂ ਵਾਲੀਆਂ ਤਖ਼ਤੀਆਂ ਫੜੀ ਹਜ਼ਾਰਾਂ ਲੋਕ: ਗੋਰੇ, ਕਾਲੇ, ਭੂਰੇ, ਪੀਲੇ; ਆਵਾਸੀ, ਪਰਵਾਸੀ;

ਬੱਚੇ, ਬੁੱਢੇ, ਜਵਾਨ: ਔਰਤਾਂ ਤੇ ਮਰਦ ... ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਭੀੜ ਦਾ ਰੋਹ ਅਤੇ ਆਕ੍ਰੋਸ਼ ਵੀ। ਪਰ ਪੁਲੀਸ ਨੇ 'ਮਿਲਟਰੀ ਬੇਸ' ਤੋਂ ਪਹਿਲਾਂ ਹੀ ਮਾਰਚ ਰੋਕ ਦਿੱਤਾ ਹੈ। ਲੋਕ ਰੁਕ ਗਏ ਤਾਂ ਭਾਸ਼ਣ ਚਾਲੂ ਹੋ ਗਏ ਹਨ।

ਸਭ ਤੋਂ ਪਹਿਲਾਂ ਮੌਰਗਨ ਵਿਲੀਅਮ ਨੇ ਹਰੀਕੇਨ ਕਟਰੀਨਾ ਦੇ ਪੀੜਿਤਾਂ ਦੀ ਦੁਰਦਸ਼ਾ ਬਾਰੇ ਅਤੇ ਪ੍ਰਸ਼ਾਸਨ ਵੱਲੋਂ ਵਰਤੀ ਗਈ ਅਣਗਹਿਲੀ ਬਾਰੇ ਕਰਾਰੇ ਸ਼ਬਦ ਤਰਕ-ਸੰਗਤ ਢੰਗ ਨਾਲ ਕਹੇ ਹਨ। ਸ਼ਿੰਨੀ ਵੀ ਜੰਗ ਦੀ ਤਬਾਹੀ ਦੇ ਵਿਰੁੱਧ ਅਤੇ ਪ੍ਰੈਜ਼ੀਡੈਂਟ ਦੇ ਝੂਠ-ਫਰੇਬ ਤੇ ਮੱਕਾਰੀ ਉੱਤੇ ਚੰਗਾ ਤਵਾ ਲਾ ਗਈ ਹੈ ਅਤੇ ਹੁਣ ਨਿਓਮੀ ਬੋਲ ਰਹੀ ਹੈ:

"ਸਾਡਾ ਇਹ ਮਾਰਚ: ਰੇਸਇਜ਼ਮ ਦੇ ਵਿਰੁੱਧ ਹੈ, ਗਰੀਬੀ ਦੇ ਖ਼ਿਲਾਫ ਹੈ ਅਤੇ ਜੰਗ ਦੇ ਵਿਰੁੱਧ ਹੈ ਕਿਉਂਕਿ ਇਨ੍ਹਾਂ ਦਾ ਸ਼ਿਕਾਰ, ਗਰੀਬ ਲੋਕ ਹੀ ਹੁੰਦੇ ਹਨ ... ਹਰੀਕੇਨ ਕਟਰੀਨਾ ਹੋਵੇ, ਹੇਟ ਕਰਾਈਮ ਜਾਂ ਜੰਗ; ਬਹੁਤੇ ਗਰੀਬ ਲੋਕ ਹੀ ਮਰਦੇ ਹਨ ..."

ਬੋਲਦੀ-ਬੋਲਦੀ ਉਹ ਇਕਦਮ ਭਾਵੁਕ ਹੋ ਗਈ ਹੈ:

"ਅੱਜ ਮੇਰਾ ਬੁਆਏ-ਫਰੈਂਡ, ਅਮਨਪ੍ਰੀਤ ਸਿੰਘ ਰਾਣਾ, ਜ਼ਖ਼ਮੀ ਹਾਲਤ ਵਿਚ ਜਰਮਨੀ ਦੇ ਇਕ ਹਸਪਤਾਲ ਵਿਚ ਪਿਆ ਹੈ ਅਤੇ ਮੈਂ ਆਪਣੇ ਦਿਲ ਉੱਤੇ ਪੱਥਰ ਰੱਖ ਕੇ, ਏਥੇ ਇਹ ਕਹਿਣ ਲਈ ਆਈ ਹਾਂ, ਕਿ ਇਹ ਜੰਗ ਨਾ ਤਾਂ ਅਮਰੀਕੀ ਲੋਕਾਂ ਦੀ ਅੱਛਾਈ ਲਈ ਹੈ ਅਤੇ ਨਾ ਇਰਾਕੀ ਲੋਕਾਂ ਦੇ ਕਿਸੇ ਭਲੇ ਲਈ ਹੈ। ਇਹ ਜੰਗ ਤਾਂ ਮਲਟੀ ਬਿਲਅਨਰੀ ਤੇ ਮਲਟੀ ਨੈਸ਼ਨਲ ਕੰਪਨੀਆਂ, ਵੱਡੇ ਕਾਰਪੋਰੇਟ ਸੈਕਟਰ ਅਤੇ ਅਮਰੀਕੀ ਤੇਲ-ਲਾਬੀ ਲਈ ਲੜੀ ਜਾ ਰਹੀ ਹੈ ... ਇਸ ਜੰਗ ਵਿਚ, ਅਮਨਪ੍ਰੀਤ ਵਰਗੇ ਸਾਡੇ ਸੱਠ ਹਜ਼ਾਰ ਤੋਂ ਵੱਧ ਸਾਡੇ ਫੌਜੀ ਜ਼ਖ਼ਮੀ ਹੋ ਚੁੱਕੇ ਹਨ। ਮਾਰੇ ਗਏ ਫੌਜੀਆਂ ਦੀ ਗਿਣਤੀ ਵੀ ਕਈ ਹਜ਼ਾਰ ਹੋ ਚੁੱਕੀ ਏ ... ਇਰਾਕੀ *ਲੋਕਾਂ ਦਾ ਤਾਂ ਕੋਈ ਹਿਸਾਬ-ਕਿਤਾਬ ਹੀ ਨਹੀਂ, ਜਿਵੇਂ ਉਹ ਇਨਸਾਨ ਨਹੀਂ, ਕੀੜੇ ਮਕੌੜੇ ਹੋਣ* ... ਪਰ ਇਹ ਪ੍ਰੈਜ਼ੀਡੈਂਟ, ਆਤੰਕਵਾਦ ਵਿਰੋਧੀ ਹੋਣ ਅਤੇ ਜੰਗ ਜਿੱਤਣ ਦੀਆਂ ਟਾਹਰਾਂ ਮਾਰ ਰਿਹਾ ਹੈ ਅਤੇ ਇਸ ਗੁਨਾਹ ਉਪਰ ਪਰਦਾ ਪਾਉਣ ਲਈ 'ਡੈਮੋਕਰੇਸੀ' ਦਾ ਭੌਂਪੋਂ ਵਜਾ ਰਿਹਾ ਹੈ ..."

ਹੁਣ ਤਾਂ ਉਹ ਕਿਸੇ ਜ਼ਖ਼ਮੀ ਸ਼ੇਰਨੀ ਵਾਂਗ ਦਹਾੜ ਰਹੀ ਹੈ:

"ਇਸ ਜੰਗ ਵਿਚ ਸ਼ਿੰਨੀ ਸ਼ੀਆਨ ਦਾ ਬੇਟਾ ਮਾਰਿਆ ਗਿਆ, ਮੇਰਾ ਬੁਆਏ-ਫਰੈਂਡ ਹਸਪਤਾਲ ਵਿਚ ਪਿਆ, ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਪਰ ਇਸ ਜੰਗ ਵਿਚ ਕਿਸੇ ਅਮੀਰਜ਼ਾਦੇ ਦਾ ਕੀ ਗਿਆ ...?"

ਬੇਟੇ ਦਾ ਜ਼ਿਕਰ ਸੁਣ ਕੇ ਰਾਣਾ ਤੇ ਬੱਲੀ ਵੀ ਭਾਵੁਕ ਹੋ ਗਏ ਹਨ। ਬੱਲੀ ਦੀਆਂ ਅੱਖਾਂ ਵਿਚੋਂ ਤਾਂ ਹੰਝੂਆਂ ਦੀ ਇਕ ਮੋਟੀ ਧਾਰ ਵਗ ਤੁਰੀ ਹੈ ਤੇ ਰਾਣੇ ਨੂੰ ਇਸ ਮੋਰਚੇ ਵਿਚ ਏਕਤਾ ਦੇ ਹੋਣ ਦਾ ਝਉਲਾ ਪਿਆ ਹੈ, "ਮੈਨੂੰ ਲੱਗਦਾ, ਏਕਤਾ ਵੀ ਇਸ ਵਿਚ ਸ਼ਾਮਿਲ ਐ!"

"ਓ ਰੀਅਲੀ, 'ਸਹੇਲੀ ਦੇ ਘਰ' ਦੱਸ ਕੇ ਗਈ ਸੀ।"

"ਯ੍ਹਾ, ਔਹ ਦੇਖ, ਅਹੁ ਟੀਨਏਜ਼ਰਾਂ ਦੇ ਗਰੁੱਪ ਵਿਚ!"



ਬੱਲੀ ਨੀਝ ਲਾ ਕੇ ਟੀਵੀ ਸਕਰੀਨ ਨੂੰ ਘੂਰ ਰਹੀ ਹੈ, ਪਰ ਕੈਮਰਾ ਮੁੜ ਸਟੇਜ ਉੱਤੇ ਜਾ ਫੋਕਸ ਹੋਇਆ ਹੈ ਅਤੇ ਬੱਲੀ ਨੂੰ ਗੁੱਸਾ ਚੜ੍ਹਨਾ ਸ਼ੁਰੂ ਹੋ ਗਿਆ ਹੈ, "ਜਦ ਉਹਨੂੰ ਰੋਕਿਆ ਸੀ, ਫਿਰ ਕਿਉਂ ਗਈ?"

"ਤੈਨੂੰ ਵੀ ਤਾਂ ਤੇਰੀ ਮਾਂ ਨੇ ਉਦੋਂ ਬਥੇਰਾ ਰੋਕਿਆ ਸੀ!"

"ਪਰ ਉਹ ਤਾਂ ਆਪਣਾ ਦੇਸ਼ ਸੀ, ਏਥੇ ਸਾਡੀ ਔਕਾਤ ਈ ਕੀ ਏ?"

"ਬੱਲੀਏ, ਇਨ੍ਹਾਂ ਨਿਆਣਿਆਂ ਦਾ ਤਾਂ ਹੁਣ ਇਹੀ ਦੇਸ਼ ਆ। ਇਸੇ ਕਰਕੇ ਅਮਨ ਫੌਜ ਵਿਚ ਭਰਤੀ ਹੋਇਆ, ਇਸੇ ਲਈ ਏਕਤਾ ਮੋਰਚੇ ਵਿਚ ਗਈ ਐ ... ਤੇ ਮਸਲੇ ਵੀ ਉਹੀ ਹਨ: ਰੇਸ, ਕਲਾਸ ਤੇ ਜੰਗ। ਓਥੇ ਆਪਾਂ ਜਾਤ ਅਤੇ ਜਮਾਤ ਕਹਿੰਦੇ ਹੁੰਦੇ ਸੀ, ਏਥੇ ਇਹ ਰੇਸ ਤੇ ਕਲਾਸ ਕਹਿੰਦੇ ਆ। ਭਾਸ਼ਾ ਈ ਵੱਖਰੀ-ਵੱਖਰੀ ਆ, ਮਸਲੇ ਤਾਂ ਸਾਰੀ ਦੁਨੀਆ ਵਿਚ ਹਾਲੇ ਤੱਕ ਉਹੀ ਆ ..."

ਰਾਣਾ ਇੰਜ ਬੋਲ ਰਿਹਾ ਹੈ ਜਿਵੇਂ ਖਾਲਸਾ ਕਾਲਜ ਜਲੰਧਰ ਦੀ ਸਟੇਜ ਉੱਪਰ ਖੜ੍ਹਾ, ਵਿਦਿਆਰਥੀ ਮੋਰਚੇ ਨੂੰ ਸੰਬੋਧਨ ਕਰ ਰਿਹਾ ਹੋਵੇ ਅਤੇ ਬੱਲੀ ਇੰਜ ਸੁਣ ਰਹੀ ਹੈ, ਜਿਵੇਂ ਅੱਜ ਪਹਿਲੀ ਵਾਰੀ ਉਹਦਾ ਭਾਸ਼ਣ ਸੁਣ ਰਹੀ ਹੋਵੇ ਪਰ ਦੋਨ੍ਹਾਂ ਦੀਆਂ ਨਜ਼ਰਾਂ ਏਕਤਾ ਨੂੰ ਭਾਲ ਰਹੀਆਂ ਹਨ।

ਦੇਰ ਸ਼ਾਮ ਗਏ ਏਕਤਾ ਘਰ ਆਈ ਹੈ ਤਾਂ ਦੋਨੋਂ ਗਲਵਕੜੀ ਵਿਚ ਲੈ ਕੇ ਅੱਖਾਂ ਦੀਆਂ ਪਲਕਾਂ ਉੱਪਰ ਚੁੱਕੀ ਖੜ੍ਹੇ ਹਨ।

****

# ਪਾਗਲ ਮੌਸਮ ਠੱਗ ਨਿਜ਼ਾਮ

ਬਾਹਰ ਤੂਫਾਨ ਫਰਾਟੇ ਮਾਰਦਾ, ਸ਼ੂਕਦਾ, ਕਹਿਰ ਕਮਾ ਰਿਹਾ ਹੈ ਅਤੇ ਘਰ ਦੇ ਪਿਛਵਾੜੇ ਵਾਲੇ ਰੁੱਖ ਸੌਣ-ਕਮਰੇ ਦੀ ਖਿੜਕੀ ਵਿਚ ਵੱਜ ਰਹੇ ਹਨ। ਇਸ ਲਈ ਅੱਖ ਲੱਗਣੀ ਤਾਂ ਦਰਕਿਨਾਰ, ਝੱਪਕ ਵੀ ਨਹੀਂ ਰਹੀ।

ਦਰਅਸਲ ਇਸ ਸਮੇਂ ਇਕ ਨਹੀਂ, ਦੋ ਤੂਫਾਨ ਝੁੱਲ ਰਹੇ ਹਨ। ਇਕ ਫੁੰਕਾਰੇ ਮਾਰਦਾ ਬਾਹਰ ਅਤੇ ਦੂਜਾ ਖੌਰੂ ਪਾਉਂਦਾ ਮੇਰੇ ਅੰਦਰ ਅਤੇ ਬਾਹਰ ਵਾਲਾ, ਅੰਦਰ ਵਾਲੇ ਨੂੰ ਇੰਨੀਆਂ ਜਰਬਾਂ ਦੇਈ ਜਾ ਰਿਹਾ ਕਿ ਮਨ ਪਤਾ ਨਹੀਂ ਕਿਸ-ਕਿਸ ਵਰਤਾਰੇ ਦੀ ਕਿਹੜੀ-ਕਿਹੜੀ ਪਰਤ ਫਰੋਲੀ ਬੈਠਾ ਹੈ। ਅਤੀਤ ਵਿਚੋਂ ਨਿਕਲਦਾ ਏ ਤਾਂ ਵਰਤਮਾਨ ਵਿਚ ਵੜਦੇ ਸਾਰ ਇਕਦਮ ਇਕ ਕਲਾਬਾਜ਼ੀ ਜਿਹੀ ਖਾ ਕੇ ਪਿਛਲਖੁਰੀਂ ਭੱਜ ਤੁਰਦਾ ਐ।

ਇਕ ਪਾਸੇ ਨਾਚੀਜ਼ ਹੋਣ ਦਾ ਅਹਿਸਾਸ ਦਿਲ ਨੂੰ ਵਲੂੰਦਰ-ਵਲੂੰਦਰ ਕੇ ਤਰਥੱਲੀ ਮਚਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਪਾਗ਼ਲ ਮੌਸਮ ਉਪਰ ਇੰਨਾ ਗੁੱਸਾ ਆ ਰਿਹਾ ਹੈ ਕਿ ਤਨ-ਮਨ ਕਿਸੇ ਸੂਈ ਦੇ ਨੱਕੇ ਵਿਚ ਦੀ ਨਿਕਲਦੇ ਮਹਿਸੂਸ ਹੋ ਰਹੇ ਹਨ ਅਤੇ ਦਿਲੋ-ਦਿਮਾਗ਼ ਸਿਰ ਉੱਤੇ ਝੁੱਲੇ ਤਮਾਮ ਤੂਫਾਨਾਂ ਦਾ ਕੱਚਾ ਚਿੱਠਾ ਖੋਲ੍ਹੀ ਬੈਠੇ ਹਨ।

* *

ਉਸ ਰਾਤ ਵੀ ਇਹੋ ਜਿਹਾ ਤੂਫਾਨ ਸੀ ਤੇ ਮੇਰੀ ਰਾਤ ਦੀ ਡਿਊਟੀ।

ਤੂਫਾਨ ਨੇ ਇੰਨੀ ਮੱਤ ਮਾਰੀ ਕਿ ਗਾਰਬੇਜ਼ ਦੇ ਇਕ ਭਾਰੀ-ਭਰਕਮ ਡੰਮਪਸਟਰ ਨੂੰ ਧੱਕ ਕੇ ਗਾਰਬੇਜ਼-ਰੂਮ ਵਿਚ ਵਾੜਨ ਦੀ ਕੋਸ਼ਿਸ਼ ਕਰਦਾ ਮੈਂ ਆਪਣੀ ਗਰਦਨ ਤੁੜਵਾ ਬੈਠਾ। ਗਰਦਨ ਦਾ ਇੰਨੀ ਜ਼ੋਰ ਨਾਲ ਇਕ ਪਟਾਕਾ ਜਿਹਾ ਪਿਆ ਕਿ ਰੀੜ ਦੀ ਹੱਡੀ ਦੇ ਵੀ ਕਈ ਕੜਾਕੇ ਕਰੜ-ਕਰੜ ਕਰਕੇ ਨਿਕਲ ਗਏ ਤੇ ਮੇਰੀ ਬੋਲਤੀ ਬੰਦ ਹੋ ਗਈ। ਹੋਸ਼ ਆਈ ਤਾਂ ਹੱਥ ਪੈਰ ਲੱਤਾਂ ਬਾਹਾਂ ਕਮਰ ਪੁੱਠੇ ਸਿੱਧੇ ਕਰਕੇ ਦੇਖੇ ਤਾਂ ਇਹ ਸੋਚ ਬਣੀ ਕਿ ਐਵੇਂ ਕੋਈ ਨਾੜ-ਨੂੜ ਚੜ੍ਹ ਗਈ ਹੋਣੀ ਆ ਜਾਂ ਕੋਈ ਚੁੱਕ-ਚੂਕ ਪੈ ਗਈ ਹੋਣੀ ਏ, ਸਵੇਰ ਤੱਕ ਆਪੇ ਠੀਕ ਹੋ ਜਾਊ॥

ਤੱਤੇ-ਤੱਤੇ ਘਾਹ ਜ਼ਖ਼ਮਾਂ ਦੀ ਅਸਲੀ ਗਹਿਰਾਈ ਦਾ ਪਤਾ ਹੀ ਨਹੀਂ ਲੱਗਾ। ਇਸ ਲਈ ਨਾ 'ਨਾਈਨ ਵੰਨ ਵੰਨ' ਨੂੰ ਐਮਰਜਿੰਸੀ ਕਾਲ ਕੀਤੀ, ਨਾ ਕੋਈ 'ਦੁਰਘਟਨਾ ਰਿਪੋਰਟ' ਲਿਖੀ ਅਤੇ ਨਾ ਹੀ ਕੰਪਨੀ ਦੇ ਦਫਤਰ ਫੋਨ ਕਰਕੇ ਕੋਈ ਸੂਚਨਾ ਦਰਜ ਕਰਵਾਈ। ਇੱਥੋਂ ਤੱਕ ਕਿ ਆਪਣੀ 'ਰੋਜ਼ਾਨਾ ਕਾਰਵਾਈ ਰਿਪੋਰਟ' ਵਿਚ ਵੀ ਇਕ ਅੱਖਰ ਨਹੀਂ ਲਿਖਿਆ।

ਪਰ ਸੱਟ ਇੰਨੀ ਗੰਭੀਰ ਲੱਗੀ ਸੀ ਕਿ ਮੈਂ ਆਪਣੇ ਵਜੂਦ ਦੇ ਪੋਟੇ ਪੋਟੇ ਤੱਕ ਹਿੱਲ ਗਿਆ ... ਤੇ ਅਗਲੇ ਦਿਨ ਉੱਠਿਆ ਹੀ ਨਾ ਗਿਆ ਤਾਂ ਆਪਣੇ ਮੈਨੇਜਰ ਨੂੰ ਫੋਨ ਕਰਕੇ ਇਹ ਬਿਆਨ ਦੇ ਮਾਰਿਆ:



"ਸਰ! ਮੈਂ ਇਹ ਦੱਸਣਾ ਚਾਹੁੰਨਾਂ ਕਿ ਮੈਂ ਕੱਲ੍ਹ ਰਾਤ ਜੌਬ 'ਤੇ ਗਾਰਬੇਜ਼ ਡੰਮਪਸਟਰ ਨੂੰ ਧੱਕਾ ਲਾਉਂਦਿਆਂ, ਵਾਹਵਾ ਸੱਟ ਲਵਾ ਬੈਠਾਂ। ਇਸ ਲਈ ਮੇਰੀ ਗਰਦਨ ਵੀ ਦਰਦ ਕਰ ਰਹੀ ਹੈ ਤੇ ਕਮਰ ਵੀ। ਪਰ ਸਰ, ਮੇਰੇ ਇਹ ਜ਼ਖ਼ਮ ਬੜੇ ਪੁਰਾਣੇ ਨੇ ਤੇ ਇਨ੍ਹਾਂ ਨਾਲ ਮੈਂ ਜੀਣਾ ਸਿੱਖ ਲਿਆ ਹੈ ... ਬੱਸ, ਸਿਰਫ਼ ਹਫਤੇ ਕੁ ਭਰ ਦੀ ਛੁੱਟੀ ਚਾਹੀਦੀ ਹੈ।"

ਹੁਣ ਸੋਚ ਰਿਹਾਂ, ਇਸ ਬਿਆਨ ਦਾ ਅਚੇਤ ਕਾਰਨ, ਉਹ ਜ਼ਖ਼ਮੀ ਇਤਿਹਾਸ ਵੀ ਹੋ ਸਕਦਾ ਹੈ ਜਿਸਨੂੰ ਮੈਂ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਜਿਸ ਕਰਕੇ ਸਿਰਫ਼ ਮੇਰੇ ਜਿਸਮ ਦੇ ਹੀ ਨਹੀਂ, ਮੇਰੀ ਰੂਹ ਦੇ ਵੀ ਕਈ ਵਾਰ ਕੜਾਕੇ ਪੈ ਚੁੱਕੇ ਹਨ ਅਤੇ ਹਰ ਜ਼ਖ਼ਮ ਤੋਂ ਬਾਅਦ ਮੈਂ ਫਿਰ ਨੌਂ ਬਰ ਨੌਂ ਹੋ ਕੇ ਜੂਝਦਾ ਰਿਹਾ ਹਾਂ।

ਪਰ ਉਸ ਬੀਤ ਚੁੱਕੇ ਸੱਚ ਨੂੰ ਇੱਥੇ ਕੌਣ ਜਾਣਦਾ ਹੈ!

ਬੱਸ, ਗਲਤੀ ਵੀ ਇਹੀ ਹੋ ਗਈ ਕਿ ਮੈਂ ਦੋਨਾਂ ਦਾ ਸੁਮੇਲ ਕਰ ਦਿੱਤਾ। ਬੀਤ ਚੁੱਕੇ ਦੇ ਸੱਚ ਦਾ, ਅੱਜ ਦੇ ਸੱਚ ਨਾਲ। ਇਹ ਸੋਚ ਕੇ ਕਿ ਇਹ ਨਵੇਂ ਜ਼ਖ਼ਮ ਵੀ ਪੁਰਾਣਿਆਂ ਵਰਗੇ ਹੀ ਹੋਣਗੇ, ਆਪੇ ਠੀਕ ਹੋ ਜਾਣਗੇ ਅਤੇ ਇਸ ਕਰਕੇ ਵੀ, ਕਿ ਇਸ ਗੱਲ ਦਾ ਕੋਈ ਇਲਮ ਹੀ ਨਹੀਂ ਸੀ ਕਿ ਇਹ ਨਵੇਂ ਜ਼ਖ਼ਮ ਕਿੰਨੇ ਜ਼ਰਖੇਜ਼ ਹੋ ਸਕਦੇ ਹਨ!

ਇਸ ਗੱਲ ਦਾ ਪਤਾ ਵੀ ਉਦੋਂ ਹੀ ਲੱਗਾ, ਜਦੋਂ ਮੇਰਾ ਛੋਟਾ ਭਾਈ ਮੇਰੀ ਖਬਰ ਲੈਣ ਆਇਆ ਅਤੇ ਇਹ ਗੱਲ ਮੇਰੇ ਖਾਨੇ ਵਿਚ ਪਾ ਕੇ ਗਿਆ ਕਿ ਇਸ ਤਰ੍ਹਾਂ ਦੇ ਜ਼ਖ਼ਮਾਂ ਦਾ ਮਤਲਬ ਹੁੰਦਾ ਹੈ, 'ਮੁਆਵਜ਼ੇ ਵਜੋਂ ਇਕ ਮੋਟੀ ਰਕਮ ਤੇ ਉਮਰ ਭਰ ਲਈ ਕੰਮ ਤੋਂ ਛੁੱਟੀ। ਘਰ ਬੈਠੇ ਬਿਠਾਏ ਹਰ ਹਫਤੇ ਚੈੱਕ ਤੇ ਉਮਰ ਭਰ ਲਈ ਮੁਫਤ ਡਾਕਟਰੀ ਇਲਾਜ ...।'

ਉਹ ਤਾਂ ਇੱਥੋਂ ਤੱਕ ਵੀ ਕਹਿ ਗਿਆ, "ਬੜੇ ਭਾਈ, ਇੱਥੇ ਜ਼ਖ਼ਮਾਂ ਦਾ ਇਤਿਹਾਸ ਕੋਈ ਨਹੀਂ ਦੱਸਦਾ। ਨਾ ਕੋਈ ਪੁੱਛ ਹੀ ਸਕਦਾ ਹੈ। ਇੱਥੇ ਤਾਂ ਕੋਈ ਲੂਲਾ ਲੰਗੜਾ ਵੀ ਇਹ ਹੀ ਕਹੇਗਾ, 'ਮੇਰੀ ਆਹ ਲੱਤ ਜਾਂ ਬਾਂਹ ਹੁਣੇ ਹੁਣੇ ਟੁੱਟੀ ਐ ... ਆਹ ਕੰਮ ਕਰਦਿਆਂ!' ..."

ਫਿਰ ਮੇਰੀਆਂ ਅੱਖਾਂ ਵਿਚ ਇਕ ਡੂੰਘੀ ਝਾਤ ਮਾਰ ਕੇ ਇਹ ਸਵਾਲ ਵੀ ਠੋਕ ਦਿੱਤਾ, "ਓਦਾਂ, ਇੰਨਾ ਸੱਚ ਬੋਲਣ ਦੀ ਲੋੜ ਵੀ ਕੀ ਸੀ?" ਅਤੇ ਆਪਣੀ ਇਸ ਗੱਲ ਦੀ ਪੁਸ਼ਟੀ ਲਈ ਇਹ ਸ਼ੇਅਰ ਵੀ ਸੁਣਾ ਗਿਆ:

*ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ*
*ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ ...*

ਉਹਨੇ ਸ਼ੇਅਰ ਸੁਣਾਇਆ ਤਾਂ ਮੈਨੂੰ ਯਾਦ ਆਇਆ ਕਿ ਇਹ ਸ਼ੇਅਰ ਤਾਂ ਮੇਰੇ ਮਿੱਤਰ ਸ਼ਾਇਰ ਨੇ ਉਨ੍ਹਾਂ ਸਮਿਆਂ ਵਿਚ ਲਿਖਿਆ ਸੀ, ਜਦੋਂ ਅਸੀਂ ਹਰ ਨਕਾਬ ਲੀਰੋ-ਲੀਰ ਕਰ ਕੇ ਸ਼ਰ੍ਹੇ ਬਾਜ਼ਾਰ ਟੰਗ ਦਿਆ ਕਰਦੇ ਸਾਂ ਤੇ ਮਿੱਤਰਾਂ ਤੱਕ ਦੇ ਮਖੌਟੇ ਵੀ ਹਵਾ ਵਿਚ ਉਛਾਲ ਦਿਆ ਕਰਦੇ ਸਾਂ। ਉਨ੍ਹਾਂ ਸਮਿਆਂ ਵਿਚ, ਜਦੋਂ ਅਸੀਂ ਮਗਰਮੱਛਾਂ ਦਾ ਸ਼ਿਕਾਰ ਕਰਨ ਲਈ ਅੱਗ ਦਾ ਦਰਿਆ ਤੈਰਿਆ ਕਰਦੇ ਸਾਂ। ਉਸ ਵਕਤ ਜਦੋਂ ਪੈਰ ਜਿਧਰ ਨੂੰ ਵੀ ਉੱਠਦੇ ਸਨ, ਭਵਿੱਖ ਦੇ ਨਵੇਂ ਨਕਸ਼ ਉਕਰਦੇ ਜਾਂਦੇ ਸਨ ਅਤੇ ਬਾਜੀ ਵੀ, ਸਵੰਬਰ ਵਿਚ ਘੁੰਮਦੀ ਕਿਸੇ ਮਛਲੀ ਦੀ ਅੱਖ ਦੀ ਨਹੀਂ; ਇਤਿਹਾਸ ਦੇ ਹਰ ਸ਼ਬਦਕੋਸ਼ ਵਿਚੋਂ ਹਉਕਿਆਂ, ਹਾਵਿਆਂ,

ਸਦਮਿਆਂ, ਤ੍ਰਾਸਦੀਆਂ ਵਰਗੇ ਸ਼ਬਦ ਮਿਟਾ ਕੇ; ਆਜ਼ਾਦੀ, ਆਤਮ-ਸਨਮਾਨ ਅਤੇ ਮਨੁੱਖੀ-ਗੌਰਵ ਵਰਗੇ ਸ਼ਬਦਾਂ ਦੇ ਨਵੇਂ ਅਰਥ ਸਿਰਜਨ ਦੀ ਸੀ।

ਇਸ ਲਈ ਮੈਨੂੰ ਪਤਾ ਸੀ ਕਿ ਛੋਟਾ ਭਾਈ ਇਸ ਸ਼ੇਅਰ ਨੂੰ ਗਲਤ ਪਰਿਪੇਖ ਵਿਚ ਵਰਤ ਰਿਹਾ ਪਰ ਮੈਂ ਚੁੱਪ ਰਿਹਾ ਕਿਉਂਕਿ ਮੇਰਾ ਦਿਲ ਵੀ ਇਹੀ ਕਹਿ ਰਿਹਾ ਸੀ, 'ਕਈ ਮੌਕਿਆਂ ਤੇ ਛੋਟਾ ਜਿਹਾ ਸੱਚ ਬੋਲਣਾ ਵੀ ਇਕ ਵੱਡੀ ਸਾਰੀ ਮੂਰਖਤਾ ਹੁੰਦੀ ਹੈ!'

ਵੈਸੇ ਵੀ, ਮੈਂ ਕਿਹੜਾ ਹਰੀਸ਼ ਚੰਦਰ ਹਾਂ, ਜਿਸਨੇ ਕਦੇ ਕੋਈ ਝੂਠ ਨਾ ਬੋਲਿਆ ਹੋਵੇ। ਮੈਂ ਤਾਂ ਆਪਣੀ ਜ਼ਿੰਦਗੀ ਵਿਚ ਅਣਗਿਣਤ ਝੂਠ ਬੋਲੇ ਹੋਣਗੇ। ਐਵੇਂ ਟੁਚੇ ਜਿਹੇ ਝੂਠਾਂ ਤੋਂ ਲੈ ਕੇ ਕਹਿੰਦੇ ਕਹਾਉਂਦੇ ਝੂਠਾਂ ਤੱਕ। ਦਾਅ-ਪੇਚਕ ਝੂਠ ਤੋਂ ਲੈ ਕੇ ਰਣਨੀਤਕ ਝੂਠ ਤੱਕ। ਉਹ ਝੂਠ ਵੀ ਜਿਨ੍ਹਾਂ ਨੂੰ ਬੋਲਣ ਦੀ ਕੋਈ ਲੋੜ ਹੀ ਨਹੀਂ ਸੀ ਅਤੇ ਉਹ ਵੀ ਜਿਨ੍ਹਾਂ ਦੀ ਨਾ ਸਿਰਫ ਲੋੜ ਹੀ ਸੀ, ਸਗੋਂ ਬੜਾ ਮਹੱਤਵ ਵੀ ਸੀ। ਇਸ ਲਈ ਮੈਂ ਚੁੱਪ ਰਿਹਾ ਤਾਂ ਉਹ ਹੋਰ ਵੀ ਹੱਲਾਸ਼ੇਰੀ ਦੇ ਕੇ ਗਿਆ:

"ਬੜੇ ਭਾਈ, 'ਵਰਕਰ ਮੁਆਵਜ਼ੇ' ਲਈ 'ਕੇਸ' ਕਰ ਹੀ ਦਿਉ ਤੇ ਕਿਸੇ ਵਕੀਲ ਦੀ ਸਲਾਹ ਲੈ ਲਓ। ਇੱਥੇ ਵਕੀਲ ਹਿੱਸੇ 'ਤੇ ਵੀ ਮੰਨ ਜਾਂਦੇ ਆ ਤੇ ਸਬੂਤ ਤਾਂ ਉਹ ਪਾਤਾਲ ਵਿਚੋਂ ਵੀ ਲੱਭ ਲੈਂਦੇ ਆ।"

ਉਹਦੀ ਇਸ ਹੱਲਾਸ਼ੇਰੀ ਨਾਲ ਮਨ ਨੂੰ ਕਾਫ਼ੀ ਰਾਹਤ ਮਹਿਸੂਸ ਹੋਈ ਅਤੇ ਇਹ ਵੀ ਮਹਿਜ਼ ਇਤਫ਼ਾਕ ਹੀ ਸਮਝੋ ਕਿ ਉਹਦੇ ਘਰੋਂ ਨਿਕਲਦੇ ਹੀ ਮੇਰੇ ਸਾਹਿਤਕਾਰ ਮਿੱਤਰ ਵੀ ਆ ਗਏ ਅਤੇ ਇਹ ਮਿੱਤਰ ਵੀ ਉਹ ਹੀ ਕਹਿਣ ਲੱਗੇ ਜੋ ਛੋਟਾ ਭਾਈ ਕਹਿ ਕੇ ਗਿਆ ਸੀ:

"ਇਹ ਅਮਰੀਕਾ ਹੈ ਪਿਆਰੇ! ਇੱਥੇ ਹਰ ਮੌਕੇ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਤੇ ਇੱਦਾਂ ਦੇ ਮੌਕੇ, ਜ਼ਿੰਦਗੀ ਵਿਚ ਵਾਰ-ਵਾਰ ਕਿੱਥੇ ਹੱਥ ਆਉਂਦੇ ਆ! ਹਾਲੇ ਵੀ ਇਹਦਾ ਫਾਇਦਾ ਉਠਾ ਹੀ ਲਓ!"

ਕਹਾਣੀਕਾਰ ਮਿੱਤਰ ਨੇ ਤਾਂ ਇਹ ਗੱਲ ਪੱਥਰ ਉਪਰ ਲਕੀਰ ਵਾਂਗ ਇੰਜ ਹਿੱਕ ਠੋਕ ਕੇ ਕਹੀ ਜਿਵੇਂ ਹਾਲੇ ਵੀ ਡੁੱਲ੍ਹਿਆਂ ਬੇਰਾਂ ਦਾ ਕੁਝ ਨਾ ਵਿਗੜਿਆ ਹੋਵੇ, "ਦੇਖ ਮਿੱਤਰ! ਸ਼ਬਦਾਂ ਦੇ ਜੋੜ ਤੋੜ ਰਾਹੀਂ, ਨਾ ਸਿਰਫ਼ ਸੱਚ ਦਾ ਝੂਠ ਤੇ ਝੂਠ ਦਾ ਸੱਚ ਬਣਾਇਆ ਜਾ ਸਕਦਾ; ਸਗੋਂ ਸੱਚ ਤੇ ਝੂਠ, ਦੋਨਾਂ ਨੂੰ ਲੋੜ ਅਨੁਸਾਰ ਉਲਟਾਇਆ ਵੀ ਜਾ ਸਕਦਾ!"

"ਗਲਪ ਕਲਾ ਤਾਂ ਉਹ ਜਾਦੂ ਹੈ, ਪਿਆਰੇ! ਜਿਸ ਰਾਹੀਂ ਜ਼ਰਖੇਜ਼ ਮੈਟਾਫਰ ਸਿਰਜ ਕੇ ਵੱਡੇ ਤੋਂ ਵੱਡੇ ਦੁਖਾਂਤ ਨੂੰ ਵੀ ਸੁਖਾਂਤਿਕ ਮੋੜ ਦਿੱਤਾ ਜਾ ਸਕਦਾ ਤੇ ਹਰ ਦੁਖਾਂਤ ਦਾ ਅੰਤ, ਸੁਖਾਂਤ ਕੀਤਾ ਜਾ ਸਕਦਾ ...।"

ਉਹ ਅਛੋਪਲੇ ਜਿਹੇ ਗਲਪ ਦੀ ਦੁਨੀਆ ਵਿਚ ਜਾ ਵੜਿਆ ਤਾਂ ਇਹ ਗਲਪ ਵਾਰਤਾਲਾਪ ਇੰਨੇ ਰੌਚਿਕ ਦੌਰ ਵਿਚ ਦਾਖਿਲ ਹੋ ਗਿਆ ਕਿ ਮੇਰੇ ਕਵੀ ਮਿੱਤਰ ਨੇ ਤਾਜ਼ਾ ਗ਼ਜ਼ਲਾਂ ਤਰੱਨਮ ਵਿਚ ਸੁਣਾ ਕੇ ਇਹ ਪ੍ਰਮਾਣਿਤ ਕਰ ਦਿੱਤਾ ਕਿ ਹਰ ਜ਼ਖ਼ਮ ਦੇ ਦਿਲ-ਟੁੰਭਵੇਂ, ਸੁਹਜਮਈ ਕਾਵਿ-ਬਿੰਬ ਸਿਰਜ ਕੇ ਉਸਦੇ ਦਰਦ ਤੋਂ ਮੁਕਤੀ ਪਾਈ ਜਾ ਸਕਦੀ ਹੈ ਅਤੇ ਇਸ ਗੱਲ ਦੀ ਪੁਸ਼ਟੀ ਲਈ ਇਹ ਵੀ ਕਹਿ ਦਿੱਤਾ:



"ਕੌਣ ਸੰਵੇਦਨਸ਼ੀਲ ਇਨਸਾਨ ਨਹੀਂ ਜਾਣਦਾ ਕਿ ਗ਼ਮ ਦੇ ਵੀ ਗੀਤ ਗਾਏ ਜਾ ਸਕਦੇ ਹਨ? ਅਤੇ ਇਹ ਗੀਤ, ਕਈ ਵਾਰ ਖੁਸ਼ੀ ਦੇ ਗੀਤਾਂ ਨਾਲੋਂ ਕਿਤੇ ਵੱਧ ਮਨੋਰੰਜਕ ਅਤੇ ਮਨਮੋਹਕ ਹੁੰਦੇ ਹਨ। ਸੋ ਪਿਆਰੇ, ਆਪਣੇ ਗ਼ਮ ਦੇ ਕੋਈ ਗੀਤ ਬਣਾ ਤੇ ਹਰ ਗ਼ਮ ਨੂੰ ਭੁੱਲਦਾ ਜਾ!"

ਪਰ ਵਿਅੰਗਕਾਰ ਮਿੱਤਰ ਨੇ ਇਸ ਧਾਰਨਾ ਤੋਂ ਕੁਝ ਪਿੱਛੇ ਹਟ ਕੇ ਕਿਹਾ, "ਦੋਸਤੋ, ਜ਼ਖ਼ਮ ਜਿੰਨਾ ਵੱਧ ਗਹਿਰਾ ਹੋਏਗਾ, ਉਹਦਾ ਪ੍ਰਤੀਫਲ ਵੀ ਓਨਾ ਹੀ ਮਿੱਠਾ, ਬਹੁਪੱਖੀ, ਬਹੁਪਰਤੀ ਤੇ ਵੱਧ-ਸਾਰਥਕ ਹੋਏਗਾ। ਉਹ ਦਰਦ ਹੀ ਕੀ ਜੋ ਸਿਰ ਚੜ੍ਹ ਕੇ ਨਾ ਬੋਲੇ! ਇਸ ਲਈ ਜ਼ਖ਼ਮਾਂ ਦਾ ਦਰਦ ਜਗਾਉਣ ਦੀ ਲੋੜ ਹੈ, ਭੁਲਾਉਣ ਦੀ ਨਹੀਂ ... ਹਰ ਦਰਦ ਜਗਾਓ ਤੇ ਦੇਖੋ ਇਸਦੀ ਕਰਾਮਾਤ ... ਮੇਰਾ ਦਾਅਵਾ ਹੈ, ਜੇ ਹਰ ਦਰਦ ਜਾਗ ਜਾਏ ਤਾਂ ਦੁਨੀਆ ਦਾ ਦਰਦ ਮਿਟਾਉਣ ਦਾ ਰਾਹ ਵੀ ਲੱਭ ਜਾਵੇ!"

ਆਲੋਚਕ ਮਿੱਤਰ ਨੇ ਤਾਂ ਗੱਲ ਸਿਰੇ ਹੀ ਲਾ ਦਿੱਤੀ, "ਇਨ੍ਹਾਂ ਜ਼ਖ਼ਮਾਂ ਤੋਂ ਕੌਣ ਬਚ ਸਕਦਾ ਹੈ ਦੋਸਤੋ! ਸਵਾਲ ਤਾਂ ਇਹਦੇ ਦਰਦ ਨੂੰ ਜ਼ੁਬਾਨ ਦੇਣ ਦਾ ਹੈ। ਇਤਿਹਾਸ ਗਵਾਹ ਹੈ ਕਿ ਹਰ ਜ਼ਖ਼ਮ, ਆਪਣਾ ਗਲਪ-ਬਿੰਬ ਆਪਣੇ ਅੰਦਰ ਸਮੋਈ ਬੈਠਾ ਹੁੰਦਾ। ਹਰ ਮਹਾਨ ਗਲਪ ਦਾ ਜਨਮ ਵੀ ਦਰਦ ਦੀ ਇੰਤਹਾ ਵਿਚੋਂ ਗੁਜਰ ਕੇ ਹੀ ਹੁੰਦਾ ... ਤੇ ਉਹ ਦਰਦ ਵੀ ਮਹਾਨ ਹੋ ਸਕਦਾ, ਜੋ ਆਦਮੀ ਦੀਆਂ ਚਾਹਵਾਂ ਤੇ ਲਾਲਸਾਵਾਂ ਦੀ ਇੰਤਹਾ ਦਾ ਥਾਹ ਪਾ ਲਏ ...।"

ਆਪਣੇ ਮਿੱਤਰਾਂ ਦੇ ਇਨ੍ਹਾਂ ਵਿਚਾਰਾਂ ਨੂੰ ਸ੍ਰਵਣ ਕਰਕੇ ਮੇਰੇ ਦਿਲੋ-ਦਿਮਾਗ਼ ਅੰਦਰ ਉਤਸ਼ਾਹ ਤੇ ਉਮੀਦ ਦੀ ਨਵੀਂ ਕਿਰਨ ਜਾਗ ਪਈ। ਮੈਨੂੰ ਆਪਣਾ ਦਰਦ ਵੀ ਜ਼ਰਖੇਜ਼ ਬਣਦਾ ਮਹਿਸੂਸ ਹੋਇਆ ਅਤੇ ਮਨ ਵਿਚ ਗਲਪ ਚੇਤਨਾ ਦਾ ਅਜੇਹਾ ਬਜਰਨਾਦ ਸ਼ੁਰੂ ਹੋ ਗਿਆ ਕਿ ਗ਼ਮ ਦੇ ਗੀਤ ਫੁੱਟਣ ਲੱਗੇ। ਇਸ ਲਈ ਮੈਂ ਆਪਣੇ ਮਿੱਤਰਾਂ ਦਾ ਸੌ ਵਾਰ ਸ਼ੁਕਰੀਆ ਅਦਾ ਕੀਤਾ, ਜੋ ਮੈਨੂੰ ਗ਼ਮ ਦੇ ਬੱਦਲਾਂ ਵਿਚੋਂ ਬਾਹਰ ਕੱਢ ਕੇ ਇਕ ਨਵੀਂ ਸੰਵੇਦਨਾ ਤੇ ਸਿਰਜਣ-ਸ਼ੀਲਤਾ ਦੇ ਰਾਹ ਤੋਰ ਗਏ।

ਆਪਣੇ ਹੀ ਦਰਦ ਦੇ ਗੀਤ ਗੁਣਗੁਣਾਉਂਦਾ, ਮੈਂ ਖੁਸ਼ੀ ਨਾਲ ਨੱਚਣ ਲੱਗਾ ਤਾਂ ਸਰਘੀ ਮੇਰਾ ਖਿੜਿਆ ਚਿਹਰਾ ਦੇਖ ਕੇ ਮੇਰੇ ਤੋਂ ਵੀ ਵੱਧ ਖੁਸ਼ ਹੋ ਗਈ ਤੇ ਇਸ ਮਾਮਲੇ ਵਿਚ ਉਂਜ ਵੀ, ਸਰਘੀ ਦੀ ਮੈਂ ਜਿੰਨੀ ਵੀ ਤਰੀਫ ਕਰਾਂ, ਉਹ ਥੋੜ੍ਹੀ ਹੈ ਕਿਉਂਕਿ ਉਸਨੇ ਹਮੇਸ਼ਾ ਮੇਰੇ ਜ਼ਖ਼ਮਾਂ ਦੀ ਜ਼ਹਿਰ ਪੀ-ਪੀ ਕੇ ਸਾਡੀ ਜ਼ਿੰਦਗੀ ਦੇ ਅਤਿ-ਤ੍ਰਾਸਦਿਕ ਪਲਾਂ ਵਿਚ ਵੀ ਹੁਸਨੋ-ਹੁਲਾਸ ਭਰਨ ਦੀ ਕੋਸ਼ਿਸ਼ ਕੀਤੀ ਹੈ। ਉਹਦੀ ਇਕ-ਇਕ ਪਿਆਰ ਛੋਹ ਨੇ ਮੇਰੇ ਦਿਲ ਵਿਚ ਸੈਂਕੜੇ ਸੁਪਨ-ਉਡਾਰੀਆਂ ਨੂੰ ਜਨਮ ਦਿੱਤਾ ਹੈ। ਉਹਨੇ ਖੁਦ ਕਦੇ ਵੀ ਮੈਨੂੰ ਕੋਈ ਜ਼ਖ਼ਮ ਨਹੀਂ ਦਿੱਤਾ। ਉਹ ਹਮੇਸ਼ਾ ਮੇਰੇ ਜ਼ਖ਼ਮਾਂ ਦੀ ਮਲ੍ਹਮ ਹੀ ਬਣੀ ਹੈ। ਪਿਆਰ-ਮੱਲ੍ਹਮ!

* *

ਉਸ ਮਿੱਤਰ ਮਿਲਣੀ ਵਾਲੀ ਰਾਤ ਵੀ ਸਰਘੀ ਨੇ ਮੇਰੇ ਉਹ ਪਿਆਰ-ਮਲ੍ਹਮਾਂ ਲਾਈਆਂ ਕਿ ਰਾਤ-ਭਰ ਡੂੰਘੀ ਸੁਫਨਮਈ ਨੀਂਦ ਆਈ। ਇਸ ਲਈ ਸਵੇਰੇ ਅੱਖ ਖੁਲ੍ਹੀ ਤਾਂ ਸੂਰਜ ਦੀਆਂ ਕਿਰਨਾਂ ਨਾਲ ਸਾਰਾ ਅੰਦਰ ਬਾਹਰ ਭਰ ਚੁੱਕਾ ਸੀ ਅਤੇ ਪੰਛੀ ਸੁਬਹਾ ਦੇ ਗੀਤ ਗਾ ਰਹੇ ਸੀ।

ਇੰਨੀ ਸੁਹਾਣੀ ਸਵੇਰ ਇਕ ਮੁੱਦਤ ਬਾਅਦ ਹਾਸਲ ਹੋਈ ਸੀ ਪਰ ਅਚਾਨਕ ਫੋਨ ਦੀ ਘੰਟੀ ਵੱਜੀ ਤੇ ਰੰਗ ਵਿਚ ਭੰਗ ਪਾ ਗਈ। ਸਰਘੀ ਨੇ ਤ੍ਰਭਕ ਕੇ ਫੋਨ ਮੈਨੂੰ ਫੜਾ ਦਿੱਤਾ ਕਿਉਂਕਿ ਮੇਰੀ ਕੰਪਨੀ ਦਾ ਮੈਨੇਜਰ ਅਤੇ ਮੇਰਾ ਬੌਸ ਬੋਲ ਰਿਹਾ ਸੀ:

"ਕੀ, ਮੈਂ ਜਸਵੰਤ ਸਿੰਘ ਨਾਲ ਗੱਲ ਕਰ ਸਕਦਾਂ?"

"ਗੁੱਡ ਮਾਰਨਿੰਗ, ਸਰ! ਮੈਂ ਜਸਵੰਤ ਬੋਲ ਰਿਹਾਂ।"

"ਮਿਸਟਰ, ਮੈਂ ਇਹ ਫੋਨ ਇਹ ਦੱਸਣ ਲਈ ਕਰ ਰਿਹਾਂ ਕਿ ਤੈਨੂੰ ਇਸ ਤੋਂ ਵੱਧ ਛੁੱਟੀਆਂ ਨਹੀਂ ਮਿਲ ਸਕਦੀਆਂ। ਅੱਜ ਸ਼ਾਮ ਨੂੰ ਤੇਰਾ ਕੰਮ ਤੇ ਰਿਪੋਰਟ ਕਰਨਾ ਜ਼ਰੂਰੀ ਹੈ। ਸ਼ਾਮ ਦੋ ਤੋਂ ਦਸ ਵਜੇ, ਸਵਿੰਗ ਸ਼ਿਫਟ। ਜਦੋਂ ਮਰਜ਼ੀ ਦਫਤਰ ਆ ਕੇ ਨਵਾਂ ਸਕੈਜੂਅਲ ਲੈ ਜਾਈਂ।"

ਆਵਾਜ਼ ਵਿਚੋਂ ਕੰਮਕਾਰੀ ਮਿਠਾਸ ਵੀ ਗਾਇਬ ਸੀ।

ਪਰ ਮੈਂ ਪੂਰੇ ਸਲੀਕੇ ਤੇ ਅਦਬ ਨਾਲ ਨਾਲ ਕਿਹਾ:

"ਸਰ! ਦਰਅਸਲ, ਮੈਂ 'ਵਰਕਰ ਮੁਆਵਜ਼ੇ' ਲਈ ਅਪਲਾਈ ਕਰਨਾ ਚਾਹੁੰਨਾਂ ਕਿਉਂਕਿ ਕੰਮ ਕਰਦੇ ਸਮੇਂ ਡੰਮਪਸਟਰ ਪੁੱਸ਼ ਕਰਦਿਆਂ, ਮੇਰੇ ਇਹ ਸੱਟ ਵੱਜੀ ਅਤੇ ਮੈਂ ਹਾਲੇ ਤੱਕ ਦਰਦ ਨਾਲ ਮਰ ਰਿਹਾਂ ... ਇਸ ਹਾਲਤ ਵਿਚ ਮੈਂ ਕੰਮ ਤੇ ਵੀ ਹਾਲੇ ਨਹੀਂ ਜਾ ਸਕਦਾ ... ਇਸੇ ਲਈ ਮੈਂ ਕੱਲ੍ਹ ਹੋਰ ਛੁੱਟੀ ਲਈ ਤੁਹਾਨੂੰ ਈਮੇਲ ਭੇਜੀ ਸੀ।"

"ਪਰ ਡੰਮਪਸਟਰ ਨੂੰ ਪੁੱਛ ਜਾਂ ਪੁੱਲ ਕਰਨਾ, ਤੇਰੇ 'ਵਰਕ ਪਾਸਡਾਊਨ' ਵਿਚ ਸ਼ਾਮਿਲ ਹੀ ਨਹੀਂ ਸੀ! ਇਸ ਲਈ ਇਹ ਕੰਮ, ਤੂੰ ਆਪਣੇ ਕੰਮ ਤੋਂ ਬਾਹਰਾ ਕੀਤਾ ਤੇ ਇਹਦੇ ਲਈ ਕੋਈ ਮੁਆਵਜ਼ਾ ਨਹੀਂ ਮਿਲਦਾ ... ਨਾ ਇਹਦੇ ਕਾਰਨ ਹੋਰ ਛੁੱਟੀ ਹੀ ਸੰਭਵ ਹੈ।"

"ਸਰ! ਉਹ ਡੰਮਪਸਟਰ ਤਾਂ ਮੈਂ ਹਰ ਰੋਜ਼ ਧੱਕ ਕੇ ਗਾਰਬੇਜ਼ ਰੂਮ ਵਿਚ ਵਾੜਦਾ ਰਿਹਾਂ, ਜਦੋਂ ਤੋਂ ਮੈਂ ਉਸ ਥਾਂ ਕੰਮ 'ਤੇ ਲੱਗਾਂ। ਇਹਦੇ ਬਾਰੇ 'ਰੋਜ਼ਾਨਾ ਕਾਰਵਾਈ ਰਿਪੋਰਟ' ਵਿਚ ਵੀ ਲਿਖਦਾ ਰਿਹਾਂ। ਪਰ ਉਸ ਦਿਨ ਤੇਜ਼ ਤੂਫਾਨ ਤੇ ਬਾਰਿਸ਼ ਕਰਕੇ, ਡੰਮਪਸਟਰ ਦੇ ਪਹੀਏ ਜਾਮ ਹੋ ਗਏ ਤੇ ਮੇਰੇ ਸੱਟ ਲੱਗ ਗਈ ... ਮੇਰੀ ਗਰਦਨ ਟੁੱਟ ਗਈ, ਸਰ!"

ਮੈਂ ਸਥਿਤੀ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਨੇਜਰ ਦਾ ਲਹਿਜ਼ਾ ਹੋਰ ਵੀ ਸੱਖਤ ਹੋ ਗਿਆ। ਬੜੀ ਰੁੱਖੀ ਟੋਨ ਵਿਚ ਬੋਲਿਆ:

"ਤੂੰ ਜਦੋਂ ਚਾਹੇਂ, ਕੋਰਟ ਦੇ ਦਰਵਾਜ਼ੇ ਖੜਕਾ ਸਕਦਾਂ, ਮਿਸਟਰ! ਤੇ *ਕੋਰਟ ਦੇ ਦਰਵਾਜ਼ੇ ਇੱਥੇ ਹਰ ਕਿਸੇ ਲਈ ਸਦਾ ਖੁੱਲ੍ਹੇ ਰਹਿੰਦੇ ਆ* ... ਪਰ ਜੇ ਤੂੰ ਅੱਜ ਕੰਮ ਤੇ ਨਾ ਆਇਆ ਤਾਂ ਤੈਨੂੰ ਟਰਮੀਨੇਟ ਕਰ ਦਿੱਤਾ ਜਾਏਗਾ ਤੇ ਇਹ ਦੱਸਣ ਲਈ ਹੀ ਮੈਂ ਤੈਨੂੰ ਫੋਨ ਕਰ ਰਿਹਾਂ।"

"ਕੰਮ ਜਾਂ ਜੌਬ ਤੋਂ ਛੁੱਟੀ, ਇਹ ਫੈਸਲਾ ਤੂੰ ਖੁਦ ਕਰ ਸਕਦਾਂ!"

ਉਸਨੇ ਕੁਝ ਹੋਰ ਕਹਿਣ ਦਾ ਮੈਨੂੰ ਮੌਕਾ ਦਿੱਤੇ ਬਿਨਾ ਹੀ ਫੋਨ ਕੱਟ ਦਿੱਤਾ ਤਾਂ ਮੇਰਾ ਪਾਰਾ ਇਕਦਮ ਚੜ੍ਹ ਗਿਆ ਅਤੇ ਮੇਰੇ ਅੰਦਰਲਾ ਰੋਹ 'ਰੋਹਲੇ ਬਾਣ' ਬਣ-ਬਣ ਕੇ ਬਾਹਰ ਆਉਣ ਲੱਗਾ, "ਵਾਹ, ਕਹੋ ਕੁਝ! ਲਿਖੋ ਕੁਝ ਤੇ ਕਰਵਾਉ ਕੁਝ ਹੋਰ! ਇਹੀ ਹੈ ਤੁਹਾਡੀ ਡੈਮੋਕਰੇਸੀ!"



"ਦਰਅਸਲ, ਤੁਹਾਡਾ ਇਹ ਸਿਸਟਮ ਕਹਿਣ ਨੂੰ ਹੀ ਡੈਮੋਕਰੈਟਿਕ ਤੇ ਨਿਆਂਸ਼ੀਲ਼ ਹੈ ... ਹੁਣ ਪਤਾ ਲੱਗਾ ਕਿ ਇਹ ਸੱਚ ਜਾਂ ਝੂਠ ਦਾ ਮਸਲਾ ਨਹੀਂ, ਬੰਧੂਆ ਮਜ਼ਦੂਰੀ ਦਾ ਮਸਲਾ ਹੈ ... ਮੇਰੀ ਜਾਨ ਨਿਕਲਦੀ ਜਾ ਰਹੀ ਤੇ ਤੁਹਾਨੂੰ ਕੰਮ ਦੀ ਪਈ ਹੋਈ ਐ।"

"ਕਿੱਥੇ ਗਈ ਤੁਹਾਡੀ ਉਹ 'ਵੈੱਲਫੇਅਰ ਸਟੇਟ' ... ਜਿਸਨੂੰ ਤੁਸੀਂ ਮਜਦੂਰ ਜਮਾਤ ਦਾ 'ਸਵਰਗ' ਕਿਹਾ ਕਰਦੇ ਸੀ? ਕਿੱਥੇ ਗਈ ਤੁਹਾਡੀ 'ਡਰੀਮ-ਲੈਂਡ' ਅਤੇ 'ਮੌਕਿਆਂ ਦੀ ਉਹ ਧਰਤੀ'?"

ਆਪਣੀ ਬੇਬਸੀ 'ਤੇ ਕੁੜ੍ਹਦਾ ਮੈਂ ਗੁੱਸੇ ਨਾਲ ਉਬਲਣ ਲੱਗ ਪਿਆ ਤਾਂ ਸਰਘੀ ਆਪਣੀ ਆਦਤ ਅਨੁਸਾਰ ਦਿਲਾਸਾ ਦੇਣ ਲੱਗ ਪਈ:

"ਚਲੋ, ਕੋਈ ਨਹੀਂ! ਔਖੇ ਸੌਖੇ ਚਲੇ ਜਾਇਓ, ਅੱਜ ਦਾ ਦਿਨ। ਕੱਲ੍ਹ ਡਾਕਟਰ ਤੋਂ ਲਿਖਾ ਲਵਾਂਗੇ ਕਿ ਹਾਲੇ ਕੰਮ ਨਹੀਂ ਕਰ ਸਕਦਾ!"

"ਮੈਂ ਹਾਲੇ ਡਰਾਈਵ ਵੀ ਤਾਂ ਨਹੀਂ ਕਰ ਸਕਦਾ!"

"ਚਲੋ, ਕੋਈ ਗੱਲ ਨਹੀਂ! ਮੇਰਾ ਅੱਜ ਔਫ ਹੀ ਹੈ, ਮੈਂ ਛੱਡ ਦਊਂ ਦੋ ਵਜੇ ... ਚੁੱਕ ਵੀ ਲਿਆਊਂ ਦਸ ਵਜੇ!"

ਆਖਰ, ਇਨ੍ਹਾਂ ਦਿਲਾਸਿਆਂ ਨਾਲ ਇਹਨੇ ਮੈਨੂੰ ਕੰਮ 'ਤੇ ਜਾਣ ਲਈ ਰਾਜ਼ੀ ਕਰ ਹੀ ਲਿਆ ਹੈ ਅਤੇ ਇਹੀ ਪੋਟਲੀ ਮੇਰੀ ਝੋਲੀ ਵਿਚ ਧਰ ਕੇ ਮੈਨੂੰ ਕੰਮ 'ਤੇ ਛੱਡ ਕੇ ਇਹ ਕਦੋਂ ਦੀ ਜਾ ਚੁੱਕੀ ਹੈ।

* *

ਮੈਂ ਇਸ ਸਮੇਂ ਤਿੰਨ ਬਾਈ ਅੱਠ ਫੁੱਟ ਦੇ ਖੁੱਡੇ-ਨੁਮਾ ਕੈਬਨਿਟ ਵਿਚ ਖੜ੍ਹਾ ਆਪਣੇ-ਆਪ ਨੂੰ ਇੰਨਾ ਛੋਟਾ ਮਹਿਸੂਸ ਕਰ ਰਿਹਾ ਹਾਂ ਕਿ ਬਿਆਨ ਨਹੀਂ ਕਰ ਸਕਦਾ। ਮੇਰੇ ਸੋਚ-ਕੇਂਦਰ ਵਿਚ ਕਦੇ 'ਗੁਆਂਤਾਨਾਮੋ ਬੇਅ' ਦੇ ਹਨੇਰੇ ਸੈੱਲਾਂ ਵਿਚ ਬਿਨਾ ਮੁਕੱਦਮਾ ਚਲਾਏ ਕਈ ਸਾਲ ਤੱਕ ਬੰਦ ਰੱਖੇ ਗਏ ਜੰਗੀ-ਕੈਦੀਆਂ ਦੀ ਸਥਿਤੀ ਦਾ ਕਿਆਸ ਉਭਰ ਰਿਹਾ ਹੈ। ਕਦੇ ਹਿਟਲਰ ਦੇ ਗੈਸ ਚੈਂਬਰਾਂ ਵਿਚ ਦਮ ਘੁਟ ਕੇ ਮਰ ਰਹੇ ਬੇਦੋਸ਼ਿਆਂ ਦਾ ਅਤੇ ਕਦੇ ਅੰਮ੍ਰਿਤਸਰ ਦੇ ਉਸ ਤਸੀਹਾ ਕੇਂਦਰ ਦਾ, ਜਿੱਥੇ ਇਨਕਲਾਬੀ ਯੋਧਿਆਂ ਨੂੰ ਬੇਇੰਤਹਾ ਤਸੀਹੇ ਦਿੱਤੇ ਜਾਂਦੇ ਰਹੇ ਹਨ।

ਪਰ ਦੋ ਕੁ ਘੰਟੇ ਸਿਰਫ਼ ਖਾਲੀ ਖੜ੍ਹੇ ਇਹ ਸਭ ਸੋਚਦੇ ਰਹਿਣ ਤੋਂ ਬਾਅਦ ਅਚਾਨਕ ਮੇਰੀ ਸੋਚ ਨੇ ਇਕ ਪਲਟਾ ਜਿਹਾ ਖਾ ਕੇ ਦੂਜੇ ਰੁੱਖ ਵੱਲ ਦਾ ਸਫਰ ਵੀ ਸ਼ੁਰੂ ਕਰ ਦਿੱਤਾ ਹੈ ਅਤੇ ਮੈਂ ਇਸ ਸਥਿਤੀ ਨਾਲ ਸਮਝੌਤਾ ਕਰਨ ਦੇ ਬਹਾਨੇ ਲੱਭਣ ਲੱਗ ਪਿਆ ਹਾਂ:

'ਪਰ ਮੈਂ ਤਾਂ ਜੰਗੀ-ਕੈਦੀ ਨਹੀਂ, ਮੇਰੇ ਪੈਰਾਂ ਵਿਚ ਤਾਂ ਬੇੜੀਆਂ ਵੀ ਨਹੀਂ ਤੇ ਨਾ ਕਿਸੇ ਕਿਸਮ ਦੀ ਕੋਈ ਹੋਰ ਬੰਦਿਸ਼ ਹੀ ਹੈ: ਇਸ ਖੁੱਡੇ ਵਿਚ ਬੈਠ ਕੇ ਜਿੰਨਾ ਚਾਹਾਂ ਪਾਣੀ ਪੀ ਸਕਦਾਂ ... ਆਹ ਰੇਡਿਉ ਸੁਣ ਸਕਦਾਂ ... ਔਹ ਅਖ਼ਬਾਰ ਪੜ੍ਹ ਸਕਦਾਂ ...'

'ਸਰਘੀ ਦਾ ਪੈਕ ਕਰ ਕੇ ਦਿੱਤਾ ਖਾਣਾ ਵੀ ਖਾ ਸਕਦਾਂ ...'

'ਥਾਂ ਵੀ ਐਨੀ ਮਾੜੀ ਤਾਂ ਨਹੀਂ: ਇੰਨੀ ਵੱਡੀ ਸੀਮਿੰਟ ਫੈਕਟਰੀ ਦੇ ਅਤਿ-ਆਧੁਨਿਕ ਉਤਪਾਦਨ ਯੂਨਿਟ ਦੇ ਫਰੰਟ ਗੇਟ ਉੱਤੇ ਖੜ੍ਹਾ ...'

'ਕੰਮ ਵੀ ਕੋਈ ਭਾਰਾ ਨਹੀਂ, ਨਾ ਐਨਾ ਮਾੜਾ ਹੀ ... ਆਉਂਦੇ ਜਾਂਦੇ ਵਾਹਨਾਂ ਨੂੰ ਹੀ ਤਾਂ ਚੈੱਕ ਕਰਨਾ ਹੈ ...'

ਇਸ ਸੋਚ ਨਾਲ ਦਿਲੋ-ਦਿਮਾਗ ਕੁਝ ਸਹਿਜ ਹੋਣ ਦੀ ਦਿਸ਼ਾ ਵੱਲ ਜਾ ਰਿਹਾ ਹੈ ਪਰ ਇਸ ਖੁੱਡੇ ਵਿਚ ਅੰਤਾਂ ਦੀ ਗਰਮੀ ਕਰਕੇ ਰੂਹ ਬੇਚੈਨ ਹੋ ਰਹੀ ਹੈ। ਇਹ ਅੱਗ ਦੀ ਭੱਠੀ ਵਾਂਗ ਤਪ ਰਿਹਾ ਅਤੇ ਇਸਦੇ ਚੁਫੇਰੇ ਧੁੱਪ ਇੰਨੀ ਤਿੱਖੀ ਹੈ ਕਿ ਧੁੱਪ ਪੁੜ-ਪੜੀਆਂ ਵਿਚ ਸੁਰਾਖ ਕਰਦੀ ਕਲੇਜਾ ਚੀਰਦੀ ਜਾ ਰਹੀ ਹੈ। ਬਾਹਰ ਝਾਕਿਆ ਤੱਕ ਵੀ ਨਹੀਂ ਜਾ ਰਿਹਾ।

ਇਕ ਪਾਸੇ ਦੇ ਸ਼ੀਸ਼ੇ ਵਿਚ ਦੀ ਅਸਲੀ ਸੂਰਜ ਅੰਦਰ ਝਾਕ ਰਿਹਾ ਤੇ ਦੂਜੇ ਪਾਸੇ ਇਹਦਾ ਨਕਲੀ ਰੂਪः ਰਿਫਲੈਕਸ਼ਨ ਨਾਲ ਬਣਿਆ ਸੂਰਜ। ਇਹ ਦੋਵੇਂ ਸੂਰਜ ਸ਼ੀਸ਼ਿਆਂ ਵਿਚ ਦੀ ਸਾਮਾਨੰਤਰ ਅੰਦਰ ਝਾਕਦੇ ਅੱਗ ਵਰ੍ਹਾ ਰਹੇ ਹਨ ਅਤੇ ਮਨ ਵਿਚੋਂ ਸਿਰਫ ਭੜਾਸ ਨਿਕਲ ਰਹੀ ਹੈः

'ਇੱਡੀ ਵੱਡੀ ਕੰਪਨੀ, ਜੇ ਆਪਣੇ ਗੇਟ-ਕੀਪਰ ਨੂੰ ਵੀ ਇਕ ਮਨੁੱਖ ਸਮਝ ਕੇ, ਆਹ ਕੈਬਿਨ ਥੋੜ੍ਹਾ ਜਿਹਾ ਬਹਿਣ-ਖਲੋਣ ਲਾਇਕ ਬਣਾ ਦਿੰਦੀ, ਤਾਂ ਇਹ ਕਿਹੜੀ ਦੀਵਾਲੀਆ ਹੋ ਚੱਲੀ ਸੀ ...।"

ਹੁਣ ਮੇਰੀ ਸੋਚ ਪ੍ਰਕਿਰਿਆ ਫਿਰ ਦਿਸ਼ਾ ਬਦਲ ਰਹੀ ਹੈ ਅਤੇ ਮੈਂ ਇਸਦੇ ਸੇਕ ਤੋਂ ਬਚਣ ਲਈ ਸਾਹਮਣੇ ਪਏ ਰੇਡਿਓ ਦਾ ਬਟਨ ਦੱਬਿਆ ਹੈ ਤਾਂ ਸ਼ਾਮ ਛੇ ਵਜੇ ਵਾਲੇ ਸਮਾਚਾਰ ਸੁਣਾਈ ਦੇ ਰਹੇ ਹਨः

"ਪੂਰਵੀ ਤੱਟ ਉੱਤੇ ਸਮੁੰਦਰੀ ਤੂਫਾਨ ਨਾਲ ਸੌ ਤੋਂ ਵੱਧ ਲੋਕ ਮਰੇ, ਲੱਖਾਂ ਲੋਕ ਬੇਘਰ ਹੋਏ ... ਇਰਾਕ ਵਿਚ ਇਕ ਸ਼ੀਆ ਮਸਜਿਦ ਦੇ ਬਾਹਰ ਬੰਬ ਫਟਣ ਨਾਲ ਚਾਲੀ ਤੋਂ ਵੱਧ ਲੋਕ ਹਲਾਕ ... ਅਫਗਾਨਿਸਤਾਨ ਵਿਚ ਅਮਰੀਕੀ ਬੰਬਾਰੀ ਨਾਲ ਨੱਬੇ ਸਿਵਲੀਅਨ ਮਰੇ ..."

ਇਨ੍ਹਾਂ ਸਮਾਚਾਰਾਂ ਨਾਲ ਇਹ ਖੁੱਡਾ ਹੋਰ ਵੀ ਤਪ ਗਿਆ ਲੱਗਦਾ ਹੈ ਅਤੇ ਮੈਂ ਨਜ਼ਰ 'ਸ਼ਾਰਟ-ਸਰਕਟ' ਟੀਵੀ ਉੱਤੇ ਫੋਕਸ ਕਰ ਕੇ ਬੈਠ ਗਿਆ ਹਾਂ ਕਿਉਂਕਿ ਇਕ ਟਰੱਕ, ਟਰੇਲਰ ਸਮੇਤ ਆਉਂਦਾ ਦਿਖਾਈ ਦੇ ਰਿਹਾ ਹੈ। ਇਹ ਟਰੱਕ ਮੇਰੇ ਸਾਹਮਣੇ ਰੁਕਿਆ ਏ ਤਾਂ ਮੈਂ ਕਲਿੱਪ ਬੋਰਡ ਵਿਚ ਲੱਗਾ, 'ਸਾਈਨ ਇਨ' ਫਾਰਮ ਡਰਾਈਵਰ ਨੂੰ ਫੜਾਉਂਦਿਆਂ, ਕਾਰੋਬਾਰੀ ਲਹਿਜ਼ੇ ਵਿਚ ਕਿਹਾ ਹੈ, "ਕੈਨ ਯੂ ਪਲੀਜ਼ ਸਾਈਨ ਇੰਨ ਹੀਅਰ!"

"ਕੀ ਹਾਲ ਚਾਲ ਹੈ ਬਡ੍ਹੀ!" ਡਰਾਈਵਰ ਹੱਸ ਕੇ ਬੋਲਿਆ ਹੈ।

"ਬਹੁਤ ਬੁਰਾ!" ਮੇਰੇ ਮੱਥੇ 'ਤੇ ਤਿਊੜੀਆਂ ਉਭਰ ਆਈਆਂ ਹਨ।

"ਵ੍ਹਾਈ? ਕੀ ਹੋ ਗਿਆ?" ਉਹ ਸਰਸਰੀ ਜਿਹੇ ਪੁੱਛ ਰਿਹਾ ਹੈ।

"ਇਹ ਕੈਬਿਨ ਬੜਾ ਗਰਮ ਏ, ਭੱਠੀ ਵਾਂਗ ਤਪ ਰਿਹਾ।"

ਮੈਂ ਗਰਮ ਹਵਾੜ ਬਾਹਰ ਕੱਢੀ ਹੈ ਤਾਂ ਉਹ ਗੋਰਾ ਡਰਾਈਵਰ ਇੰਨੀ ਜ਼ੋਰ ਨਾਲ ਹੱਸ ਰਿਹਾ ਹੈ ਕਿ ਸਾਰਾ ਕੈਬਿਨ ਹਿੱਲ ਗਿਆ ਹੈ। ਮੁਸ਼ਕਿਲ ਨਾਲ ਉਹਨੇ ਹਾਸਾ ਰੋਕਿਆ ਹੈ ਤੇ ਫਿਰ ਬੋਲਿਆ ਹੈ, "ਇਸ ਸੈੱਲ 'ਚੋਂ ਨਿਕਲ ਕੇ ਅਹੁ ਰੁੱਖਾਂ ਦੀ ਛਾਵੇਂ ਕਿਉਂ ਨਹੀਂ ਘੁੰਮਦਾ?"



"ਮੈਂ ਇਹ ਸੈੱਲ ਨਹੀਂ ਛੱਡ ਸਕਦਾ!"

"ਕਿਉਂ, ਅੱਜ ਪਹਿਲਾ ਦਿਨ ਹੈ ਏਥੇ?"

"ਹਾਂ, ਸਾਲਿਆਂ ਨੇ ਬਿਨਾ ਪੁੱਛੇ ਇੱਥੇ ਟੰਗ ਦਿੱਤਾ!"

ਮੇਰੇ ਮੂੰਹੋਂ ਗਾਲ੍ਹ ਨਿਕਲੀ ਹੈ ਤਾਂ ਉਹ ਕਹਿ ਰਿਹਾ ਹੈः

"ਏਥੇ ਵੀਕ-ਐਂਡ ਤੇ ਕੋਈ ਵਿਰਲਾ ਟਾਵਾਂ ਹੀ ਆਉਂਦਾ ... ਮੈਂ *ਵੀ ਆਹ ਖਾਲੀ ਟਰੇਲਰ ਛੱਡਣ ਆਇਆਂ* ... ਇਸ ਲਈ ਤੂੰ ਬੇਫ਼ਿਕਰ ਹੋ ਕੇ ਰੁੱਖਾਂ ਦੀ ਛਾਵੇਂ ਘੁੰਮ-ਫਿਰ ਤੇ ਕੁਦਰਤ ਦਾ ਆਨੰਦ ਲੈ!"

ਉਹ ਹਮਦਰਦੀ ਜਿਤਾ ਕੇ ਚਲਾ ਗਿਆ ਏ ਤਾਂ ਮੈਂ ਉਹਦੀ ਸਲਾਹ ਮੰਨ ਕੇ ਬਾਹਰ ਖੁੱਲ੍ਹੀ ਹਵਾ ਵਿਚ ਵਿਚਰ ਰਿਹਾ ਹਾਂ।

ਰੁੱਖਾਂ ਦੀ ਸੰਘਣੀ ਛਾਵੇਂ ਘੁੰਮ-ਘੁੰਮ ਕੇ ਲੱਤਾਂ ਸਿੱਧੀਆਂ ਕਰਦਾ, ਲੰਮੇ-ਲੰਮੇ ਡਗ ਭਰਦਾ ਮੈਂ ਹਵਾ ਨਾਲ ਕਲੋਲ ਕਰ ਰਿਹਾ ਹਾਂ ਅਤੇ ਇਹ ਭੁੱਲ ਹੀ ਗਿਆ ਹਾਂ ਕਿ ਮੇਰੀ ਗਰਦਨ ਜਾਂ ਕਮਰ ਦਰਦ ਕਰਦੀ ਹੈ। ਇਸ ਲਈ ਹਰਨ-ਟਪੂਸੀਆਂ ਮਾਰਨ ਦੀ ਤਾਂਘ ਨਾਲ ਮਚਲਦਾ ਮੈਂ ਪੂਰਾ ਨੌਂ ਬਰ ਨੌਂ ਮਹਿਸੂਸ ਕਰ ਰਿਹਾ ਹਾਂ ... ਉਂਜ ਵੀ ਇਹ ਜਗ੍ਹਾ ਇਕ ਤਰ੍ਹਾਂ ਨਾਲ ਪੂਰੀ ਤਲਿਸਮੀ ਲੱਗਦੀ ਹੈ ਅਤੇ ਇਹ ਕੁਦਰਤੀ ਨਜ਼ਾਰੇ ਹੁਣ ਮੇਰਾ ਮਨ ਮੋਹ ਰਹੇ ਹਨ। ਚਾਰ ਚੁਫੇਰੇ ਨਿੱਕੀਆਂ-ਨਿੱਕੀਆਂ ਪਹਾੜੀਆਂ ਅਤੇ ਹਰੇ-ਭਰੇ ਰੁੱਖ ਹੀ ਰੁੱਖ। ਇਕ ਲੰਮੀ ਚੌੜੀ ਹੁਸੀਨ ਪਹਾੜੀ ਵਾਦੀः ਅਰਬੀ ਰਾਤਾਂ ਦੀਆਂ ਤਲਿਸਮੀ ਥਾਵਾਂ ਵਰਗੀ ਅਤੇ ਅਮਰੀਕੀ ਮਿਸਟਰੀ ਮੂਵੀਆਂ ਦੇ ਤਲਿਸਮੀ ਸੀਨਾਂ ਵਰਗੀ। ਇਕ ਪਾਸੇ ਕੱਚੇ ਮਾਲ ਦੀਆਂ ਖਾਨਾਂ ਅਤੇ ਦੂਜੇ ਪਾਸੇ ਰੌਸ਼ਨੀਆਂ ਦੀ ਚਕਾਚੌਂਧ ਨਾਲ ਦਿਨੇ ਚਮਕ ਰਹੇ ਗੋਲ-ਮਟੋਲ ਗੁੰਬਦ। ਉੱਚੀ ਥਾਂ ਖਲੋ ਕੇ ਥੱਲੇ ਦੇਖਿਆ ਹੈ ਤਾਂ ਦੋ ਕੁ ਸੌ ਫੁੱਟ ਗਹਿਰੀ ਉਹ ਜਗ੍ਹਾ ਦਿਖਾਈ ਦੇ ਰਹੀ ਹੈ, ਜਿੱਥੇ ਕੰਪਨੀ ਦਾ ਨਿੱਜੀ ਟਰੇਨ ਸਟੇਸ਼ਨ ਡਿਜ਼ਨੀਲੈਂਡ ਦੇ ਕਿਸੇ ਅਜੂਬੇ ਦਾ ਭਰਮ ਪਾਲ ਰਿਹਾ ਲੱਗਦਾ ਹੈ।

ਚਾਰੇ ਪਾਸੇ ਪੰਛੀ ਚਹਿਚਹਾ ਰਹੇ ਹਨ। ਬਾਲ ਕਟਾਰੇ ਆਸਮਾਨ ਵਿਚ ਉਡਾਰੀਆਂ ਮਾਰ ਰਹੇ ਹਨ। ਰੁੱਖਾਂ ਦੀ ਹਰਿਆਲੀ ਹੋਰ ਵੀ ਗੂੜ੍ਹੀ ਹੋ-ਕੇ ਮੇਰੀ ਰੂਹ ਵਿਚ ਉਤਰਦੀ ਜਾ ਰਹੀ ਹੈ। ਕੂੰਜਾਂ ਦੀ ਇਕ ਲੰਮੀ ਡਾਰ ਮੇਰੇ ਸਿਰ ਉਪਰ ਦੀ ਨਿਕਲ ਕੇ ਉੱਤਰ ਵੱਲ ਦੀ ਸਭ ਤੋਂ ਉੱਚੀ ਪਹਾੜੀ ਦੇ ਪਰਲੇ ਪਾਰ ਲੰਘ ਗਈ ਹੈ ਅਤੇ ਉੱਚੀਆਂ ਪਹਾੜੀਆਂ ਦੇ ਪਿੱਛਿਉਂ ਦੀ ਨਿਕਲ ਕੇ ਹਲਕੇ-ਹਲਕੇ ਬੱਦਲ ਆਸਮਾਨ ਵਿਚ ਛਾਉਂਦੇ ਜਾ ਰਹੇ ਹਨ ਅਤੇ ਮਸਤ ਚਾਲੇ ਤੁਰਦੇ ਮੇਰੇ ਸਿਰ ਉਪਰ ਮੰਡਰਾ ਰਹੇ ਹਨ।

ਮੈਂ ਬੱਦਲਾਂ ਸੰਗ ਸੰਵਾਦ ਰਚਾਉਂਦਾ ਖੁਸ਼ੀ ਨਾਲ ਕਿਲਕਾਰੀਆਂ ਮਾਰ ਰਿਹਾ ਹਾਂ। ਮੇਰੇ ਜ਼ਿਹਨ ਵਿਚ ਕਾਲੀਦਾਸ ਦਾ 'ਮੇਘਦੂਤ' ਘੁੰਮ ਰਿਹਾ ਹੈ ਅਤੇ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਮੈਂ ਖੁਦ ਬੱਦਲਾਂ ਉੱਤੇ ਸਵਾਰ ਹੋ ਕੇ ਦੁਨੀਆ ਦੇ ਭਰਮਨ ਲਈ ਨਿਕਲਨ ਹੀ ਵਾਲਾ ਹਾਂ। ਮੇਰਾ ਮਨ ਕਾਲੀਦਾਸ ਦੀ ਉਸ ਸੁੰਦਰ ਕਲਪਨਾ ਦਾ ਇਸ ਸੱਚ ਨਾਲ ਸੁਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੇ ਸਿਰਜਣਾ ਦੇ ਪਲ ਮੇਰੇ ਰੋਮ-ਰੋਮ ਵਿਚ ਮਚਲ ਰਹੇ ਹਨ ਅਤੇ ਅੱਖਾਂ ਵਿਚ ਇਹ ਪੈਗਾਮ ਤੈਰ ਰਿਹਾ ਹੈः

*ਐ ਪਿਆਰੇ ਮੇਘਦੂਤ ਜਾਹ!*
*ਪ੍ਰੇਮੀਆਂ ਦੇ ਪ੍ਰੇਮ-ਸੰਦੇਸ਼ ਪਹੁੰਚਾ ਆ*
*ਤੇ ਮੇਰੀ ਸਰਘੀ ਨੂੰ ਦੱਸਦਾ ਜਾਈਂ*
*ਮੈਂ ਹੁਣ ਇੱਥੇ ਠੀਕ ਠਾਕ ਹਾਂ ...*

ਇਸ ਸਲੋਕ ਦੀ ਰਚਨਾ ਨਾਲ ਮੇਰੀ ਖੁਸ਼ੀ ਦੀ ਕੋਈ ਸੀਮਾ ਨਹੀਂ ਰਹੀ ਅਤੇ ਦਰਦ ਵੀ ਪਤਾ ਨਹੀਂ ਕਦੋਂ ਛੂਹ-ਮੰਤਰ ਹੋ ਗਿਆ ਹੈ ਅਤੇ ਜਲ-ਅੰਮ੍ਰਿਤ ਨਾਲ ਭਰੇ-ਪਰੁੰਨੇ ਇਹ ਠੰਢੇ-ਠਾਰ ਬੱਦਲ ਮੇਰੇ ਪਿੰਡੇ ਨੂੰ ਛੂਹ-ਛੂਹ ਕੇ, ਸਿਰ ਨੂੰ ਪਲੋਸ-ਪਲੋਸ ਕੇ ਪ੍ਰੇਮ ਥੱਪਕੀਆਂ ਮਾਰ-ਮਾਰ ਕੇ ਲੰਘ ਰਹੇ ਹਨ ਅਤੇ ਹਲਕੀ ਹਲਕੀ ਬਾਰਿਸ਼ ਵੀ ਸ਼ੁਰੂ ਹੋ ਗਈ ਹੈ।

ਪਰ ਅਚਾਨਕ, ਤਾਪਮਾਨ ਇੰਨਾ ਥੱਲੇ ਜਾ ਡਿੱਗਾ ਹੈ ਕਿ ਵਾਤਾਵਰਨ ਬਰਫ ਵਾਂਗ ਠੰਢਾ-ਸੁੰਨ ਹੁੰਦਾ ਜਾ ਰਿਹਾ। ਬੱਦਲਾਂ ਦਾ ਰੰਗ ਵੀ ਸਾਂਵਲੇ ਸਲੇਟੀ ਤੋਂ ਕਾਲੇ ਸ਼ਾਹ ਨਾਗ ਵਰਗਾ ਹੋ ਗਿਆ ਤੇ ਇਕਦਮ, ਤਾਬੜਤੋੜ ਲੱਥੀ ਬਾਰਿਸ਼ ਦੇ ਫੁਹਾਰਿਆਂ ਨਾਲ ਮੈਂ ਪੂਰਾ ਭਿੱਜ ਗਿਆ ਹਾਂ। ਇਕ ਖੂੰਖਾਰ ਹਵਾ ਦਾ ਤੇਜ਼ ਬੁੱਲ੍ਹਾ ਤਾਂ ਮੇਰੀ ਟੋਪੀ ਵੀ ਉਡਾ ਕੇ ਲੈ ਗਿਆ ਹੈ ਅਤੇ ਮੈਂ ਭੱਜ ਕੇ ਖੁੱਡੇ ਅੰਦਰ ਆ ਵੜਿਆ ਹਾਂ।

ਕਾਲਾ ਸ਼ਾਹ ਬੱਦਲ ਸ਼ੀਸ਼ਿਆਂ ਵਿਚ ਦੀ ਇਸ ਖੁੱਡੇ ਦੇ ਅੰਦਰ ਵੀ ਲਿਸ਼ਕੋਰਾਂ ਮਾਰ-ਮਾਰ ਕੇ ਮੈਨੂੰ ਡਰਾ ਰਿਹਾ ਹੈ। ਸੂਰਜ ਦੀ ਧੁੱਪ ਨਾਲੋਂ ਵੀ ਹਜ਼ਾਰਾਂ ਗੁਣਾ ਤਿੱਖੀਆਂ ਇਹ ਲਿਸ਼ਕੋਰਾਂ ਮੈਨੂੰ ਅੰਨ੍ਹਾ ਕਰਦੀਆਂ ਜਾ ਰਹੀਆਂ ਤੇ ਹੁਣ ਤਾਂ ਬਰਫ਼ ਵੀ ਪੈਣੀ ਸ਼ੁਰੂ ਹੋ ਗਈ ਏ। ਬਰਫ਼ ਦੇ ਛੋਟੇ ਛੋਟੇ ਗੋਲੇ ਚਾਰੇ ਪਾਸਿਉਂ ਠਾਹ-ਠਾਹ ਕਰਦੇ ਖੁੱਡੇ ਦੀਆਂ ਖਿੜਕੀਆਂ ਦੇ ਸ਼ੀਸ਼ਿਆਂ ਵਿਚ ਵੱਜ ਰਹੇ ਹਨ ਅਤੇ ਬਰਫੀਲੀ ਹਵਾ ਝੀਥਾਂ ਥਾਣੀਂ ਅੰਦਰ ਵੜ-ਵੜ ਕੇ ਮੇਰਾ ਸਾਹ ਲੈਣਾ ਵੀ ਮੁਹਾਲ ਕਰ ਰਹੀ ਹੈ ਅਤੇ ਅਸਮਾਨੀ ਬਿਜਲੀ ਵੀ ਕੜਕ-ਕੜਕ ਕੇ ਮੈਨੂੰ ਡਰਾ-ਡਰਾ ਕੇ ਇਸ ਪਾਗ਼ਲ ਤੂਫਾਨ ਦੀ ਪਿੱਠ ਥਾਪੜ ਰਹੀ ਹੈ।

'ਇਸ ਤੂਫਾਨ ਦੀ ਦਿਸ਼ਾ ਕੀ ਹੈ?' ਮੈਨੂੰ ਸਮਝ ਨਹੀਂ ਆ ਰਹੀ।

'ਕਿਉਂ ਨਾ ਇਹ ਖੁੱਡਾ ਛੱਡ ਕੇ ਕਿਸੇ ਸੁਰੱਖਿਅਤ ਥਾਂ ਚਲਾ ਜਾਵਾਂ!'

'ਪਰ ਜਾਵਾਂ ਕਿੱਥੇ?' ਫੈਕਟਰੀ ਬਿਲਡਿੰਗ ਦਾ ਤਾਂ ਸਿਰਫ਼ ਝਉਲਾ ਜਿਹਾ ਹੀ ਪੈ ਰਿਹਾ ਹੈ ਅਤੇ ਤੂਫਾਨ ਹੋਰ ਖੂੰਖਾਰ ਹੋਈ ਜਾ ਰਿਹਾ ਹੈ।

ਬੱਦਲ ਕਿਸੇ ਨਿਊਕਲੀਅਰ ਹਨੇਰੀ ਦਾ ਰੂਪ ਧਾਰਨ ਕਰ ਗਏ ਲੱਗਦੇ ਹਨ ਅਤੇ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਕਾਲੀਦਾਸ ਦਾ ਉਹ 'ਮੇਘਦੂਤ' ਨਹੀਂ, ਜੋ ਪ੍ਰੇਮ ਸੰਦੇਸ਼ ਪਹੁੰਚਾਉਂਦਾ ਹੋਵੇਗਾ, ਇਹ ਤਾਂ ਕੋਈ ਪਾਗ਼ਲ 'ਜਮਦੂਤ' ਹੈ। ਮੇਰੇ ਚੇਤਨ-ਅਵਚੇਤਨ ਵਿਚੋਂ 'ਮੇਘਦੂਤ' ਦਾ ਉਹ ਸੁਹਜਮਈ ਗਲਪ ਬਿੰਬ ਕਦੋਂ ਦਾ ਉਡਣ-ਛੂਹ ਹੋ ਚੁੱਕਾ ਹੈ ਅਤੇ ਮੇਰੀ ਨਵ-ਜਨਮੀ ਗਲਪ-ਚੇਤਨਾ ਨਵੇਂ ਗਲਪ-ਬਿੰਬ ਸਿਰਜ ਰਹੀ ਹੈ:

*ਕਿੰਨਾ ਕਹਿਰ ਢਾਅ ਰਹੀ ਹੈ*
*ਇਹ ਖੂੰਖਾਰ ਬੇਲਿਹਾਜ ਸ਼ਾਮ*
*ਪਾਗਲ ਮੌਸਮ ਠੱਗ ਨਿਜ਼ਾਮ*
*ਦੱਸੋ, ਕੀ ਰੱਖੀਏ ਦੋਸਤੋ!*
*ਇਸ ਵਰਤਾਰੇ ਦਾ ਨਾਮ?*



ਮੇਰਾ ਮਨ ਇਹ ਰਾਗਨੀ ਵਾਰ-ਵਾਰ ਗਾ ਰਿਹਾ ਹੈ ਅਤੇ ਤੂਫਾਨ ਮੈਨੂੰ ਖੁੱਡੇ ਸਹਿਤ ਉਡਾ ਲੈ ਜਾਣ ਦਾ ਛੜਯੰਤਰ ਰਚ ਰਿਹਾ ਹੈ। ਇਕ ਪਾਸੇ ਵਾਲੀ ਸ਼ੀਸ਼ੇ ਦੀ ਖਿੜਕੀ ਇਸ ਪਾਗ਼ਲ ਅੱਗੇ ਹਥਿਆਰ ਸੁੱਟ ਕੇ ਮੇਰੀ ਗਿੱਚੀ ਵਿਚ ਆ ਕੇ ਵੱਜੀ ਹੈ। ਦੂਜੀ, ਦੂਰ ਉੱਡੀ ਜਾਂਦੀ ਦਿਖੀ ਹੈ ਅਤੇ ਇਹ ਰੋੜਿਆਂ-ਵੱਟਿਆਂ ਵਾਂਗ ਮੇਰੇ ਸਿਰ-ਮੂੰਹ ਵਿਚ ਵੱਜ ਰਿਹਾ ਹੈ ਅਤੇ ਇਸ ਪਾਗ਼ਲ ਅੱਗੇ ਮੇਰੀ ਕੋਈ ਵਾਹ-ਪੇਸ਼ ਨਹੀਂ ਜਾ ਰਹੀ। ਸਾਰੇ ਕਾਗਜ਼-ਪੱਤਰ ਪਤਾ ਨਹੀਂ ਕਦੋਂ ਅਤੇ ਕਿੱਧਰ ਉੱਡ ਗਏ ਹਨ। ਰੇਡਿਉ, ਟੀਵੀ ਅਤੇ ਹੋਰ ਨਿੱਕ ਸੁੱਕ ਥੱਲੇ ਡਿੱਗ-ਡਿੱਗ ਕੇ ਮੇਰੇ ਗਿੱਟਿਆਂ, ਗੋਡਿਆਂ ਵਿਚ ਵੱਜ ਰਿਹਾ ਹੈ ਅਤੇ ਟੀਨ ਦਾ ਇਕ ਸਖਤ ਟੋਪ, ਸੈਲਫ ਤੋਂ ਉੱਡ ਕੇ ਹੈਂਡ-ਗਰਨੇਡ ਵਾਂਗ ਮੇਰੀ ਖੱਬੀ ਵੱਖੀ ਵਿਚ ਵੱਜਾ ਹੈ।

ਇਹੀ ਟੋਪ ਚੁੱਕ ਕੇ ਮੈਂ ਸਿਰ ਉੱਤੇ ਰੱਖ ਕੇ ਫੀਤਾ ਘੁੱਟ ਕੇ ਠੋਡੀ ਥੱਲੇ ਬੰਨ੍ਹ ਲਿਆ ਹੈ ਅਤੇ 'ਨਾਈਨ ਵੰਨ ਵੰਨ' ਨੂੰ ਐਮਰਜੰਸੀ ਕਾਲ ਕਰਨ ਲਈ ਨ੍ਹੇਰੇ ਵਿਚ ਹੱਥ ਮਾਰਦਾ ਫੋਨ ਲੱਭ ਰਿਹਾ ਹਾਂ ਪਰ ਕੁਝ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਬਿਜਲੀ ਤਾਂ ਕਦੋਂ ਦੀ ਜਾ ਚੁੱਕੀ ਹੈ ਅਤੇ ਇਹ ਪਾਗ਼ਲ ਤੂਫਾਨ ਵੀ ਦਰਵਾਜ਼ਾ ਤੋੜ ਕੇ ਅੰਦਰ ਆ ਵੜਿਆ ਹੈ।

ਤੇ ਆਖਰ, ਮੈਂ ਇਸ ਖੁੱਡੇ ਨੂੰ ਅਲਵਿਦਾ ਕਹਿ ਕੇ ਘੁੱਪ ਹਨੇਰੇ ਵਿਚ ਰੜੇ ਮੈਦਾਨ ਖੜ੍ਹਾ ਇਸ ਪਾਗ਼ਲ ਨਾਲ ਦੋ ਹੱਥ ਕਰ ਰਿਹਾ ਹਾਂ ਅਤੇ ਅੱਜ ਦੇ ਇਸ ਲਹੂ ਲੁਹਾਣ ਸੱਚ ਦੇ ਅਨੇਕ ਗਲਪ-ਬਿੰਬ, ਮੇਰੇ ਜ਼ਿਹਨ ਵਿਚ ਉਭਰ-ਉਭਰ, ਆਪਸ ਵਿਚ ਗੁੱਥਮ-ਗੁੱਥਾ ਹੋ ਰਹੇ ਹਨ ... ਤੇ ਇੰਜ ਲੱਗਦਾ ਹੈ ਜਿਵੇਂ ਇਨ੍ਹਾਂ ਗਲਪ-ਬਿੰਬਾਂ ਦੇ ਤਿੱਖੀਆਂ ਜੀਭਾਂ ਉੱਗ ਆਈਆਂ ਹੋਣ ਜੋ ਕੁਤਰ-ਕੁਤਰ ਮੇਰੇ 'ਤੇ ਹੀ ਚੱਲ ਰਹੀਆਂ ਹਨ:

'ਕਿੰਨੇ ਕੁ ਮਹਾਨ ਲੱਗ ਰਹੇ ਹਨ ... ਜ਼ਿੰਦਗੀ ਦੇ ਇਹ ਪਲ?'

'ਤੇਰੇ ਵਰਕ ਪਾਸਡਾਊਨ 'ਚ ਇਸ ਤੂਫਾਨ ਬਾਰੇ ਕੀ ਲਿਖਿਆ ਹੈ?'

'ਚੱਲ ਅੱਜ ਸਬੂਤ ਤਾਂ ਹੋ ਹੀ ਗਿਆ, ਇਨ੍ਹਾਂ ਨਵੇਂ ਜ਼ਖ਼ਮਾਂ ਦਾ!'

ਇਕ ਜ਼ਖ਼ਮ ਤਾਂ ਤਾਂਡਵ-ਨਾਚ ਨੱਚਦਾ ਵਿਅੰਗ-ਬਾਣ ਕੱਸਦਾ, ਮੇਰੀ ਇਸ ਹਾਲਤ ਤੇ ਹੱਸ ਵੀ ਰਿਹਾ ਹੈ। ਪਰ ਮੈਨੂੰ ਕੁਝ ਵੀ ਸੁਣਾਈ ਨਹੀਂ ਦੇ ਰਿਹਾ। ਅੱਖਾਂ ਅੱਗੇ ਭੰਬੂਤਾਰੇ ਨੱਚ ਰਹੇ ਹਨ।

ਮੇਰੇ ਅੱਖਾਂ ਵਿਚ ਹਨੇਰਾ ਹੀ ਹਨੇਰਾ ਛਾਉਂਦਾ ਜਾ ਰਿਹਾ ਹੈ ਅਤੇ ਜ਼ਿੰਦਾ ਰਹਿਣ ਲਈ ਮੇਰੇ ਅੰਦਰ ਅਤੇ ਬਾਹਰ ਇਕ ਘਮਾਸਾਨ ਯੁੱਧ ਚੱਲ ਰਿਹਾ ਹੈ ਅਤੇ ਮੈਂ ਸਰਘੀ ਦਾ ਇੰਤਜ਼ਾਰ ਕਰ ਰਿਹਾ ਹਾਂ। ਸਰਘੀ ਦੀ ਮਿੱਠੀ-ਮਿੱਠੀ ਕਨਸੋਅ ਮੇਰੀ ਕੰਨੀਂ ਪੈ ਰਹੀ ਹੈ ਤੇ ਇਕ ਮੱਧਮ ਜਿਹੀ ਲੋਅ ਦੂਰੋਂ ਮੇਰੇ ਵੱਲ ਨੂੰ ਆਉਂਦੀ ਦਿਖਾਈ ਦੇ ਰਹੀ ਹੈ।

ਸਰਘੀ ਸੱਚ-ਮੁੱਚ ਆ ਗਈ ਹੈ। ਮੈਨੂੰ ਚੁੱਕ ਕੇ ਘਰ ਲੈ ਆਈ ਹੈ ਅਤੇ ਗਰਮ ਪਾਣੀ ਨਾਲ ਨੁਹਾ ਕੇ, ਜ਼ਖ਼ਮਾਂ ਉੱਤੇ ਮਲ੍ਹਮ-ਪੱਟੀ ਲਾ ਕੇ, ਖਾਣੇ ਦੇ ਨਾਲ ਦੋ 'ਪੇਨ-ਕਿੱਲਰ' ਖਿਲਾ ਕੇ ਸਲਾਉਣ ਦੀ ਵਾਹ ਲਾ ਰਹੀ ਹੈ।

ਪਰ ਮੈਨੂੰ ਨੀਂਦ ਨਹੀਂ ਆ ਰਹੀ। ਦਰਦ ਜਾਨ ਲਈ ਜਾ ਰਿਹਾ ਹੈ ਅਤੇ ਮੈਂ ਹੂੰਗੇ ਮਾਰਦਾ ਕਰਾਹ ਰਿਹਾ ਹਾਂ ਅਤੇ ਇਹ ਦਿਲਾਸਾ ਦੇਈ ਜਾ ਰਹੀ ਹੈ, "ਸਵੇਰੇ ਅੱਠ ਵੱਜਦੇ ਹੀ ਡਾਕਟਰ ਕੋਲ ਚੱਲਾਂਗੇ!"

"ਬੱਸ, ਥੋੜ੍ਹੀ ਦੇਰ ਸੌਂ ਜਾਓ ... ਚੀਸ ਵੱਟ ਕੇ!"

ਹੁਣ ਤਾਂ ਰਾਤ ਵੀ ਤੜਕਸਾਰ ਵਿਚ ਬਦਲ ਗਈ ਹੈ ਅਤੇ ਇਹ ਮੈਨੂੰ ਸਲਾਉਂਦੀ-ਸਲਾਉਂਦੀ ਖੁਦ ਸੌਂ ਗਈ ਹੈ ਪਰ ਮੇਰੀ ਮਾੜੀ ਜਿਹੀ ਅੱਖ ਲੱਗਦੇ ਹੀ ਜ਼ਖ਼ਮ ਫਿਰ ਤਾਂਡਵ-ਨਾਚ ਨੱਚਣ ਲੱਗਦੇ ਹਨ ਅਤੇ ਮੈਂ ਤ੍ਰਭਕ ਕੇ ਫਿਰ ਅੱਖਾਂ ਖੋਲ੍ਹ ਲੈਂਦਾ ਹਾਂ।

ਇਸ ਲਈ ਸਾਰੀ ਰਾਤ ਅੱਖਾਂ ਵਿਚ ਕੱਟੀ ਹੈ ਅਤੇ ਕਿਸੇ ਰੁੱਖ ਉੱਤੇ ਕੋਈ ਪੰਛੀ ਵੀ ਜਾਗ ਰਿਹਾ ਹੈ। ਤੂਫਾਨ ਦੇ ਥਪੇੜਿਆਂ ਨਾਲ ਡੱਕੇ-ਡੋਲੇ ਖਾਂਦੀ ਉਹਦੀ ਖਿਝੀ-ਖਿਝੀ ਆਵਾਜ਼ ਮੇਰੇ ਕੰਨਾਂ ਵਿਚ ਵੱਜ-ਵੱਜ ਮੇਰੀ ਸਿਰਜਕ ਸ਼ਕਤੀ ਨੂੰ ਹਲੂਣੇ ਦੇ ਰਹੀ ਹੈ ਪਰ ਇਹ ਪੰਛੀ ਕੀ ਕਹਿਣਾ ਚਾਹੁੰਦਾ ਹੈ, ਕੁਝ ਸਮਝ ਨਹੀਂ ਆ ਰਹੀ।

'ਕੀ ਪਤਾ, ਇਸ ਵੇਚਾਰਾ ਦਾ ਆਲ੍ਹਣਾ ਤੀਲੋ ਤੀਲ ਹੋ ਗਿਆ ਹੋਵੇ ਤੇ ਇਹਦੇ ਬੋਟ ਥੱਲੇ ਡਿੱਗ ਗਏ ਹੋਣ ਜਾਂ ਇਹਦੀ ਜੀਵਨ-ਸਾਥਣ ਇਸ ਤੂਫਾਨ ਵਿਚ ਕਿਤੇ ਗੁੰਮ-ਗੁਆਚ ਗਈ ਹੋਵੇ ...।'

ਮੈਂ ਪੰਛੀ ਬਾਰੇ ਸੋਚ ਰਿਹਾ ਹਾਂ ਅਤੇ ਉਹ ਹੁਣ ਹੋਰ ਵੀ ਉੱਚੀ-ਉੱਚੀ ਕੁਰਲਾਅ ਰਿਹਾ ਹੈ ਅਤੇ ਉਹਦੀ ਆਵਾਜ਼ ਵਿਚ ਇਕ ਹੋਰ ਆਵਾਜ਼ ਵੀ ਆ ਮਿਲੀ ਹੈ। ਇਹ ਦੂਜੀ ਆਵਾਜ਼ ਥੱਲਿਉਂ ਜ਼ਮੀਨ ਤੋਂ ਆ ਰਹੀ ਪ੍ਰਤੀਤ ਹੁੰਦੀ ਹੈ। ਉਹਦੇ ਨਾਲੋਂ ਵੱਧ ਬਰੀਕ, ਤਿੱਖੀ ਅਤੇ ਵਧੇਰੇ ਗੁੱਸੇ ਭਰੀ। ਲੱਗਦਾ ਹੈ, ਉਹਦੀ ਜੀਵਨ-ਸਾਥਣ ਥੱਲੇ ਡਿੱਗ ਕੇ ਪਰ ਤੁੜਵਾ ਬੈਠੀ ਹੈ ਅਤੇ ਆਲ੍ਹਣੇ ਵਿਚ ਮੁੜ ਪਰਤਣ ਲਈ ਕੁਰਲਾਅ ਰਹੀ ਹੈ। ਉਹ ਪੰਛੀ ਜੋ ਚਹਿਚਹਾਉਂਦੇ, ਗੀਤ ਗਾਉਂਦੇ, ਸੁਬਹਾ ਹੋਣ ਦਾ ਜਸ਼ਨ ਮਨਾਇਆ ਕਰਦੇ ਹਨ; ਅੱਜ ਤੜਪ-ਤੜਪ, ਰੋ-ਰੋ, ਕੁਰਲਾਅ ਰਹੇ ਹਨ।

ਇਸ ਲਈ ਮੈਂ ਬੜੇ ਮੋਹ ਨਾਲ ਇਨ੍ਹਾਂ ਨੂੰ ਪੁੱਛਦਾ ਹਾਂ:

ਹੇ ਪਿਆਰੇ ਪੰਛੀਓ!

ਤੁਸੀਂ ਇਸ ਰੁੱਖ ਨੂੰ ਛੱਡ ਕਿਉਂ ਨਹੀਂ ਦਿੰਦੇ?

ਕਿਸੇ ਸੁਰੱਖਿਅਤ ਥਾਂ ਕਿਉਂ ਨਹੀਂ ਚਲੇ ਜਾਂਦੇ?

ਪਰ ਪੰਛੀ ਕੋਈ ਜਵਾਬ ਨਹੀਂ ਦਿੰਦੇ ਅਤੇ ਇਹ ਸਵਾਲ ਪਰਤ ਕੇ ਮੇਰੀਆਂ ਅੱਖਾਂ ਸਾਹਮਣੇ ਆ ਲਟਕੇ ਹਨ ਅਤੇ ਬਾਹਰ ਤੂਫਾਨ ਹੋਰ ਤੇਜ਼ ਹੋ ਗਿਆ ਹੈ ਪਰ ਸਰਘੀ ਹੁਣ ਜਾਗ ਗਈ ਹੈ।

****



# ਕਾਲੇ ਪਾਣੀ

ਅੱਜ ਕੱਲ੍ਹ ਰਾਤ ਦੀ ਡਿਊਟੀ ਕਰਦਾ ਹਾਂ।

ਸਾਰੀ ਰਾਤ ਕੰਪਿਊਟਰ ਸਕਰੀਨ ਉੱਤੇ ਨਜ਼ਰਾਂ ਗੱਡੀ, ਅੱਖਾਂ ਟੱਡੀ, ਡੈਟਾ ਪ੍ਰੌਸੈੱਸ ਕਰਦਿਆਂ ਲੰਘ ਜਾਂਦੀ ਹੈ। ਅੱਖ ਝਪਕਣ ਦਾ ਵੀ ਮੌਕਾ ਨਹੀਂ ਮਿਲਦਾ। ਸਵੇਰੇ ਜਦੋਂ ਘਰ ਪਰਤਦਾ ਹਾਂ, ਸਰੀਰ ਮਿੱਟੀ ਬਣਿਆ ਹੁੰਦਾ ਅਤੇ ਦਿਮਾਗ਼ ਥੱਕ-ਟੁੱਟ ਕੇ ਇੰਜ ਚੂਰ ਹੋਇਆ ਹੁੰਦਾ ਕਿ ਨਾਸ਼ਤਾ ਕਰਦੇ ਹੀ ਨੀਂਦ ਦੀਆਂ ਘਨਘੋਰ ਘਟਾਵਾਂ ਆ ਘੇਰਦੀਆਂ ਅਤੇ ਬੈੱਡ ਉੱਤੇ ਪੈਂਦੇ ਸਾਰ ਸ਼ੁਰੂ ਹੋ ਜਾਂਦਾ, ਬੇਤੁਕੇ ਸੁਫ਼ਨਿਆਂ ਦਾ ਬੇਸੁਰਾ ਸਫ਼ਰ।

ਪਰ ਅੱਜ ਤਾਂ ਬੈੱਡ ਤੋਂ ਉਰੇ ਹੀ ਨੀਂਦ-ਹੁਲਾਰੇ ਸ਼ੁਰੂ ਹੋ ਗਏ ਹਨ। ਸੁਫ਼ਨੇ ਵਿਚ ਵੀ ਬਾਬਾ ਜੀ ਆਏ ਹਨ। ਮੇਰੇ ਬਾਬਾ ਜੀ, ਸ੍ਰੀ ਜਵਾਲਾ ਸਿੰਘ। ਗਦਰੀ ਬਾਬਾ ਸ੍ਰੀ ਜਵਾਲਾ ਸਿੰਘ। ਸੁਤੰਤਰਤਾ ਸੈਨਾਨੀ ਜਵਾਲਾ ਸਿੰਘ ... ਬਾਬਾ ਜੀ ਅਮਰੀਕਾ ਘੁੰਮਣ ਆਏ ਹਨ: ਬਗਲ ਵਿਚ ਝੋਲਾ, ਪੈਰੀਂ ਪੰਜਾਬੀ ਜੁੱਤੀ, ਤੇੜ ਖੱਦਰ ਦਾ ਕੁੜਤਾ-ਪਜਾਮਾ, ਸਿਰ ਉੱਤੇ ਲਾਲ ਪਰਨਾ ਢਿੱਲਾ ਜਿਹਾ ਵਲ੍ਹੇਟਿਆ ਹੋਇਆ।

ਮੇਰੇ ਪੈਰ ਭੁੰਜੇ ਨਹੀਂ ਲੱਗ ਰਹੇ। ਮੈਂ ਪੂਰੇ ਅਦਬ ਨਾਲ ਬਾਬਾ ਜੀ ਨੂੰ ਸੋਫੇ ਉੱਤੇ ਬਿਠਾ ਕੇ ਸੰਤਰੇ ਦੇ ਜੂਸ ਦਾ ਗਲਾਸ ਭਰ ਕੇ ਫੜਾਇਆ ਹੈ ਅਤੇ ਬਾਬਾ ਜੀ ਅਸੀਸਾਂ ਦਿੰਦੇ ਮੇਰਾ ਹਾਲ-ਚਾਲ ਪੁੱਛ ਰਹੇ ਨੇ:

"ਪੁੱਤਰ, ਕਿੱਦਾਂ ਲੱਗ ਰਿਹੈ ਫੇ ਅਮਰੀਕਾ?"

"ਬਾਬਾ ਜੀ, ਓਨਾ ਚੰਗਾ ਤਾਂ ਨਹੀਂ, ਜਿੰਨਾ ਸੁਣਿਆ ਸੀ!"

"ਕਿਉਂ, ਪੁੱਤਰ?"

"ਬੀਬੀ, ਭਾਪੇ ਦੀ ਬਹੁਤ ਯਾਦ ਆਉਂਦੀ ਰਹਿੰਦੀ ਏ ... ਤੁਹਾਡੀ ... ਤੇ ਪਿੰਡ ਦੀ ਵੀ!"

"ਪਰ ਓਦਾਂ ਤਾਂ ਪੁੱਤਰ, ਇੱਥੇ ਮੌਜਾਂ ਹੀ ਮੌਜਾਂ, ਕਿਸੇ ਕਿਸਮ ਦੀ ਘਾਟ ਤਾਂ ਨਹੀਂ ਨਾ ਏਸ ਮੁਲਕ ਵਿਚ?"

"ਬੱਸ, ਚੱਲ ਰਿਹਾ ਬਾਬਾ ਜੀ!" ਮੇਰਾ ਉਦਾਸ ਉੱਤਰ ਸੁਣ ਕੇ ਬਾਬਾ ਜੀ ਸੋਚੀਂ ਪੈ ਗਏ ਹਨ ਅਤੇ ਮੇਰੇ ਜ਼ਿਹਨ ਦੀ ਬੈਕ-ਗਰਾਊਂਡ ਸਕਰੀਨ 'ਤੇ ਉਨ੍ਹਾਂ ਦੇ ਇਤਿਹਾਸ ਦੀ ਰੀਲ ਚੱਲਣੀ ਸ਼ੁਰੂ ਹੋ ਗਈ ਹੈ:

ਬਾਬਾ ਜੀ ਕਦੋਂ ਸਦੀਵੀ ਵਿਛੋੜਾ ਦੇ ਗਏ, ਸ਼ਾਇਦ ਕੋਈ ਨਹੀਂ ਜਾਣਦਾ। ਇਸ ਬਾਰੇ ਕਈ ਦੰਦ-ਕਥਾਵਾਂ ਪ੍ਰਚੱਲਤ ਹਨ। ਮੇਰੇ ਪਿੰਡ ਦੇ ਲੋਕ ਕਿਹਾ ਕਰਦੇ ਸੀ ਕਿ ਉਨ੍ਹਾਂ ਨੂੰ 'ਕਾਲੇ ਪਾਣੀ' ਦੀ ਸਜ਼ਾ ਹੋ ਗਈ ਸੀ, ਉੱਥੋਂ ਪਰਤੇ ਈ ਨਹੀਂ। ਮੇਰੇ ਮਾਂ-ਬਾਪ ਕਹਿੰਦੇ ਨੇ ਕਿ ਉਹ

ਆਜ਼ਾਦੀ ਮਿਲਣ ’ਤੇ ਕਾਲੇ ਪਾਣੀ ਤੋਂ ਤਾਂ ਆ ਗਏ ਸੀ ਪਰ ਜਦੋਂ ਇਹ ਪਤਾ ਲੱਗਾ ਕਿ ਇਹ ਆਜ਼ਾਦੀ ਉਹ ਨਹੀਂ, ਜਿਹਦੇ ਲਈ ਉਨ੍ਹਾਂ ਕਾਲੇ ਪਾਣੀ ਵਿਚ ਵੀਹ ਵਰ੍ਹੇ ਗਾਲ਼ੇ ਤਾਂ ਉਹ ਫਿਰ ਕਿਤੇ ਚਲੇ ਗਏ। ਮੁੜ ਕਦੇ ਨਹੀਂ ਪਰਤੇ।

ਪਰ ਕਾਮਰੇਡ ਕਹਿੰਦੇ ਹੁੰਦੇ ਸੀ, “ਕਾਲੇ ਪਾਣੀ ਤੋਂ ਪਰਤ ਕੇ ਬਾਬਾ ਜੀ ਕਾਮਰੇਡ ਬਣ ਗਏ ਸੀ। ਪਹਿਲਾਂ ਲਾਲ, ਫਿਰ ਸੱਜੇ-ਖੱਬੇ ਅਤੇ ਅੰਤ ਵਿਚ ਨਕਸਲਬਾੜੀ ... ਅਤੇ ਇਕ ‘ਪੁਲੀਸ ਮੁਕਾਬਲੇ’ ਵਿਚ ਦਰਿਆ ਸਤਲੁਜ ਦੇ ਕੰਢ ਸ਼ਹੀਦ ਕਰ ਦਿੱਤੇ ਗਏ ਸਨ। ਪੁਲੀਸ ਨੇ ਲਾਸ਼ ਵੀ ਦਰਿਆ ਵਿਚ ਸੁੱਟ ਕੇ ਖੁਰਦ-ਬੁਰਦ ਕਰ ਦਿੱਤੀ ਸੀ।”

ਬਾਬਾ ਜੀ ਦਾ ਸਮੁੱਚਾ ਸੰਗਰਾਮੀ ਜੀਵਣ ਮੇਰੀਆਂ ਅੱਖਾਂ ਵਿਚ ਘੁੰਮ ਰਿਹਾ ਹੈ ਤੇ ਮੇਰਾ ਸਿਰ ਸਤਿਕਾਰ ਨਾਲ ਉਨ੍ਹਾਂ ਦੇ ਕਦਮਾਂ ਵਿਚ ਝੁਕ ਰਿਹਾ ਹੈ ਅਤੇ ਉਹ ਮੇਰੇ ਰੂਬਰੂ ਬੈਠੇ ਮੈਨੂੰ ਪੁੱਛ ਰਹੇ ਹਨ:

“ਹੋਰ ਪੁੱਤਰ ... ਕੰਮਕਾਰ ਕਿੰਝ ਚੱਲ ਰਿਹੈ?”

“ਬੱਸ, ਰੂਹ ’ਤੇ ਭਾਰ ਵੱਧਦਾ ਹੀ ਜਾ ਰਿਹਾ।”

“ਪੁੱਤਰ, ਰੂਹ ਉਤੇ ਭਾਰ ਤਾਂ ਉਦੋਂ ਵੱਧਦਾ, ਜਦੋਂ ਅਸੀਂ ਰੂਹ ਦੀ ਆਵਾਜ਼ ਨਹੀਂ ਸੁਣਦੇ: ਜੋ ਰੂਹ ਕਹਿੰਦੀ ਐ, ਉਹ ਨਹੀਂ ਕਰਦੇ। ਹਰ ਇਨਸਾਨ ਨੂੰ ਆਪਣੀ ਰੂਹ ਦੀ ਆਵਾਜ਼ ਸੁਣਨੀ ਚਾਹੀਦੀ ਏ ਤੇ ਉਸੇ ਮੁਤਾਬਕ ਕਰਮ ਕਰਨਾ ਚਾਹੀਦਾ ...।”

ਬਾਬਾ ਜੀ ਦੇ ਇਨ੍ਹਾਂ ਪ੍ਰਵਚਨਾਂ ਦਾ ਇਕ-ਇਕ ਸ਼ਬਦ ਮੇਰੀ ਰੂਹ ਵਿਚ ਉਤਰਦਾ ਜਾ ਰਿਹਾ ਅਤੇ ਦਿਲੋ-ਦਿਮਾਗ਼ ਹੌਲਾ ਫੁੱਲ ਹੁੰਦਾ ਜਾ ਰਿਹਾ ਪਰ ਇਸ ਵਿਚ ਕੋਈ ਲਗਾਤਾਰ ਵਿਘਨ ਪਾ ਰਿਹਾ ਹੈ। ਕੋਈ ਆਵਾਜ਼ ਮੇਰੇ ਕੰਨਾਂ ਵਿਚ ਵੜ-ਵੜ ਮੇਰੀ ਬਿਰਤੀ ਭੰਗ ਕਰ ਰਹੀ ਹੈ ਅਤੇ ਇਹ ਆਵਾਜ਼ ਇੰਨੀ ਪ੍ਰਬਲ ਹੋ ਗਈ ਹੈ ਕਿ ਮੇਰੀ ਅੱਖ ਖੁੱਲ੍ਹ ਗਈ ਹੈ।

ਮੈਂ ਕੱਚੀ ਨੀਂਦੇ ਜਾਗ ਗਿਆ ਹਾਂ ਅਤੇ ਇਹ ਆਵਾਜ਼, ਹੁਣ ਸਾਫ਼ ਸੁਣਾਈ ਦੇ ਰਹੀ ਏ। ਨਾਲ ਵਾਲੇ ਅਪਾਰਟਮੈਂਟ ਵਿਚੋਂ ਆ ਰਹੀ ਹੈ। ਗੁਆਂਢੀ ਪਤੀ-ਪਤਨੀ ਪਿਆਰ-ਲੀਲਾ ਰਸਾ ਰਹੇ ਲੱਗਦੇ ਹਨ। ਦਿਲਕਸ਼ ਕੌਲ਼-ਕਲੋਲ਼ ਸੁਣਾਈ ਦੇ ਰਹੇ ਹਨ। ਮਿੱਠਾ-ਮਿੱਠਾ ਹੱਸਦੇ ਉਹ ਜੋਸ਼ ਵਿਚ ਆ ਗਏ ਹਨ। ਇਹ ਆਵਾਜ਼ ਹੁਣ ਇੰਨੀ ਰਹੱਸਮਈ ਬਣ ਗਈ ਹੈ ਕਿ ਮੇਰੇ ਜ਼ਿਹਨ ਵਿਚ ਖਲਬਲੀ ਮਚਾ ਰਹੀ ਹੈ। ਮੇਰੇ ਕੰਨ ਦੀਵਾਰ ਨਾਲ ਜਾ ਚਿਪਕੇ ਹਨ ਅਤੇ ਆਵਾਜ਼ ਦੇ ਰਿਦਮ ਦੇ ਨਾਲ-ਨਾਲ ਮੇਰੇ ਕੰਨਾਂ ਵਿਚ ਵੀ ਕੱਚ ਦੀਆਂ ਵੰਗਾਂ ਦੇ ਟੁੱਟਣ ਵਰਗਾ ਖੜਾਕ ਅਤੇ ਜ਼ਿਹਨ ਵਿਚ ਕੱਚ ਦੀਆਂ ਮੁੰਦਰਾਂ ਦੇ ਛਣਕਣ ਵਰਗੀ ਛਣਕਾਹਟ ਪੈਦਾ ਹੋ ਰਹੀ ਹੈ ਅਤੇ ਮੈਂ ਉੱਠ ਕੇ ਬੈਠ ਗਿਆ ਹਾਂ ਪਰ ਆਵਾਜ਼ ਇਕਦਮ ਬੰਦ ਹੋ ਗਈ ਹੈ।

‘ਇਹ ਆਵਾਜ਼ ਹਕੀਕਤ ਸੀ ਕਿ ਸੁਫਨਾ?’ ਮੈਨੂੰ ਕੁਝ ਸਮਝ ਨਹੀਂ ਆ ਰਹੀ, ‘ਇੰਨੀ ਛੇਤੀ ਗਈ ਕਿੱਥੇ?’

ਅੱਜ-ਕੱਲ੍ਹ ਮੇਰੀ ਦਿਮਾਗ਼ੀ ਹਾਲਤ ਹੀ ਇੰਨੀ ਅਜੀਬੋ-ਗਰੀਬ ਹੋ ਗਈ ਹੈ ਕਿ ਬਿਨਾ ਵਜ੍ਹਾ ਕੰਨ ਵੱਜਦੇ ਰਹਿੰਦੇ ਹਨ। ਜ਼ਿਹਨ ਵਿਚ ਹਰ ਵੇਲੇ ਕੁਝ ਨਾ ਕੁਝ ਰਿੱਝਦਾ ਰਹਿੰਦਾ ਹੈ।



ਮਨ ਕਦੇ ਪੱਥਰ ਬਣ ਜਾਂਦਾ ਅਤੇ ਕਦੇ ਪਾਣੀ ਨਾਲੋਂ ਵੀ ਪਤਲਾ। ਕਈ ਵਾਰ ਤਾਂ ਦਿਨੇ ਤਾਰੇ ਦਿਖਣ ਲੱਗ ਪੈਂਦੇ ਆ ਅਤੇ ਰਾਤ ਨੂੰ ਸੂਰਜ ਕਿਉਂਕਿ ਜਦੋਂ ਦਾ ਇਸ ਕੰਪਨੀ ਨੂੰ ਜਿਸ ਵਿਚ ਮੈਂ ਕੰਮ ਕਰਦਾ ਹਾਂ ਇਰਾਕ ਦੀ ਜੰਗ ਦੀ ਕਵਰੇਜ਼ ਤੇ ਪ੍ਰਸਾਰਨ ਦਾ ਠੇਕਾ ਮਿਲਿਆ ਹੈ, ਜਾਨ ਜੋਖ਼ਮ ਵਿਚ ਫਸ ਗਈ ਹੈ।

ਇਕ ਤਾਂ ਰਾਤ ਦੀ ਡਿਊਟੀ ਹੋ ਗਈ ਹੈ ਅਤੇ ਦੂਜਾ, ‘ਥਿੰਕ ਟੈਂਕਾਂ’ ਦਾ ਵਾਧੂ ਦਾ ਝਮੇਲਾ ਗਲ਼ ਆ ਪਿਆ ਹੈ।

ਇਹ ਥਿੰਕ ਟੈਂਕ ਇੰਜ ਸਿਰ ਉੱਤੇ ਚੜ੍ਹੇ ਰਹਿੰਦੇ ਆ, ਜਿਵੇਂ ਸਾਡੇ ‘ਰੱਬ’ ਬਣ ਗਏ ਹੋਣ: ਅਖੇ, ‘ਜੋ ਅਸੀਂ ਸੋਚਦੇ ਹਾਂ: ਓਹੀ ਸੱਚ ਹੈ। ਜੋ ਅਸੀਂ ਕਹਿੰਦੇ ਹਾਂ: ਉਹ ਕਰਨਾ ਤੁਹਾਡਾ ਕੰਮ ਹੈ। ਸੂਚਨਾ ਤੇ ਪ੍ਰਸਾਰਨ ਦੇ ਇਸ ਯੁਗ ਵਿਚ: ਮੀਡੀਆ ਦਾ ਇਹੀ ਫਰਜ਼ ਹੈ’ ...

ਇਨ੍ਹਾਂ ਅਕਲ ਦੇ ਅੰਨ੍ਹੇ ਟੈਂਕਾਂ ਦਾ ਪਹਿਲਾ ਹੁਕਮ ਇਹ ਹੋਇਆ ਕਿ ਅਮਰੀਕਾ ਦੇ ਇਰਾਕ ਉਪਰ ਹਮਲੇ ਨੂੰ ਇਰਾਕੀ ਲੋਕਾਂ ਦੀ ‘ਮੁਕਤੀ ਤੇ ਆਜ਼ਾਦੀ’ ਲਈ ਜੰਗ ਸਥਾਪਿਤ ਕਰਨਾ ਅਤੇ ਕੱਠਪੁਤਲੀ ਸਰਕਾਰ ਨੂੰ ‘ਜਨਤੰਤਰ’ ਸਿੱਧ ਕਰਨਾ ਸਾਡਾ ਫੌਰੀ ਕੰਮ ਹੈ।

ਇਸ ਹੁਕਮ ਅਨੁਸਾਰ ਜੰਗ ਦੀ ਪਹਿਲੀ ਵਰ੍ਹੇਗੰਡ ਦੇ ਮੌਕੇ ’ਤੇ ਕੰਪਨੀ ਵੱਲੋਂ ਇਕ ਟੀਮ ਇਰਾਕ ਭੇਜ ਕੇ ਇਹ ਸਰਵੇਖਣ ਕਰਾਇਆ ਗਿਆ ਕਿ ਉਹ ਲੋਕ ਇਸ ਬਾਰੇ ਕੀ ਸੋਚਦੇ ਹਨ?

ਕਈ ਹਜ਼ਾਰ ਕੱਠਪੁਤਲੀਆਂ, ਨਵੇਂ ਬਣੇ ਠੇਕੇਦਾਰਾਂ ਅਤੇ ਦਲਾਲਾਂ ਨੂੰ ਇੰਟਰਵਿਊ ਕੀਤਾ ਗਿਆ ਅਤੇ ਇਸ ਸਰਵੇਖਣ ਨੂੰ ‘ਜਨਤੰਤਰ’ ਸਿੱਧ ਕਰਨ ਲਈ ‘ਡੈਟਾ ਪ੍ਰੌਸੈੱਸਿੰਗ’ ਦਾ ਕੰਮ ਜ਼ੋਰ-ਸ਼ੋਰ ਨਾਲ ਕਈ ਹਫ਼ਤੇ ਚੱਲਦਾ ਰਿਹਾ। ਸਾਰੇ ਡੈਟਾ ਪ੍ਰੌਸੈੱਸਰ ਦਿਨ-ਦਿਨ ਭਰ ਚਮਗਿੱਦੜਾਂ ਵਾਂਗ ਲਟਕਦੇ ਰਹੇ, ਰਾਤ-ਰਾਤ ਭਰ ਸਿਰ ਦੇ ਬਲ ਚੱਲਦੇ ਰਹੇ ਅਤੇ ਅੰਤ, ਜਦੋਂ ਅਸੀਂ ਇਹ ਸਿੱਧ ਕਰ ਹੀ ਦਿੱਤਾ ਕਿ ‘ਸੱਤਰ ਪ੍ਰਤੀਸ਼ਤ’ ਇਰਾਕੀ ਲੋਕ ਇਸ ‘ਜਨਤੰਤਰ’ ਦੇ ਪੱਖ ਵਿਚ ਹਨ ਤਾਂ ਨਵੀਂ ਮੁਸੀਬਤ ਸਿਰ ਉੱਤੇ ਆ ਖੜ੍ਹੀ ਹੋਈ: ਇਰਾਕ ਦੇ ਸ਼ਹਿਰ ਫਲੂਜਾ ਦੇ ਲੋਕਾਂ ਨੇ ਬਗਾਵਤ ਕਰ ਦਿੱਤੀ ਅਤੇ ਸਾਡੇ ਸਰਵੇਖਣ ਦੀ ਮਿੱਟੀ ਪਲੀਤ ਕਰ ਕੇ ਰੱਖ ਦਿੱਤੀ ਤਾਂ ਇਨ੍ਹਾਂ ਪਾਗ਼ਲ ਟੈਂਕਾਂ ਨੇ ਇਕ ਹੋਰ ਨਵਾਂ ਹੁਕਮ ਚਾੜ੍ਹ ਦਿੱਤਾ: ਅਖੇ, ‘ਹੁਣ ਇਹ ਸਿੱਧ ਕਰੋ ਕਿ ਇਹ ਵਿਦਰੋਹ ਕਰਨ ਵਾਲੇ ਇਰਾਕੀ ਲੋਕ ਨਹੀਂ, ਬਾਹਰੋਂ ਗਏ ਕੁਝ ਖਰੂਦੀ ਟੋਲੇ ਹਨ, ਜੋ ‘ਜਨਤੰਤਰ ਦੇ ਦੁਸ਼ਮਣ’ ਅਤੇ ‘ਓਸਾਮਾ ਬਿਨ ਲਾਦੇਨ ਦੇ ਚੇਲੇ’ ਹਨ।

ਫਿਰ ਇਹ ਸਿੱਧ ਕਰਨ ਲਈ ਅਸੀਂ ਥੋਥੀਆਂ ਧਾਰਨਾਵਾਂ ਨੂੰ ਅੰਨ੍ਹੇ ਤਰਕਾਂ ਨਾਲ ਜਰਬਾਂ ਕਰਦੇ ਰਹੇ ਅਤੇ ਫਲੂਜਾ ਦਰਿਆ ਦੇ ਪੁਲ ਉੱਤੇ ਟੰਗੀਆਂ ‘ਕਾਲਾ ਪਾਣੀ’ ਨਾਂ ਦੀ ਅਮਰੀਕੀ ਸਕਿਊਰਿਟੀ ਏਜੰਸੀ ਦੇ ਚਾਰ ਭਾੜੇ ਦੇ ਟੱਟੂਆਂ ਦੀਆਂ ਲਾਸ਼ਾਂ ਨੂੰ ਆਤੰਕਵਾਦੀ ਬਰਬਰਤਾ ਦੀ ਇੰਤਹਾ ਦੱਸ-ਦੱਸ ਖਬਰਾਂ ਹਵਾ ਵਿਚ ਉਛਾਲਦੇ ਰਹੇ ਪਰ ਅਮਰੀਕੀ ਫੌਜ ਵੱਲੋਂ ਫਲੂਜਾ ਵਾਸੀਆਂ ਉੱਤੇ ਢਾਹੇ ਅਣਮਨੁੱਖੀ ਕਹਿਰ ਅਤੇ ਸਾਰੇ ਸ਼ਹਿਰ ਦੀ ਸਮੂਲ ਬਰਬਾਦੀ ਨੂੰ ‘ਮੁਕਤੀ, ਆਜ਼ਾਦੀ ਤੇ ‘ਜਨਤੰਤਰ’ ਦੱਸਦੇ ਰਹੇ।

ਇਹ ਕੂੜ ਪ੍ਰਚਾਰ ਹੋਰ ਵੀ ਟੀਵੀ ਨੈੱਟਵਰਕਾਂ, ਰੇਡਿਓ ਸਟੇਸ਼ਨਾਂ, ਵੈੱਬ-ਸਾਈਟਾਂ, ਅਖ਼ਬਾਰਾਂ, ਮੈਗਜ਼ੀਨਾਂ, ਔਨ ਲਾਈਨ ਬਲਾਗਾਂ ਅਤੇ ਥੈਂਕ ਟੈਂਕ ਯੂਨੀਵਰਸਿਟੀਆਂ ਨੂੰ ਸਪਲਾਈ ਕਰਦੇ ਰਹੇ ਅਤੇ ਇੰਜ, ਆਪਣੇ ਵਫਾਦਾਰ ਅਮਰੀਕੀ ਸ਼ਹਿਰੀ ਹੋਣ ਦਾ ਫਰਜ਼ ਨਿਭਾਉਂਦੇ ਰਹੇ ... ਪਰ ਦਿਲੋ-ਦਿਮਾਗ਼ ਉੱਤੇ ਲੱਦੇ ਇਸ ਨੰਗੇ-ਚਿੱਟੇ ਝੂਠ ਤੇ ਫਰੇਬ ਦੇ ਮਾਨਸਿਕ ਬੋਝ ਨਾਲ ਅੰਦਰੋ-ਅੰਦਰ ਮਰਦੇ ਰਹੇ ਅਤੇ ਰੂਹ ਦੀ ਲਾਸ਼ ਮੋਢਿਆਂ ਉਪਰ ਟੰਗੀਂ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਪਰਤਦੇ ਰਹੇ।

* *

ਅੱਜ ਸਵੇਰੇ ਵੀ ਇਹੀ ਅਹਿਸਾਸ ਮੇਰੀ ਰੂਹ ਦੇ ਆਰ-ਪਾਰ ਤਿੱਖੇ ਨਸ਼ਤਰ ਵਾਂਗ ਖੁੱਭਿਆ ਹੋਇਆ ਸੀ ਜੋ ਰੂਹ ਨੂੰ ਚਰੂੰਡ-ਚਰੂੰਡ ਕੇ ਮੇਰੇ ਤਸੱਵਰ ਦਾ ਕੁਤਰਾ-ਕੁਤਰਾ ਕਰਦਾ ਜਾ ਰਿਹਾ ਸੀ। ਘਰ ਵੜਿਆ ਤਾਂ ਅੰਜਨੀ ਕੰਮ 'ਤੇ ਜਾ ਚੁੱਕੀ ਸੀ ਅਤੇ ਮੇਰੇ ਲਈ ਰੋਟੀਆਂ ਪਕਾ ਕੇ ਡੱਬੇ ਵਿਚ ਢੱਕ ਕੇ ਰੱਖ ਗਈ ਸੀ। ਬੇਟੇ ਨਿੱਸ਼ੂ ਨੂੰ 'ਬੇਬੀ-ਸਿਟਰ' ਕੋਲ ਛੱਡ ਕੇ ਮੇਰੇ ਲਈ ਇਕ ਚਿੱਟ ਕੌਫੀ ਟੇਬਲ ਉੱਤੇ ਧਰ ਗਈ ਸੀ:

"ਸਵੀਟਹਰਟ,

ਨਿੱਸ਼ੂ ਨੂੰ ਬੇਬੀ-ਸਿਟਰ ਕੋਲੋਂ ਲਿਆਉਣਾ ਨਾ ਭੁੱਲ ਜਾਣਾ। ਇਕ ਵਜੇ ਬੇਬੀ ਸਿਟਰ ਨੇ ਕਿਤੇ ਜਾਣਾ ਏ। ਥੋੜ੍ਹਾ ਪਹਿਲਾਂ ਹੀ ਲੈ ਆਉਣਾ। ਸੌਣ ਲੱਗੇ ਅਲਾਰਮ ਜ਼ਰੂਰ ਲਗਾ ਲੈਣਾ। ਨਿੱਸ਼ੂ ਨੂੰ ਘਰ ਲਿਆ ਕੇ, ਨੁਹਾ-ਧੁਆ ਕੇ, ਦੁੱਧ ਪਿਲਾ ਕੇ ਸੁਲਾ ਦੇਣਾ। ਦੁੱਧ ਵਿਚ ਥੋੜ੍ਹੇ ਜਿਹੇ ਸੀਰੀਅਲ ਵੀ ਪਾ ਦੇਣਾ। ਜੇ ਮੰਨ ਜਾਏ ਤਾਂ ਅੱਧੀ ਕੁ ਰੋਟੀ ਵੀ ਸਬਜ਼ੀ ਨਾਲ ਖਿਲਾ ਦੇਣਾ। ਤੁਹਾਨੂੰ ਪਤਾ ਈ ਆ, ਮੈਨੂੰ ਤਾਂ ਛੇ ਵੱਜ ਈ ਜਾਣੇ ਆਂ।

ਤੁਹਾਡੀ ਅੰਜਨਦੀਪ।"

ਮੈਂ ਪਤਨੀ ਦਾ ਹੁਕਮ ਵਜਾ ਕੇ, ਅਲਾਰਮ ਲਾ ਕੇ ਲੰਮਾ ਪਿਆ ਤਾਂ ਮਨ ਢਾਉ ਸੋਚਾਂ ਦੇ ਭੰਵਰ ਵਿਚ ਗੋਤੇ ਖਾਣ ਲੱਗ ਪਿਆ:

'ਆਖਰ ਕਿਸ ਜੁਰਮ ਦੀ ਸਜ਼ਾ ਕੱਟ ਰਹੇ ਹਾਂ ਅਸੀਂ?'

'ਨਾ ਨੀਂਦ, ਨਾ ਚੈਨ, ਨਾ ਪਰਿਵਾਰਕ ਜ਼ਿੰਦਗੀ ...।'

ਇਸ ਸੋਚ-ਭੰਵਰ ਵਿਚ ਗੋਤੇ ਖਾਂਦਾ ਪਤਾ ਨਹੀਂ ਕਦੋਂ ਉਦਾਸੀਆਂ ਦਾ ਮੋਟਾ ਕੰਬਲ ਤਾਣ ਕੇ ਸੌਂ ਗਿਆ ਪਰ ਅਚਾਨਕ ਬਾਬਾ ਜੀ ਦੇ ਸੁਫ਼ਨੇ ਵਿਚ ਆ ਜਾਣ ਨਾਲ ਰੂਹ ਨੂੰ ਸਕੂਨ ਮਿਲ ਰਿਹਾ ਸੀ ਅਤੇ ਦਿਲ ਨੂੰ ਆਰਾਮ ਕਿ ਉਸ ਆਵਾਜ਼ ਨੇ ਸਭ ਸੱਤਿਆਨਾਸ ਕਰ ਦਿੱਤਾ। ਇਸ ਲਈ ਉਸ ਸੁਫ਼ਨੇ ਨੂੰ ਮੁੜ ਦੇਖਣ ਲਈ ਮੇਰਾ ਰੋਮ-ਰੋਮ ਤਾਂਘ ਰਿਹਾ ਹੈ ਕਿਉਂਕਿ ਬਾਬਾ ਜੀ ਜਿਊਂਦੇ-ਜੀਅ ਮੈਨੂੰ ਕਦੇ ਨਹੀਂ ਮਿਲੇ ਪਰ ਜਿੰਨਾ ਸਤਿਕਾਰ ਮੈਂ ਉਨ੍ਹਾਂ ਦਾ ਕਰਦਾ ਹਾਂ, ਕਿਸੇ ਵੀ ਹੋਰ ਸ਼ੱਖਸ ਦਾ ਨਹੀਂ।

ਪਰ ਮਾੜੀ ਜਿਹੀ ਅੱਖ ਲੱਗਦੇ ਹੀ ਉਹ ਹੀ ਆਵਾਜ਼ ਫਿਰ ਸਿਰ ਵਿਚ ਵੱਜਣ ਲੱਗਦੀ ਹੈ ... ਅਤੇ ਇਹ ਆਵਾਜ਼ ਹੈ ਵੀ ਕਿੰਨੀ ਅਜੀਬ, ਕਦੇ ਸਿਰਫ਼ ਕੰਨ ਵੱਜਦੇ ਹੋਣ ਦਾ ਭਰਮ ਪਾਲਦੀ ਹੈ ਅਤੇ ਕਦੇ ਹਕੀਕਤ ਬਣ ਕੇ ਉਤੇਜਿਤ ਕਰਨ ਲੱਗਦੀ ਹੈ ਅਤੇ



ਅਚਾਨਕ ਇਹ ਇੰਨੀ ਉੱਚੀ ਹੋ ਗਈ ਹੈ, ਕਿ ਕੰਨ ਪਾੜਦੀ ਜਾ ਰਹੀ ਹੈ ... 'ਉਫ਼!' ਇਹ ਤਾਂ ਸਾਡੇ ਤਿਆਰ ਕੀਤੇ ਸਵੇਰ ਵਾਲੇ ਨਿਊਜ਼ ਬੁਲਿਟੇਨ ਦੀ ਹੀ ਆਵਾਜ਼ ਹੈ, ਜੋ ਕਿਸੇ ਰੇਡੀਓ ਤੋਂ ਆ ਰਹੀ ਪ੍ਰਤੀਤ ਹੁੰਦੀ ਹੈ। ਇਹ ਆਵਾਜ਼ ਵਾਰ-ਵਾਰ ਸਿਰ ਵਿਚ ਵੱਜ ਰਹੀ ਹੈ ਤਾਂ ਇਕ ਗੁੰਮ-ਸੁੰਮ ਚੀਕ ਮੇਰੇ ਜ਼ਿਹਨ ਵਿਚੋਂ ਬੰਬ-ਸ਼ੈੱਲ ਵਾਂਗ ਬਾਹਰ ਨਿਕਲ ਕੇ ਚਾਰੇ ਪਾਸੇ ਖਿਲਰ ਗਈ ਹੈ।

ਜੀਅ ਕਰਦਾ ਏ ਇਸ ਆਵਾਜ਼ ਦਾ ਗਲ਼ਾ ਘੁੱਟ ਦੇਵਾਂ।

ਉਹ ਰੇਡਿਓ ਭੰਨ-ਤੋੜ ਕੇ ਠੀਕਰੀ-ਠੀਕਰੀ ਕਰ ਸੁੱਟਾਂ।

ਇਸੇ ਗੁੱਸੇ ਭਰੇ ਮੂਡ ਵਿਚ ਇਸ ਆਵਾਜ਼ ਦਾ ਪਿੱਛਾ ਕਰਦਿਆਂ, ਆਪਣੇ ਗੁਆਂਢੀ ਅਪਾਰਟਮੈਂਟ ਦਾ ਦਰਵਾਜ਼ਾ ਖੜਕਾਇਆ ਹੈ ਪਰ ਕੋਈ ਜਵਾਬ ਨਹੀਂ ਮਿਲ ਰਿਹਾ। ਨਾ ਕੋਈ ਕੁਝ ਬੋਲ ਰਿਹਾ ਹੈ, ਨਾ ਦਰਵਾਜ਼ਾ ਹੀ ਖੋਲ੍ਹ ਰਿਹਾ ਹੈ ਅਤੇ ਗੁੱਸਾ ਬਰਦਾਸ਼ਤ ਤੋਂ ਬਾਹਰ ਹੁੰਦੇ ਹੀ ਮੇਰਾ ਇਕ ਠੁੱਡ ਇੰਨੀ ਜ਼ੋਰ ਨਾਲ ਦਰਵਾਜ਼ੇ ਵਿਚ ਵੱਜਾ ਹੈ ਕਿ ਦਰਵਾਜ਼ਾ ਠਾਹ ਕਰਕੇ ਸਪਾਟ ਖੁੱਲ੍ਹ ਗਿਆ ਹੈ। ਕੱਸੀਆਂ ਭਵਾਂ ਨਾਲ ਅੰਦਰ ਵੜਿਆ ਹਾਂ ਤਾਂ ਅੰਦਰ ਕੋਈ ਵੀ ਨਹੀਂ ਦਿਸਦਾ... ਸਿਰਫ਼ ਕੁਝ ਪੇਂਟ-ਡੱਬੇ ਅਤੇ ਪੇਂਟ-ਬੁਰਸ਼ ਥੱਲੇ ਕਾਰਪਿਟ ਉੱਤੇ ਖਿਲਰੇ ਪਏ ਹਨ ਅਤੇ ਇਨ੍ਹਾਂ ਦੇ ਨਾਲ ਪਿਆ ਉਹ ਰੇਡੀਓ ਉਹੀ ਸਮਾਚਾਰ ਫਿਰ ਦੁਹਰਾਅ ਰਿਹਾ ਹੈ।

'ਇਹ ਗੁਆਂਢੀ ਸਾਰੇ ਕਿੱਥੇ ਮਰ ਗਏ?' ਸਵਾਲ, ਮੇਰੇ ਸੋਚ-ਕੇਂਦਰ ਵਿਚ ਤੂਫਾਨ ਵਾਂਗ ਉਫ਼ਨਦਾ ਏ ਅਤੇ ਦਿਮਾਗ਼ ਪਾਗ਼ਲ ਹੋਣ ਨੂੰ ਫਿਰਦਾ ਹੈ। ਵਾਰ-ਵਾਰ ਮੱਥਾ ਠਕੋਰਦਾ ਹਾਂ, ਤਾਂ ਯਾਦ ਆਉਂਦਾ ਹੈ ਕਿ ਇਹ ਅਪਾਰਟਮੈਂਟ ਤਾਂ ਪਿਛਲੇ ਇਕ ਮਹੀਨੇ ਤੋਂ ਖਾਲੀ ਪਿਆ ਤੇ ਇਸ ਤੋਂ ਅਗਲਾ ਵੀ ਅਤੇ ਇਹ ਯਾਦ ਆਉਂਦੇ ਹੀ ਸੋਚ ਇਕ ਤਿੱਖਾ ਮੋੜ ਕੱਟ ਕੇ ਕਿਸੇ ਸੁੰਨ-ਮਸਾਨ ਦਿਸ਼ਾ ਵੱਲ ਮੁੜ ਗਈ ਹੈ ਅਤੇ ਉਤਸੁਕਤਾ-ਵੱਸ, ਮੈਂ ਅਗਲੇ ਅਪਾਰਟਮੈਂਟ ਵਿਚ ਵੀ ਆ ਹੀ ਵੜਿਆ ਹਾਂ।

ਕੀ ਦੇਖਦਾ ਹਾਂ ਕਿ ਸੁੰਨੀਆਂ ਦੀਵਾਰਾਂ ਉੱਤੇ ਉਕਰੇ ਇਨ੍ਹਾਂ ਦੀਵਾਰਾਂ ਦੇ ਵਾਸ਼ਿੰਦਿਆਂ ਦੇ ਚਿਹਰੇ ਮੇਰੀਆਂ ਅੱਖਾਂ ਅੱਗੇ ਆ ਲਟਕੇ ਹਨ ਅਤੇ ਤਰਸ ਦੇ ਪਾਤਰ ਬਣੇ ਖੜ੍ਹੇ ਹਨ, 'ਵਿਚਾਰੇ, ਮੰਦਵਾੜੇ ਦੇ ਮਾਰੇ, ਪਤਾ ਨਹੀਂ ਕਿੱਥੇ-ਕਿੱਥੇ ਧੱਕੇ ਖਾ ਰਹੇ ਹੋਣਗੇ ...?' ਇਹ ਅਹਿਸਾਸ ਮਨ ਵਿਚ ਪੈਦਾ ਹੁੰਦੇ ਹੀ ਦਿਮਾਗ਼ ਦਾ ਉਬਾਲ ਉਤਰਨਾ ਸ਼ੁਰੂ ਹੋ ਗਿਆ ਹੈ।

ਪਰ ਵਾਪਸ ਕਦਮ ਪੁੱਟਦੇ ਹੀ ਇਕ ਅੱਧਖੜ੍ਹ ਆਦਮੀ ਅਤੇ ਜਵਾਨ ਔਰਤ, ਹੱਥਾਂ ਵਿਚ ਪੇਂਟ-ਬੁਰਸ਼ ਫੜੀ, ਪੌੜੀਆਂ ਚੜ੍ਹਦੇ ਦਿਖਾਈ ਦਿੱਤੇ ਹਨ। ਗੋਰਾ ਆਦਮੀ, ਮਕਸੀਕਨ ਔਰਤ ਅਤੇ ਮੈਨੂੰ ਅਣਗੌਲਿਆ ਕਰਕੇ, ਉਸੇ ਅਪਾਰਟਮੈਂਟ ਵਿਚ ਜਾ ਵੜੇ ਹਨ ਜਿਸ ਵਿਚ ਉਹ ਰੇਡੀਓ ਪਿਆ ਹੈ ਅਤੇ ਮੈਂ ਢੀਠਾਂ ਵਾਂਗ ਉਨ੍ਹਾਂ ਦਾ ਪਿੱਛਾ ਕਰਦਾ ਪੁੱਛਦਾ ਹਾਂ:

"ਤੁਸੀਂ, ਇੱਥੇ ਕੰਮ ਕਰ ਰਹੇ ਹੋ?"

"ਜੀ ਹਾਂ!" ਉਹ ਕੰਨ ਖੜ੍ਹੇ ਕਰਦੇ ਹਨ ਪਰ ਹੱਥ ਨਹੀਂ।

"ਪਲੀਜ਼, ਜ਼ਰਾ ਹੌਲੀ-ਹੌਲੀ ਗੱਲਾਂ ਕਰਨਾ ... ਮੈਂ ਰਾਤ ਦੀ ਡਿਊਟੀ ਕਰਕੇ ਆਇਆਂ ... ਕੁਝ ਚਿਰ ਸੌਣਾਂ ਚਾਹੁੰਨਾਂ!"

"ਸ਼ੋਅਰ!" ਉਹ ਦੋਵੇਂ ਚੌਕੰਨਾ ਜਿਹਾ ਮੇਰੇ ਵੱਲ ਝਾਕਦੇ ਹਨ।

"ਪਲੀਜ਼, ਜ਼ਰਾ ਰੇਡੀਉ ਵੀ ਬੰਦ ਹੀ ਰੱਖਣਾ!" ਮੈਂ ਇਹ ਬੇਨਤੀ ਕੀਤੀ ਏ ਤਾਂ ਉਸ ਔਰਤ ਨੇ ਫੁਰਤੀ ਨਾਲ ਰੇਡੀਉ ਬੰਦ ਕਰ ਦਿੱਤਾ ਹੈ ਅਤੇ ਮੇਰੀ ਸੋਚ ਇਕ ਹੋਰ ਦਿਸ਼ਾ ਵੱਲ ਘੁੰਮ ਗਈ ਹੈ: 'ਇਹਦਾ ਮਤਲਬ, ਇਹ ਕੰਮ ਦਾ ਸ਼ੁਭ-ਮਹੂਰਤ ਕਰ ਰਹੇ ਸੀ!'

'ਕੀ ਪਤਾ ਰੇਡਿਉ ਤੇ ਹੀ ਕੋਈ 'ਸੈਕਸੀ ਸ਼ੋਅ' ਆ ਰਿਹਾ ਹੋਵੇ?'

ਮੇਰੀ ਸੋਚ ਦੀ ਖਿੜਕੀ ਇਸ ਪਾਸੇ ਖੁਲ੍ਹਦੇ ਹੀ ਇਕ ਤਰਸੇਵੇਂ-ਭਰੀ ਲੇਰ ਜ਼ਿਹਨ ਨੂੰ ਕੁਰੇਦ ਕੇ ਮੇਰੇ ਤਨ-ਮਨ-ਰੂਹ ਅੰਦਰ ਪਤਾ ਨਹੀਂ ਕਿੰਨੀ ਡੂੰਘੀ ਪਸਰ ਗਈ ਹੈ ਅਤੇ 'ਅੰਜਨੀ ... ਅੰਜਨੀ ... ਅੰਜਨੀ ...!' ਦੀ ਇਕ ਰਿਦਮਭਰੀ ਲੈਅ ਮੇਰੇ ਰੋਮ-ਰੋਮ ਵਿਚੋਂ ਨਿਕਲਣੀ ਸ਼ੁਰੂ ਹੋ ਗਈ ਹੈ ਪਰ ਅੰਜਨੀ ਤਾਂ ਕੰਮ 'ਤੇ ਗਈ ਹੈ। ਇਸ ਲਈ ਮੇਰੇ ਸਰੀਰ ਵਿਚ ਉੱਠੀ ਇਕ ਗੁਦਗੁਦੀ ਜਿਹੀ ਉੱਠਦੇ ਸਾਰ ਹੀ ਝੁਰ ਗਈ ਹੈ।

ਨੀਂਦ ਤਾਂ ਉਂਜ ਹੀ ਬੇਦਾਵਾ ਲਿਖ ਕੇ ਦੇ ਗਈ ਲੱਗਦੀ ਹੈ।

ਅੱਕ ਕੇ ਉੱਠ ਖਲੋਇਆ ਹਾਂ ਤੇ ਨਿੱਸ਼ੂ ਨੂੰ ਘਰ ਲੈ ਆਇਆ ਹਾਂ।

ਨਿੱਸ਼ੂ ਘਰ ਆ ਕੇ ਬਹੁਤ ਖੁਸ਼ ਹੈ ਅਤੇ 'ਬੇਬੀ-ਸਿਟਰ' ਦੀ ਵਾਰ-ਵਾਰ ਸ਼ਿਕਾਇਤ ਲਾ ਰਿਹਾ ਹੈ, "ਪਾਪਾ, ਉਹ ਬੜੀ ਈ ਮੀਨ ਏ!"

"ਕਿਉਂ ਬੇਟਾ?"

"ਅੱਜ ਫਿਰ ਮੈਨੂੰ ਜਬਰਦਸਤੀ ਸੁਲਾ ਰਹੀ ਸੀ।"

"ਫਿਰ ਤੂੰ ਸੌਂ ਲੈਣਾ ਸੀ, ਥੋੜ੍ਹੀ ਦੇਰ ਬੇਟਾ!"

"ਪਾਪਾ ਪਤਾ ਕੀ ਏ: ਜਦੋਂ ਮੈਂ ਦਿਨੇ ਸੌਣ ਲੱਗਦਾਂ ਤਾਂ ਇਕ ਭਾਲੂ ਆ ਜਾਂਦਾ: ਨੱਚਦਾ ਬਹੁਤ ਆ ... ਜਗਾ ਦਿੰਦਾ।"

"ਓ ਰੀਅਲੀ!"

"ਹਾਂ ਪਾਪਾ, ਚਲੋ ਅੱਜ ਪਾਰਕ ਚੱਲਦੇ ਆਂ! ਬੜਾ ਫੰਨ ਹੋਊ, ਪਾਰਕ ਵਿਚ ਭਾਲੂ ਹੈਗਾ ਤੇ ਹਾਥੀ ਵੀ ... ਹੈਂ ਪਾਪਾ!" ਅੱਜ ਕੱਲ੍ਹ ਈਸਟਰ ਦੀਆਂ ਛੁੱਟੀਆਂ ਹੋਣ ਕਰਕੇ ਨਿੱਸ਼ੂ ਦਾ ਸਕੂਲ ਇਕ ਹਫਤੇ ਲਈ ਬੰਦ ਹੈ ਅਤੇ ਛੁੱਟੀਆਂ ਵਿਚ ਤਾਂ ਇਹ ਸਿਰਫ਼ 'ਫੰਨ' ਚਾਹੁੰਦਾ।

ਪਰ ਮੈਂ ਸੋਚਦਾਂ: ਇਹ ਫਟਾਫਟ ਨਹਾ ਲਏ, ਦੁੱਧ ਪੀਏ, ਸੀਰੀਅਲ ਖਾਏ ਤੇ ਸੌਂ ਜਾਏ; ਤਾਂ ਜੋ ਮੈਂ ਵੀ ਦੋ ਘੜੀਆਂ ਆਰਾਮ ਕਰ ਸਕਾਂ। ਪਰ ਇਹ ਨਾ ਨਹਾਉਣ ਲਈ ਮੰਨ ਰਿਹਾ। ਨਾ ਦੁੱਧ ਪੀਣ ਲਈ ਅਤੇ ਨਾ ਸੌਣ ਲਈ ਹੀ ... ਕਈ ਤਰ੍ਹਾਂ ਦੇ ਤਰਕ-ਵਿਤਰਕ ਤੋਂ ਮਗਰੋਂ ਬੜੀ ਮੁਸ਼ਕਿਲ ਨਾਲ ਕਿਤੇ ਪਾਰਕ ਜਾਣ ਦੀ ਜ਼ਿਦ ਛੱਡੀ ਏ ਤਾਂ ਟੀਵੀ ਖੋਲ੍ਹ ਕੇ ਬਹਿ ਗਿਆ ਹੈ ਅਤੇ ਮੈਂ ਡਰ ਰਿਹਾ ਹਾਂ ਕਿ ਕਿਤੇ ਲੜਾਈ ਦੇ ਸਿੱਧੇ ਪ੍ਰਸਾਰਨ ਵਾਲਾ ਚੈਨਲ ਨਾ ਲਾ ਲਏ ਅਤੇ ਜੰਗੀ ਤਬਾਹੀ ਦੇ ਸੀਨ ਦੇਖ ਕੇ ਮੁਰਝਾ ਹੀ ਨਾ ਜਾਏ ਕਿਉਂਕਿ ਇਸ ਤਰ੍ਹਾਂ ਦੇ ਕੇਸ ਬਹੁਤ ਹੋ ਰਹੇ ਆ। ਇਸ ਲਈ ਮੈਂ ਇਹਦਾ ਟੀਵੀ ਬੰਦ ਕਰਾਉਣ ਲਈ ਜ਼ੋਰ ਪਾ ਰਿਹਾ ਹਾਂ:

"ਬੇਟਾ ਚੱਲ ਆਪਾਂ ਨ੍ਹਾਈ ਨ੍ਹਾਈ ਕਰੀਏ, ਚੱਲ ਮੇਰਾ ਅੱਛਾ ਬੇਟਾ!"



"ਤੁਸੀਂ ਕਰ ਲਓ ਨਾ, ਮੈਂ ਆਪੇ ਕਰ ਲਊਂ, ਹੁਣ ਛੋਟਾ ਥੋੜ੍ਹੋ ਆਂ!"

ਇਹਦੀ ਟਾਲਮਟੋਲ ਅੱਗੇ ਹਾਰ ਮੰਨ ਕੇ ਮੈਂ ਨਹਾ-ਧੋ ਕੇ ਖਾਣਾ ਖਾਣ ਬੈਠ ਗਿਆ ਹਾਂ। ਇਹਦੇ ਲਈ ਵੀ ਦੁੱਧ ਅਤੇ ਸੀਰੀਅਲਾਂ ਟੇਬਲ ਉੱਤੇ ਰੱਖੀ ਬੈਠਾਂ ਪਰ ਇਹ ਕਾਰਟੂਨਾਂ ਵਿਚ ਇੰਨਾ ਮਗ਼ਨ ਏ ਕਿ ਮੇਰੀ ਸੁਣ ਹੀ ਨਹੀਂ ਰਿਹਾ ਅਤੇ ਇੰਜ ਕਾਰਟੂਨ ਜਿਹਾ ਬਣਿਆ ਬੈਠਾ ਹੈ ਕਿ ਮੈਨੂੰ ਇਹਦੀ ਇਹ ਮਾਸੂਮੀਅਤ ਬਹੁਤ ਚੰਗੀ ਲੱਗ ਰਹੀ ਹੈ।

'ਕਿੰਨਾ ਪਿਆਰਾ ਬੱਚਾ ਹੈ!'

'ਜੰਗ ਵਿੱਚ ਜਾਂ ਜੰਗ ਦੇ ਕਾਰਨ ਮਾਰੇ ਜਾਂਦੇ ਬੱਚੇ ਅਤੇ ਯਤੀਮ ਹੋ ਗਏ ਕੇ ਪਨਾਹਗੀਰ ਬਣ ਗਏ ਬੱਚੇ ਵੀ ਤਾਂ ਇਹੋ ਜਹੇ ਹੀ ਹੁੰਦੇ ਹੋਣਗੇ ... ਭੋਲੇਭਾਲੇ, ਮਾਸੂਮ, ਖੁਸ਼ਦਿਲ ਅਤੇ ਮਨ ਦੀ ਮਰਜ਼ੀ ਦੇ ਮਾਲਕ ... ਪਰ ਜੰਗ ਉਨ੍ਹਾਂ ਨੂੰ ਕੀ ਤੋਂ ਕੀ ਬਣਾ ਦਿੰਦੀ ਹੈ? ਇਹ ਜੰਗਬਾਜ਼ ਏਨੇ ਜ਼ਾਲਮ ਕਿਉਂ ਹੁੰਦੇ ਹਨ? ਏਨੇ ਨਿਰਦਈ ਪਰ ਕਾਹਦੇ ਲਈ?'

ਅੱਖਾਂ ਅੱਗੇ ਜੰਗ ਦੀ ਤਬਾਹੀ ਦੇ ਸੀਨ ਉਭਰ-ਉਭਰ ਖਾਣਾ ਬੇਮਜ਼ਾ ਕਰ ਰਹੇ ਹਨ ਅਤੇ ਈਸਟਰ ਦੇ ਤਿਉਹਾਰ ਦੇ ਮੌਕੇ 'ਤੇ ਮੋਮਬੱਤੀਆਂ ਬੁਝਾ ਕੇ ਸੋਗੀ ਸਫਾਂ ਵਿਛਾਈ ਬੈਠੀਆਂ, ਅਮਰੀਕੀ ਫੌਜੀਆਂ ਦੀਆਂ ਵਿਧਵਾ ਹੋ ਗਈਆਂ ਪਤਨੀਆਂ ਦੇ ਹੰਝੂ ਵੀ ਮੇਰੀਆਂ ਅੱਖਾਂ ਵਿਚ ਉਤਰਨੇ ਸ਼ੁਰੂ ਹੋ ਗਏ ਹਨ। ਰੂਹ ਵਿਚੋਂ ਇਕ ਹੂਕ ਉੱਠ ਕੇ ਸਮੁੱਚੇ ਵਜੂਦ ਵਿਚ ਚਸਕਨੀ ਸ਼ੁਰੂ ਹੋ ਗਈ ਹੈ ਅਤੇ ਮੇਰਾ ਇਕ ਲੰਮਾ ਹਉਕਾ ਨਿਕਲ ਗਿਆ ਹੈ।

ਇਹ ਹਉਕਾ ਸੁਣਦੇ ਹੀ ਨਿੱਸ਼ੂ ਕਾਰਟੂਨਾਂ ਦਾ ਮੋਹ ਛੱਡ ਕੇ ਛੋਟੇ-ਛੋਟੇ ਹੱਥਾਂ ਨਾਲ ਮੇਰੀਆਂ ਅੱਖਾਂ ਪੂੰਝਦਾ, ਲਾਡ ਨਾਲ ਕਹਿ ਰਿਹਾ ਹੈ:

"ਪਾਪਾ ਤੁਸੀਂ ਰੋਵੋ ਨਾ, ਮੈਂ ਸੀਰੀਅਲ ਹੁਣੇ ਖਾ ਲੈਨਾਂ!"

"ਦੁੱਧ ਵੀ ਪੀ ਲੈਨਾਂ ... ਨ੍ਹਾਈ ਨ੍ਹਾਈ, ਮੈਂ ਮੰਮ੍ਹਾ ਨਾਲ ਕਰ ਲਊਂਗਾ ... ਓ. ਕੇਅ. ਪਾਪਾ! ਮੇਰੇ ਅੱਛੇ ਪਾਪਾ!!"

"ਓ. ਕੇਅ. ਬੇਟਾ!"

ਮੈਂ ਖੁਸ਼ ਹਾਂ ਕਿ ਚਲੋ ਮੇਰੀਆਂ ਨਮ ਅੱਖਾਂ ਦੇਖ ਕੇ ਹੀ ਸਹੀ, ਇਹ ਮੰਨ ਤਾਂ ਗਿਆ ਪਰ ਇਹਨੇ ਦੋ ਚਾਰ ਚਮਚ ਹੀ ਮੂੰਹ ਵਿਚ ਪਾਏ ਨੇ ਕਿ ਫ਼ੋਨ ਦੀ ਘੰਟੀ ਵੱਜ ਉੱਠੀ ਏ ਅਤੇ ਇਹਨੇ ਆਪਣੀ ਮਾਂ ਸਮਝ ਕੇ ਦੌੜ ਕੇ ਚੁੱਕ ਲਿਆ ਹੈ ... ਪਰ ਹੋਰ ਆਵਾਜ਼ ਸੁਣ ਕੇ, "ਲਓ ਪਾਪਾ ਨਾਲ ਗੱਲ ਕਰੋ!" ਕਹਿ ਕੇ ਫ਼ੋਨ ਮੈਨੂੰ ਫੜਾ ਦਿੱਤਾ ਹੈ।

ਮੈਂ 'ਹੈੱਲੋ' ਕਿਹਾ ਹੈ ਤਾਂ ਅੱਗਿਉਂ ਮੇਰਾ ਪੇਂਡੂ ਭਰਾ ਸਤਨਾਮ ਟਣਕ ਰਿਹਾ ਹੈ, "ਭਾ ਜੀ, ਚੱਲੋ ਪਿੰਡ ਲੈ ਚੱਲੀਏ!"

"ਕਦੋਂ ਜਾ ਰਿਹਾਂ ਮਿੱਤਰਾ?" ਪਿੰਡ ਦਾ ਨਾਂ ਸੁਣ ਕੇ ਮੇਰਾ ਮਨ ਵੀ ਚਹਿਕ ਪਿਆ ਐ।

"ਬੱਸ, ਕੱਲ੍ਹ ਹੀ ਭਾ ਜੀ! ਕੋਈ ਸੁਨੇਹਾ ਭੇਜਣਾ ਤਾਂ ਦੇ ਜਾਓ।"

"ਪਹਿਲਾਂ ਕਿਉਂ ਨਹੀਂ ਦੱਸਿਆ? ਸੁਨੇਹਾ ਤਾਂ ਭੇਜਣਾ ਹੀ ਭੇਜਣਾ!"

"ਅਸਲ'ਚ ਪ੍ਰੋਗਰਾਮ ਈ ਤਟਫਟ ਬਣਿਆ ... ਚਾਚੇ ਗੈਬੇ ਨੇ ਵੱਡੀ ਲੜਕੀ ਦਾ ਵਿਆਹ ਰੱਖ ਲਿਆ। ਕਹਿੰਦੇ, ਕੋਈ ਕੈਨੇਡੀਅਨ ਮੁੰਡਾ ਮਿਲ ਗਿਆ, ਕਿਸੇ ਚੰਗੇ ਘਰ ਦਾ ... ਆ ਜਾਓ, ਨਾਲੇ ਅੱਜ ਸ਼ਾਮ ਮਨਾ ਲੈਨੇਂ ਆਂ ... ਈਸਟਰ ਦੀ ਸ਼ਾਮ, ਗੋਰਿਆਂ ਵਾਲੀ!"

"ਓ ਭਰਾਵਾ, ਮੈਂ ਤਾਂ ਸੂਲ਼ੀ 'ਤੇ ਟੰਗਿਆ ਪਿਆਂ। ਅੱਜ ਕੱਲ੍ਹ ਰਾਤ ਦੀ ਜੌਬ ਕਰਦਾਂ ... ਸ਼ਾਮ ਦੇ ਦਸ ਵਜੇ ਤੋਂ ਸਵੇਰ ਦੇ ਅੱਠ ਵਜੇ ਤੱਕ ... ਅੱਜ ਸਵੇਰ ਦਾ ਤਾਂ ਦਸ ਮਿੰਟ ਵੀ ਸੌਂ ਨਹੀਂ ਹੋਇਆ ... ਤੂੰ ਆ ਜਾ ਯਾਰ ਮੇਰੇ ਕੋਲ, ਸ਼ਾਮ ਆਪਾਂ ਏਥੇ ਮਨਾ ਲਵਾਂਗੇ ...।"

"ਚੱਲ ਠੀਕ ਆ, ਮੈਂ ਪਹੁੰਚਦਾਂ ਪੰਜ ਕੁ ਵਜੇ ਤੁਹਾਡੇ ਕੋਲ।"

"ਓ ਕੇਅ, ਥੈਂਕ ਯੂ ਵੈਰੀ ਮੱਚ!"

* *

ਮੈਂ ਖ਼ੁਸ਼ ਹਾਂ ਕਿ ਸਤਨਾਮ ਪਿੰਡ ਜਾ ਰਿਹਾ ਪਰ ਬੀਬੀ-ਭਾਪੇ ਲਈ ਕੀ ਭੇਜਿਆ ਜਾਵੇ, ਸਮਝ ਨਹੀਂ ਆ ਰਿਹਾ। ਸੋਚਦਾਂ, 'ਕਪੜੇ ਤਾਂ ਓਥੇ, ਏਥੋਂ ਨਾਲੋਂ ਚੰਗੇ ਮਿਲ ਜਾਂਦੇ ਆ ਤੇ ਸਸਤੇ ਵੀ ... ਚੱਲ, ਅੰਜਨੀ ਨਾਲ ਸਲਾਹ ਕਰਦਾਂ ... ਔਰਤਾਂ ਇਸ ਕੰਮ ਵਿਚ ਮਾਹਰ ਹੁੰਦੀਆਂ!'

ਅੰਜਨੀ ਨੂੰ ਫ਼ੋਨ ਕੀਤਾ ਹੈ ਤਾਂ ਹਿਰਖ ਜਿਹੇ ਨਾਲ ਕਹਿ ਰਹੀ ਹੈ:

"ਇੰਨੀ ਕਾਹਲੀ ਕਾਹਲੀ! ਇਹਨੇ ਪਹਿਲਾਂ ਕਿਉਂ ਨਾ ਦੱਸਿਆ?"

"ਜੇ ਮੇਰੇ ਮੰਮੀ-ਪਾਪਾ ਲਈ ਕੁਛ ਨਾ ਭੇਜਿਆ ਤਾਂ ਉਨ੍ਹਾਂ ਦਾ ਦਿਲ ਛੋਟਾ ਹੋ ਜਾਣਾਂ। ਮੇਰੇ ਭਰਾ, ਭਾਬੀ ਤੇ ਬੱਚਿਆਂ ਲਈ ਵੀ ਤਾਂ ਚਾਹੀਦਾ ਕੁਛ ਨਾ ਕੁਛ ... ਉਨ੍ਹਾਂ ਨੂੰ ਪਤਾ ਤਾਂ ਲੱਗ ਈ ਜਾਣਾਂ ਕਿ ਆਪਣਾ ਕੋਈ ਪੇਂਡੂ ਆਇਆ ਆਪਣੇ ਕੋਲੋਂ ...।"

ਇਹ ਬੁੜਬੁੜ ਕਰ ਰਹੀ ਹੈ ਤੇ ਮੈਨੂੰ ਖਿਝ ਚੜ੍ਹ ਰਹੀ ਹੈ:

"ਓ ਯਾਰ, ਤੂੰ ਜ਼ਰਾ ਠੰਡੇ ਦਿਮਾਗ਼ ਨਾਲ ਦੱਸ ਕੀ ਕਰਨਾਂ? ਕੀਹਨੂੰ ਕੀ ਭੇਜਣਾ ਤੇ ਕਿੱਥੋਂ ਖਰੀਦਣਾ, ਮੇਰੇ ਨਾਲੋਂ ਵੱਧ ਤੈਨੂੰ ਪਤਾ।"

"ਏਦਾਂ ਕਰਿਓ ਫਿਰ, ਤਿਆਰ ਰਿਹੋ! ਮੈਂ ਠੀਕ ਪੰਜ ਵਜੇ ਆਉਣ ਦੀ ਕੋਸ਼ਿਸ਼ ਕਰਦੀ ਆਂ। ਮੇਸੀ'ਜ਼ 'ਚ ਈਸਟਰ ਦੀ ਸੇਲ ਲੱਗੀ ਆ, ਓਥੋਂ ਕੁਛ ਲੈ ਆਵਾਂਗੇ ਸਾਰਿਆਂ ਲਈ।"

"ਓ. ਕੇਅ." ਅੰਜਨੀ ਦੀ ਗੱਲ ਮਨ ਨੂੰ ਚੰਗੀ ਲੱਗੀ ਹੈ।

ਮਨ ਦਾ ਇਹ ਬੋਝ ਹਲਕਾ ਹੁੰਦੇ ਹੀ ਹੁਣ ਮੇਰਾ ਇਕੋ ਇਕ ਅਜੰਡਾ, ਨੀਂਦ ਅਤੇ ਸਿਰਫ਼ ਨੀਂਦ ਹੈ ਅਤੇ ਨਿੱਸ਼ੂ ਵੀ ਸੌਣ ਲਈ ਤਿਆਰ ਹੋਇਆ ਲੱਗਦਾ। ਪਤਾ ਨਹੀਂ ਬੌਰਨ ਬੀਟਾ ਵਾਲੇ ਸੀਰੀਅਲ ਖਾ ਕੇ ਜਾਂ ਆਪਣੀ ਮਾਂ ਦੀ ਨਸੀਹਤ ਮੰਨ ਕੇ ਅਤੇ ਅਸੀਂ ਪਿਉ-ਪੁੱਤ ਜੱਫੀ ਪਾਈ ਬੈੱਡ 'ਤੇ ਪਏ ਹਾਂ। ਇਹ ਨਿੱਕੇ-ਨਿੱਕੇ ਹੱਥਾਂ ਨਾਲ ਛੋਟੀਆਂ-ਛੋਟੀਆਂ ਥਪਕੀਆਂ ਮੇਰੀ ਛਾਤੀ ਉੱਤੇ ਮਾਰਦਾ, ਮੇਰੇ ਨਾਲ ਚਿਪਕਦਾ ਜਾ ਰਿਹਾ ਹੈ ਅਤੇ ਨੀਂਦ ਵੀ ਇਕਦਮ ਅੱਖਾਂ ਵਿਚ ਉਤਰ ਆਈ ਹੈ।



ਪਰ ਫੋਨ ਦੀ ਘੰਟੀ ਫਿਰ ਵੱਜ ਉੱਠੀ ਹੈ। ਇਕ ਵਾਰੀ ਬੰਦ ਹੋ ਕੇ ਫਿਰ ਵੱਜ ਰਹੀ ਹੈ। ਮੈਂ ਗਾਲ਼ ਕੱਢ ਕੇ ਫੋਨ ਚੁੱਕਿਆ ਹੈ ... ਅੱਗਿਉਂ ਮੇਰਾ ਸੁਪਰਵਾਈਜ਼ਰ ਬੋਲ ਰਿਹਾ ਹੈ:

"ਪਵਨਜੀਤ, ਕੀ ਤੂੰ ਅੱਜ ਕੰਮ 'ਤੇ ਥੋੜ੍ਹਾ ਪਹਿਲਾਂ ਆ ਸਕਦਾਂ?"

"ਕਿੰਨੇ ਵਜੇ ਸਰ?" ਮੇਰੀ ਆਵਾਜ਼ ਮਸਾਂ ਨਿਕਲੀ ਹੈ।

"ਚਾਰ ਵਜੇ।" ਉਹ ਟਣਕ ਰਿਹਾ ਹੈ।

"ਚਾਰ ਤਾਂ ਵੱਜਣ ਹੀ ਵਾਲੇ ਆ, ਤੇ ਮੈਂ ਆਪਣੇ ਬੇਟੇ ਕੋਲ ਇਕੱਲਾ ਘਰ ਹਾਂ, ਮੇਰੀ ਪਤਨੀ ਨੇ ਛੇ ਕੁ ਵਜੇ ਕੰਮ ਤੋਂ ਘਰ ਆਉਣਾ।"

"ਚੱਲ ਛੇ ਵਜੇ ਆ ਜਾਈਂ ਫਿਰ!"

"ਕੀ ਕੋਈ ਖਾਸ ਕੰਮ ਆ ਫਸਿਆ ਹੈ?"

"ਹਾਂ, ਪ੍ਰੈਜੀਡੈਂਟ ਦੇ ਅਪਰੂਵਲ ਰੇਟ ਬਾਰੇ ਜ਼ਰੂਰੀ ਸਰਵੇ ਕਰਨਾ ਹੈ। ਤੈਨੂੰ ਪਤਾ, ਰਾਤ ਹੋਣ ਤੋਂ ਪਹਿਲਾਂ ਪਹਿਲਾਂ ਦੋ ਤਿੰਨ ਹਜ਼ਾਰ ਫ਼ੋਨ ਕਰਨੇ ਪੈਣੇ ਆਂ। ਇਸ ਲਈ ਸਾਰੇ ਡੈਟਾ ਪ੍ਰੋਸੈੱਸਰ ਵੀ ਅੱਜ ਇਹੀ ਕੰਮ ਕਰ ਰਹੇ ਆ। ਤੇਰੇ ਹਿੱਸੇ ਦੀ ਫੋਨ ਲਿਸਟ, ਪ੍ਰਸ਼ਨਾਵਲੀ ਤੇ ਹਦਾਇਤਾਂ ਵੀ ਮੈਂ ਤੇਰੀ ਸੀਕਰੇਟ ਈ-ਮੇਲ ਨਾਲ ਅਟੈਚ ਕਰ ਦਿੱਤੀਆਂ ਹਨ।"

"ਓ ਕੇਅ ਸਰ!"

'ਹਾਂ' ਤੋਂ ਸਿਵਾਏ ਹੋਰ ਕੋਈ ਚਾਰਾ ਹੀ ਨਹੀਂ ਅਤੇ ਮੈਂ ਇਹ 'ਹਾਂ' ਕਹਿ ਕੇ ਅਤੇ ਫ਼ੋਨ ਰਿੰਗਰ ਬੰਦ ਕਰਕੇ ਮੁੜ ਲੰਮਾ ਪੈ ਗਿਆ ਹਾਂ ਅਤੇ ਹੁਣ ਤਾਂ ਸਿਰਫ਼ ਦੋ ਕੁ ਘੰਟੇ ਹੀ ਬਚੇ ਆ ਸੌਣ ਲਈ।

'ਇੰਨਾ ਕੁ ਤਾਂ ਸੌਣਾ ਹੀ ਪੈਣਾ ਜੀਂਦੇ ਰਹਿਣ ਲਈ ਪਰ ਮੈਂ ਏਥੇ ਕਿੱਥੇ ਆ ਫਸਿਆ, ਜਿੱਥੇ ਨੀਂਦ ਵੀ ਦੁਰਲੱਭ ਵਸਤੂ ਬਣਦੀ ਜਾ ਰਹੀ ਹੈ!'

ਮੈਂ ਇੰਨੀ ਤਾਂਘ ਨਾਲ ਨੀਂਦ ਬਾਰੇ ਸੋਚ ਰਿਹਾ ਹਾਂ ਕਿ ਇਹ ਬੈੱਡ ਤੇ ਪੈਂਦੇ ਸਾਰ ਘਨਘੋਰ ਕਾਲੀਆਂ ਘਟਾਵਾਂ ਬਣ ਕੇ ਆ ਗਈ ਹੈ ਅਤੇ ਸ਼ੁਰੂ ਹੋ ਗਿਆ ਹੈ ਇਕ ਹੋਰ ਸੁਫ਼ਨੇ ਦਾ ਊਬੜ-ਖਾਬੜ ਸਫ਼ਰ:

ਮੈਂ ਕੰਮ 'ਤੇ ਲੇਟ ਪਹੁੰਚਦਾ ਹਾਂ। ਮੇਰੇ ਬੌਸ ਵੱਲੋਂ ਮੇਰੀ ਚੰਗੀ ਝਾੜ-ਝੰਭ ਤੋਂ ਮਗਰੋਂ ਇਕ ਲਿਖਤੀ ਚਿਤਾਵਨੀ ਵੀ ਦਿੱਤੀ ਜਾਂਦੀ ਹੈ ਅਤੇ ਸਾਰਾ ਕੰਮ ਮੁਕਾ ਕੇ ਹੀ ਘਰ ਜਾਣ ਦੀ ਹਦਾਇਤ ਵੀ। ਮੈਂ ਕੰਨਾਂ ਵਿਚ ਕੌੜਾ ਤੇਲ ਪਾਈ ਇਹ ਸਭ ਬਰਦਾਸ਼ਤ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਪਰ ਮੇਰੀ ਰੂਹ ਮੈਨੂੰ ਪੁੱਛਦੀ ਹੈ, 'ਇਸ ਵਿਚ ਮੇਰਾ ਕਸੂਰ ਕੀ ਹੈ?'

ਰੂਹ ਦੇ ਇਸ ਸਵੈ-ਸਵਾਲ ਨਾਲ ਹੀ ਬਾਬਾ ਜੀ ਦੇ ਪ੍ਰਵਚਨ ਯਾਦ ਆਉਂਦੇ ਹਨ ਅਤੇ ਮੈਂ ਬੌਸ ਵੱਲੋਂ ਭੇਜੀ 'ਫ਼ੋਨ ਲਿਸਟ' ਤੇ 'ਪ੍ਰਸ਼ਨਾਵਲੀ' ਡੀਲੀਟ ਕਰਕੇ ਨਵੀਂ ਪ੍ਰਸ਼ਨਾਵਲੀ ਤਿਆਰ ਕਰਦਾ ਹਾਂ ਅਤੇ ਸਰਵੇਖਣ ਕਰਨ ਲਈ ਸਿੱਧਾ ਜੰਗ ਦੇ ਮੈਦਾਨ ਵਿਚ ਪਹੁੰਚ ਜਾਂਦਾ ਹਾਂ। ਕੀ ਦੇਖਦਾ ਹਾਂ: ਚਾਰੇ ਪਾਸੇ ਮੌਤ ਹੀ ਮੌਤ ਦਨਦਨਾਉਂਦੀ ਫਿਰ ਹੈ। ਤਬਾਹੀ ਹੀ ਤਬਾਹੀ।

ਕੀੜਿਆਂ ਵਾਂਗ ਰੀਂਗਦੀ, ਫੌਜੀ ਬੂਟਾਂ ਥੱਲੇ ਰਗੜ-ਰਗੜ ਕੇ ਮਾਰੀ ਜਾ ਰਹੀ ਲੋਕਾਈ। ਪਨਾਹਗੀਰਾਂ ਦੇ ਲੰਮੇ ਅਮੁੱਕ ਕਾਫਲੇ।

ਵਹਿਸ਼ਤ ਦਾ ਨੰਗਾ ਨਾਚ, ਆਹਾਂ, ਸਿਸਕੀਆਂ, ਲਾਸ਼ਾਂ ਦੇ ਅੰਬਾਰ ਅਤੇ ਲਹੂ ਦੇ ਦਰਿਆ। ਚਾਰ-ਚੁਫ਼ੇਰੇ ਨੱਚਦੀ ਮੌਤ ਦੇਖ ਕੇ ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ ਪਰ ਮੈਂ ਸਰਵੇਖਣ ਕਾਰਜ ਜਾਰੀ ਰੱਖਦਾ ਹਾਂ: ਇਸ ਜੰਗ ਕਾਰਨ ਮਾਰੇ ਗਏ ਆਮ ਇਰਾਕੀ ਲੋਕਾਂ ਦੇ ਸਕੇ-ਸੰਬੰਧੀਆਂ, ਸੱਜਣਾਂ-ਮਿੱਤਰਾਂ ਅਤੇ ਵਾਰਸਾਂ ਨੂੰ ਇੰਟਰਵਿਊ ਕਰਦਾ ਹਾਂ। ਲੇਖਕਾਂ, ਬੁੱਧੀਜੀਵੀਆਂ ਅਤੇ ਖੋਜ-ਵਿਦਿਆਰਥੀਆਂ ਦੇ ਵਿਚਾਰ ਵੀ ਪੁੱਛਦਾ ਹਾਂ।

ਇਸ 'ਮੁਕਤੀ, ਆਜ਼ਾਦੀ ਤੇ ਜਨਤੰਤਰ' ਬਾਰੇ ਇਸ ਜੰਗ ਦਾ ਸ਼ਿਕਾਰ ਆਮ ਲੋਕਾਂ ਦੇ ਵਿਚਾਰ ਵੀ ਰੀਕਾਰਡ ਕਰਦਾ ਹਾਂ ਅਤੇ ਇਕ ਸਰਕਾਰੀ ਹਸਪਤਾਲ ਵਿਚ ਵੀ ਜਾ ਵੜਦਾ ਹਾਂ: ਦਰਦ ਕਾਰਨ ਕਰਾਹ ਰਹੇ, ਦਵਾ ਦੁੱਖੋਂ ਤੜਫ ਰਹੇ, ਇਲਾਜ਼ ਖੁਣੋਂ ਸੜ ਰਹੇ, ਜ਼ਖ਼ਮੀਆਂ ਦੇ ਢੇਰਾਂ ਦੇ ਢੇਰ ਕਮਰਿਆਂ ਦੇ ਅੰਦਰ ਤੇ ਬਾਹਰ ਮੱਖੀਆਂ ਵਾਂਗ ਪਏ ਹਨ। ਇਨ੍ਹਾਂ ਦੀਆਂ ਚੀਕਾਂ, ਕੁਰਲਾਹਟਾਂ, ਵਿਰਲਾਪ ਮੇਰੇ ਤੋਂ ਝੱਲੇ ਨਹੀਂ ਜਾ ਰਹੇ। ਹਸਪਤਾਲ ਵਿਚ ਨਾ ਡਾਕਟਰ ਦਿਖਾਈ ਦੇ ਰਹੇ ਹਨ, ਨਾ ਨਰਸਾਂ।

ਜ਼ਖ਼ਮੀਆਂ ਦੀ ਇਹ ਹਾਲਤ ਦੇਖ ਕੇ ਆਪਣੇ-ਆਪ ਤੋਂ ਪੁੱਛਦਾ ਹਾਂ:

"ਇਸ ਤ੍ਰਾਸਦੀ ਲਈ ਵਿਚਾਰੇ ਆਮ ਲੋਕਾਂ ਦਾ ਕੀ ਕਸੂਰ ਹੈ?"

ਪਰ ਦਿਲ ਮੋਟਾ ਕਰਕੇ ਮੈਂ ਅੱਖੀਂ ਦੇਖੀ ਸੂਰਤੇ ਹਾਲ ਦੀ ਵੀਡਿਉ ਰਿਕਾਰਡਿੰਗ ਜਾਰੀ ਰੱਖਦਾ ਹਾਂ: ਅੱਬੂ ਗਰੇਬ ਜੇਲ੍ਹ ਦੇ ਬੰਦੀਆਂ ਉੱਪਰ ਕੀਤੇ ਗਏ ਅੱਤਿਆਚਾਰਾਂ ਦੀ ਦਾਸਤਾਨ ਸੁਣ ਕੇ ਤਾਂ ਮੇਰੀ ਰੂਹ ਦੇ ਪੋਟੇ ਪੋਟੇ ਵਿਚ ਇਹ ਸਵਾਲ ਖੰਜਰ ਵਾਂਗ ਖੁੱਭਦੇ ਜਾ ਰਹੇ ਹਨ:

'ਕਿਸੇ ਗਰੀਬ ਤੇ ਕਮਜ਼ੋਰ ਦੇਸ਼ ਦੇ ਲੋਕਾਂ ਨਾਲ, ਕੀ ਇਸ ਤੋਂ ਵੱਧ ਬਾਰਬੇਰੀਅਨ ਤੇ ਘ੍ਰਿਣਤ ਵਿਹਾਰ ਕੋਈ ਹੋਰ ਵੀ ਹੋ ਸਕਦਾ ਹੈ?'

'ਇਸ ਜੰਗ ਦੀ ਤਬਾਹੀ ਤੋਂ ਵੱਧ ਫਾਸ਼ਿਸਟ, ਅਣਮਨੁੱਖੀ, ਸ਼ਰਮਨਾਕ ਅਤੇ ਮੁਜ਼ਰਮਾਨਾ ਕਾਰਵਾਈ ਕੋਈ ਹੋਰ ਵੀ ਹੋ ਸਕਦੀ ਹੈ?"

'ਜੰਗ ਮਨੁੱਖ ਨੂੰ ਪਸ਼ੂ ਤੇ ਭੇੜੀਆ ਕਿਉਂ ਬਣਾ ਦਿੰਦੀ ਹੈ?'

ਇਸ ਹਸਪਤਾਲ ਦੇ ਬਰਾਂਡੇ ਵਿਚ ਅਤੇ ਆਮ ਗਲੀਆਂ ਬਾਜ਼ਾਰਾਂ ਵਿਚ ਪਈਆਂ ਮਾਸੂਮ ਲੋਕਾਂ ਦੀਆਂ ਲਾਸ਼ਾਂ ਅਤੇ ਲਹੂ ਦੇ ਛੱਪੜ ਦੇਖ ਕੇ ਜੰਗ ਦੀ ਤਬਾਹੀ ਦਾ ਇੰਨਾ ਸਦਮੇ ਭਰਿਆ, ਗਹਿਰਾ ਅਤੇ ਸਿੱਧਾ ਅਨੁਭਵ ਮੈਨੂੰ ਹੋ ਰਿਹਾ ਹੈ ਕਿ ਮੇਰੀ ਰੂਹ ਉੱਚੀ ਉੱਚੀ ਰੋ ਰਹੀ ਹੈ। ਪਰ ਮੈਂ ਦਿਲ ਉੱਤੇ ਪੱਥਰ ਧਰ ਕੇ ਸਰਵੇਖਣ ਜਾਰੀ ਰੱਖਦਾ ਹਾਂ।

ਇਨ੍ਹਾਂ ਕਾਰਵਾਈਆਂ ਅਤੇ ਕਰਤੂਤਾਂ ਲਈ ਜ਼ਿੰਮੇਂਵਾਰ ਆਮ ਅਮਰੀਕੀ ਫੌਜੀਆਂ ਨੂੰ ਵੀ ਇੰਟਰਵਿਊ ਕਰਦਾ ਹਾਂ, "ਜੇਲ੍ਹ ਬੰਦੀਆਂ ਨੂੰ ਨੰਗੇ ਕਰ ਕਰ ਕੇ ਜ਼ਲੀਲ ਕਰਨਾ, ਉਨ੍ਹਾਂ ਪਿੱਛੇ ਖੂੰਖਾਰ ਕੁੱਤੇ ਛੱਡਣਾਂ, ਕਿਹੜੀ ਵੰਨਗੀ ਦਾ ਜਨਤੰਤਰ ਹੈ? ਬਰਤਾਨਵੀਂ ਕਿ ਅਮਰੀਕੀ?"

"ਜਦੋਂ ਤੁਸੀਂ ਲਹੂ ਨਾਲ ਲੱਥ-ਪੱਥ ਲਾਸ਼ਾਂ ਆਪਣੇ ਟਰੱਕਾਂ ਵਿਚ ਲੱਦਦੇ ਹੋ ਤਾਂ ਆਪਣੇ ਮਨੁੱਖ ਹੋਣ 'ਤੇ ਕਿੰਨਾ ਕੁ ਮਾਣ ਮਹਿਸੂਸ ਹੁੰਦਾ ਹੈ?"



"ਕੀ ਇਰਾਕੀ ਤੇਲ ਵਿਚੋਂ ਤੁਹਾਨੂੰ ਵੀ ਕੋਈ ਹਿੱਸਾ ਮਿਲੇਗਾ?"

ਪਰ ਫੌਜੀ ਕੋਈ ਜਵਾਬ ਨਹੀਂ ਦਿੰਦੇ। ਉਹ ਤਾਂ ਸਿੱਧੀ ਉੱਪਰ ਵੱਲ ਉਂਗਲੀ ਕਰਦੇ ਹੋਏ, ਸੀਟੀ ਵੱਜਦੇ ਹੀ ਨਵੀਂ ਮਾਰ ਲਈ ਭੱਜ ਗਏ ਹਨ ... ਅਤੇ ਮੈਂ ਇਨ੍ਹਾਂ ਦੇ ਪਿੱਛੇ-ਪਿੱਛੇ ਉਨ੍ਹਾਂ ਕਾਰਵਾਈਆਂ ਨੂੰ ਕੈਮਰੇ ਵਿਚ ਬੰਦ ਕਰਦਾ ਫਿਰ ਰਿਹਾ ਹਾਂ, ਜਿਸਨੂੰ ਹਮਲਾਵਰ ਦੇਸ਼ ਦੇ ਹੁਕਮਰਾਨ 'ਮਹਾਨ ਦੇਸ਼ਭਗਤ ਮਿਸ਼ਨ' ਦੱਸਦੇ ਹਨ।

ਅੰਤ ਵਿਚ ਕਠਪੁਤਲੀ ਸਰਕਾਰ ਦੇ ਉਨ੍ਹਾਂ ਕਰਣਧਾਰਾਂ ਨੂੰ ਵੀ ਜਾ ਕੇ ਮਿਲਦਾ ਹਾਂ, ਜੋ ਸਭ ਤੋਂ ਉੱਚੀਆਂ ਕੁਰਸੀਆਂ ਉੱਤੇ ਬਿਰਾਜਮਾਨ ਹਨ। ਪਰ ਉਹ ਕਿਸੇ ਵਿਦੇਸ਼ੀ ਪੱਤਰਕਾਰ ਨਾਲ ਆਪਣੇ ਦੇਸ਼ ਬਾਰੇ ਗੱਲ ਕਰਨਾ ਆਪਣੀ ਪ੍ਰਭੂਸੱਤਾ ਦੇ ਵਿਰੁੱਧ ਦੱਸਦੇ ਹਨ ... ਤੇ ਮੈਂ ਸੋਚਦਾ ਹਾਂ, ਕੀ ਕਿਸੇ ਕਠਪੁਤਲੀ ਸਰਕਾਰ ਦੇ ਅਹੁਦੇਦਾਰ ਹੋਣ ਤੋਂ ਵੱਧ ਸ਼ਰਮਨਾਕ ਵੀ ਕੋਈ ਨੀਤੀ, ਕੋਈ ਧਰਮ ਹੋ ਸਕਦਾ ਹੈ।

ਖੈਰ! ਇਸ ਤਰ੍ਹਾਂ ਸੱਖਤ ਮਿਹਨਤ ਮੁਸ਼ੱਕਤ ਕਰਕੇ ਅਤੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਮੈਂ ਇਕ ਲੰਮਾ ਚੌੜਾ ਸਰਵੇਖਣ ਤਿਆਰ ਕਰ ਲਿਆ ਹੈ ਅਤੇ ਵਾਪਸ ਆਪਣੇ ਦਫ਼ਤਰ ਵਿਚ ਪਰਤ ਕੇ ਇਸਦਾ ਇਕ ਸਮਾਚਾਰ ਬੁਲੇਟਿਨ ਵੀ ਬਣਾ ਲਿਆ ਹੈ ... ਤੇ ਇਹ ਬੁਲੇਟਿਨ, ਸਾਰੀਆਂ ਔਨ ਲਾਈਨ ਵੈੱਬ-ਸਾਈਟਾਂ, ਮੈਗਜ਼ੀਨਾਂ ਤੇ ਅਖ਼ਬਾਰਾਂ ਨੂੰ ਵੀ ਔਨ ਲਾਈਨ ਹੀ ਘੱਲ ਦਿੱਤਾ ਹੈ ... ਅਤੇ ਇਹ ਸਮਾਚਾਰ ਬੁਲੇਟਿਨ ਇਸ ਸਮੇਂ ਦੁਨੀਆਂ ਭਰ ਦੇ ਰੇਡੀਉ ਸਟੇਸ਼ਨਾਂ, ਟੀਵੀ ਨੈੱਟਵਰਕਾਂ, ਔਨ ਲਾਈਨ ਬਲਾਗਾਂ, ਸੈਟੇਲਾਈਟ ਚੈਨਲਾਂ ਉੱਤੇ ਪੜ੍ਹ-ਪੜ੍ਹ ਕੇ ਸੁਣਾਇਆ ਜਾ ਰਿਹਾ ਹੈ।

ਹੁਣ ਤਾਂ ਮੈਂ ਇਸ ਸਰਵੇਖਣ ਦੀ ਇਕ ਡਾਕੂਮੈਂਟਰੀ ਮੂਵੀ ਵੀ ਬਣਾ ਲਈ ਹੈ ਅਤੇ ਇਸਦੇ ਪ੍ਰਸਾਰਨ ਦਾ ਜੁਗਾੜ ਵੀ ਸੈਟੇਲਾਈਟ ਰਾਹੀਂ ਕਰ ਲਿਆ ਹੈ। ਇਹ ਮੂਵੀ ਵੀ ਪੂਰੀ ਦੁਨੀਆਂ ਵਿਚ ਦਿਖਾਈ ਜਾ ਰਹੀ ਹੈ ਅਤੇ ਇਸਨੇ ਦੁਨੀਆਂ ਭਰ ਦੇ ਲੋਕਾਂ ਨੂੰ ਇਸ 'ਮੁਕਤੀ', 'ਆਜ਼ਾਦੀ' ਤੇ 'ਜਨਤੰਤਰ' ਦੀ ਸਾਮਰਾਜੀ ਸੌਗਾਤ ਦੇ ਅਸਲੀ ਦਰਸ਼ਨ ਕਰਾ ਦਿੱਤੇ ਹਨ ਅਤੇ ਅਮਰੀਕੀ ਲੋਕਾਂ ਦੀਆਂ ਅੱਖਾਂ ਉੱਤੇ ਬੰਨ੍ਹੀਂ ਅਗਿਆਨਤਾ ਤੇ ਮਹਾਂ-ਹੰਕਾਰ ਦੀ ਪੱਟੀ ਵੀ ਖੁੱਲ੍ਹਣੀ ਸ਼ੁਰੂ ਹੋ ਗਈ ਹੈ।

ਚਾਰੇ ਪਾਸੇ ਥੂਹ-ਥੂਹ ਹਾਏ-ਹਾਏ ਹੋ ਰਹੀ ਹੈ। ਜੰਗ ਵਿਰੋਧੀ ਨਾਅਰੇ ਹਰ ਥਾਂ ਗੂੰਜ ਉੱਠੇ ਹਨ। ਇਸ ਨਾਲ ਬਸਤੀਵਾਦ ਲੜਖੜਾਉਂਦਾ ਹੈ। ਪ੍ਰੈਜ਼ੀਡੈਂਟ ਬੌਖਲਾਉਂਦਾ ਹੈ। ਪ੍ਰਸ਼ਾਸਨ ਹਰਕਤ ਵਿਚ ਆਉਂਦਾ ਹੈ।

ਮੇਰੀ ਪੁੱਛ-ਗਿੱਛ ਹੁੰਦੀ ਹੈ: ਸਰਾਕਾਰੀ ਮਾਮਲਿਆਂ ਵਿਚ ਦਖਲ ਦੇਣ, ਆਪਣੀ ਜੌਬ ਤੋਂ ਬਾਹਰਾ ਕੰਮ ਕਰਨ ਅਤੇ ਦੇਸ਼ ਦੇ ਹਿਤਾਂ ਦੇ ਵਿਰੁੱਧ ਸਰਵੇਖਣ ਤਿਆਰ ਕਰਨ ਦੇ ਦੋਸ਼ ਆਧੀਨ ਮੈਨੂੰ ਆਤੰਕਵਾਦੀ ਘੋਸ਼ਿਤ ਕਰਕੇ, ਗੁਆਂਤਾਨਾਮੋ ਬੇਅ ਇਕ ਸੈੱਲ ਵਿਚ ਸੁੱਟ ਦਿੱਤਾ ਗਿਆ ਹੈ।

ਉਸੇ *ਥਾਂ, ਜਿੱਥੇ ਸੈਂਕੜੇ ਅਫਗਾਨੀ ਤੇ ਇਰਾਕੀ ਜੰਗੀ ਕੈਦੀ, ਬਿਨਾ ਮੁਕੱਦਮਾ ਚਲਾਏ ਕਈ ਸਾਲਾਂ ਤੋਂ ਬੰਦ ਹਨ।*

'ਉਫ਼!' ਸੈੱਲ ਕਿਸੇ ਭੱਠੀ ਵਾਂਗ ਤਪ ਰਿਹਾ ਹੈ। ਗਰਮੀ ਨਾਲ ਜਾਨ ਨਿਕਲਦੀ ਜਾ ਰਹੀ ਹੈ ਅਤੇ ਪਾਣੀ ਵਾਲਾ ਇਕੋ ਇਕ ਪਿਆਲਾ ਕਦੋਂ ਦਾ ਖਤਮ ਹੋ ਚੁੱਕਾ ਹੈ। ਮੇਰੇ ਬੁੱਲ੍ਹ ਸੁੱਕ-ਸੁੱਕ ਕੇ ਜੀਭ ਤਾਲੂ ਨਾਲ ਜਾ ਚਿੰਬੜੀ ਹੈ ... ਅਤੇ ਹੁਣ ਹਨੇਰਾ ਇੰਨਾ ਸੰਘਣਾ ਹੋ ਗਿਆ ਕਿ ਹਨੇਰੇ ਦੇ ਇਲਾਵਾ ਹੋਰ ਕੁਝ ਵੀ ਨਜ਼ਰ ਨਹੀਂ ਆ ਰਿਹਾ ਅਤੇ ਮੇਰੇ ਵਜੂਦ ਦੇ ਕਣ-ਕਣ ਵਿਚ ਇਕ ਖ਼ੌਫ਼ਨਾਕ ਸੰਨਾਟਾ ਪਸਰਦਾ ਜਾ ਰਿਹਾ ਹੈ।

ਮੈਨੂੰ ਇੰਨਾ ਡਰ ਲੱਗ ਰਿਹਾ ਹੈ ਕਿ ਰੂਹ ਲਗਾਤਾਰ ਕੰਬੀ ਜਾ ਰਹੀ ਹੈ: ਲੱਗਦਾ ਐ, ਹੁਣੇ-ਹੁਣੇ ਇਸ ਜੇਲ੍ਹ ਦਾ ਕੋਈ ਗਾਰਡ ਆਏਗਾ ਅਤੇ ਮੇਰੀ ਰੱਜ ਕੇ ਧੁਲਾਈ ਕਰਨ ਤੋਂ ਮਗਰੋਂ, ਮੈਨੂੰ ਨੰਗਾ ਕਰਕੇ ਜਲਦੀ-ਬਲਦੀ ਸਿਗਰਟ ਮੇਰੇ ਗੁਪਤ ਅੰਗਾਂ 'ਤੇ ਮਲ਼ੇਗਾ ਅਤੇ ਛਾਤੀ ਫੈਲਾਉਂਦਾ, 'ਮਹਾਨ ਅਮਰੀਕਾ' ਦਾ ਨਾਅਰਾ ਲਾਉਂਦਾ ਆਰਾਮ ਨਾਲ ਟਿਭ ਜਾਏਗਾ।

ਪਰ ਉਹ ਜੇਲ੍ਹ-ਗਾਰਡ ਤਾਂ ਕਿਸੇ ਹੋਰ ਸੈੱਲ ਵਿਚ ਜਾ ਵੜਿਆ ਹੈ ਕਿਉਂਕਿ ਕੋਈ ਹੋਰ ਬੰਦੀ ਬਹੁੜੀਆਂ ਪਾ ਰਿਹਾ ਹੈ ਅਤੇ ਇਕ ਖਰ੍ਹਵੀ ਆਵਾਜ਼ ਚਾਰੇ ਪਾਸੇ ਗੂੰਜ ਰਹੀ ਹੈ: 'ਇਨ੍ਹਾਂ ਸੈੱਲਾਂ ਵਿਚ ਤਾਂ ਹਵਾ ਵੀ ਪ੍ਰੈਜ਼ੀਡੈਂਟ ਤੋਂ ਪੁੱਛੇ ਬਿਨਾ ਅੰਦਰ ਨਹੀਂ ਵੜਦੀ!' ਤੇ ਕਈ ਹੋਰ ਗਾਰਡ ਠਹਾਕੇ ਮਾਰ-ਮਾਰ ਕੇ ਹੱਸ ਰਹੇ ਹਨ। ਇਹ ਠਹਾਕੇ ਮੇਰੇ ਕੰਨਾਂ ਵਿਚ ਗੋਲੀ ਦੀ ਆਵਾਜ਼ ਵਾਂਗ ਤੜ-ਤੜ ਵੱਜ ਰਹੇ ਹਨ ਅਤੇ ਮੈਂ ਭੈਅ ਨਾਲ ਕੰਬਦਾ ਬਾਬਾ ਜੀ ਨੂੰ ਹਾਕਾਂ ਮਾਰ ਰਿਹਾ ਹਾਂ:

'ਦੇਖ ਲਿਆ ਬਾਬਾ ਜੀ, ਰੂਹ ਦੀ ਆਵਾਜ਼ ਸੁਣਨ ਦਾ ਫਲ?'

'ਕਿੱਥੇ ਚੁੱਕ ਕੇ ਮਾਰਿਆ ਸਾਲੇ ਬੁੱਚੜਾਂ ਨੇ ...?'

ਪਰ ਬਾਬੀ ਜੀ ਕੋਈ ਜਵਾਬ ਦਿੰਦੇ।

ਤੇ ਹੁਣ ਸੈੱਲ ਇੰਨਾ ਠੰਡਾ ਹੋ ਗਿਆ ਹੈ ਜਿਵੇਂ ਕਿਸੇ ਨੇ ਅੱਗ ਦੀ ਭੱਠੀ ਤੋਂ ਉਤਾਰ ਕੇ ਬਰਫ਼ ਦੇ ਤੋਦੇ ਉੱਤੇ ਰੱਖ ਦਿੱਤਾ ਹੈ। ਮੇਰਾ ਸਾਰਾ ਸਰੀਰ ਜੰਮਦਾ ਜਾ ਰਿਹਾ ਹੈ ਅਤੇ ਮੈਂ ਨੰਗੀ ਫਰਸ਼ ਉੱਤੇ ਗੁੱਛੂ-ਮੁੱਛੂ ਹੋ ਕੇ ਪਿਆ, ਠੰਢ ਨਾਲ ਮਰਦਾ ਜਾ ਰਿਹਾ ਹਾਂ।

ਮੇਰੀਆਂ ਅੱਖਾਂ ਵਿਚ ਹਨੇਰਾ ਹੀ ਹਨੇਰਾ ਛਾਉਂਦਾ ਜਾ ਰਿਹਾ ਹੈ। ਮੈਨੂੰ ਆਪਣੇ ਚਾਰ-ਚੁਫ਼ੇਰੇ ਸਿਰਫ਼ ਕਾਲੇ ਸਾਏ ਨਜ਼ਰ ਆ ਰਹੇ ਹਨ ਅਤੇ ਮੈਂ ਨੀਮ-ਬੇਹੋਸ਼ੀ ਦੀ ਹਾਲਤ ਵਿਚ ਕਰਾਹ ਰਿਹਾ ਹਾਂ:

'ਬਾਬਾ ਜੀ ਦੇਖੋ, ਮੇਰੀ ਰੂਹ ਨੂੰ ਕਿੰਜ ਜ਼ਿਬਾਹ ਕੀਤਾ ਜਾ ਰਿਹਾ!'

'ਆਹ ਦੇਖੋ ਇਕ ਜਲਾਦ, ਮੇਰੀ ਰੂਹ ਵਿਚ ਵੀ ਆ ਬੈਠਾ ਹੈ।'

'ਇਹ ਜਲਾਦ ਮੇਰੀ ਰੂਹ ਦਾ ਕੁਤਰਾ ਕਰੀ ਜਾ ਰਿਹਾ, ਬਾਬਾ ਜੀ!'

ਮੇਰੀ ਰੂਹ ਤੜਪ ਰਹੀ ਹੈ। ਤੜਪ ਤੜਪ ਕੇ ਮਰ ਰਹੀ ਹੈ ਅਤੇ ਮੈਂ ਧਾਹਾਂ ਮਾਰਦਾ ਉੱਚੀ ਉੱਚੀ ਰੋ ਰਿਹਾ ਹਾਂ ...

ਪਰ ਅਚਾਨਕ, ਮੇਰੇ ਕੰਨਾਂ ਵਿਚ ਇਕ ਮਧੁਰ ਮਿੱਠੀ ਆਵਾਜ਼ ਪੈ ਰਹੀ ਹੈ। ਮੇਰੀ ਚੁੰਮੀ ਲਈ ਜਾ ਰਹੀ ਹੈ ਤੇ ਮੈਂ ਤ੍ਰਭਕ ਕੇ ਉਬੜਵਾਹੇ ਉੱਠ ਕੇ ਬੈਠ ਗਿਆ ਹਾਂ ਅਤੇ ਕੀ ਦੇਖਦਾ



ਹਾਂ: ਅੰਜਨੀ ਪਿਆਰ ਨਾਲ ਮੈਨੂੰ ਪਲੋਸਦੀ ਹੋਈ ਕਹਿ ਰਹੀ ਹੈ, "ਬੜਾ ਸੁੱਤੇ ਤੁਸੀਂ ਅੱਜ!"

"ਉੱਠੋ ਵੀ ਹੁਣ, ਕੰਮ ਤੇ ਨਹੀਂ ਜਾਣਾਂ?"

ਕੰਮ ਦਾ ਨਾਂ ਸੁਣਦੇ ਹੀ ਮੈਨੂੰ ਪੂਰੀ ਹੋਸ਼ ਆ ਗਈ ਹੈ ... ਪਰ ਬੁਰੇ ਸੁਫ਼ਨੇ ਦੀ ਟੀਸ ਜ਼ਿਹਨ ਵਿਚ ਬੁਰੀ ਤਰ੍ਹਾਂ ਟਸਕ ਰਹੀ ਹੈ।

"ਉੱਠੋ, ਸਤਨਾਮ ਭਾ ਜੀ ਮਿਲਣ ਆਏ ਆ!"

ਅੰਜਨੀ ਮੇਰੇ ਕੰਨ ਵਿਚ ਕਹਿ ਗਈ ਏ ਅਤੇ ਮੇਰੇ ਲਾਬੀ ਵਿਚ ਪੈਰ ਧਰਦੇ ਹੀ, ਸਤਨਾਮ ਨੇ ਮੈਨੂੰ ਘੁੱਟ ਕੇ ਗਲਵਕੜੀ ਪਾ ਲਈ ਹੈ ਅਤੇ ਮੇਰੇ ਬੈਠਦੇ ਸਾਰ ਹੀ ਉਹ ਪਿੰਡ ਜਾਣ ਦੀ ਖੁਸ਼ੀ ਨਾਲ ਟਹਿਕਦਾ ਹੱਸ-ਹੱਸ ਕੇ ਟੋਲੇ ਮਾਰ ਰਿਹਾ ਹੈ। ਪਿੰਡ ਜਾਣ ਦੀ ਖੁਸ਼ੀ ਦਾ ਇਹ ਨਸ਼ਾ ਬੜਾ ਹੀ ਚੰਗਾ ਮਾਹੌਲ ਸਿਰਜ ਰਿਹਾ ਹੈ। ਮਸਤੀ ਨਾਲ ਝੂਮਦਾ ਉਹ ਹਰ ਗੱਲ ਦਾ ਹੁੰਗਾਰਾ ਹਾਸੇ ਨਾਲ ਭਰ ਰਿਹਾ ਹੈ ਅਤੇ ਉਹਦੇ ਹਾਸੇ ਦੀ ਛਣਕਾਰ ਮੇਰੇ ਦਿਲ ਨੂੰ ਛੂਹ-ਛੂਹ ਕੇ ਜਾ ਰਹੀ ਹੈ।

"ਅਸੀਂ ਦੇਰ ਭਰਜਾਈ ਸਾਮਾਨ ਵੀ ਲੈ ਆਏ!" ਅੰਜਨੀ ਵੀ ਚਹਿਕ ਰਹੀ ਹੈ, "ਤੁਹਾਨੂੰ ਬੜਾ ਜਗਾਇਆ, ਤੁਸੀਂ ਉੱਠੇ ਈ ਨ੍ਹਈਂ!"

ਅੰਜਨੀ ਤਾਂ ਖੁਸ਼ੀ ਦੇ ਉੱਡਣ ਖਟੋਲੇ ਉੱਤੇ ਸਵਾਰ ਨਜ਼ਰ ਆ ਰਹੀ ਹੈ। ਤੋਹਫ਼ਿਆਂ ਦੇ ਸਾਮਾਨ ਦੀ ਇਕ-ਇਕ ਆਈਟਮ ਮੈਨੂੰ ਦਿਖਾਉਂਦੀ ਹੋਈ, ਚਹਿਕ-ਚਹਿਕ ਕੇ ਫ਼ਿਜ਼ਾ ਮਹਿਕਾਅ ਰਹੀ ਹੈ .... ਤੇ ਨਿੱਸ਼ੂ ਵੀ ਜਾਗ ਗਿਆ ਹੈ ਅਤੇ ਮਾਂ ਦੀ ਮਮਤਾ ਵਿਚ ਤਾਰੀਆਂ ਲਾ ਰਿਹਾ ਹੈ।

ਲਾਬੀ ਵਿਚ ਖੁਸ਼ੀਆਂ ਦਾ ਦਰਿਆ ਵਗ ਰਿਹਾ ਲੱਗਦਾ ਹੈ ਪਰ ਮੈਂ ਇਸ ਦਰਿਆ ਦੇ ਕੰਢੇ ਖੜ੍ਹਾ, ਸੁੰਨੀਆਂ-ਸੁੰਨੀਆਂ ਅੱਖਾਂ ਨਾਲ ਟਾਈਮ ਪੀਸ ਵੱਲ ਦੇਖਦਾ ਹਾਂ। ਅੱਠ ਵੱਜਣ ਵਾਲੇ ਹਨ ਅਤੇ ਕੰਮ ਦੀ ਸਿਰ ਉੱਤੇ ਲਟਕਦੀ ਤਲਵਾਰ, ਸਿੱਧੀ ਗਰਦਨ ਵੱਲ ਵੱਧਦੀ ਨਜ਼ਰ ਆ ਰਹੀ ਹੈ।

ਮੈਂ ਉਦਾਸੇ ਬੁੱਲ੍ਹਾਂ ਉੱਤੇ ਸੁੱਕੀ ਜੀਭ ਫੇਰਦਾ, ਆਪਣੇ ਮਾਂ-ਬਾਪ ਲਈ ਚੰਦ ਸ਼ਬਦ ਤੋਹਫ਼ੇ ਵਜੋਂ ਸਤਨਾਮ ਦੇ ਲੜ ਬੰਨ੍ਹਦਾ ਹਾਂ ... ਲਾਬੀ ਵਿਚ ਖੜ੍ਹਾ-ਖੜ੍ਹਾ ਹੀ ਕੰਮ ਵਾਲੇ ਕਪੜੇ ਬਦਲਦਾ, ਕੰਮ 'ਤੇ ਜਾਣ ਦੀ ਮਜਬੂਰੀ ਵਾਰ-ਵਾਰ ਦੁਹਰਾਉਂਦਾ ਹਾਂ। ਸਤਨਾਮ ਇਸਨੂੰ ਜਾਣ ਦਾ ਸਿਗਨਲ ਸਮਝ ਕੇ ਉੱਠ ਖਲੋਇਆ ਹੈ ਪਰ ਅੰਜਨੀ ਉਹਨੂੰ ਰੋਕ ਰਹੀ ਹੈ:

"ਨਹੀਂ ਭਾ ਜੀ, ਤੁਸੀਂ ਹੁਣ ਖਾਣਾ ਖਾ ਕੇ ਹੀ ਜਾਇਓ!"

"ਪਲੀਜ਼, ਬੈਠੋ ਨਾ ਅੰਕਲ!" ਨਿੱਸ਼ੂ ਵੀ ਇਹੀ ਚਾਹ ਰਿਹਾ ਹੈ।

ਪਰ ਮੈਂ ਸਤਨਾਮ ਨੂੰ ਘੁੱਟ ਕੇ ਜੱਫੀ ਪਾ ਕੇ, ਮੋਟੇ-ਮੋਟੇ ਕੁਝ ਹੰਝੂ ਅੱਖ ਦੀ ਪੋਟਲੀ ਦੇ ਅੰਦਰੇ-ਅੰਦਰ ਛੁਪਾ ਕੇ ਘਰੋਂ ਤੁਰ ਪਿਆ ਹਾਂ।

"ਬਾਇ ਬਾਇ ਪਾਪਾ!"

"ਓ. ਕੇਅ ਡਾਰਲਿੰਗ!"

"ਚੰਗਾ ਭਾਅ ਜੀ!" ...

ਇਹ ਮੋਹ-ਭਿੱਜੀਆਂ ਆਵਾਜ਼ਾਂ ਕੁਝ ਦੂਰ ਤੱਕ ਮੇਰਾ ਪਿੱਛਾ ਕਰਦੀਆਂ ਹਨ ਅਤੇ ਕਈ ਸਾਰੇ ਤੌਖਲੇ ਮੇਰੇ ਸਿਰ ਉੱਤੇ ਸਵਾਰ, ਮੇਰੀ ਸੋਚ ਦੇ ਅੱਗੇ-ਅੱਗੇ ਤੁਰਦੇ, ਮੇਰੀ ਅਗਵਾਨੀ ਕਰ ਰਹੇ ਹਨ। ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਮੇਰੇ ਘਰ ਤੋਂ ਦਫ਼ਤਰ ਤੱਕ ਦਾ ਸਾਰਾ ਰਸਤਾ ਕਾਲੇ ਪਾਣੀ ਦੇ ਡੂੰਘੇ ਵਿਚ ਬਦਲ ਗਿਆ ਹੋਵੇ ਅਤੇ ਕੋਈ ਅਦਿੱਖ ਸ਼ਕਤੀ ਮੇਰੀ ਰੂਹ ਨੂੰ ਜ਼ੰਜ਼ੀਰਾਂ ਵਿਚ ਜਕੜੀ ਮਕਤਲ ਵੱਲ ਖਿੱਚੀ ਲਈ ਜਾ ਰਹੀ ਹੋਵੇ। ਜਿਉਂ ਜਿਉਂ ਮੈਂ ਕਦਮ ਅੱਗੇ ਪੁੱਟ ਰਿਹਾ ਹਾਂ, ਇਹ ਡੂੰਘ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਮੇਰਾ ਸਾਰਾ ਵਜੂਦ ਇਸ ਵਿਚ ਗੋਤੇ ਖਾ ਰਿਹਾ ਹੈ।

****



# ਸੋਨ ਚਿੜੀ ਦੇ ਖੰਭ

ਸ਼ੈਰੀ ਰੋਜ਼ਮੈਰੀ ਅੱਜ ਇਕ ਖਾਸ ਕਿਸਮ ਦੀ ਨਵੀਂ ਖ਼ੁਸ਼ੀ ਨਾਲ ਖੀਵੀ ਹੋਈ ਹਵਾ ਵਿਚ ਉੱਡਦੀ ਫਿਰ ਰਹੀ ਹੈ ਅਤੇ ਉਹਦਾ ਬੁਆਏ-ਫਰੈਂਡ ਫਰੈਂਕੀ ਤਾਰੀਫ਼ਾਂ ਦੇ ਪੁਲ ਉੱਤੇ ਪੁਲ ਬੰਨ੍ਹੀ ਜਾ ਰਿਹਾ ਹੈ:

"ਸਵੀਟਹਰਟ, ਤੁਸੀਂ ਤਾਂ ਸਰਵ-ਕਲਾ ਸੰਪੂਰਨ ਹੋ ... ਵਿਦਵਾਨ, ਵਿਲੱਖਣ ਤੇ ਹੁਨਰਮੰਦ ... ਸੁੰਦਰ, ਦਿਆਲੂ ਤੇ ਈਮਾਨਦਾਰ ... ਇਕ ਚਮਤਕਾਰੀ ਵਿਅਕਤਵ ਤੇ ਗਿਆਨ ਦਾ ਇਕ ਮਹਾਂ-ਸਾਗਰ!"

"ਇਸ ਲਈ ਤੁਸੀਂ ਆਪਣੇ ਕੈਰੀਅਰ ਦੇ ਸਿਰਫ਼ ਇਕ ਸਾਲ ਵਿਚ ਉਹ ਕੁਝ ਹਾਸਲ ਕਰ ਲਿਆ ਜੋ ਕਹਿੰਦੇ ਕਹਾਉਂਦੇ ਵਿਦਵਾਨ ਤੇ ਤਕਨੀਕੀ-ਮਾਹਰ ਸਾਰੀ ਉਮਰ ਵਿਚ ਨਹੀਂ ਕਰ ਸਕਦੇ: ਠਾਠ-ਬਾਠ, ਪ੍ਰਸਿੱਧੀ ਤੇ ਰੁਤਬਾ! ਆਹ ਸ਼ਾਨਦਾਰ ਬੰਗਲਾ ਤੇ ਮਨ-ਮੌਜੀ ਜ਼ਿੰਦਗੀ!"

"ਇੰਨਾ ਕੁਝ ਕਿ ਕੋਈ ਵੀ ਰਸ਼ਕ ਕਰ ਸਕੇ!"

"ਫਰੈਂਕੀ ਡਾਰਲਿੰਗ! ਤੂੰ ਸਹੀ ਕਹਿ ਰਿਹਾਂ ... ਹੋਇਆ ਇਹ ਇਕ ਤਰ੍ਹਾਂ ਨਾਲ ਚਮਤਕਾਰ ਹੀ ... ਅਜੇਹਾ ਚਮਤਕਾਰ, ਕਿ ਮੌਕੇ ਤੇ ਮੌਕੇ ਮਿਲਦੇ ਗਏ ਤੇ ਮੈਂ ਟਪੂਸੀਆਂ ਮਾਰਦੀ ਪੌੜੀਆਂ ਚੜ੍ਹਦੀ ਗਈ।"

"ਬੇਸ਼ਕ ਇਹਨੂੰ ... ਮੈਨੂੰ ਮਿਲੇ ਅਦਭੁੱਤ ਮੌਕਿਆਂ ਦਾ ਇਕ ਅਨੋਖਾ ਸੁਮੇਲ ਵੀ ਕਿਹਾ ਜਾ ਸਕਦਾ ਹੈ ..."

ਸ਼ੈਰੀ ਸਹੀ ਕਹਿ ਰਹੀ ਹੈ, ਉਹਦਾ ਕੈਰੀਅਰ ਸ਼ੁਰੂ ਹੀ ਇੰਨੇ ਚਮਤਕਾਰੀ ਢੰਗ ਨਾਲ ਹੋਇਆ ਕਿ ਪਹਿਲਾ ਕਦਮ ਪੁੱਟਦੇ ਹੀ ਪਹਿਲਾ ਕਰਿਸ਼ਮਾ ਹੋ ਗਿਆ। ਕਰਿਸ਼ਮਾ, ਉਸ ਜੰਗਲੀ ਰੈਸਟ-ਹਾਊਸ ਦੀ ਖ਼ੂਬਸੂਰਤੀ ਦਾ, ਜਿਸਨੂੰ ਦੁਨੀਆ ਦਾ ਇਕ ਹੋਰ ਅਜੂਬਾ ਵੀ ਕਿਹਾ ਜਾ ਸਕਦਾ: ਨੌਂਵਾਂ ਅਜੂਬਾ: ਇਕ ਪਾਸੇ ਠਾਠਾਂ ਮਾਰਦੇ ਸਮੁੰਦਰ ਦੀ ਵਿਸ਼ਾਲਤਾ ਅਤੇ ਦੂਜੇ ਪਾਸੇ ਫੁੱਲਾਂ ਦੀ ਘਾਟੀ। ਫੁੱਲ ਹੀ ਫੁੱਲ, ਮੀਲਾਂ ਮੀਲਾਂ ਤੱਕ। ਰੰਗ ਬਿਰੰਗੇ ਸੁਗੰਧੀਆਂ ਭਰੇ ਅਸਲੀ ਤੇ ਜੰਗਲੀ ਫੁੱਲ। ਤੀਜੇ ਪਾਸੇ ਡੂੰਘੀਆਂ ਖੱਡਾਂ, ਹਰੀਆਂ ਭਰੀਆਂ ਤੇ ਰਹੱਸਮਈ। ਚੌਥੇ ਪਾਸੇ ਉਹ ਸੈਰਗਾਹ ਜੋ ਧਰਤੀ ਉੱਤੇ 'ਸਵਰਗ' ਕਹਾਉਂਦੀ ਹੈ; ਜਿਸ ਵਿਚ ਉਹ ਰੈਸਟ-ਹਾਊਸ, ਨਵ-ਵਿਆਹੀ ਦੁਲਹਨ ਵਾਂਗ ਸਜਿਆ-ਫਬਿਆ ਹਰ ਵਕਤ ਤਿਆਰ ਖੜ੍ਹਾ ਰਹਿੰਦਾ। ਹਰਿਆਲੀ ਉਨ੍ਹਾਂ ਰੁੱਖਾਂ ਦੀ, ਖ਼ੁਸ਼ਬੂ ਜੰਗਲੀ ਫੁੱਲਾਂ ਦੀ, ਨਜ਼ਾਰਾ ਜੰਗਲ ਵਿਚ ਉਸ ਮੰਗਲ ਦਾ, ਸੇਜ਼ ਉਸ ਰੈਸਟ-ਹਾਊਸ ਦੀ ਅਤੇ ਮੌਕਾ, ਉਹਦੇ ਟਰੇਨਰ ਦੀ ਉਸ ਉੱਤੇ ਪੈ ਗਈ ਮਿਹਰ ਦੀ ਨਜ਼ਰ ਦਾ:

"ਮਿਸ ਸ਼ੈਰੀ, ਮੈਂ ਤੈਨੂੰ ਅਜੇਹਾ ਟਰੇਂਡ ਕਰਾਂਗਾ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਤੂੰ

ਸੌ ਪ੍ਰਤੀਸ਼ਤ ਸਫ਼ਲ ਸਿੱਧ ਹੋਵੇਂਗੀ ... ਇਹ ਜ਼ਿੰਦਗੀ ਤੇਰੇ ਲਈ ਨਹੀਂ, ਤੂੰ ਜ਼ਿੰਦਗੀ ਲਈ ਇਕ ਚੈਲਿੰਜ ਬਣੇਂਗੀ।"

ਤੇ ਉਸਨੇ ਬਚਨ ਨਿਭਾਇਆ ਵੀ: ਉਸਨੂੰ ਤਕਨੀਕੀ ਵਿਕਾਸ ਦੀਆਂ ਉਹ ਤੰਦਾਂ ਵੀ ਦਿਖਾ ਦਿੱਤੀਆਂ ਜੋ ਉਹ ਵੀਹ ਵਰ੍ਹੇ ਪੜ੍ਹਾਈ ਦੇ ਲੇਖੇ ਲਾ ਕੇ ਵੀ ਨਹੀਂ ਸੀ ਵੇਖ ਸਕੀ: ਓਪਟੀਕਲ *ਫਾਈਵਰ ਦੀਆਂ ਰਗਾਂ ਵਿਚ ਦੌੜਦੀ ਲੇਜ਼ਰ ਬੀਮ ਤੇ ਲੇਜ਼ਰ ਬੀਮ ਦੇ ਕਣਾਂ ਵਿਚ ਦੌੜਦੀਆਂ ਡਿਜ਼ਟਿਲ ਡੈਟਾ ਬੱਸਾਂ ਦੇ ਨਾ ਕੇਵਲ ਉਹਨੂੰ ਦਰਸ਼ਨ ਕਰਾ ਦਿੱਤੇ, ਸਗੋਂ ਇਨ੍ਹਾਂ ਨੂੰ ਕੁਮਨੀਕੇਟ ਅਤੇ ਕੰਟਰੋਲ ਕਰਨ ਦੇ ਗੁਰ ਵੀ ਸਿਖਾ ਦਿੱਤੇ ਅਤੇ ਇਨ੍ਹਾਂ ਵਿਚੋਂ ਇਕ ਨਵੇਂ ਗੁਰ ਉੱਤੇ ਉਹਦਾ ਨਾਂ ਵੀ ਲਿਖ ਦਿੱਤਾ: 'ਸ਼ੈਰੀ ਰੋਜ਼ਮੈਰੀ ਲੇਜ਼ਰ ਕੁਮਨੀਕੇਸ਼ਨ ਕੰਟਰੋਲ ਪ੍ਰੋਗਰਾਮ!'*

ਕਿੰਨਾ ਮਿੱਠਾ ਸੀ ਉਹ ਟਰੇਨਰ ਅਤੇ ਗਿਆਨ-ਵਿਗਿਆਨ ਨਾਲ ਇੰਨਾ ਭਰਿਆ-ਪਰੁੰਨਿਆ ਕਿ ਉਸਨੂੰ ਸਭ ਕੁਝ ਦੇ ਕੇ ਵੀ ਰਤੀ-ਭਰ ਊਣਾ ਨਹੀਂ ਹੋਇਆ। ਫਿਰ ਕਦਰਦਾਨਾਂ ਦਾ ਕਦਰਦਾਨ ਵੀ ਤੇ ਉਸਦੀ ਇਸ ਕਦਰ ਦਾ ਇਕ ਹੋਰ ਕਮਾਲ ਉਹਦੀ ਇਹ ਅੰਤਿਮ ਰਿਪੋਰਟ:

"ਮਿਸ ਰੋਜ਼ਮੈਰੀ ਆਪਣੇ ਕਿੱਤੇ ਦੇ ਹਰ ਖੇਤਰ ਵਿਚ ਲਾਜਵਾਬ ਤੇ ਬੇਮਿਸਾਲ। ਡਿਜ਼ਿਟਲ ਕੁਮਨੀਕੇਸ਼ਨ ਯੁਗ ਦੀ ਇਕ ਇਨਕਲਾਬੀ ਪ੍ਰਾਪਤੀ। ਇਕ ਨਵੇਂ ਲੇਜ਼ਰ ਕੁਮਨੀਕੇਸ਼ਨ ਕੰਟਰੋਲ ਪ੍ਰੋਗਰਾਮ ਦੀ ਜਨਮਦਾਤੀ।"

ਇਹ ਰਿਪੋਰਟ ਉਹਦੇ 'ਹਾਇਰਿੰਗ ਬੌਸ' ਕੋਲ ਪਹੁੰਚੀ, ਤਾਂ ਪੜ੍ਹਦੇ ਸਾਰ ਮਚਲ ਉੱਠਿਆ। ਉੱਡਦਾ ਹੋਇਆ ਉਹਦੇ ਦਫਤਰ ਵਿਚ ਆਇਆ, ਨਿੱਘੇ ਮੋਹ ਨਾਲ ਸੀਨੇ ਨਾਲ ਲਾਇਆ, ਅੱਖਾਂ ਵਿਚ ਅੱਖ ਪਾ ਕੇ ਵਧਾਈ ਦਿੱਤੀ ਅਤੇ ਤੁਰ ਪਿਆ ਕੰਪਨੀ ਵਿਚ ਕੰਮ ਕਰਦੇ ਹੋਰ ਇੰਜਨੀਅਰਾਂ, ਰਿਸਰਚ ਸਕਾਲਰਾਂ ਅਤੇ ਸਟਾਫ ਮੈਂਬਰਾਂ ਨਾਲ ਮਿਲਾਉਣ। ਹਰ ਕਿਸੇ ਨਾਲ ਮਿਲਾਇਆ ਅਤੇ ਸ਼ਾਨਦਾਰ ਪਰਿਚੈ ਵੀ ਕਰਵਾਇਆ:

"ਇਹ ਹੈ ਮਿਸ ਸ਼ੈਰੀ ਰੋਜ਼ਮੈਰੀ! ਆਪਣੀ ਕੰਪਨੀ ਦੀ ਨਵੀਂ ਸਾਫਟਵੇਅਰ ਇੰਜਨੀਅਰ। ਮਿਸ ਸ਼ੈਰੀ, ਜਿਸਨੇ ਆਪਣੀ ਪੜ੍ਹਾਈ ਤੇ ਰਿਸਰਚ ਦੌਰਾਨ ਲੇਜ਼ਰ-ਡਿਜ਼ਿਟਲ ਕੁਮਨੀਕੇਸ਼ਨ ਦੇ ਫੀਲਡ ਵਿਚ ਮਾਰਕੇ ਦਾ ਕੰਮ ਕੀਤਾ ਹੈ ਅਤੇ ਆਪਣੀ ਟਰੇਨਿੰਗ ਦੌਰਾਨ ਇਕ ਅਜੇਹਾ ਸਾਫਟਵੇਅਰ ਵੀ ਈਜਾਦ ਕੀਤਾ ਹੈ, ਜਿਸ ਨਾਲ ਸਮੁੱਚੇ ਲੇਜ਼ਰ-ਡਿਜ਼ਿਟਲ ਤਕਨੀਕੀ ਵਿਕਾਸ ਵਿਚ ਇਕ ਇਨਕਲਾਬ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ।"

ਇਸ ਪਰਿਚੈ ਨੇ ਉਸ ਕੰਪਨੀ ਅੰਦਰ ਇੰਨਾ ਉਤੇਜਿਤ ਵਾਤਾਵਰਣ ਸਿਰਜ ਦਿੱਤਾ ਕਿ ਜ਼ਰਰਾ-ਜ਼ਰਰਾ ਉਹਦੇ ਬਾਰੇ ਗੱਲਾਂ ਕਰਨ ਲੱਗਾ ਅਤੇ ਉਹ ਖੁਸ਼ੀ ਦੇ ਅਸਮਾਨ ਵਿਚ ਉੱਡਣ ਲੱਗੀ ਅਤੇ ਉੱਡਦੀ-ਉੱਡਦੀ ਫਿਰ ਇਕ ਦਿਨ ਜਾ ਪਹੁੰਚੀ ਉਸ 'ਸੁਪਨਿਆਂ ਰੰਗੀ' ਵਾਦੀ ਵਿਚ ਜਿੱਥੇ ਉਹਦੀ ਜ਼ਿੰਦਗੀ ਵਿਚ ਇਕ ਹੋਰ ਕਰਿਸ਼ਮਾ ਹੋ ਗਿਆ।

ਕਰਿਸ਼ਮਾ, ਇਕ ਪਹਾੜੀ ਦੀ ਟੀਸੀ ਉੱਤੇ ਵਸੇ ਪੰਜ ਸਿਤਾਰਾ ਹੋਟਲ ਦੀ ਦਿਲਕਸ਼ ਸ਼ਾਮ ਤੇ ਚਮਤਕਾਰੀ ਰਾਤ ਦਾ। ਉਹਦੇ ਚਾਂਦੀ ਜੈਸੇ ਬਦਨ, ਬੌਧਿਕ ਸ਼ੋਖੀਆਂ ਤੇ ਸੁੰਦਰ



ਅਦਾਵਾਂ ਦਾ। ਉਹਦੇ 'ਹਾਇਰਿੰਗ ਬੌਸ' ਦੀ ਸਹੀ ਚੋਣ ਅਤੇ ਉਹਦੇ ਵੱਲੋਂ ਬੌਸ ਦਾ ਸ਼ੁਕਰੀਆ ਅਦਾ ਕਰਨ ਦਾ।

ਪਹਿਲੀ ਵਾਰ ਹੀ ਗਈ ਸੀ ਸ਼ੈਰੀ ਉਸ ਦਿਨ ਉਸ 'ਸੁਪਨਿਆਂ ਰੰਗੀ ਵਾਦੀ' ਵਿਚ। ਇਸ ਲਈ ਉਸ ਹਸੀਨ ਸ਼ਾਮ ਦਾ ਇਕ-ਇਕ ਲੰਮਹਾ ਉਹਦੀ ਰੂਹ ਵਿਚ ਕੁਤਕਤਾਰੀਆਂ ਕੱਢਦਾ ਰਿਹਾ। ਝੀਲ ਦੇ ਕਿਨਾਰੇ ਤੋਂ ਉੱਡ-ਉੱਡ ਕੇ ਪਹਾੜੀਆਂ ਵੱਲ ਕੂਚ ਕਰ ਰਹੇ ਪੰਛੀਆਂ ਦੇ ਝੁੰਡ ਉਹਦੇ ਮਨ ਵਿਚ ਝਰਨਾਹਟਾਂ ਛੇੜਦੇ ਗਏ। ਟੀਸੀ ਉੱਤੇ ਅਟਕ ਗਈ ਮਿੰਨ੍ਹੀ-ਮਿੰਨ੍ਹੀ ਸੰਦਲੀ ਧੁੱਪ ਉਹਦੇ ਵਜੂਦ ਨੂੰ ਟੁੰਬਦੀ, ਉਕਸਾਉਂਦੀ ਗਈ। ਉਹ ਹਰੇ-ਭਰੇ ਰੁੱਖਾਂ ਨੂੰ ਡੂੰਘੀ ਨੀਝ ਨਾਲ ਤੱਕਦੀ ਰਹੀ ਅਤੇ ਪਲ ਭਰ ਲਈ ਇਹ ਭੁੱਲ ਹੀ ਗਈ ਕਿ ਕੋਈ ਮੇਜ਼ਬਾਨ ਵੀ ਉਹਦੇ ਨਾਲ ਹੈ।

ਪਰ ਜਦੋਂ ਹੱਥ ਵਿਚ ਫੜਿਆ ਸੌ ਸਾਲ ਪੁਰਾਣੀ ਫਰੈਂਚ ਸਕਾਚ ਦਾ ਗਲਾਸ ਡਾਨਸ ਕਰਨ ਲੱਗ ਪਿਆ ਤਾਂ ਬੁੱਲ੍ਹਾਂ ਉੱਤੇ ਚਿਪਕ ਗਏ ਮਿੱਠੇ-ਮਿੱਠੇ ਬੋਲ, ਪਿਆਰੇ-ਪਿਆਰੇ ਕੌਲ-ਇਕਰਾਰ ਅਤੇ ਤਨ-ਮਨ ਪੰਘਰਦੇ ਗਏ ਨਰਮ ਮੁਲਾਇਮ ਛੂਹ ਦੇ ਨਾਲ। ਨਸ਼ੇ ਦਾ ਸਰੂਰ ਤਿੱਖਾ ਹੋਇਆ ਤਾਂ ਸੁਵੀਟ ਦੀਆਂ ਦੀਵਾਰਾਂ ਉੱਤੇ ਲਟਕਦੀਆਂ ਤਸਵੀਰਾਂ, ਸੀਨਰੀਆਂ ਤੇ ਪੇਂਟਿੰਗਜ਼ ਵੀ ਗੱਲਾਂ ਕਰਨ ਲੱਗ ਪਈਆਂ ਕਿਸੇ ਤਲਿਸਮੀ ਜ਼ੁਬਾਨ ਵਿਚ ਅਤੇ ਖਿੱਚ ਕੇ ਲੈ ਗਈ ਇਕ ਉਤੇਜਿਤ ਮਹਿਕ ਦੁਲਹਨ ਵਾਂਗ ਸ਼ਿੰਗਾਰੇ ਪਲੰਘ ਤੱਕ ਅਤੇ ਫਿਰ ਸ਼ੁਰੂ ਹੋ ਗਏ ਹੁਸਨੋ-ਹੁਲਾਸ ਦੇ ਜਲਵੇ ਤਰਦੇ ਰਹੇ ਉਹ ਅੱਗ ਦੀ ਨਦੀ ਰਾਤ ਭਰ ਅਤੇ ਕਰ ਗਈ ਸ਼ੈਰੀ ਇਕ ਹੋਰ ਕਰਿਸ਼ਮਾ ਸੁਬਹਾ ਹੋਣ ਤੱਕ: ਉਹਦੇ *ਕੈਰੀਅਰ ਉੱਪਰ ਲੱਗ ਗਈ 'ਚੀਫ ਸਾਫਟਵੇਅਰ ਇੰਜੀਨਅਰ' ਹੋਣ ਦੀ ਇਕ ਨਵੀਂ ਮੋਹਰ।*

ਸ਼ੈਰੀ ਅਤੀਤ ਦੀਆਂ ਵਾਦੀਆਂ ਵੱਲ ਫਿਸਲ ਗਈ ਹੈ ਤਾਂ ਫਰੈਂਕੀ "ਮੈਂ ਹੁਣੇ ਆਇਆ, ਹਨੀ!" ਕਹਿ ਕੇ ਬਾਥਰੂਮ ਵਿਚ ਜਾ ਵੜਿਆ ਹੈ ਅਤੇ ਸੰਗਮਰਮਰੀ ਮਾਰਬਲ ਦੇ ਧੁੱਪ ਵਾਂਗ ਲਿਸ਼ਕਦੇ ਬਾਥਰੂਮ ਦੇ ਆਦਮਕਦ ਸ਼ੀਸ਼ਿਆਂ ਵਿਚ ਆਪਣਾ 'ਮਲਟੀ-ਡਾਈਮੈਨਸ਼ਨਲ' ਰੂਪ ਦੇਖਦਾ, ਆਪਣੀ ਜਵਾਨੀ ਨੂੰ ਨਿਹਾਰਦਾ, ਸ਼ੈਰੀ 'ਤੇ ਫਿਦਾ ਹੋ ਰਿਹਾ ਹੈ:

'ਵਾਹ, ਕਿਆ ਔਰਤ ਹੈ! ਹੁਸਨ ਵੀ ... ਸ਼ਬਾਬ ਵੀ ... ਪਿਆਰ ਵੀ ... ਹੁਲਾਸ ਵੀ ... ਮਿਠਾਸ ਵੀ ਤੇ ਇਕ ਚੈਲਿੰਜ ਵੀ!'

ਉਸਨੂੰ ਆਪਣੇ ਕਣ-ਕਣ, ਰੋਮ-ਰੋਮ ਵਿਚੋਂ ਸ਼ੈਰੀ ਦੇ ਪਿਆਰ, ਹੁਸਨ ਤੇ ਸ਼ਬਾਬ ਦੀ ਖੁਸ਼ਬੋ ਆ ਰਹੀ ਹੈ ਅਤੇ ਉਹ ਸੀਟੀਆਂ ਮਾਰਦਾ ਗੁਣਗੁਣਾ ਰਿਹਾ ਹੈ ਪਰ ਸ਼ੈਰੀ ਦਾ ਮਨ ਪਤਲਾ ਪੈਣਾ ਸ਼ੁਰੂ ਹੋ ਗਿਆ ਹੈ:

'ਇਹ ਸ਼ਾਵਰ ਲੈ ਕੇ ਕਿਤੇ ਟਿਭ ਹੀ ਨਾ ਜਾਏ?'

ਇਹ ਵਿਚਾਰ ਮਨ ਵਿਚ ਆਉਂਦੇ ਹੀ ਉਹ ਇਕ ਘੁੰਮਣਘੇਰੀ ਵਿਚ ਆ ਫਸੀ ਹੈ, 'ਕੀ ਸਿਰਫ਼ ਕੈਰੀਅਰ ਜ਼ਿੰਦਗੀ ਬਣ ਸਕਦਾ ਹੈ?'

'ਨਹੀਂ! ਜੀਣ ਲਈ ਤਾਂ ਸਭ ਤੋਂ ਪਹਿਲਾਂ ਉਹ ਮਰਦ ਚਾਹੀਦਾ ਹੈ ਜੋ ਸਿਰਫ਼ ਮੇਰਾ ਹੋਵੇ ...'

ਕੀ ਫਰੈਂਕੀ, ਉਹ ਮਰਦ ਹੋ ਸਕਦਾ ਹੈ?'

'ਲੱਗਦਾ ਤਾਂ ਹੈ! ਪਰ ਇਹ ਪਤਾ ਨਹੀਂ, 'ਔਨ ਲਾਈਨ' ਵਾਲਿਆਂ ਦਾ ਕਿੰਨਾ ਕੁ ਭਰੋਸਾ ਕੀਤਾ ਜਾ ਸਕਦਾ ਹੈ?'

ਫਰੈਂਕੀ ਹਾਲੇ ਕੁਝ ਦਿਨ ਪਹਿਲਾਂ ਤੱਕ ਉਹਦਾ 'ਔਨ ਲਾਈਨ' ਫਰੈਂਡ ਹੀ ਤਾਂ ਸੀ। ਉਹਦੀ 'ਮਾਈ ਸਪੇਸ' ਦੀ ਉਪਲਬਧੀ। ਪਰ ਜਿਸ ਦਿਨ ਤੋਂ ਉਹ 'ਮਾਈ ਸਪੇਸ' ਵਿਚੋਂ ਨਿਕਲ ਕੇ ਉਹਦੇ ਰੂਬਰੂ ਹੋਇਆ ਹੈ, ਉਹ ਉਹਦੀ ਹੋ ਕੇ ਰਹਿ ਗਈ ਹੈ। ਸਿਰਫ਼ ਉਹਦੀ।

ਇਸ ਕਰਕੇ ਉਹਦਾ ਜੀਅ ਕਰ ਰਿਹਾ ਹੈ ਕਿ ਉਹ ਵੀ ਉਹਦੇ ਨਾਲ ਸ਼ਾਵਰ ਲਵੇ ਪਰ ਹਿੰਮਤ ਨਹੀਂ ਪੈ ਰਹੀ। ਸੋਚ ਰਹੀ ਹੈ:

'ਕਿਤੇ ਐਵੇਂ ਭੜਕ ਈ ਨਾ ਜਾਏ!'

'ਭੁੱਖੀ ਸਮਝ ਕੇ ਭੱਜ ਹੀ ਜਾਏ!'

ਪਰ ਮਨ ਉਪਰ ਕਾਬੂ ਵੀ ਨਹੀਂ ਹੋ ਰਿਹਾ ਅਤੇ ਇਹ ਮਨੋ-ਸਥਿਤੀ ਏਨੀ ਤਰਲ ਹੋ ਗਈ ਹੈ ਕਿ ਉਹ ਉਸ ਬਾਥਰੂਮ ਵਿਚ ਆ ਹੀ ਵੜੀ ਹੈ ਜਿੱਥੇ ਫਰੈਂਕੀ ਗਿੱਲਾ ਪਿੰਡਾ ਤੌਲੀਏ ਨਾਲ ਰਗੜ-ਰਗੜ ਪੂੰਝ ਰਿਹਾ ਹੈ ਅਤੇ ਉਹਦਾ 'ਮਲਟੀ-ਡਾਈਮੈਨਸ਼ਨਲ' ਅਕਸ ਉਹਦੇ 'ਹੀ-ਮੈਨ' ਹੋਣ ਦੀ ਸ਼ਾਹਦੀ ਭਰ ਰਿਹਾ ਹੈ ... ਤੇ ਇਹ ਅਕਸ ਦੇਖ ਕੇ ਸ਼ੈਰੀ ਦੇ ਤਨ-ਮਨ ਵਿਚ ਫਿਰ ਪਿਆਰ-ਤਰੰਗਾਂ ਦਾ ਇਕ ਤੇਜ਼ ਪ੍ਰਵਾਹ ਵਗ ਤੁਰਿਆ ਹੈ, ਜੋ ਕਿਸੇ ਸਮੁੰਦਰੀ ਤੂਫ਼ਾਨ ਵਾਂਗ ਸ਼ੂਕਦਾ ਫਰੈਂਕੀ ਵੱਲ ਵਧ ਰਿਹਾ ਹੈ ਅਤੇ ਉਹ ਇਸ ਤੂਫ਼ਾਨ ਵਿਚ ਹੜ੍ਹ ਜਾਣ ਲਈ ਬਾਹਾਂ ਫੈਲਾਈ, ਅੱਖਾਂ ਮੀਟੀ ਖੜ੍ਹੀ ਹੈ। ਪਿਆਰ ਉਤੇਜਨਾ ਦਾ ਇਹ ਖੂੰਖਾਰ ਤੂਫ਼ਾਨ ਅੱਜ ਪਹਿਲੀ ਵਾਰ ਉਸਨੂੰ ਆਪਣੇ ਅੰਦਰ ਖੌਰੂ ਪਾਉਂਦਾ ਮਹਿਸੂਸ ਹੋ ਰਿਹਾ ਹੈ ਅਤੇ ਉਹ ਫਰੈਂਕੀ ਨੂੰ ਖਿੱਚ ਕੇ ਫਿਰ ਉਸੇ ਬੈੱਡਰੂਮ ਵਿਚ ਲੈ ਵੜੀ ਹੈ, ਜਿੱਥੋਂ ਨਿਕਲ ਕੇ ਉਹ ਬਾਥਰੂਮ ਵਿਚ ਆਇਆ ਸੀ।

ਸ਼ੈਰੀ ਇਸ ਤੂਫਾਨ ਵਿਚ ਗੋਤੇ ਖਾ ਰਹੀ ਹੈ ਤਾਂ ਫਰੈਂਕੀ ਦਾ ਰੋਮ-ਰੋਮ ਵੀ ਫਿਰ ਸੁਲਗ ਪਿਆ ਹੈ। ਉਹਦੇ ਅੰਦਰੋਂ ਵੀ ਉਤੇਜਨਾ ਦਾ ਉਸੇ ਤਰ੍ਹਾਂ ਦਾ ਤੂਫ਼ਾਨ ਫੁੱਟ ਤੁਰਿਆ ਹੈ ਅਤੇ ਉਹ ਆਪਣੀਆਂ ਸੀਮਾਵਾਂ ਦੇ ਸਾਰੇ ਕੰਢੇ ਖੋਰ ਕੇ ਹੀ ਆਪਣੇ ਆਪ ਵਿਚ ਪਰਤੇ ਹਨ। ਇਸ ਨਵੇਂ ਕਰਿਸ਼ਮੇ ਨਾਲ ਸ਼ੈਰੀ ਦਾ ਕਣ-ਕਣ ਲਹਿਰੋ-ਲਹਿਰ ਹੋ ਗਿਆ ਹੈ। ਫਰੈਂਕੀ ਵੀ ਇਸ ਤੂਫਾਨ ਨਾਲ ਖੇਲ੍ਹਦਾ-ਖੇਲ੍ਹਦਾ ਸੌਂ ਗਿਆ ਹੈ।

* *

ਇਹ ਰਾਤ ਉਨ੍ਹਾਂ ਦੇ ਮਿਲਣ ਦੀ ਇਕ ਮਹਾਨ ਰਾਤ ਸੀ ਅਤੇ ਅੱਜ ਦੀ ਸੁਬਹਾ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਹੁਸੀਨ ਸੁਬਹਾ ਹੈ।

ਕਿਸੇ ਸੁਪਨੇ ਦੇ ਸੰਦਲੀ ਰੰਗ ਵਰਗੀ।

ਗੁਲਾਬ ਦੇ ਤਾਜ਼ਾ ਖਿੜੇ ਫੁੱਲਾਂ ਵਰਗੀ।

ਫਿਰ ਮੌਸਮ ਵੀ ਤਾਂ ਬਹਾਰ ਦਾ ਹੈ ਅਤੇ ਉਹ ਰੰਗ-ਬਰੰਗੇ ਫੁੱਲਾਂ ਨਾਲ ਚਹਿਕਦੇ, ਮਹਿਕਦੇ ਵਿਹੜੇ ਦੇ ਮਖ਼ਮਲੀ ਘਾਹ ਉਪਰ ਬੈਠੇ ਮਿੱਠੀ-ਮਿੱਠੀ ਧੁੱਪ ਦਾ ਆਨੰਦ ਲੈਂਦੇ,



ਨਾਸ਼ਤਾ ਕਰਦੇ, ਪਿਆਰ-ਭਰੀ ਗੁਫ਼ਤਗੂ ਦਾ ਲੁਤਫ਼ ਲੈ ਰਹੇ ਹਨ। ਇਕ ਬਦਲੋਟੀ ਸੂਰਜ ਦੇ ਅੱਗੇ-ਪਿੱਛੇ ਘੁੰਮਦੀ ਅੱਖ-ਮਚੋਲੀ ਖੇਲ੍ਹ ਰਹੀ ਹੈ। ਸੂਰਜ ਦੀਆਂ ਰਿਸ਼ਮਾਂ ਇਸ ਬਦਲੋਟੀ ਨਾਲ ਟਕਰਾ ਕੇ, ਉਨ੍ਹਾਂ ਦੇ ਤਨ-ਮਨ ਨੂੰ ਛੂਹ ਕੇ, ਰੰਗੀਨ ਸੁਰਤਾਲ ਛੇੜ ਰਹੀਆਂ ਹਨ। ਇਹ ਸੁਰਤਾਲ ਸ਼ੈਰੀ ਦੀ ਰੂਹ ਵਿਚ ਮਿੱਠੀਆਂ-ਮਿੱਠੀਆਂ ਕੁਤਕਤਾਰੀਆਂ ਕੱਢਦਾ, ਇਕ ਨਵੀਂ ਕਿਸਮ ਦੀ ਉਤੇਜਨਾ ਭਰਦਾ ਜਾ ਰਿਹਾ ਹੈ ਅਤੇ ਉਹਦਾ ਮਨ ਕਹਿ ਰਿਹਾ ਹੈ, 'ਫਰੈਂਕੀ, ਮੈਨੂੰ ਹਮੇਸ਼ਾ ਆਪਣੇ ਅੰਗ-ਸੰਗ ਚਾਹੀਦਾ! ਹਰ ਵਕਤ ਮੇਰੀਆਂ ਅੱਖਾਂ ਦੇ ਆਹਮਣੇ ਸਾਹਮਣੇ ਤੇ ਦਿਲ ਦੇ ਪਾਸ।'

ਉਹਦੀ ਇਹ ਸੋਚ ਇੰਨੀ ਪ੍ਰਬਲ ਹੋ ਗਈ ਹੈ ਕਿ ਇਸਨੂੰ ਹਕੀਕਤ ਦੀ ਜ਼ਮੀਨ ਉਪਰ ਉਤਾਰ ਲੈ ਆਉਣ ਲਈ ਉਹ ਸ਼ਬਦ ਲੱਭ ਰਹੀ ਹੈ ... ਤੇ ਆਖਰ, ਇਹ ਜ਼ੁਬਾਨ ਉੱਤੇ ਆ ਹੀ ਗਏ ਹਨ:

"ਹਨੀ, ਅੱਜ ਮੈਂ ਬਹੁਤ ਜ਼ਿਆਦਾ ਖੁਸ਼ ਹਾਂ!"

"ਇੰਨੀ ਖੁਸ਼ ਕਿ ਜਿੰਨੀ ਕਦੇ ਵੀ ਨਹੀਂ ਹੋਈ!"

"ਮੈਨੂੰ ਤੇਰੇ ਨਾਲ ਇੰਨਾ ਪਿਆਰ ਹੋ ਗਿਆ ਏ ਕਿ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ। ਏਨਾ ਪਿਆਰ ਕਿ ਮੈਂ ਤੇਰੇ ਇਰਦ-ਗਿਰਦ ਉਸ ਬਦਲੋਟੀ ਵਾਂਗ ਉੱਡਦੀ ਫਿਰਦੀ ਮਹਿਸੂਸ ਕਰ ਰਹੀ ਹਾਂ।"

"ਓ ਮਾਈ ਡਾਰਲਿੰਗ, ਓ ਮਾਈ ਲਵ!" ਫਰੈਂਕੀ ਨੇ ਉੱਠ ਕੇ ਝੁਕ ਕੇ ਉਹਦਾ ਹੱਥ ਚੁੰਮਿਆ ਅਤੇ ਫਿਰ ਬੋਲਿਆ ਹੈ, "ਤੁਸੀਂ ਤਾਂ ਮੇਰੀ ਖੁਸ਼ੀ ਦੇ ਸਾਰੇ ਖਜਾਨੇ ਖੋਲ੍ਹ ਦਿੱਤੇ ... ਹੁਣ ਮੈਂ ਹੋਰ ਕੀ ਕਹਾਂ, ਡਾਰਲਿੰਗ! ਆਈ ਲਵ ਯੂ ਵੈਰੀ ਮੱਚ! ਯੂ ਯਾਰ ਸੋ ਗਰੇਟ!!"

ਫਰੈਂਕੀ ਉਹਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਰਿਹਾ ਹੈ ਅਤੇ ਉਹ ਹੋਰ ਵੀ ਭਾਵੁਕ ਹੋ ਕੇ ਚਹਿਕ ਉੱਠੀ ਹੈ, "ਹਨੀ, ਇਸ ਘਰ ਦੀ ਹਰ ਚੀਜ਼ ਵਿਚੋਂ ਮੈਨੂੰ ਤੂੰ ਦਿਖਦਾ ਏਂ। ਆਪਣੇ ਸਾਹਾਂ ਵਿਚੋਂ ਵੀ ਤੇਰੇ ਸਾਹਾਂ ਦੀ ਮਹਿਕ ਆਉਂਦੀ ਹੈ। ਹਵਾ ਦੀ ਰਵਾਨੀ ਵਿਚੋਂ ਵੀ ਤੇਰੀ ਗੁਣਗੁਣਾਹਟ ਸੁਣਾਈ ਦੇਂਦੀ ਐ। ਮੇਰੇ ਰੋਮ-ਰੋਮ ਵਿਚ ਤੂੰ ਵਸ ਗਿਆ ਏਂ। ਮੈਂ ਤੇਰੇ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੀ, ਹਨੀ!"

"ਸਵੀਟਹਰਟ, ਮੈਂ ਵੀ ਤੈਨੂੰ ਬੇਪਨਾਹ ਮੁਹੱਬਤ ਕਰਦਾ ਹਾਂ। ਮੁਹੱਬਤ ਨਾਲੋਂ ਵੀ ਵੱਧ, ਮੈਂ ਤਾਂ ਸਗੋਂ ਇਹ ਫ਼ਖ਼ਰ ਮਹਿਸੂਸ ਕਰਦਾ ਹਾਂ ਕਿ ਇਕ ਸਿਖਰ ਔਰਤ ਮੈਨੂੰ ਏਨੀ ਮੁਹੱਬਤ ਕਰਦੀ ਹੈ: ਏਨੀ ਗਹਿਰੀ ਮੁਹੱਬਤ ਕਿ ਹੁਣ ਮੈਂ ਕੀ ਕਹਾਂ ...।" ਸ਼ੈਰੀ ਦੀਆਂ ਸ਼ਹਿਦ-ਭਿੱਜੀਆਂ ਨੀਲੀਆਂ ਅੱਖੀਆਂ ਵਿਚ ਡੂੰਘਾ ਖੁੱਭ ਕੇ ਉਹ ਫਿਰ ਬੋਲਿਆ ਹੈ, "ਇਕ ਸਿਖਰ ਔਰਤ ਦੀ ਮੁਹੱਬਤ ਹਾਸਲ ਕਰਕੇ ਮੈਂ ਇਸ ਵੇਲੇ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਵੱਧ ਗੌਰਵਸ਼ਾਲੀ ਮਨੁੱਖ ਸਮਝ ਰਿਹਾਂ। ਮੈਨੂੰ ਨਹੀਂ ਪਤਾ, ਇਸ ਤੋਂ ਵੱਧ ਜ਼ਿੰਦਗੀ ਆਪਾਂ ਨੂੰ ਹੋਰ ਦੇ ਵੀ ਕੀ ਸਕਦੀ ਹੈ!"

"ਦੈਟ'ਸ ਗਰੇਟ! ਚੱਲ ਫਿਰ ਸੈਲੀਬਰੇਟ ਕਰੀਏ! ਤੈਨੂੰ ਸਭ ਤੋਂ ਚੰਗੀ ਜਗ੍ਹਾ ਕਿਹੜੀ ਲੱਗਦੀ ਏ, ਮੇਰੇ ਪਿਆਰੇ?"

"ਹਨੀ ਤੇਰਾ ਦਿਲ!" ਉਹਨੇ ਉੱਠ ਕੇ ਤੇ ਝੁਕ ਕੇ ਇਕ ਵਾਰ ਫਿਰ ਸ਼ੈਰੀ ਦਾ ਹੱਥ ਚੁੰਮਿਆ ਹੈ ਤਾਂ ਉਹ ਫਿਰ ਪਿਘਲ ਗਈ ਹੈ:

"ਕਿਸੇ ਜਗ੍ਹਾ ਦਾ ਨਾਂ ਲੈ ਨਾ ਫਰੈਂਕੀ!"

"ਹਨੀ, ਜਿੱਥੇ ਵੀ ਤੇਰਾ ਦਿਲ ਚਾਹੇ।"

"ਹਵਾਈ ਦੇ ਕੁਦਰਤੀ ਨਜ਼ਾਰਿਆਂ ਦੀ ਸੈਰ ਕਰਨ ਨਾ ਚੱਲੀਏ? ਮੇਰੀ ਬੜੀ ਰੀਝ ਹੈ ਨਿੱਘੇ ਪਾਣੀਆਂ ਵਿਚ ਤਾਰੀਆਂ ਲਾਉਣ ਦੀ।"

"ਵਾਹ, ਇਸ ਤੋਂ ਵਧੀਆ ਥਾਂ ਵੀ ਕੋਈ ਹੋਰ ਹੋ ਸਕਦੀ ਹੈ!"

"ਚੱਲ ਫਿਰ ਅਗਲੇ ਵੀਕ-ਇੰਡ 'ਤੇ ਚੱਲਦੇ ਆਂ। ਇਕ ਹਫ਼ਤੇ ਭਰ ਲਈ। ਟਿਕਟਾਂ ਮੈਂ ਮੰਗਵਾ ਲਊਂਗੀ ... ਬੱਸ, ਸਮੇਂ ਸਿਰ ਏਅਰਪੋਰਟ ਪਹੁੰਚ ਜਾਈਂ। ਇੰਤਜ਼ਾਰ ਨਾ ਕਰਵਾਈਂ। ਮੈਨੂੰ ਕਰਨਾ ਨਹੀਂ ਆਉਂਦਾ!"

"ਮੈਂ ਸਮੇਂ ਤੋਂ ਪਹਿਲਾਂ ਪਹੁੰਚ ਜਾਵਾਂਗਾ, ਹਨੀ!"

"ਪੱਕਾ?"

"ਮੇਰੇ 'ਤੇ ਵਿਸ਼ਵਾਸ ਕਰੋ ਹਨੀ, ਆਈ ਲਵ ਯੂ ਸੋ ਮੱਚ!"

"ਤੇਰੇ ਤੇ ਤਾਂ ਮੈਂ ਰੱਬ ਜਿੰਨਾ ਵਿਸ਼ਵਾਸ ਕਰਦੀ ਹਾਂ ... ਸਗੋਂ ਰੱਬ ਨਾਲੋਂ ਵੀ ਵੱਧ, ਮੇਰੇ ਪਿਆਰੇ!"

ਸ਼ੈਰੀ ਦੀਆਂ ਖੁਸ਼ੀ ਨਾਲ ਅੱਖਾਂ ਭਰ ਆਈਆਂ ਪਰ ਇਕ ਲੰਮੇ ਚੁੰਮਣ ਨਾਲ ਫਿਰ ਮਘ ਉੱਠੀਆਂ ਹਨ। ਫਰੈਂਕੀ ਇਹ ਪਿਆਰ-ਭਰੀ ਅਲਵਿਦਾ ਕਹਿ ਕੇ ਅਤੇ ਉਹਨੂੰ ਆਪਣੇ ਪਿਆਰ ਦੇ ਕਰਿਸ਼ਮੇ ਨਾਲ ਚਹਿਕਦੀ, ਮਹਿਕਦੀ, ਮਟਕਦੀ ਛੱਡ ਕੇ ਚਲਾ ਗਿਆ ਹੈ।

* *

ਇਸੇ ਪਿਆਰ-ਅਹਿਸਾਸ ਨਾਲ ਨਸ਼ਿਆਏ ਹੋਏ ਉਹ ਹਵਾਈ ਪਹੁੰਚੇ ਹਨ ਤਾਂ ਹਵਾਈ ਉਨ੍ਹਾਂ ਦੇ ਇਸ ਅਹਿਸਾਸ ਤੇ ਮਿਜ਼ਾਜ਼ ਦੇ ਇੰਨੀ ਰਾਸ ਆ ਰਹੀ ਹੈ ਕਿ ਉਹ ਮੁਹੱਬਤ ਦੇ ਨਿੱਤ ਨਵੇਂ ਤੋਂ ਨਵੇਂ ਆਕਾਸ਼ ਗਾਹੁੰਦੇ ਫਿਰ ਰਹੇ ਹਨ: ਕਦੇ ਇਸ ਬੀਚ ਕਿਨਾਰੇ ਤੇ ਕਦੇ ਉਸ ਬੀਚ ਕਿਨਾਰੇ ਵੱਲ। ਕਦੇ ਪੱਛਮੀ ਤੱਟ ਉੱਤੇ ਤੇ ਕਦੇ ਪੂਰਵੀ ਤੱਟ ਵੱਲ। ਕਦੇ 'ਵੱਡੇ ਟਾਪੂ' ਦੇ ਇਸ ਪਾਰ ਤੇ ਕਦੇ 'ਹਾਨਾਲੂਲੂ' ਦੇ ਉਸ ਪਾਰ।

ਕਦੇ ਸਮੁੰਦਰ ਦੀਆਂ ਲਹਿਰਾਂ ਉੱਤੇ ਸਵਾਰ ਤੇ ਕਦੇ ਬੀਚ ਦੀ ਗਰਮ ਰੇਤ ਉੱਤੇ ਕਦਮ ਚਾਪ। ਬਾਗਾਂ ਤੇ ਪਾਰਕਾਂ ਦੀ ਸੈਰ, ਪ੍ਰੇਮ-ਵਾਰਤਾਲਾਪ ਅਤੇ ਪਿਆਰ ਹੀ ਪਿਆਰ। ਉਹ ਕਿਸੇ ਰੁਮਾਂਟਿਕ ਥਾਂ ਬੈਠ ਕੇ ਸਮੁੰਦਰ ਦੀ ਨਿਲੱਤਣ ਨੂੰ ਨਿਹਾਰਨ ਲੱਗਦੇ ਹਨ ਤਾਂ ਘੰਟਿਆਂ-ਬੱਧੀ ਨਿਹਾਰਦੇ ਰਹਿੰਦੇ ਹਨ ਅਤੇ ਰੂਹਾਂ ਵਿਚ ਉਤਾਰਦੇ ਰਹਿੰਦੇ ਹਨ। ਕਿਸੇ ਪਾਰਕ ਦੇ ਘਾਹ ਉਪਰ ਪਲਸੇਟੇ ਮਾਰਦੇ-ਮਾਰਦੇ ਨੀਲੰਬਰ ਨੂੰ ਨਿਹਾਰਨ ਲੱਗਦੇ ਹਨ ਤਾਂ ਅੱਖਾਂ ਥੱਕ ਜਾਣ ਤੱਕ ਨਿਹਾਰਦੇ ਰਹਿੰਦੇ ਹਨ ਅਤੇ ਅੱਖਾਂ ਬੰਦ ਹੋ ਜਾਣ 'ਤੇ ਨੀਲੰਬਰ ਪਾਰ ਕਿਸੇ ਹੋਰ ਬ੍ਰਹਿਮੰਡ ਵਿਚ ਜਾ ਵੜਦੇ ਹਨ।



ਕਿਸੇ ਪਹਾੜੀ ਉੱਤੇ ਚੜ੍ਹ ਕੇ ਖੂਬਸੂਰਤ ਸੀਨਰੀਆਂ ਦੀਆਂ ਫੋਟੋਆਂ ਖਿੱਚਣ ਲੱਗਦੇ ਹਨ ਤਾਂ ਇੰਜ ਮਹਿਸੂਸ ਕਰਦੇ ਹਨ ਜਿਵੇਂ ਆਪਣੇ ਵਰਤਮਾਨ ਨੂੰ ਭਵਿੱਖ ਦੇ ਕੈਮਰੇ ਵਿਚ ਬੰਦ ਕਰ ਰਹੇ ਹੋਣ। ਕਦੇ ਤਾਰਿਆਂ ਭਰੀ ਚਾਂਦਨੀ ਰਾਤ ਵਿਚ ਬਾਂਹ ਵਿਚ ਬਾਂਹ ਪਾ ਕੇ ਕਿਸੇ ਬੀਚ ਦੇ ਰੇਤ ਉੱਤੇ ਕਦਮ-ਚਾਪ ਕਰਦੇ ਹਨ ਤਾਂ ਚੰਦ ਤੇ ਚਾਂਦਨੀ ਬਣ ਜਾਣਾ ਲੋਚਦੇ ਹਨ। ਉਹ ਜਿਧਰ ਨੂੰ ਵੀ ਨਿਕਲਦੇ ਹਨ, ਜ਼ਿੰਦਗੀ ਦੇ ਹੁਸੀਨ ਪਲ ਭੋਗ ਰਹੇ ਮਹਿਸੂਸ ਕਰਦੇ ਹਨ। ਸ਼ੈਰੀ ਆਪਣੀ ਮੁਹੱਬਤ ਦੇ ਉਡਨ-ਖਟੋਲੇ ਵਿਚ ਫਰੈਂਕੀ ਨੂੰ ਇੰਜ ਉਡਾਈ ਫਿਰਦੀ ਹੈ ਕਿ ਉਹ ਉਹਨੂੰ 'ਸੋਨ ਖੰਭੀ ਉਡਨ ਪਰੀ' ਕਹਿ ਕੇ ਬੁਲਾਉਣ ਲੱਗ ਪਿਆ ਹੈ ਅਤੇ ਉਹ ਜਦੋਂ ਵੀ ਇੰਜ ਬਲਾਉਂਦਾ ਹੈ, ਸ਼ੈਰੀ ਨੂੰ ਇਹ ਅਹਿਸਾਸ ਹੁੰਦਾ ਹੈ, ਜਿਵੇਂ ਸੱਚ-ਮੁੱਚ ਉਹਦੇ ਸੋਨੇ ਦੇ ਖੰਭ ਉੱਗ ਆਏ ਹੋਣ ਅਤੇ ਉਹ ਉਹਦਾ ਯਾਰ ਇਨ੍ਹਾਂ ਖੰਭਾਂ ਉੱਤੇ ਸਵਾਰ ਮੁਹੱਬਤ ਦੇ ਆਕਾਸ਼ ਵਿਚ ਉਡਾਰੀਆਂ ਮਾਰ ਰਿਹਾ ਹੋਵੇ।

ਇਹ ਸੱਤ ਦਿਨਾਂ ਦੀ ਸੈਰ ਉਨ੍ਹਾਂ ਨੂੰ ਜੁਗਾਂ-ਜੁਗਾਂਤਰਾਂ ਦੀ ਮੌਜ-ਮਸਤੀ ਦੇ ਬਰਾਬਰ ਲੱਗ ਰਹੀ ਹੈ। ਸ਼ੈਰੀ ਦੀ ਰੂਹ ਤਾਂ ਪੂਰੀ ਤਰ੍ਹਾਂ ਤ੍ਰਿਪਤ ਹੋ ਗਈ ਹੈ। ਉਸਦਾ ਰੋਮ-ਰੋਮ ਚਹਿਕ ਰਿਹਾ ਹੈ। ਹਰ ਧੜਕਣ ਮੁਹੱਬਤ ਦਾ ਨਗਮਾ ਗੁਣਗੁਣਾ ਰਹੀ ਹੈ ਤੇ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਜ਼ਿੰਦਗੀ ਦੀ ਅਸਲੀ ਸਿਖਰ ਉਸਨੇ ਹੁਣ ਹਾਸਲ ਕੀਤੀ ਹੋਵੇ। ਕਿਸੇ ਮਰਦ ਦੇ ਸਾਥ ਦਾ ਇਸ ਪ੍ਰਕਾਰ ਦਾ ਅਦਭੁੱਤ ਤੇ ਅਨੋਖਾ ਨਸ਼ਾ ਉਸਨੂੰ ਪਹਿਲਾਂ ਕਦੇ ਨਹੀਂ ਹੋਇਆ। ਇਸ ਲਈ ਫਰੈਂਕੀ ਨੂੰ ਹਾਸਲ ਕਰ ਲੈਣਾ ਉਹਨੂੰ ਆਪਣੀ ਜ਼ਿੰਦਗੀ ਦੀ ਨਾ ਕੇਵਲ ਸਭ ਤੋਂ ਮਹਾਨ ਪ੍ਰਪਾਤੀ ਲੱਗ ਰਹੀ ਹੈ, ਸਗੋਂ ਇਕ ਨਵਾਂ ਚਮਤਕਾਰ ਵੀ ਲੱਗ ਰਿਹਾ ਹੈ।

ਫਰੈਂਕੀ ਵੀ ਪੂਰਾ ਖੁਸ਼ ਹੈ, ਇੰਨਾ ਖੁਸ਼ ਜਿਵੇਂ ਸੱਚ-ਮੁੱਚ ਕਿਸੇ ਸੋਨ-ਪਰੀ ਦੇ ਖੰਭਾਂ ਉੱਤੇ ਬੈਠ ਕੇ ਪਰੀ-ਦੇਸ਼ ਆ ਉਤਰਿਆ ਹੋਵੇ। ਇੰਨਾ ਖੁਸ਼ ਕਿ ਉਹਦੇ ਵਜੂਦ ਦੇ ਕਣ-ਕਣ ਵਿਚ ਵੀ ਸ਼ੈਰੀ ਨਾਲ ਇਸ਼ਕ, ਮਹਾਨ ਪ੍ਰਾਪਤੀ ਦਾ ਅਹਿਸਾਸ ਬਣ ਕੇ ਮਚਲ ਰਿਹਾ ਹੈ।

ਇਸ ਲਈ ਬੱਸ, ਪਿਆਰ ਹੀ ਪਿਆਰ ਹੈ ਦੋਨਾਂ ਦੇ ਵਿਚਕਾਰ।

ਅੱਜ ਹਵਾਈ ਦੀ ਸੈਰ ਦਾ ਉਨ੍ਹਾਂ ਦਾ ਆਖ਼ਰੀ ਦਿਨ ਹੈ ਤੇ ਉਹ ਪਹੁ-ਫੁਟਾਲੇ ਤੋਂ ਵੀ ਪਹਿਲਾਂ 'ਸਨ-ਰਾਈਜ਼' ਬੀਚ ਵੱਲ ਨਿਕਲ ਤੁਰੇ ਹਨ। ਬੀਚ ਕਿਨਾਰੇ ਇਸ ਸਮੇਂ ਨਾ ਕੋਈ ਚਿੜੀ ਹੈ, ਨਾ ਪਰਿੰਦਾ। ਸਮੁੰਦਰ ਵੀ ਹਨੇਰੇ ਦੀ ਸੁਰਮਈ ਚਾਦਰ ਤਾਣ ਕੇ ਘੂਕ ਸੁੱਤਾ ਪਿਆ ਹੈ। ਬੀਚ ਦੀ ਚਿੱਟੀ ਚਕੋਰ ਰੇਤ ਚਾਂਦਨੀ ਵਾਂਗ ਚਮਕ ਰਹੀ ਹੈ ਅਤੇ ਸਾਫ-ਸੁਥਰੀ ਪੌਣ ਵੀ ਦਿਲਾਂ ਨੂੰ ਛੂਹ-ਛੂਹ ਕੇ ਰੁਮਕ ਰਹੀ ਹੈ। ਇਕ ਰਹੱਸਮਈ ਚੁੱਪ ਸਾਰੀ ਕਾਇਨਾਤ ਵਿਚ ਪਸਰੀ ਪਈ ਹੈ ਅਤੇ ਸਕੂਨ-ਭਰੀ, ਸ਼ਾਂਤਮਈ ਫ਼ਿਜ਼ਾ ਇਸੇ ਚੁੱਪ ਦਾ ਸੰਗੀਤ ਗੁਣਗੁਣਾ ਰਹੀ ਹੈ।

ਉਨ੍ਹਾਂ ਦੇ ਕਦਮਾਂ ਦੀ ਆਹਟ ਵੀ ਰਿਦਮਮਈ ਸਰਸਰਾਹਟ ਬਣ ਕੇ ਇਸੇ ਸੰਗੀਤ ਵਿਚ ਵਲੀਨ ਹੋ ਰਹੀ ਹੈ ਅਤੇ ਧੜਕਨਾਂ ਦੀ ਆਵਾਜ਼ ਵੀ ਸੰਗੀਤਕ ਧੁਨ ਬਣ ਕੇ ਇਸੇ ਵਿਚ ਮਿਲ ਰਹੀ ਹੈ। ਉਹ ਇਸ ਚੁੱਪ ਨੂੰ ਰੂਹਾਂ ਵਿਚ ਉਤਾਰਦੇ, ਇਸ ਨਾਲ ਸੰਵਾਦ ਰਚਾਉਂਦੇ ਤੁਰੇ ਜਾ ਰਹੇ ਹਨ। ਸ਼ੈਰੀ ਰੇਤ ਉਪਰ ਮੋਰਨੀ ਵਾਂਗ ਠੁਮਕ-ਠੁਮਕ ਪੱਬ ਧਰ ਰਹੀ ਹੈ ਅਤੇ ਫਰੈਂਕੀ ਸੁਬਹਾ ਦਾ ਕੋਈ ਖਾਮੋਸ਼ ਤਰਾਨਾ ਗੁਣਗੁਣਾ ਰਿਹਾ ਹੈ ਕਿ ਅੱਖ ਦੇ ਇਕ ਲਿਸ਼ਕੋਰੇ

ਵਾਂਗ, ਸੋਨ-ਸੁਨਹਿਰੀ ਉਜਾਲੇ ਨੇ ਸਾਰੀ ਕਾਇਨਾਤ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਪਲਕ ਝਪਕਦੇ ਹੀ ਸਾਰਾ ਸਮੁੰਦਰ ਜਾਗ ਪਿਆ ਹੈ ਅਤੇ ਬੀਚ ਦਾ ਕਣ-ਕਣ ਚਹਿਕ ਉਠਿਆ ਹੈ।

ਫਰੈਂਕੀ ਇਸ ਅੱਦਭੁੱਤ ਰੁਮਾਂਟਿਕ ਦ੍ਰਿਸ਼ ਨੂੰ ਦੇਖ ਕੇ ਚਹਿਕ ਰਿਹਾ ਹੈ, "ਵੱਟ੍ਹ ਏ ਗਰੇਟ ਸੀਨ, ਡਾਰਲਿੰਗ! ਇਸ ਤੋਂ ਵੱਧ ਸੁੰਦਰ ਸੀਨ ਮੈਂ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੇ ਨਹੀਂ ਦੇਖਿਆ!"

"ਦੇਖ, ਸਮੁੰਦਰ ਵੱਲ ਦੇਖ! ਪਹਾੜੀਆਂ ਵੱਲ ਤੇ ਰੁੱਖਾਂ ਵੱਲ ਦੇਖ! ਕਿਸ਼ਤੀਆਂ ਵੱਲ ਤੇ ਮੇਰੇ ਵੱਲ ਦੇਖ ..."

"ਦੇਖ ਮੇਰੀ ਸੋਨ-ਪਰੀ, ਮੈਂ ਕਿੰਨਾ ਖੁਸ਼ ਹਾਂ!"

"ਮੇਰਾ ਜੀਅ ਕਰਦਾ ਏ, ਇਸ ਸੋਨ-ਸੁਨਹਿਰੀ ਉਜਾਲੇ ਨੂੰ ਮੁੱਠੀ ਵਿਚ ਭਰ ਕੇ ਅਸਮਾਨ ਵਿਚ ਉੱਡ ਜਾਵਾਂ, ਸਿਤਾਰਿਆਂ ਵਿਚ ਜਾ ਵਸਾਂ!"

ਉਹ ਇਸ ਖੁਸ਼ੀ ਨਾਲ ਦੀਵਾਨਾ ਹੋਇਆ ਬੀਚ ਕਿਨਾਰੇ ਦੌੜ ਤੁਰਿਆ ਹੈ ਅਤੇ ਹਵਾ ਨਾਲ ਗੱਲਾਂ ਕਰਦਾ ਉੱਡਿਆ ਜਾ ਰਿਹਾ ਹੈ।

ਪਰ ਸ਼ੈਰੀ ਕੁਝ ਕੁ ਕਦਮ ਦੌੜ ਕੇ ਹਫ਼ ਕੇ ਖਲੋ ਗਈ ਹੈ। ਫਿਰ ਇਕ ਉੱਚੀ ਥਾਂ ਉੱਤੇ ਚੜ੍ਹ ਕੇ ਇਕ ਰੁੱਖ ਦੇ ਥੱਲੇ ਬਹਿ ਗਈ ਹੈ। ਫਰੈਂਕੀ ਉਹਦੀਆਂ ਨਜ਼ਰਾਂ ਤੋਂ ਅਲੋਪ ਹੋ ਗਿਆ ਹੈ।

ਅੱਧਾ ਘੰਟਾ ... ਪੌਣਾ ਘੰਟਾ ... ਇਕ ਘੰਟਾ ਹੋ ਗਿਆ ਹੈ ਪਰ ਉਹ ਹਾਲੇ ਤੱਕ ਵੀ ਮੁੜਿਆ ਨਹੀਂ। ਉਹ ਉਡੀਕ-ਉਡੀਕ ਕੇ ਬੇਚੈਨ ਹੋ ਉਠੀ ਹੈ ਤਾਂ ਖੁਦ ਵੀ ਉਸੇ ਦਿਸ਼ਾ ਵਿਚ ਤੇਜ਼ ਚਾਲੇ ਤੁਰ ਪਈ ਹੈ।

'ਉਹ ਕਿੱਥੇ ਉੱਡ ਗਿਆ?' ਉਹ ਸੋਚਦੀ ਜਾ ਰਹੀ ਹੈ, 'ਕਹਿੰਦਾ ਸੀ, ਮੇਰਾ ਸਿਤਾਰਾ ਬਣਨ ਨੂੰ ਜੀਅ ਕਰਦਾ, ਕਿਤੇ ਸੱਚ-ਮੁੱਚ ਕੋਈ ਸਿਤਾਰਾ ਹੀ ਨਾ ਬਣ ਜਾਏ? ਬੰਦਾ ਬੜਾ ਜ਼ਿੰਦਾਦਿਲ ਤੇ ਸੁਪਨਸਾਜ਼ ਹੈ!'

ਉਹਨੂੰ ਆਪਣੀ ਸੋਚ 'ਤੇ ਆਪ ਹੀ ਹਾਸਾ ਆ ਗਿਆ ਹੈ ਅਤੇ ਉਹਦੇ ਚਾਰੇ ਪਾਸੇ ਵੀ ਚਹਿਲ-ਪਹਿਲ ਤੇ ਖੁਸ਼ੀਆਂ ਦੇ ਫੁਹਾਰੇ ਫੁੱਟ ਰਹੇ ਹਨ ਤੇ ਬੀਚ ਕਿਨਾਰੇ ਭੀੜ ਵਧਦੀ ਜਾ ਰਹੀ ਹੈ। ਉਹ ਥੱਕ ਗਈ ਏ ਤਾਂ ਫਿਰ ਇਕ ਉੱਚੀ ਥਾਂ ਉੱਤੇ ਇਕ ਖਜੂਰ ਦੇ ਰੁੱਖ ਹੇਠ ਖਲੋ ਕੇ ਅੱਡੀਆਂ ਚੁੱਕ-ਚੁੱਕ ਕੇ ਫਰੈਂਕੀ ਨੂੰ ਭਾਲ ਰਹੀ ਹੈ।

ਆਖਰ, ਉਹ ਮੁੜਿਆ ਹੈ ਤਾਂ ਉਹਦੇ ਸਾਰੇ ਸਰੀਰ ਵਿਚੋਂ ਪਾਣੀ ਵਾਂਗ ਪਸੀਨੇ ਦੀਆਂ ਘਰਾਲਾਂ ਵਗ ਰਹੀਆਂ ਹਨ ਅਤੇ ਉਹ ਇੰਜ ਹੌਂਕ ਰਿਹਾ ਹੈ ਕਿ ਡਿੱਗਾ ਕਿ ਡਿੱਗਾ। ਸ਼ੈਰੀ ਉਹਨੂੰ ਦੇਖ ਕੇ ਪਹਿਲਾਂ ਠਹਾਕਾ ਮਾਰ ਕੇ ਹੱਸੀ ਹੈ ਪਰ ਫਿਰ ਉਹਦੀ ਹਾਲਤ ਦੇਖ ਕੇ ਤੇ ਇਕਦਮ ਠਠੰਬਰ ਕੇ ਉਹਨੂੰ ਸੰਭਾਲਦੀ ਹੋਈ ਉਹਦੇ ਗਿੱਲੇ ਪਿੰਡੇ ਨੂੰ ਆਪਣੇ ਸੁੱਕੇ ਪਿੰਡੇ ਤੇ ਤਨ ਦੇ ਕਪੜਿਆਂ ਨਾਲ ਪੂੰਝਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਉਹ ਉਹਦੇ ਹੱਥਾਂ ਵਿਚੋਂ ਤਿਲਕ ਕੇ ਬੀਚ ਦੀ ਰੇਤ ਉੱਤੇ ਜਾ ਡਿੱਗਾ ਹੈ। ਉਹ ਰੇਤ ਉਤੇ ਪਿਆ ਵੀ ਬਹੁਤ ਬੁਰੀ ਤਰ੍ਹਾਂ



ਹੌਂਕ ਰਿਹਾ ਹੈ। ਸ਼ੈਰੀ ਉਹਦੇ ਪਿੰਡੇ ਨੂੰ ਰੇਤ ਨਾਲ ਢੱਕ-ਢੱਕ ਕੇ ਸਕਾਉਣ ਵਿਚ ਲੱਗੀ ਹੋਈ ਹੈ ਅਤੇ ਉਹਦੇ ਬੁੱਲ੍ਹ ਫਰਕ ਰਹੇ ਹਨ, 'ਮਾਈ ਹੀ-ਮੈਨ, ਮਾਈ ਲਵ!'

ਉਹ ਉਹਨੂੰ ਪਲੋਸੀ ਜਾ ਰਹੀ ਹੈ ਅਤੇ ਪਿਆਰ ਕਰੀ ਜਾ ਰਹੀ ਹੈ। ਇਸ ਨਾਲ ਫਰੈਂਕੀ ਨੂੰ ਮਾੜਾ ਜਿਹਾ ਸਾਹ ਆਇਆ ਹੈ ਤਾਂ ਉਹ ਹੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਜਿਸਮ ਫਿਰ ਰੇਤ ਉੱਤੇ ਕਿਰ ਗਿਆ ਹੈ ਅਤੇ ਸ਼ੈਰੀ ਉਹਦੀ ਇਸ ਦੀਵਾਨਗੀ ਉੱਤੇ ਫਿਦਾ ਹੋ ਰਹੀ ਹੈ:

"ਤੇਰਾ ਹਵਾ ਵਾਂਗ ਉੱਡਨਾ ਬਹੁਤ ਚੰਗਾ ਲੱਗਾ, ਹਨੀ!"

"ਪਾਗ਼ਲ ਵਾਂਗ ਕਹਿ ਤਾਂ, ਪਿਆਰ ਪਾਗ਼ਲ ਹੀ ਤਾਂ ਬਣਾਉਂਦਾ।"

"ਜ਼ਿੰਦਗੀ ਨੂੰ, ਅਸਲੀ ਜ਼ਿੰਦਗੀ ਵਾਂਗ ਜੀਣਾ ਵੀ ਤਾਂ ਸਿਖਾਉਂਦਾ!"

ਉਹ ਹੋਟਲ ਸਵੀਟ ਵਿਚ ਪਰਤ ਕੇ ਵੀ, ਇਸ ਦੌੜ-ਦੀਵਾਨਗੀ ਦੇ ਕਈ ਤਰ੍ਹਾਂ ਦੇ ਅਰਥ ਕੱਢਦੇ ਹੱਸ ਰਹੇ ਹਨ ਪਰ ਫਰੈਂਕੀ ਦੇ ਐਨੀਆਂ ਖੱਲੀਆਂ ਪੈ ਗਈਆਂ ਹਨ ਕਿ ਉਹਦੇ ਤੋਂ ਹਿੱਲਿਆ ਵੀ ਨਹੀਂ ਜਾ ਰਿਹਾ ਅਤੇ ਸ਼ੈਰੀ ਉਹਦੇ ਅੰਗ-ਅੰਗ ਦੀ ਤੇਲ ਮਾਲਿਸ਼ ਕਰ ਰਹੀ ਹੈ ਅਤੇ ਆਪਣੇ ਆਪ ਨੂੰ 'ਪਤਨੀ' ਚਿੱਤਵ ਕੇ ਉਹਦੀ ਰੂਹ ਹੁਲਾਰੇ ਖਾ ਰਹੀ ਹੈ।

'ਹਾਂ ਮੈਂ ਪਤਨੀ ਤੇ ਫਰੈਂਕੀ ਮੇਰਾ ਪਤੀ!'

ਸ਼ੈਰੀ ਦੇ ਦਿਲੋ-ਦਿਮਾਗ਼ ਵਿਚ ਇਹ ਸੰਕਲਪ ਪੈਦਾ ਹੁੰਦੇ ਹੀ ਇਕਦਮ ਘਰ ਗਿਆ ਲੱਗਦਾ ਹੈ ਅਤੇ ਉਹਨੇ ਬਾਕੀ ਦਾ ਸਾਰਾ ਦਿਨ ਫਰੈਂਕੀ ਦੀ ਸੇਵਾ ਵਿਚ ਇਕ ਪਤਨੀ ਵਾਂਗ ਹੀ ਗੁਜ਼ਾਰਿਆ ਹੈ ... ਤੇ ਹੁਣ ਰਾਤ ਨੂੰ ਸੌਣ ਵੇਲੇ ਤੱਕ ਇਹ ਅਹਿਸਾਸ ਇੰਨਾ ਪ੍ਰਬਲ ਹੋ ਗਿਆ ਹੈ ਕਿ ਉਹ ਇਸ ਤਸੱਵਰ ਬਾਰੇ ਆਪਣੇ-ਆਪ ਨਾਲ ਗੱਲਾਂ ਕਰੀ ਜਾ ਰਹੀ ਹੈ:

'ਆਖਰ, ਮੈਂ ਆਪਣੇ ਸੁਪਨਿਆਂ ਦਾ ਮਰਦ ਹਾਸਲ ਕਰ ਹੀ ਲਿਆ!'

'ਮੇਰੇ ਪਿਆਰ ਨੂੰ ਆਖਰ ਉਹ ਪਿਆਰ ਮਿਲ ਹੀ ਗਿਆ, ਜਿਸਦੀ ਮੈਨੂੰ ਤਲਾਸ਼ ਸੀ ... ਕਿੰਨਾ ਹੈਂਡਸਮ ਤੇ ਕਿਊਟ ਹੈ ਮੇਰਾ ਇਹ ਯਾਰ ... ਤੇ ਮੇਰਾ ਹੋਣ ਵਾਲਾ ਪਤੀ!"

ਅੱਧ-ਸੁੱਤੀ ਮਨੋ-ਅਵਸਥਾ ਵਿਚ ਵੀ ਉਹ ਆਪਣੀ ਇਸ ਪ੍ਰਾਪਤੀ ਨੂੰ ਵਾਰ-ਵਾਰ ਚੁੰਮ ਰਹੀ ਹੈ ਅਤੇ ਫਰੈਂਕੀ ਦੇ ਮੱਥੇ ਉੱਤੇ ਵੀ ਸਕੂਨ ਅਤੇ ਪ੍ਰਾਪਤੀ ਦਾ ਇਕ ਹਾਈ-ਪਾਵਰ ਬਲਬ ਜਗਮਗਾਉਂਦਾ ਮਹਿਸੂਸ ਕਰਕੇ ਉਹ ਵਾਰੀ-ਬਲਿਹਾਰੀ ਜਾਂਦੀ ਆਪਣੇ-ਆਪ ਨੂੰ ਫਿਰ ਕਹਿ ਰਹੀ ਹੈ:

'ਹੁਣ ਹੀ ਤਾਂ ਪਤਾ ਲੱਗਾ ਹੈ, ਅਸਲੀ ਪਿਆਰ ਕੀ ਹੁੰਦਾ ਤੇ ਅਸਲੀ ਮਰਦ ਕੀ ਹੁੰਦਾ ਹੈ: ਉਹ ਮਰਦ ਜਿਹਦੇ ਲਈ ਮੈਂ ਆਪਣੀ ਜਾਨ ਤੱਕ ਵੀ ਵਾਰ ਸਕਦੀ ਹਾਂ ... ਅਸਲ 'ਚ ਪਹਿਲੀ ਵਾਰ ਹੀ ਤਾਂ ਮੈਂ ਪੂਰੇ ਦਾ ਪੂਰਾ ਮਰਦ ਹਾਸਲ ਕੀਤਾ ਐ: ਉਹ ਮਰਦ, ਜੋ ਸਿਰਫ਼ ਮੇਰਾ ਹੈ!'

'ਆਪਣੀ ਜ਼ਿੰਦਗੀ ਦਾ ਅਸਲੀ ਕਰਿਸ਼ਮਾ ਵੀ ਮੈਂ ਹੁਣ ਕੀਤਾ ਹੈ ਤੇ ਇਹ ਪਿਆਰ ਹੀ ਮੇਰੀ ਜ਼ਿੰਦਗੀ ਦਾ ਸਭ ਤੋਂ ਮਹਾਨ ਕਰਿਸ਼ਮਾ ਹੈ!'

ਇਹ 'ਕਰਿਸ਼ਮਾ' ਸ਼ਬਦ ਜ਼ਿਹਨ ਵਿਚ ਉਭਰਦੇ ਹੀ, ਉਹ ਵਰਤਮਾਨ ਤੋਂ ਤਿਲਕ ਕੇ ਅਤੀਤ ਦੀ ਕਿਸੇ ਸਿਮਰਤੀ ਦੇ ਵਿਹੜੇ ਵਿਚ ਜਾ ਵੜੀ ਹੈ ਅਤੇ ਉਹਦੇ ਜ਼ਿਹਨ ਵਿਚ ਉਹਦੇ ਕੈਰੀਅਰ ਦਾ ਇਕ ਅਤਿ-ਸੁੰਦਰ ਹੋਰ ਕਰਿਸ਼ਮਾ ਫਿਲਮੀ ਰੀਲ਼ ਵਾਂਗ ਘੁੰਮਣ ਲੱਗ ਪਿਆ ਹੈ:

ਕਰਿਸ਼ਮਾ, ਕੰਪਨੀ ਦੇ ਮਾਲ ਦੀ 'ਗਲੋਬਲੀ ਨੁਮਾਇਸ਼' ਦਾ।

ਮੌਕਾ, ਸ਼ੈਰੀ ਦੀ ਸਿਰ-ਤੋੜ ਮਿਹਨਤ, ਲਿਆਕਤ ਅਤੇ ਸ਼ਖ਼ਸੀਅਤ ਸਦਕਾ, ਇਕ ਮਲਟੀਮਿਲੀਅਨ ਡਾਲਰ ਦੇ 'ਓਵਰਸੀਜ਼ ਕਾਨਟ੍ਰੈਕਟ' ਦੇ ਸਿਰੇ ਚੜ੍ਹ ਜਾਣ ਦਾ ਅਤੇ ਉਹਦੀ ਕੰਪਨੀ ਦੇ ਸੀ. ਈ. ਓ. ਅਤੇ ਮਾਲਕ ਦੀ ਉਹਦੇ 'ਤੇ ਪੈ ਗਈ ਮਿਹਰਭਰੀ ਨਜ਼ਰ ਦਾ ... ਦਰਅਸਲ, ਮਾਲਕ ਦਾ ਵਿਅਕਤੀਤਵ ਦੇਖ ਕੇ ਤਾਂ ਉਹ ਦੰਗ ਰਹਿ ਗਈ:

ਨੌਜਵਾਨ, ਸੋਹਣਾ-ਸੁਨੱਖਾ, ਗੋਰਾ-ਚਿੱਟਾ, ਉੱਚਾ ਲੰਮਾ ਅਤੇ ਡੁੱਲ੍ਹ ਡੁੱਲ੍ਹ ਪੈਂਦਾ ਆਤਮ-ਵਿਸ਼ਵਾਸ। ਪਾਰਖੂ ਇੰਨਾ ਕਿ ਇਕ ਨਜ਼ਰ ਵਿਚ ਹੀ ਸਭ ਕੁਝ ਤੋਲ ਗਿਆ। ਬੱਸ, ਸਿਰਫ਼ ਇਕ ਵਾਰੀ ਨੀਝ ਲਾ ਕੇ ਦੇਖਿਆ ਉਹਨੂੰ ਸਿਰ ਤੋਂ ਪੈਰਾਂ ਤੱਕ ਤੇ ਛਿਣ ਭਰ ਲਈ ਇੰਜ ਅੱਟਕਿਆ ਉਹਦੀਆਂ ਨੀਲੀਆਂ ਡੂੰਘੀਆਂ ਤਜਰਬੇਕਾਰ ਅੱਖਾਂ ਵਿਚ ਕਿ ਉਹ ਧੁਰ ਅੰਦਰ ਤੱਕ ਖਿੜ ਗਈ ਅਤੇ ਉਸੇ ਵੇਲੇ ਪਲਕਾਂ ਵਿਛਾ ਦਿੱਤੀਆਂ। ਉਹ ਇਸ ਰਹੱਸਮਈ ਨਜ਼ਰ ਦੀ ਤਾਬ ਬਿਨਾ ਸੀ ਕੀਤੇ ਝੱਲ ਤਾਂ ਗਿਆ ਪਰ ਬੋਲਿਆ:

"ਮਿਸ ਸ਼ੈਰੀ, ਆਪਾਂ ਇਹ ਸਾਰੀ ਗੱਲ ਕਿਤੇ ਰੀਲੈਕਸ ਮੂਡ ਤੇ ਖੁੱਲ੍ਹੇ ਮਾਹੌਲ ਵਿਚ ਨਾ ਕਰੀਏ? ਉਸੇ 'ਨਵੇਂ ਪ੍ਰੋਜੈਕਟ' ਬਾਰੇ ਗੱਲਬਾਤ ਕਰਨੀ ਏ, ਜਿਹੜਾ ਤੂੰ ਹਾਸਲ ਕੀਤਾ ਐ ਤੇ ਇਹ ਗੱਲ ਇੰਨੀ ਮਹੱਤਵਪੂਰਨ ਹੈ ਕਿ ਇਸ ਦਫ਼ਤਰੀ ਮਾਹੌਲ ਵਿਚ ਚੱਜ ਨਾਲ ਹੋ ਨਹੀਂ ਸਕਣੀ।"

"ਸਰ, ਜਿਵੇਂ ਤੁਸੀਂ ਚਾਹੋ!"

ਸ਼ੈਰੀ ਦੀਆਂ ਪਲਕਾਂ ਹੋਰ ਝੁਕ ਗਈਆਂ ਤਾਂ ਉਸੇ ਵੇਲੇ ਦੋ ਹਵਾਈ ਟਿਕਟਾਂ ਆ ਗਈਆਂ ਅਤੇ ਉਹ ਸਵੇਰ ਹੋਣ ਤੱਕ ਪਹੁੰਚ ਗਈ ਆਪਣੇ ਮਾਲਕ ਤੇ ਬੌਸ ਦੇ ਨਿੱਜੀ ਰੈਂਚ ਵਿਚ। ਪਹਿਲੀ ਨਜ਼ਰੇ ਆਲਾ-ਦੁਆਲਾ ਦੇਖਿਆ ਤਾਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ: ਨਾ ਕਿਸੇ ਪਾਸੇ ਕੋਈ ਦਿਸਹੱਦਾ ਹੀ ਦਿਖੇ ਤੇ ਨਾ ਕਿਸੇ ਚੀਜ਼ ਦਾ ਕੋਈ ਅੰਤ ਹੀ।

ਥੋੜ੍ਹਾ ਰਿਲੈਕਸ ਕਰਨ ਤੋਂ ਮਗਰੋਂ ਅਤੇ ਨਾਸ਼ਤਾ ਕਰਨ ਤੋਂ ਪਹਿਲਾਂ ਨਹਾਉਣ ਦਾ ਮਨ ਕੀਤਾ ਤਾਂ ਉਹ ਲੈ ਗਿਆ, ਕਿਸੇ ਮਿਸਟਰੀ ਮੂਵੀ ਦੇ ਤਲਿਸਮੀ ਤਲਾਅ ਵਰਗੇ ਆਪਣੇ ਸਵਿੰਮਿੰਗ ਪੂਲ ਵਿਚ ... ਨਹਾਉਣ ਤੋਂ ਮਗਰੋਂ ਨਾਸ਼ਤਾ ਕੀਤਾ ਤਾਂ ਉਹ ਦਿਖਾਉਣ ਲੈ ਗਿਆ, ਦੁਨੀਆ ਭਰ ਦੀਆਂ ਹੁਸੀਨ ਵਸਤਾਂ ਅਤੇ ਕੀਮਤੀ ਪਦਾਰਥਾਂ ਨਾਲ ਭਰਿਆ ਪਿਆ ਆਪਣਾ ਅਜਾਇਬ ਘਰ ... ਇਹ ਦੇਖ ਕੇ ਉਹਨੂੰ ਪਹਿਲੀ ਵਾਰੀ ਇਹ ਪਤਾ ਲੱਗਾ ਕਿ ਕਿਸ-ਕਿਸ ਦੇਸ਼ ਵਿਚ ਕੀ-ਕੀ ਹੁੰਦਾ ਹੋਊ ਅਤੇ ਉਹਦੇ ਮਨ ਨੇ ਇਕ ਲੰਮਾ ਹਾਉਕਾ ਲੈ ਕੇ ਕਿਹਾ:

'ਕੋਈ ਬੰਦਾ ਇੰਨਾ ਅਮੀਰ ਕਿੰਝ ਹੁੰਦਾ ਹੋਊ?'

'ਕੀ-ਕੀ ਕਰਦਾ ਹੋਊ ਇਹ ਸਭ ਹੋਣ ਲਈ?'



ਇਹ ਸੋਚਦੀ-ਸੋਚਦੀ ਅਤੇ ਆਪਣੇ ਮੱਧ-ਵਰਗੀ ਪਿਛੋਕੜ ਨੂੰ ਕੋਸਦੀ-ਕੋਸਦੀ ਉਹ ਆਪਣੇ ਕਮਰੇ ਵਿਚ ਆ ਕੇ ਸੌਂ ਗਈ ਤਾਂ ਖੂਬ ਸੁਪਨਮਈ ਨੀਂਦ ਆਈ ... ਸ਼ਾਮ ਢਲੇ ਉੱਠੀ ਤਾਂ ਮਾਲਕ ਦੇ ਰੈਂਚ ਦੀਆਂ ਨੌਕਰ ਕੁੜੀਆਂ ਨੂੰ ਮਿਲੀ: ਖ਼ੂਬਸੂਰਤ ਕੁੜੀਆਂ ਤਿਤਲੀਆਂ ਵਰਗੀਆਂ।

ਬੱਸ, ਦਿਲ ਹਾਰ ਬੈਠੀ। ਸੋਚਿਆ, ਇਹੀ ਅੰਤਿਮ ਮੰਜ਼ਿਲ ਬਣ ਜਾਏ ਅਤੇ ਇਹ ਸੱਚ ਹੁੰਦਾ ਵੀ ਜਾਪਿਆ। ਉਸ ਸ਼ਾਮ ਉਹ ਉਸਨੂੰ ਘਰਵਾਲੇ ਵਾਂਗ ਹੀ ਮਿਲਿਆ। ਮਹਿਮਾਨ-ਨਿਵਾਜ਼ੀ ਦਾ ਤਾਂ ਉਹਨੇ ਸਿਰਾ ਹੀ ਤੋੜ ਦਿੱਤਾ ਅਤੇ ਉਸਨੂੰ ਇਹ ਵੀ ਪਹਿਲੀ ਵਾਰ ਹੀ ਪਤਾ ਲੱਗਾ ਕਿ ਕੋਈ ਸ਼ਾਮ ਇੰਜ ਵੀ ਮਨਾਈ ਜਾ ਸਕਦੀ ਹੈ ... ਇਹ ਸ਼ਾਮ ਹੋਰ ਡੂੰਘੀ ਹੋਈ ਤਾਂ ਨਵੀਂ ਕਿਸਮ ਦੇ ਸਰੂਰ ਨਾਲ ਤਨ-ਮਨ ਖਿਲ਼ ਉੱਠਿਆ ਅਤੇ ਖੁਸ਼ੀ ਨਾਲ ਆਪਣੀ ਮਹਿਮਾਨ ਨੂੰ ਝੂਮਦੀ ਦੇਖ ਕੇ ਉਹ ਬੋਲਿਆ:

"ਮਿਸ ਸ਼ੈਰੀ! ਮੈਂ ਆਪਣੀ ਪਤਨੀ ਨਾਲ ਤਲਾਕ ਦੇ ਪੂਰੇ ਇਕ ਸਾਲ ਬਾਅਦ ਅੱਜ ਆਪਣੇ ਇਸ ਰੈਂਚ ਵਿਚ ਆਇਆਂ ... ਇਸ ਲਈ ਹਰ ਚੀਜ਼ ਓਪਰੀ ਓਪਰੀ ਲੱਗ ਰਹੀ ਐ ਤੇ ਮਨ ਉਦਾਸ ਉਦਾਸ।"

"ਸਰ, ਮੈਂ ਹਾਜ਼ਰ ਹਾਂ!" ਇਹ ਸੁਝਿਆ ਪਰ ਕਹਿ ਨਹੀਂ ਸਕੀ।

ਉਸ ਸੋਚਿਆ, 'ਇੰਨਾ ਖੁੱਲ੍ਹਮ-ਖੁੱਲ੍ਹਾ ਆਤਮ-ਸਮਰਪਣ ਸ਼ਾਇਦ ਹੀ ਪਸੰਦ ਆਏ ਉਹਦੇ ਵਰਗੇ ਅਮੀਰ ਆਦਮੀ ਤੇ ਸਿਖਰ ਪੁਰਸ਼ ਨੂੰ ਜਾਂ ਸ਼ਾਇਦ ਕਿਸੇ ਵੀ ਮਰਦ ਨੂੰ!'

ਪਰ ਉਹ ਵੀ ਪਤਾ ਨਹੀਂ ਕਿੰਨੇ ਪੱਤਣਾਂ ਦਾ ਤਾਰੂ ਹੋਓ, ਸਭ ਸਮਝ ਗਿਆ ਅਤੇ ਸ਼ੈਰੀ ਲਈ ਖੁਸ਼ੀਆਂ ਦਾ ਨਵਾਂ ਖਜ਼ਾਨਾ ਖੁੱਲ੍ਹ ਗਿਆ ... ਬੱਸ ਉਸੇ ਰੈਂਚ ਵਿਚ ਸ਼ੈਰੀ ਦੇ ਸੋਨੇ ਦੇ ਖੰਭ ਉੱਗ ਆਏ।

ਉਹ ਖੰਭ ਜਿਨ੍ਹਾਂ ਦੀ ਛਤਰ-ਛਾਇਆ ਹੇਠ ਇਸ ਸਮੇਂ ਫਰੈਂਕੀ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ ਅਤੇ ਉਹ ਉਹਨੂੰ ਇਨ੍ਹਾਂ ਖੰਭਾਂ ਥੱਲੇ ਪਲੋਸ-ਪਲੋਸ ਘੁੱਟੀ ਜਾ ਰਹੀ ਹੈ ... ਅਤੇ ਇਸਦੀ ਤਪਸ਼ ਨਾਲ ਉਸਨੇ ਇਕ ਪਾਸਾ ਪਲਟਿਆ ਹੈ ਪਰ ਬਿਨਾਂ ਅੱਖ ਖੋਲ੍ਹੇ ਫਿਰ ਘਰਾੜੇ ਮਾਰਨ ਲੱਗ ਪਿਆ ਹੈ ਅਤੇ ਸ਼ੈਰੀ 'ਉਫ਼, ਉਫ਼, ਸ਼ਿੱਟ, ਸ਼ਿੱਟ!' ਕਰਦੀ ਉੱਠ ਕੇ ਬਹਿ ਗਈ ਹੈ ਅਤੇ ਮਨੋ-ਬਚਨੀ ਦੇ ਕੌੜੇ ਘੁੱਟ ਨਿਗਲ ਰਹੀ ਹੈ:

'ਅੱਜ ਏਨੀ ਖੁਸ਼ੀ ਦੇ ਮੌਕੇ ਇਹ ਮੇਰੇ ਕੈਰੀਅਰ ਦੇ ਕਰਿਸ਼ਮੇ ਕਿਉਂ ਯਾਦ ਆ ਰਹੇ ਹਨ? ਕਿਤੇ ਮੇਰਾ ਕੈਰੀਅਰ, ਮੇਰੀ ਮੁਹੱਬਤ ਦੇ ਰਾਹ ਵਿਚ ਰੋੜਾ ਤਾਂ ਨਹੀਂ ਬਣਨ ਜਾ ਰਿਹਾ?' ਉਹਨੂੰ ਆਪਣੀ ਇਸ ਮਨੋ-ਸਥਿਤੀ ਦੀ ਸਮਝ ਨਹੀਂ ਆ ਰਹੀ, 'ਮੈਂ ਜਾਗਦੀ ਹੋਈ ਵੀ ਆਪਣੇ ਕਰਿਸ਼ਮਿਆਂ ਦੇ ਉਹ ਪੁਰਾਣੇ ਕਿੱਸੇ ਕਿਸੇ ਸੁਪਨੇ ਵਾਂਗ ਕਿਉਂ ਦੇਖ ਰਹੀ ਹਾਂ?'

ਉਹਦਾ ਦਿਲ ਕਰ ਰਿਹਾ ਹੈ ਕਿ ਫਰੈਂਕੀ ਨੂੰ ਜਗਾ ਲਏ ਅਤੇ ਆਪਣੀ ਇਸ ਮਨੋ-ਸਥਿਤੀ ਬਾਰੇ ਦੱਸ ਦਏ ਪਰ ਹਿੰਮਤ ਨਹੀਂ ਪੈ ਰਹੀ:

'ਕਿਤੇ ਐਵੇਂ ਭੜਕ ਹੀ ਨਾ ਜਾਏ ... ਮਾਨਸਿਕ ਤੌਰ 'ਤੇ ਬੀਮਾਰ ਸਮਝ ਕੇ ਭੱਜ ਹੀ ਨਾ ਜਾਏ ... ਪਰ 'ਪਤੀ' ਹੁੰਦਾ ਤਾਂ ਮੈਂ ਜ਼ਰੂਰ ਜਗਾ ਲੈਂਦੀ ਤੇ ਜੇ ਸਭ ਕੁਝ ਨਹੀਂ ਤਾਂ ਕੁਝ ਕੁ ਤਾਂ ਦੱਸ ਹੀ ਦਿੰਦੀ!'

'ਫਰੈਂਕੀ, ਜ਼ਰੂਰ ਮੇਰਾ ਪਤੀ ਵੀ ਹੋਣਾ ਚਾਹੀਦਾ!'

'ਮੇਰਾ ਯਾਰ ਹੀ ਮੇਰਾ ਪਤੀ ਵੀ ਹੋਣਾ ਚਾਹੀਦਾ!'

ਉਹਦੇ ਜ਼ਿਹਨ ਵਿਚ ਉਭਰ ਰਹੇ 'ਪਤੀ' ਸ਼ਬਦ ਨਾਲ ਉਹਦੀ ਰੂਹ ਧੁਰ ਅੰਦਰ ਤੱਕ ਖਿਲ਼ ਉੱਠੀ ਹੈ ਅਤੇ ਇਕ ਅਜੇਹੀ ਗੁਦਗੁਦੀ ਅਤੇ ਝੁਣਝੁਣੀ ਪੈਦਾ ਹੋ ਗਈ ਹੈ ਕਿ ਉਹ ਵਾਈਨ ਦਾ ਗਲਾਸ ਲੈ ਕੇ, ਬਾਹਰ ਗੈਲਰੀ ਵਿਚ ਆ ਕੇ ਖਲੋ ਗਈ ਹੈ ਅਤੇ ਰੁਮਾਂਟਿਕ ਨਜ਼ਰਾਂ ਨਾਲ ਅਸਮਾਨ ਨੂੰ ਨਿਹਾਰ ਰਹੀ ਹੈ: ਤਾਰਿਆਂ-ਭਰੀ ਰਾਤ ਵਿਚ ਜਗਮਗਾ ਰਿਹਾ ਆਕਾਸ਼ ਉਹਨੂੰ ਆਪਣੇ ਵਰਤਮਾਨ ਵਾਂਗ ਲੱਗ ਰਿਹਾ ਹੈ ਅਤੇ ਦੂਧੀਆ ਰਾਹ ਵਿਚ ਖੜ੍ਹਾ ਫਰੈਂਕੀ ਆਪਣੇ ਵੱਲ ਬੁਲਾਉਂਦਾ ਨਜ਼ਰ ਆ ਰਿਹਾ ਹੈ।

'ਵਾਹ, ਕਿਆ ਰਹੱਸਮਈ ਸੀਨ ਹੈ! ਕਿਤੇ ਮੇਰਾ ਫਰੈਂਕੀ ਸੱਚ-ਮੁੱਚ ਹੀ ਆਕਾਸ਼ ਵਿਚ ਤਾਂ ਨਹੀਂ ਜਾ ਚੜ੍ਹਿਆ?' ਇਹ ਤਸੱਵਰ ਕਰਕੇ ਉਹ ਉੱਡਦੀ ਹੋਈ ਅੰਦਰ ਆਈ ਹੈ ਪਰ ਫਰੈਂਕੀ ਤਾਂ ਉਸੇ ਤਰ੍ਹਾਂ ਘੂਕ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ ਅਤੇ ਸ਼ੈਰੀ ਨੂੰ ਵੀ ਅੱਖਾਂ ਵਿਚ ਨੀਂਦ ਦੀ ਖੁਮਾਰੀ ਉਤਰਦੀ ਮਹਿਸੂਸ ਹੋ ਰਹੀ ਹੈ ਅਤੇ ਉਹ ਬੈੱਡ ਉੱਤੇ ਮੁੜ ਪੈਂਦੇ ਸਾਰ ਫਰੈਂਕੀ ਨੂੰ ਪਲੋਸਦੀ, ਆਪਣੇ ਨਾਲ ਘੁੱਟੀ ਜਾ ਰਹੀ ਹੈ।

ਤੇ ਆਖਰ, ਉਹ ਉਭੜਵਾਹੇ ਨੀਂਦ ਤੋਂ ਜਾਗ ਕੇ ਬੈਠ ਹੀ ਗਿਆ ਹੈ ਅਤੇ ਅੱਖਾਂ ਮਲਦਾ ਪੁੱਛ ਰਿਹਾ ਹੈ:

"ਡਾਰਲਿੰਗ, ਤੁਸੀਂ ਸੁੱਤੇ ਨਹੀਂ ਹਾਲੇ ਤੱਕ?"

"ਏਨੀ ਖੁਸ਼ੀ ਨਾਲ ਤਾਂ ਬੰਦਾ ਮਰ ਵੀ ਸਕਦਾ, ਡਾਰਲਿੰਗ!"

"ਕੀ ਵਕਤ ਹੋ ਗਿਆ?"

"ਵਕਤ ਤੋਂ ਨਾ ਡਰ ਪਿਆਰ! ਚੱਲ ਉੱਠ, ਸੈਰ ਕਰਨ ਚੱਲੀਏ ਤੇ ਆਪਣੇ ਭਵਿੱਖ ਬਾਰੇ ਕੁਝ ਹੋਰ ਜ਼ਰੂਰੀ ਗੱਲਾਂ ਕਰੀਏ!"

"ਭਵਿੱਖ *ਬਾਰੇ ਕੁਝ ਹੋਰ ਜ਼ਰੂਰੀ ਗੱਲਾਂ! ਹਨੀ,* ਤੂੰ ਕੁਝ ਸੋਚ ਰਹੀ ਲੱਗਦੀ ਏਂ ... ਕੀ ਕੋਈ ਗੰਭੀਰ ਮਸਲਾ ਹੈ?"

ਫਰੈਂਕੀ ਉਹਦੇ ਚਿਹਰੇ ਨੂੰ ਨਿਹਾਰਦਾ, ਉਹਦੀਆਂ ਲਾਲ-ਸੁਰਖ ਅੱਖਾਂ ਵਿਚੋਂ ਇਸ ਸਵਾਲ ਦਾ ਜਵਾਬ ਭਾਲ ਰਿਹਾ ਹੈ ਪਰ ਉਹ ਟਾਲਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਵਧੀਆ ਮਾਹੌਲ ਦੀ ਤਵੱਕੋਂ ਵੀ, "ਚੱਲ, ਬੀਚ 'ਤੇ ਚੱਲ ਕੇ ਹੀ ਗੱਲ ਕਰਦੇ ਆਂ।"

"ਮਾੜਾ ਜਿਹਾ ਦੱਸੋ ਤਾਂ ਸਹੀ, ਸਿਰਫ਼ ਇਕ ਇਸ਼ਾਰਾ ਮਾਤਰ?"

"ਬੱਸ, ਸਿਰਫ਼ ਇਕੋ ਗੱਲ ਰਾਤ ਭਰ ਸੋਚਦੀ ਰਹੀ ਹਾਂ ..." ਉਹਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ ਏ ਤਾਂ ਫਰੈਂਕੀ ਹੱਲਾਸ਼ੇਰੀ ਦੇ ਰਿਹਾ ਹੈ, "ਪਲੀਜ਼, ਮੇਰੇ ਤੇ ਪੂਰਾ ਵਿਸ਼ਵਾਸ ਰੱਖੋ, ਸਵੀਟਹਰਟ!"

"ਤੇਰੇ ਲਈ ਇਕ ਸ਼ਾਨਦਾਰ ਖੁਸ਼ਖ਼ਬਰੀ ਹੈ, ਮੈਂ ਤੇਰੇ ਨਾਲ 'ਵਿਆਹ' ਕਰਾਉਣਾ ਚਾਹੁੰਨੀ ਹਾਂ, ਮੇਰੇ ਪਿਆਰੇ!"



"ਵਿਆਹ? ਏ ਗਰੇਟ 'ਫੰਨੀ' ਆਈਡੀਆ!" ਉਹ ਠਹਾਕਾ ਮਾਰ ਕੇ ਇੰਜ ਹੱਸਿਆ ਹੈ ਕਿ ਸ਼ੈਰੀ ਦਾ ਤਰਾਹ ਹੀ ਨਿਕਲ ਗਿਆ ਹੈ ਤੇ ਉਹ ਉਸੇ ਤਰ੍ਹਾਂ ਹੱਸਦਾ-ਹੱਸਦਾ ਬਾਥਰੂਮ ਵਿਚ ਜਾ ਵੜਿਆ ਹੈ।

ਪਰ ਉਸਦੇ ਇਸ ਪ੍ਰਤੀਕਰਮ ਦੇ ਬਾਵਜੂਦ ਸ਼ੈਰੀ ਉਹਦੇ ਲਈ ਚਾਹ ਬਣਾਉਂਦੀ ਆਪਣੇ ਆਪ ਨੂੰ 'ਪਤਨੀ' ਚਿੱਤਵ ਰਹੀ ਹੈ ਅਤੇ ਉਹਦੇ ਬਾਹਰ ਨਿਕਲਦੇ ਹੀ ਚਾਹ ਦਾ ਕੱਪ ਉਹਦੇ ਹੱਥ ਫੜਾ ਕੇ ਪਹਿਲਾ ਘੁੱਟ ਭਰਦੇ ਹੀ ਪੂਰੀ ਗੰਭੀਰਤਾ ਨਾਲ ਪੁੱਛ ਰਹੀ ਹੈ:

"ਫਿਰ ਕਿਵੇਂ ਲੱਗਾ ਮੇਰਾ ਪ੍ਰਸਤਾਵ?"

"ਗੁੱਡ, ਵੈਰੀ ਵੈਰੀ ਗੁੱਡ! ਪਰ ਪਹਿਲਾਂ ਮੈਂ ਸੈੱਟ ਤਾਂ ਹੋ ਲਵਾਂ। ਹਾਲੇ ਤਾਂ ਨਾ ਮੇਰੇ ਕੋਲ ਮੇਰੇ ਕੈਲੀਬਰ ਦੀ ਜੌਬ ਹੈ ਤੇ ਨਾ ਆਪਣਾ ਘਰ। ਮੈਂ ਤਾਂ ਹਾਲੇ ਤੱਕ ਆਪਣੀ 'ਇਕੱਲੀ' ਮਾਂ ਦੇ ਨਾਲ ਰਹਿੰਦਾ ਆਂ।"

"ਤੈਨੂੰ ਸੈੱਟ ਮੈਂ ਕਰਾਂਗੀ ਫਰੈਂਕੀ ਡਾਰਲਿੰਗ!"

"ਮੈਨੂੰ ਪਤਾ, ਹਰ ਵਿਅਕਤੀ ਨੂੰ ਉੱਪਰ ਚੜ੍ਹਣ ਲਈ ਇਕ ਪੌੜੀ ਦੀ ਲੋੜ ਹੁੰਦੀ ਏ! ਤੇਰੀ ਉਹ ਪੌੜੀ ਮੈਂ ਬਣਾਂਗੀ ... ਅਸਲ ਵਿਚ ਮੈਂ ਤੈਨੂੰ ਆਪਣਾ ਸਹਾਇਕ 'ਹਾਇਰ' ਕਰਨਾ ਚਾਹੁੰਨੀ ਆਂ ..."

"ਮੈਂ ਰਾਤੋ ਰਾਤ ਤੇ ਮਨ ਹੀ ਮਨ ਤੇਰੇ ਕੈਲੀਬਰ ਦੀ ਜੌਬ ਤੇਰੇ ਲਈ ਪੈਦਾ ਵੀ ਕਰ ਲਈ ਏ ... ਉਸਦੀ ਮਨਜ਼ੂਰੀ ਵੀ ਮੈਂ ਕੰਪਨੀ ਕੋਲੋਂ ਲੈ ਹੀ ਲਵਾਂਗੀ ਕਿਉਂਕਿ ਉਹ ਰਿਸਰਚ ਜੌਬ ਹੈ!"

"ਪਰ ਤੈਨੂੰ ਪਤਾ, ਮੈਂ ਤਾਂ ਲੇਜ਼ਰ ਤਕਨੀਕ ਤੇ ਡਿਜ਼ਿਟਲ ਪਰੋਗਰਾਮਿੰਗ ਬਾਰੇ ਬਹੁਤਾ ਪੜ੍ਹਿਆ ਨਹੀਂ। ਮੈਂ ਤਾਂ ਵਾਇਰਲੈੱਸ ਪਰੋਗਰਾਮਿੰਗ ਵਿਚ ਮੇਜ਼ਰ ਕੀਤੀ ਏ ਤੇ ਕੰਮ ਵੀ ਉਸੇ ਫੀਲਡ ਵਿਚ ਕਰ ਰਿਹਾਂ।"

"ਇਹੀ ਤਾਂ ਸਾਨੂੰ ਚਾਹੀਦਾ, ਮੇਰੇ ਪਿਆਰੇ!"

"ਦਰਅਸਲ, ਸਾਡੀ ਕੰਪਨੀ ਇਸ ਨਵੀਂ ਲੇਜ਼ਰ-ਡਿਜ਼ਿਟਲ ਤਕਨੀਕ ਦਾ ਵਾਇਰਲੈੱਸ-ਸੈਟੇਲਾਈਟ ਕੰਪਿਊਟਰ ਪਰੋਗਰਾਮਿੰਗ ਨਾਲ ਸੁਮੇਲ ਕਰ ਕੇ ਇਕ ਨਵਾਂ 'ਰਿਸਰਚ ਟੂਲ' ਖੋਜਣਾ ਚਾਹੁੰਦੀ ਹੈ, ਜੋ ਕਈ ਤਰ੍ਹਾਂ ਦੇ ਖੋਜ-ਕਾਰਜਾਂ ਵਿਚ ਕੰਮ ਆ ਸਕੇਗਾ ... ਖਾਸ ਕਰਕੇ, ਧਰਤੀ ਥੱਲੇ ਛੁਪੇ ਪਏ ਉਨ੍ਹਾਂ ਕੀਮਤੀ ਖਨਿਜ਼ ਪਦਾਰਥਾਂ ਨੂੰ ਲੱਭਣ ਲਈ, ਜੋ ਹੋਰ ਤਮਾਮ ਸਾਧਨਾਂ ਨਾਲ ਹਾਲੇ ਤੱਕ ਨਹੀਂ ਲੱਭੇ ਜਾ ਸਕੇ ..."

"ਵੈਸੇ ਆਪਣੀ ਸਰਕਾਰ ਦੇ 'ਡਰੋਨ' ਵਰਗੇ ਜਾਸੂਸੀ ਉਪਕਰਨਾਂ ਵਿਚ ਵੀ ਇਸ ਦੀ ਵਰਤੋਂ ਹੋ ਸਕਦੀ ਏ ਅਤੇ ਸਪੇਸ ਕੁਮਨੀਕੁਸ਼ਨ ਲਈ ਵੀ ਇਹ ਤਕਨੀਕ ਵਰਤੀ ਜਾ ਸਕਦੀ ਹੈ। 'ਨਾਸਾ' ਵੀ ਇਸੇ ਪ੍ਰੋਜੈਕਟ 'ਤੇ ਕੰਮ ਕਰ ਰਹੀ ਐ। ਤੇ ਤੇਰੀ ਜਾਣਕਾਰੀ ਲਈ ਇਕ ਹੋਰ ਗੱਲ, ਹੁਣ ਇਹ ਖੋਜ ਵੀ ਸਫਲ ਹੋ ਚੁੱਕੀ ਹੈ ਕਿ ਲੇਜ਼ਰ ਬੀਮ ਬਿਨਾਂ ਓਪਟੀਕਲ ਫਾਈਬਰ ਦੇ ਸਪੇਸ ਵਿਚ ਦੀ ਵੀ ਲੰਘ ਸਕਦੀ ਹੈ।"

ਫਰੈਂਕੀ ਧਿਆਨ ਨਾਲ ਸੁਣ ਰਿਹਾ ਹੈ ਤੇ ਉਹ ਬੋਲੀ ਜਾ ਰਹੀ ਹੈ:

"ਇਹ ਇਕ ਬਹੁਤ ਵੱਡਾ 'ਰਿਸਰਚ ਪ੍ਰੋਜੈਕਟ' ਹੈ, ਹਨੀ!"

"ਮੈਨੂੰ ਇਸ ਦਾ ਡਾਇਰੈਕਟਰ ਇਨਚਾਰਜ ਬਣਾਇਆ ਗਿਆ ਹੈ। ਇਕੋ ਇੱਕ ਇਨਚਾਰਜ਼ ... ਪਰ ਇਹ ਕੰਮ ਆਪਾਂ ਦੋਨੋਂ ਜਣੇ ਮਿਲ ਕੇ ਕਰਾਂਗੇ: 'ਮੈਰੀ ਕੁਰੀ' ਤੇ 'ਪਾਇਰੀ ਕੁਰੀ' ਵਾਂਗ!"

"ਕੀ ਪਤਾ, ਇਹ ਰਿਸਰਚ ਟੂਲ ਆਪਾਂ ਹੀ ਪੈਦਾ ਕਰ ਹੀ ਦੇਈਏ ਤੇ ਨੋਬਲ ਇਨਾਮ ਵੀ ਜਿੱਤ ਜਾਈਏ!"

"ਪਰ ਤੂੰ ਕੁਝ ਬੋਲਦਾ ਕਿਉਂ ਨਹੀਂ?"

"ਮੈਂ ਡਰਦਾਂ ਕਿ ਕਿਤੇ ਮੈਂ ਆਪ ਹੀ 'ਰਿਸਰਚ ਟੂਲ' ਬਣ ਕੇ ਨਾ ਰਹਿ ਜਾਵਾਂ!"

"ਡਰਪੋਕ, ਤੂੰ ਡਰਦਾ ਵੀ ਏਂ?"

"ਮੈਂ ਇਹ ਵਿਸ਼ਵਾਸ ਨਹੀਂ ਕਰ ਸਕਦੀ ਕਿ ਮੇਰਾ 'ਗਰੇਟ ਹੀ-ਮੈਨ' ਡਰਪੋਕ ਕਿਵੇਂ ਹੋ ਸਕਦਾ?"

ਉਹ ਖਿੜਖਿੜਾ ਕੇ ਹੱਸ ਰਹੀ ਹੈ ਅਤੇ ਉਹ ਜ਼ਮੀਨ ਵਿਚ ਧੱਸਦਾ ਜਾਂਦਾ ਪੁੱਛ ਰਿਹਾ ਹੈ, "ਪਰ ਮੈਂ ਇਹਦੇ ਵਿਚ ਕਰੂੰਗਾ ਕੀ?"

"ਫ਼ਿਲਹਾਲ ਤਾਂ ਤੂੰ ਸਿਰਫ਼ ਇਕ ਐਪਲੀਕੇਸ਼ਨ ਭਰਨੀ ਏ, ਤੇ ਫਿਰ ਇੰਟਰਵਿਊ ਲਈ ਆਉਣਾਂ ਐ। ਬਾਕੀ ਸਾਰਾ ਕੰਮ ਮੈਂ ਆਪ ਕਰਾਂਗੀ। ਇਸ ਬਾਰੇ ਤੂੰ ਕੋਈ ਫ਼ਿਕਰ ਨਾ ਕਰ, ਇਹ ਮੇਰਾ ਕੰਮ ਹੈ। ਪਰ ਮੇਰਾ ਫ਼ਿਕਰ ਤਾਂ ਇਹ ਹੈ ਕਿ ਤੂੰ ਕਿਤੇ ਨਾਂਹ ਨਾ ਕਰ ਦੇਈਂ!"

ਉਹ ਉਹਦੇ ਸਿਰ ਦੇ ਨਿੱਕੇ ਨਿੱਕੇ ਭੂਰੇ ਵਾਲਾਂ ਵਿਚ ਪਿਆਰ-ਭਰਿਆ ਹੱਥ ਫੇਰਦੀ ਹੋਈ ਭਾਵੁਕ ਹੋ ਕੇ ਹੋਰ ਵੀ ਪਿਘਲਦੀ ਜਾ ਰਹੀ ਹੈ:

"ਇਹ ਆਪਣੇ ਦੋਨਾਂ ਲਈ ਇਕ ਮਹਾਨ ਮੌਕਾ ਹੈ, ਮੇਰੇ ਪਿਆਰੇ!"

"ਚੱਲ ਵਾਪਸ ਚੱਲ ਕੇ ਪਲੈਨ ਕਰਦੇ ਆਂ, ਸਾਰਾ ਕੁਝ।"

"ਪਲੈਨ ਤਾਂ ਮੈਂ ਕਰ ਲਿਆ, ਬੱਸ ਤੇਰੀ 'ਹਾਂ' ਦੀ ਲੋੜ ਹੈ!"

"ਪਰ ਮੇਰਾ ਵਿਚਾਰ ਹੈ ਕਿ ਆਪਾਂ ਨੂੰ ਇਸ ਬਾਰੇ ਸੋਚਣ ਲਈ ਹਾਲੇ ਕੁਝ ਹੋਰ ਸਮਾਂ ਚਾਹੀਦਾ ... ਮੇਰਾ ਮਤਲਬ: ਪਹਿਲਾਂ ਆਪਾਂ ਕੁਝ ਦੇਰ ਇਕੱਠੇ ਰਹਿ ਕੇ ਤਾਂ ਦੇਖ ਲਈਏ।"

"ਇਕੱਠੇ ਰਹਿਣ ਲਈ ਹੀ ਤਾਂ ਕਹਿ ਰਹੀ ਹਾਂ।"

"ਪਰ ਵਿਆਹ ਤੋਂ ਬਿਨਾਂ ਵੀ ਤਾਂ ਇਕੱਠੇ ਰਹਿ ਸਕਦੇ ਹਾਂ। ਇਕੱਠੇ ਰਹਿਣ ਲਈ ਮੁਹੱਬਤ ਤੋਂ ਵੱਡੀ ਹੋਰ ਕੀ ਸਾਂਝ ਹੋ ਸਕਦੀ ਹੈ? ਪਰ ਵਿਆਹ ਲਈ ਤਾਂ ਆਪਣੇ ਵਿਚਾਰ ਵੀ ਮਿਲਣੇ ਚਾਹੀਦੇ ਆ!"

"ਵਿਚਾਰ, ਵਿਚਾਰ, ਵਿਚਾਰ! ਕੀ ਤੂੰ ਇਹ ਬਹਿਸ ਕਰਨ ਲਈ ਹੋਰ ਸਮਾਂ ਚਾਹੁੰਨਾਂ, ਕਿ ਤੇਲ ਤੇ ਗੈਸ ਲਈ ਹੋ ਰਹੇ ਏਨੇ ਖ਼ੂਨ-ਖਰਾਬੇ ਦੇ ਬਾਵਜੂਦ, ਇਨ੍ਹਾਂ ਦੀਆਂ ਕੀਮਤ ਵਧਦੀਆਂ ਕਿਉਂ ਜਾ ਰਹੀਆਂ ਨੇ?"

"ਨਹੀਂ, ਡਾਰਲਿੰਗ, ਨਹੀਂ! ਮੈਂ ਰਾਜਨੀਤਕ ਵਿਚਾਰਾਂ ਦੀ ਗੱਲ ਨਹੀਂ ਕਰ ਰਿਹਾ, ਚਾਹੇ *ਉਨ੍ਹਾਂ ਦਾ ਵੀ ਆਪਣਾ ਮਹੱਤਵ ਹੁੰਦਾ ਹੈ,* ਮੈਂ ਤਾਂ ਇਹ ਕਹਿਣ ਚਾਹੁੰਨਾ ਹਾਂ ਕਿ ਇਸ



ਉਤਰ-ਆਧੁਨਿਕ ਯੁਗ ਵਿਚ ਵਿਆਹ ਦੀ ਕਿੰਨੀ ਕੁ ਮਹੱਤਤਾ ਰਹਿ ਗਈ ਹੈ? ਤੇ ਇਕ ਸਿਖਰ ਔਰਤ ਨੂੰ ਅਚਾਨਕ ਵਿਆਹ ਦੀ ਐਨੀ ਲੋੜ ਕਿਉਂ ਮਹਿਸੂਸ ਹੋ ਰਹੀ ਹੈ?"

"ਤੂੰ ਜਾਣਦਾਂ, ਇਹ ਤੂੰ ਕੀ ਕਹਿ ਰਿਹਾਂ ਫਰੈਂਕੀ? ਤੈਨੂੰ ਚੰਗੀ ਤਰ੍ਹਾਂ ਪਤਾ ਏ ਕਿ ਮੈਂ ਇਕ ਪਲ ਵੀ ਤੇਰੇ ਬਿਨਾਂ ਨਹੀਂ ਰਹਿ ਸਕਦੀ ਤੇ ਤੂੰ ਹਾਲੇ ਹੋਰ ਸਮਾਂ ਚਾਹੁੰਨਾਂ! ਦੇਖੀਂ ਕਿਤੇ 'ਨਾਂਹ' ਕਰਕੇ ਮੇਰਾ ਦਿਲ ਨਾ ਤੋੜ ਸੁੱਟੀਂ। ਟੁੱਟਿਆ ਦਿਲ ਤੇਰੇ ਵੀ ਕਿਸੇ ਕੰਮ ਨਹੀਂ ਆਉਣਾਂ!"

"ਪਰ ਇਹਦੇ ਵਿਚ ਐਨੀ ਕਾਹਲੀ ਦੀ ਕੀ ਲੋੜ ਹੈ? ਹਾਲੇ ਕੱਲ੍ਹ ਸ਼ਾਮ ਹੀ ਤਾਂ ਆਪਾਂ ਉਮਰਭਰ ਮੁਹੱਬਤ ਕਰਨ ਤੇ ਸਾਥ ਨਿਭਾਉਣ ਦੀ ਸਹੁੰ ਖਾਧੀ ਹੈ। ਫਿਰ ਇਹ ਨਵਾਂ ਅਜੰਡਾ: ਵਿਆਹ, ਰਿਸਰਚ ਪ੍ਰੋਜੈਕਟ ਤੇ ਜੌਬ ਕਿਵੇਂ ਪੈਦਾ ਹੋ ਗਿਆ? ਕੀ ਮੇਰੀ ਮੁਹੱਬਤ 'ਤੇ ਪੂਰਾ ਵਿਸ਼ਵਾਸ ਨਹੀਂ? ਤੈਨੂੰ ਲੱਗਦਾ ਕਿ ਮੈਂ ਕਿਤੇ ਭੱਜ ਜਾਵਾਂਗਾ?"

"ਓ ਨਹੀਂ ਭੌਂਦੂਆਂ, ਇਹ ਗੱਲ ਨਹੀਂ! ਹੁਣ ਤੈਨੂੰ ਕੀ-ਕੀ ਦੱਸਾਂ? ਦਰਅਸਲ, ਮੈਂ ਬਹੁਤ ਸੱਖਤ ਮਿਹਨਤ ਕੀਤੀ ਏ ਇਹ ਰੁਤਬਾ ਹਾਸਲ ਕਰਨ ਲਈ। ਸੋਲਾਂ-ਸੋਲਾਂ ਘੰਟੇ ਲੈਬ ਵਿਚ ਕੰਮ ਕੀਤਾ ਹੈ ... ਇਸ ਲਈ ਹੁਣ ਤੇਰੀ ਗੋਦੀ ਵਿਚ ਬੈਠ ਕੇ ਆਰਾਮ ਕਰਨਾ ਚਾਹੁੰਨੀਂ ਆਂ!"

"ਓ ਰੀਅਲੀ, ਯੂ ਹੈਵ ਸਮ ਇੰਨਰ ਪਰੌਬਲਿਮਜ਼?"

"ਯੈਸ ਆਈ ਹੈਵ ਏ ਵੈਰੀ ਕਿਊਟ 'ਇਨਰ ਪਰੌਬਲਿਮ', ਤੇ ਇਹ ਪਰੌਬਲਿਮ ਤੂੰ ਏਂ ਕਿਉਂਕਿ ਮੈਂ ਤੈਨੂੰ ਬੇਪਨਾਹ ਪਿਆਰ ਕਰਦੀ ਹਾਂ ... ਕਿਉਂਕਿ ਮੈਂ ਤੇਰੇ ਬਿਨਾਂ ਰਹਿ ਨਹੀਂ ਸਕਦੀ।"

"ਓਏ ਬੁੱਧੂਆ, ਤੂੰ ਇਹ ਗੱਲ ਸਮਝਦਾ ਕਿਉਂ ਨਹੀਂ ਕਿ ਮੈਂ ਤੇਰੇ ਪਿਆਰ ਵਿਚ ਪਾਗ਼ਲ ਹੋ ਗਈ ਆਂ ... ਇਸ ਲਈ ਮੈਂ ਆਪਣੇ ਦੋਨਾਂ ਦੇ ਵਿਚ ਹਵਾ ਲੰਘਣ ਜਿੰਨੀ ਸਪੇਸ ਵੀ ਨਹੀਂ ਚਾਹੁੰਦੀ ਪਰ ਤੂੰ ਇਹਨੂੰ ਕਿਤੇ ਮੇਰੀ ਕਮਜ਼ੋਰੀ ਤਾਂ ਨਹੀਂ ਸਮਝ ਰਿਹਾ?"

"ਨਹੀਂ, ਨਹੀਂ, ਇਹ ਗੱਲ ਨਹੀਂ! ਮੁਹੱਬਤ ਤਾਂ ਮੈਂ ਤੈਨੂੰ ਏਨੀ ਕਰਦਾ ਆਂ ਕਿ ਦੱਸ ਨਹੀਂ ਸਕਦਾ ... ਪਰ ...।"

"ਇਹ 'ਪਰ ... ਪਰ' ਕੀ ਲਾਈ ਏ ... ਤੂੰ ਕਹਿਣਾ ਕੀ ਚਾਹੁੰਨਾ ਏਂ? ਸਾਫ਼ ਸਾਫ਼ ਕਿਉਂ ਨਹੀਂ ਕਹਿੰਦਾ?"

"ਸਾਫ਼ ਸਾਫ਼ ਹੀ ਤਾਂ ਕਹਿ ਰਿਹਾਂ: ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਇਸ ਰਿਸਰਚ ਪ੍ਰੋਜੈਕਟ ਯਾਨਿ ਕੈਰੀਅਰ ਦਾ, ਮੁਹੱਬਤ ਤੇ ਵਿਆਹ ਨਾਲ ਕੀ ਸੰਬੰਧ ਹੈ? ਇਸੇ ਕਰਕੇ ਮੈਂ ਹੋਰ ਸਮੇਂ ਦੀ ਗੱਲ ਕੀਤੀ ਸੀ, ਤਾਂ ਜੋ ਇਸ ਰਿਸ਼ਤੇ ਬਾਰੇ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਮਿਲ ਸਕੇ।"

"ਮੈਨੂੰ ਇਕ ਗੱਲ ਦੱਸ ... ਜਦ ਆਪਾਂ ਇਕ ਦੂਜੇ ਨੂੰ ਏਨੀ ਮੁਹੱਬਤ ਕਰਦੇ ਆਂ ਤਾਂ ਵਿਆਹ ਕਿਉਂ ਨਹੀਂ ਕਰ ਸਕਦੇ ... ਤੇ ਇਕੱਠੇ ਇਕੋ ਥਾਂ ਕੰਮ ਕਰਨ ਵਿਚ ਕੀ ਹਰਜ ਹੋ ਸਕਦਾ ਹੈ?"

ਉਹ ਭਾਵੁਕਤਾ ਦੇ ਤੇਜ਼ ਪ੍ਰਵਾਹ ਵਿਚ ਵਹਿੰਦੀ ਚਲੀ ਜਾ ਰਹੀ ਹੈ:

"ਇਕ ਹੋਰ ਗੱਲ ਸੁਣ, ਮੈਂ ਆਪਣੀ ਮੁਹੱਬਤ ਦੀ ਸਿਖਰ ਨੂੰ ਆਪਣੇ ਰਿਸ਼ਤੇ ਦੀ ਸਿਖਰ ਵਿਚ ਬਦਲਣਾ ਚਾਹੁੰਨੀ ਹਾਂ, ਫਰੈਂਕੀ! ਤੈਨੂੰ ਪਤਾ, ਜੇ ਆਪਾਂ ਇਸ ਸਿਖਰ ਤੋਂ ਥੋੜ੍ਹਾ ਜਿੰਨਾ ਵੀ ਥੱਲੇ ਸਰਕ ਗਏ ਤਾਂ ਇਸ ਬੰਧਨ ਦਾ ਨਾ ਉਹ ਮਜ਼ਾ ਰਹਿਣਾ ਤੇ ਨਾ ਮਹੱਤਵ। ਇਸ ਲਈ ਇਸੇ ਪਲ ਤੂੰ 'ਹਾਂ' ਕਰ ਦੇ ਜਾਂ ਫਿਰ ਮੁੜ ਕਦੇ ਵੀ ਮੇਰਾ ਮੂੰਹ ਨਾ ਵੇਖੀਂ।"

"ਮੈਂ ਨਾਂਹ ਨਹੀਂ ਕਰ ਰਿਹਾ, ਸਵੀਟਹਰਟ! ਨਾ ਹੀ ਮੈਂ ਤੈਨੂੰ ਕਿਸੇ ਪੱਖੋਂ ਊਣਾ ਹੀ ਸਮਝ ਰਿਹਾਂ ... ਇਕ ਸਿਖਰ ਔਰਤ ਕਮਜ਼ੋਰ ਕਿਵੇਂ ਹੋ ਸਕਦੀ ਹੈ? ਏਨੀ ਦੂਰ ਤੱਕ ਸੋਚਣ ਵਾਲੀ, ਏਨੀ ਸੁੰਦਰ, ਜਵਾਨ, ਵਿਦਵਾਨ, ਪਿਆਰੀ ਤੇ ਦਿਆਲੂ ਔਰਤ ਸਿਰਫ਼ ਇਕ ਹੀ ਹੋ ਸਕਦੀ ਹੈ ਤੇ ਉਹ ਸਿਰਫ਼ ਮੇਰੀ ਹੋ ਸਕਦੀ ਹੈ ... ਆਈ ਲਵ ਯੂ ਸੋ ਮੱਚ!"

ਉਹ ਉਹਨੂੰ ਸਹਿਜ ਕਰਨ ਲਈ ਤਾਰੀਫ਼ ਕਰ ਰਿਹਾ ਹੈ ਪਰ ਉਹ ਸਗੋਂ ਹੋਰ ਵੀ ਚਿੜ ਕੇ ਭਵਾਂ ਕੱਸ ਕੇ ਇੰਜ ਆਕੜ ਕੇ ਖੜੋ ਗਈ ਹੈ ਕਿ ਉਹਦੇ ਚਿਹਰੇ ਦਾ ਗੋਰਾ-ਨਿਛੋਹ ਰੰਗ ਲਾਲ-ਸੂਹਾ ਹੋ ਗਿਆ ਹੈ:

"ਫਿਰ ਹਾਂ ਜਾਂ ਨਾਂਹ? ਮੈਨੂੰ ਇਕ ਟੁੱਕ ਫੈਸਲਾ ਚਾਹੀਦਾ!"

ਉਹਦੀ ਇਹ ਮਨੋ-ਦਸ਼ਾ ਦੇਖ ਕੇ ਫਰੈਂਕੀ ਚਿੱਟੇ ਤੋਂ ਪੀਲਾ ਪੈਂਦਾ ਜਾ ਰਿਹਾ ਹੈ ਅਤੇ ਸਥਿਤੀ ਏਨੀ ਨਾਖੁਸ਼ਗਵਾਰ ਹੁੰਦੀ ਜਾ ਰਹੀ ਹੈ ਕਿ ਉਹਦੇ ਕੋਲ 'ਹਾਂ' ਕਹਿਣ ਤੋਂ ਸਿਵਾਇ ਹੋਰ ਕੋਈ ਚਾਰਾ ਹੀ ਨਹੀਂ ਬਚਿਆ ਅਤੇ ਉਹ ਬੁੱਲ੍ਹਾਂ ਉੱਤੇ ਜੀਭ ਫੇਰਦਾ ਮਸੀਂ ਇੰਨਾ ਹੀ ਕਹਿ ਪਾਇਆ ਹੈ:

"ਹਾਂ, ਡਾਰਲਿੰਗ, ਹਾਂ! ਪੱਕੀ ਹਾਂ, ਪਰ ਇੰਟਰਵਿਊ ਤੋਂ ਬਾਅਦ।"

"ਤੈਨੂੰ ਇਹ ਸ਼ਰਤ ਲਾਉਣ ਦੀ ਕੋਈ ਲੋੜ ਨਹੀਂ। ਇਹ ਸੰਭਵ ਹੀ ਉਹਦੇ ਬਾਅਦ 'ਚ ਹੋ ਸਕਣਾ, ਕਿਉਂਕਿ ਕੰਪਨੀ ਦੇ ਨਿਯਮ ਅਨੁਸਾਰ, ਇਹ ਜੌਬ ਮੈਂ ਆਪਣੇ 'ਪਤੀ' ਜਾਂ 'ਬੁਆਏ-ਫਰੈਂਡ' ਨੂੰ ਨਹੀਂ ਦੇ ਸਕਦੀ ਪਰ ਉੱਥੇ ਕੰਮ ਕਰਦੇ ਬੰਦੇ ਨੂੰ ਆਪਣਾ ਪਤੀ ਬਣਾਉਣ 'ਤੇ ਕੋਈ ਵੀ ਪਾਬੰਦੀ ਨਹੀਂ ਲਾਈ ਜਾ ਸਕਦੀ।"

"ਠੀਕ ਹੈ, ਚੱਲ ਫਿਰ ਇਸ 'ਹਾਂ' ਨੂੰ ਸੈਲੀਬਰੇਟ ਕਰੀਏ!"

ਉਹਨੇ ਇਹ ਕਹਿੰਦੇ ਸਾਰ ਉਹਨੂੰ ਜੱਫੀ ਵਿਚ ਲੈ ਕੇ ਘੁੱਟਿਆ ਅਤੇ ਚੁੱਕ ਕੇ ਹਵਾ ਵਿਚ ਲਹਿਰਾ ਦਿੱਤਾ ਹੈ ਅਤੇ ਸ਼ੈਰੀ ਨੇ ਵੀ 'ਨਾਂਹ, ਨਾਂਹ' ਕਰਦੀ ਨੇ ਆਪਣੇ ਖੰਭ ਪੂਰੇ ਫੈਲਾ ਹੀ ਦਿੱਤੇ ਹਨ ਅਤੇ ਇਸ ਮਿਲਣੀ ਵਿਚੋਂ ਨਿਕਲ ਰਹੀ ਧੁਨ ਨਾਲ ਫ਼ਿਜ਼ਾ ਗੁਣਗੁਣਾ ਉੱਠੀ ਹੈ:

"ਓ ਮਾਈ ਡਾਰਲਿੰਗ ... ਐ ਮੇਰੀ ਜਾਨ!"

"ਮਾਈ ਸਵੀਟਹਰਟ, ਆਈ ਲਵ ਯੂ ਹਨੀ!"

ਉਹ 'ਹਾਂ' ਤੋਂ 'ਪਰਲੇ ਪਾਰ' ਦੀ ਸੈਰ ਕਰ ਕੇ ਹੀ ਪਰਤੇ ਹਨ।

* *



ਜਦੋਂ ਤੋਂ ਸ਼ੈਰੀ ਹਵਾਈ ਤੋਂ ਪਰਤੀ ਹੈ, ਇਕ ਹੋਰ ਔਰਤ ਬਣ ਗਈ ਲੱਗਦੀ ਹੈ: ਹੋਰ ਵੀ ਗਹਿਰ-ਗੰਭੀਰ, ਵੱਧ ਜ਼ਿੰਮੇਂਵਾਰ ਅਤੇ ਪਿਆਰ-ਭਰੀਆਂ ਯਾਦਾਂ ਵਿਚ ਰੋਮ-ਰੋਮ ਡੁੱਬੀ ਹੋਈ। ਉਹਨੇ ਆਪਣੇ ਸਹਾਇਕ 'ਰਿਸਰਚ ਫੈਲੋ' ਦੀ ਮਨਜ਼ੂਰੀ ਵੀ ਕੰਪਨੀ ਕੋਲੋਂ ਲੈ ਲਈ ਹੈ ਅਤੇ ਇਸ ਬਾਰੇ ਫਰੈਂਕੀ ਨੇ ਫਿਰ ਇਕ ਵਾਰ 'ਪੱਕੀ ਹਾਂ' ਵੀ ਕਰ ਦਿੱਤੀ ਹੈ।

ਇਸ ਲਈ ਉਹ ਬੜੇ ਚਾਅ ਨਾਲ ਨਵੀਂ 'ਰਿਸਰਚ ਲੈਬ' ਸੈੱਟ ਕਰ ਰਹੀ ਹੈ ਅਤੇ ਇਸ ਪ੍ਰੋਜੈਕਟ ਨਾਲ ਸੰਬੰਧਿਤ ਹਰ ਵਿਅਕਤੀ ਇਸ ਕੰਮ ਵਿਚ ਜੁੱਟਿਆ ਹੋਇਆ ਹੈ। ਇੱਥੋਂ ਤੱਕ ਕਿ ਕੰਪਨੀ ਦਾ ਸੀ. ਈ. ਓ. ਤੇ ਮਾਲਕ ਵੀ ਇਸ ਵਿਚ ਪੂਰੀ ਦਿਲਚਸਪੀ ਲੈ ਰਿਹਾ ਹੈ ਪਰ ਸ਼ੈਰੀ ਦੀ ਜ਼ੁਬਾਨ ਉਤੇ ਹੁਣ ਸਿਰਫ਼ ਇਕ ਹੀ ਨਾਂ ਰਹਿ ਗਿਆ ਹੈ:

'ਮੈਂ ਫਰੈਂਕੀ ਨੂੰ ਪਿਆਰ ਕਰਦੀ ਹਾਂ!', ਅਹਿਸਾਸ ਉਹਦੀ ਰੂਹ ਦੀ ਖ਼ੁਰਾਕ ਬਣ ਗਿਆ ਹੈ ਅਤੇ ਉਹ ਉਸਨੂੰ ਆਪਣਾ ਸਹਾਇਕ 'ਹਾਇਰ' ਕਰਨ ਲਈ ਇੰਟਰਵਿਊ ਦੀ ਤਿਆਰੀ ਕਰ ਰਹੀ ਹੈ।

ਅਤੇ ਅੱਜ ਫਰੈਂਕੀ ਦੀ ਇੰਟਰਵਿਊ ਹੈ।

ਇੰਟਰਵਿਊ ਦਾ ਸਮਾਂ ਹੋਣ ਹੀ ਵਾਲਾ ਹੈ।

ਤੇ ਸ਼ੈਰੀ ਆਪਣੇ ਦਫ਼ਤਰ ਵਿਚ ਬੈਠੀ ਉਹਦਾ ਇੰਤਜ਼ਾਰ ਕਰ ਰਹੀ ਹੈ ਅਤੇ ਉਹ ਦਿਲੋ-ਦਿਮਾਗ਼ ਉੱਤੇ ਛਾਇਆ ਪਿਆ ਹੈ, 'ਫਰੈਂਕੀ ਦੀਆਂ ਨਜ਼ਰਾਂ ਵਿਚ ਮੈਂ ਕਿੰਨਾ ਉੱਚਾ ਰੁਤਬਾ ਹਾਸਲ ਕਰ ਲਿਆ ਹੈ: ਉਹ ਮੇਰਾ ਸਹਾਇਕ ਬਣਨ ਲਈ ਪੂਰੇ ਦਿਲ ਨਾਲ ਮੰਨ ਗਿਆ ਹੈ।'

'ਪਰ ਮੈਂ ਉਹਨੂੰ ਕੈਰੀਅਰ ਦੀ ਪੌੜੀ ਦੇ ਡੰਡੇ ਉਵੇਂ ਨਹੀਂ ਚੜ੍ਹਨ ਦਿਆਂਗੀ, ਜਿਵੇਂ ਮੈਂ ਖੁਦ ਚੜ੍ਹੇ ਹਨ। ਉਹਦੀ ਟਰੇਨਿੰਗ ਵੀ ਮੈਂ ਖੁਦ ਹੀ ਕਰਾਂਗੀ ਤੇ ਹਮੇਸ਼ਾ ਆਪਣੇ ਨਾਲੋਂ ਇਕ ਡੰਡਾ ਥੱਲੇ ਹੀ ਰੱਖਾਂਗੀ।'

'ਉਹਨੇ ਮੈਨੂੰ 'ਸਿਖਰ ਔਰਤ' ਦਾ ਰੁਤਬਾ ਬਖਸ਼ਿਆ ਹੈ, ਮੈਂ ਪੂਰਾ ਨਿਭਾਵਾਂਗੀ ਅਤੇ ਅਸੀਂ ਦੋਵੇਂ ਮਿਲ ਕੇ ਉਹ 'ਰਿਸਰਚ ਟੂਲ' ਪੈਦਾ ਕਰ ਕੇ ਹੀ ਰਹਾਂਗੇ, ਜੋ ਅੱਜ ਤੱਕ ਕੋਈ ਨਹੀਂ ਕਰ ਸਕਿਆ।'

ਇਹ ਤਸੱਵਰ ਕਰਕੇ ਉਹਦਾ ਸਿਰ ਫ਼ਖ਼ਰ ਨਾਲ ਉੱਚਾ ਹੋ ਕੇ ਅਸਮਾਨ ਨਾਲ ਜਾ ਲੱਗਾ ਹੈ ਅਤੇ ਉਹਨੇ ਆਪਣੀ ਸੈਕਟਰੀ ਐਮਪਾਰੋ ਨੂੰ ਫ਼ੋਨ ਕਰ ਕੇ ਇਹ ਆਦੇਸ਼ ਫਿਰ ਦੁਹਰਾਅ ਦਿੱਤਾ ਹੈ, "ਸਭ ਤੋਂ ਪਹਿਲਾਂ, ਮਿਸਟਰ ਫਰੈਂਕਲਿਨ ਕੇ ਐਂਡਰਸਨ ਉਰਫ ਫਰੈਂਕੀ ਨੂੰ ਹੀ ਭੇਜਣਾਂ।"

ਹੁਣ ਇੰਟਰਵਿਊ ਦਾ ਸਮਾਂ ਹੋ ਚੁੱਕਾ ਹੈ।

ਪਰ ਫਰੈਂਕੀ ਦੀ ਆਮਦ ਦੀ ਖ਼ੁਸ਼ਬੋ ਹਾਲੇ ਤੱਕ ਨਹੀਂ ਪਹੁੰਚੀ।

ਇਸ ਲਈ ਸ਼ੈਰੀ ਦੇ ਦਿਲ ਦੀ ਧੜਕਣ ਤੇਜ਼ ਹੁੰਦੀ ਜਾ ਰਹੀ ਹੈ:

'ਉਹਨੂੰ ਲੇਟ ਲਤੀਫ਼ ਨੂੰ ਕਿਹਾ ਸੀ ਵਕਤ ਸਿਰ ਪਹੁੰਚ ਜਾਈਂ, ਸਗੋਂ ਅੱਧਾ ਘੰਟਾ ਪਹਿਲਾਂ ਪਹੁੰਚਣਾ ਚਾਹੀਦਾ ਸੀ ਪਰ ਆਊਗਾ ਅੱਧਾ ਘੰਟਾ ਬਾਅਦ ਤੇ ਸੌ ਬਹਾਨੇ

ਬਣਾਊਗਾ: 'ਟਰੈਫਿਕ ਜਾਮ 'ਚ ਫਸ ਗਿਆ ਸੀ' ... 'ਫ੍ਰੀਵੇਅ ਉਪਰ ਕੋਈ ਐਕਸੀਡੈਂਟ ਹੋ ਗਿਆ ਸੀ' ... ਉਹਨੂੰ ਕਿੰਨੀ ਵਾਰ ਦੱਸ ਚੁੱਕੀ ਹਾਂ ਕਿ ਮੈਂ ਇੰਤਜ਼ਾਰ ਨਹੀਂ ਕਰ ਸਕਦੀ ਪਰ ...।'

ਹੁਣ ਤਾਂ ਸਮੇਂ ਤੋਂ ਅੱਧਾ ਘੰਟਾ ਉਪਰ ਵੀ ਹੋ ਚੁੱਕਾ ਹੈ।

ਪਰ ਉਹ ਹਾਲੇ ਤੱਕ ਵੀ ਆਇਆ ਨਹੀਂ।

ਇਸ ਲਈ ਸ਼ੈਰੀ ਦੀ ਬੇਚੈਨੀ ਤੌਖਲੇ ਵਿਚ ਬਦਲ ਰਹੀ ਹੈ:

'ਹੁਣ ਮੈਂ ਕੀ ਕਰਾਂ? ਇਹ ਇੰਟਰਵਿਊ ਤਾਂ ਮੈਂ ਰੱਦ ਵੀ ਨਹੀਂ ਕਰ ਸਕਦੀ ਤੇ ਹੋਰ ਲੇਟ ਹੀ ਨਹੀਂ ਕਰ ਸਕਦੀ ... ਕਿਉਂਕਿ ਹੋਰ ਵੀ ਤਾਂ ਉਮੀਦਵਾਰ ਹੈਗੇ ਆ, ਜੋ ਕਦੋਂ ਦੇ ਬੈਠੇ ਇੰਤਜ਼ਾਰ ਕਰ ਰਹੇ ਆ।'

ਇਸ ਘੁੰਮਣਘੇਰੀ ਵਿਚ ਫਸੀ ਉਹ ਸੋਚੀ ਜਾ ਰਹੀ ਹੈ।

ਤੇ ਆਖਰ ਉਹਨੇ ਫ਼ੋਨ ਕਰ ਕੇ ਪੁੱਛ ਹੀ ਲਿਆ ਹੈ:

"ਐਮਪਾਰੋ, ਕੌਣ ਕੌਣ ਆ ਚੁੱਕਾ ਹੈ, ਅੱਜ ਦੀ ਇੰਟਰਵਿਊ ਲਈ?"

"ਮਿਸਟਰ ਐਂਡਰਸਨ ਤਾਂ ਨਹੀਂ ਪਹੁੰਚੇ। ਦੂਜੇ ਦੋਨੋਂ ਕੈਂਡੀਡੇਟ, 'ਮਿਸ ਸ਼ਿਨ ਜਿਨ ਸ਼ਾਓ' ਅਤੇ 'ਮਿਸਟਰ ਸ਼੍ਰੀ ਸ਼੍ਰੀ ਗਣੇਸ਼ਮ' ਲਾਬੀ ਵਿਚ ਬੈਠੇ ਤੁਹਾਡੀ ਕਾਲ ਦਾ ਇੰਤਜ਼ਾਰ ਕਰ ਰਹੇ ਆ। ਮੈਂ ਇਨ੍ਹਾਂ ਦੇ ਕਾਗਜ਼-ਪੱਤਰ ਤੇ ਰਿਜ਼ਮੇਂ ਚੈੱਕ ਕਰ ਲਏ ਆ ... ਕਿਸ ਨੂੰ ਭੇਜਾਂ ਪਹਿਲਾਂ?"

"ਐਮਪਾਰੋ, ਪਲੀਜ਼ ਪੰਦਰਾਂ ਮਿੰਟ ਹੋਰ ਇੰਤਜ਼ਾਰ ਕਰ ਲਓ!"

'ਪਰ ਉਹ ਆਇਆ ਕਿਉਂ ਨਹੀਂ?' ਸਵਾਲ, ਉਹਦੇ ਜ਼ਿਹਨ ਵਿਚ ਇਕ ਗੋਲ-ਚੱਕਰ ਵਾਂਗ ਘੁੰਮ ਰਿਹਾ ਹੈ ਅਤੇ ਇਸ ਦਾ ਕੋਈ ਵੀ ਜਵਾਬ ਉਹਦੇ ਮਨ ਦਾ ਠੁੰਮਣਾ ਨਹੀਂ ਬਣ ਰਿਹਾ, 'ਕੋਈ ਹਾਦਾਸਾ ਵੀ ਤਾਂ ਹੋ ਸਕਦਾ! ਕਿਤੇ ਬੀਮਾਰ ਹੀ ਨਾ ਹੋ ਗਿਆ ਹੋਵੇ?'

ਕਈ ਦਿਸ਼ਾਵਾਂ ਵਿਚ ਸੋਚਦੀ ਉਹ ਆਪਣੇ-ਆਪ ਨੂੰ ਤਸੱਲੀ ਦੇ ਰਹੀ ਹੈ, 'ਵੈਸੇ ਉਹ ਆਏਗਾ ਜ਼ਰੂਰ, ਏਨੀ ਖਰੀ ਮੁਹੱਬਤ ਕਰਨ ਵਾਲਾ ਬੰਦਾ ਧੋਖੇਬਾਜ਼ ਤਾਂ ਨਹੀਂ ਹੋ ਸਕਦਾ, ਜ਼ਰੂਰ ਕਿਸੇ ਮੁਸੀਬਤ ਵਿਚ ਹੋਓ!'

'ਉਹਨੇ ਜ਼ੁਬਾਨ ਵੀ ਦਿੱਤੀ ਹੈ ਤੇ ਚੰਗੀ ਜੌਬ ਵੀ ਚਾਹੀਦੀ ਹੈ!'

ਇਹ ਸਵੈ-ਸੰਵਾਦ ਆਪਣੀ ਰੂਹ ਨਾਲ ਰਚਾਉਂਦਿਆਂ, ਹੁਣ ਉਹਦੀ ਮਨੋ-ਸਥਿਤੀ ਏਨੀ ਤਰਲ ਹੋ ਗਈ ਹੈ ਕਿ ਉਹਨੂੰ ਕੁਝ ਵੀ ਸੁੱਝ ਨਹੀਂ ਰਿਹਾ ਅਤੇ ਸਾਰੇ ਕਾਇਦੇ-ਕਾਨੂੰਨ ਛਿੱਕੇ ਉਤੇ ਟੰਗ ਕੇ ਉਹ ਫਰੈਂਕੀ ਦੇ ਸੈੱਲ ਫ਼ੋਨ ਦਾ ਨੰਬਰ ਮਿਲਾ ਰਹੀ ਹੈ। ਪਰ ਉਧਰੋਂ ਸਿਰਫ਼ 'ਟੂੰ ... ਟੂੰ' ਹੀ ਸੁਣਾਈ ਦੇ ਰਹੀ ਹੈ। ਦੁਬਾਰਾ, ਤਿਵਾਰਾ ਵੀ ਉਹੀ 'ਟੂੰ ... ਟੂੰ' ਸੁਣਾਈ ਦਿੱਤੀ ਹੈ ਤਾਂ ਉਹ ਆਪਣੇ 'ਲੈਪ-ਟੌਪ' ਵੱਲ ਵਧੀ ਹੈ ਅਤੇ 'ਮਾਈ ਸਪੇਸ' ਖੋਲ੍ਹਦੇ ਸਾਰ ਹੀ ਉਹਦਾ ਸਾਰਾ ਵਜੂਦ ਖਿਲ਼ ਉੱਠਿਆ ਹੈ:

ਕੰਪਿਊਟਰ ਦੀ ਸਾਰੀ ਸਕਰੀਨ ਨੀਲੇ ਅਸਮਾਨ ਵਿਚ ਬਦਲ ਗਈ ਹੈ ਅਤੇ



ਅਸਮਾਨ ਖੰਭਾਂ ਨਾਲ ਭਰਿਆ ਪਿਆ ਹੈ। ਸੋਨ ਰੰਗੇ ਖੰਭਾਂ ਨਾਲ ਤੇ ਫਰੈਂਕੀ ਵੀ ਦੌੜਦਾ ਹੋਇਆ ਉਹਦੇ ਵੱਲ ਆਉਂਦਾ ਨਜ਼ਰ ਆ ਰਿਹਾ ਹੈ ਅਤੇ ਉਹਦੇ ਕਦਮਾਂ ਦੀ ਆਹਟ ਵੀ ਉਹਨੂੰ ਸੁਣਾਈ ਦੇ ਰਹੀ ਹੈ।

'ਉਹ ਆ ਰਿਹਾ ਹੈ!' ਉਹਦੀ ਰੂਹ ਵਿਚੋਂ ਵੀ ਇਹੀ ਆਵਾਜ਼ ਆਈ ਹੈ ਤਾਂ ਉਹ ਉੱਡਦੀ ਹੋਈ ਇੰਜ ਆਪਣੇ ਦਫ਼ਤਰ ਵਿਚੋਂ ਨਿਕਲ ਕੇ ਫਰੰਟ ਲਾਬੀ ਵੱਲੋਂ ਆਉਂਦੇ ਹਾਲ-ਵੇਅ ਵਿਚ ਆ ਖੜ੍ਹੀ ਹੋਈ ਹੈ ਜਿਵੇਂ ਉਹਦੀ 'ਮਾਈ ਸਪੇਸ' ਵਿਚੋਂ ਨਿਕਲ ਕੇ ਸਾਰੇ ਦੇ ਸਾਰੇ ਖੰਭ ਉਹਦੇ ਪਿੰਡੇ ਨਾਲ ਆ ਲੱਗੇ ਹੋਣ ਪਰ ਫਰੈਂਕੀ ਦਾ ਤਾਂ ਉਥੇ ਨਾਂ-ਨਿਸ਼ਾਨ ਵੀ ਨਹੀਂ।

ਉਧਰੋਂ ਤਾਂ ਐਮਪਾਰੋ ਇਕ ਖ਼ੂਬਸੂਰਤ ਚੀਨੀ ਕੁੜੀ ਨੂੰ ਆਪਣੇ ਨਾਲ ਲਈ ਆ ਰਹੀ ਹੈ ਅਤੇ ਉਹ ਦੋਵੇਂ ਉਸ ਨੂੰ 'ਗੁੱਡ ਮਾਰਨਿੰਗ!' ਕਹਿ ਕੇ ਮੁਸਕਰਾ ਰਹੀਆਂ ਹਨ। ਪਰ ਉਹ ਉਨ੍ਹਾਂ ਵੱਲ ਦੇਖ ਕੇ ਇਕਦਮ ਮੁਰਝਾ ਕੇ ਬੁਝ ਜਿਹੀ ਗਈ ਹੈ ਅਤੇ ਮਰੇ ਜਿਹੇ ਕਦਮ ਪੁੱਟਦੀ ਆਪਣੇ ਦਫ਼ਤਰ ਵਿਚ ਇੰਜ ਆ ਵੜੀ ਹੈ ਜਿਵੇਂ ਉਹਦੇ ਸੋਨੇ ਦੇ ਖੰਭ ਪੱਥਰ ਦੇ ਬਣ ਗਏ ਹੋਣ ਅਤੇ ਉਹਦਾ ਸਾਰਾ ਵਜੂਦ ਮਿੱਟੀ ਦਾ ਹੋ ਗਿਆ ਹੋਵੇ।

ਐਮਪਾਰੋ, ਉਸ ਕੁੜੀ ਨੂੰ ਉਹਦੇ ਹਵਾਲੇ ਕਰ ਕੇ ਜਾ ਚੁੱਕੀ ਹੈ ਅਤੇ ਉਹ ਉਮੀਦਵਾਰ ਕੁੜੀ ਉਹਦੇ ਸਾਹਮਣੇ ਖੜ੍ਹੀ, ਪੂਰੇ ਆਤਮ-ਵਿਸ਼ਵਾਸ ਨਾਲ ਲਗਾਤਾਰ ਮੁਸਕਰਾ ਰਹੀ ਹੈ ਪਰ ਸ਼ੈਰੀ ਦੇ ਕੰਨਾਂ ਵਿਚ ਤਾਂ ਇਸ ਸਮੇਂ, ਉਹਦੇ ਆਪਣੇ 'ਹਾਇਰਿੰਗ ਬੌਸ' ਦੇ ਹਾਸੇ ਦੀ ਛਣਕਾਰ ਪੈ-ਪੈ ਕੇ ਰੜਕਣ ਲੱਗ ਪਈ ਹੈ ਅਤੇ ਉਹ ਖ਼ੂਬਸੂਰਤ ਕੁੜੀ ਉਸ ਨੂੰ ਆਪਣਾ ਹੀ ਦੂਜਾ ਰੂਪ ਨਜ਼ਰ ਆ ਰਹੀ ਹੈ: ਉਨ੍ਹਾਂ ਸਮਿਆਂ ਦਾ ਰੂਪ, ਜਦੋਂ ਉਹਦੇ ਤੋਤਲੇ ਖੰਭਾਂ ਨੇ ਹਾਲੇ ਫੜਫੜਾਉਣਾ ਵੀ ਨਹੀਂ ਸੀ ਸਿੱਖਿਆ।

****

# ਮਜ਼ਮਾ

ਅੱਜ ਕਿੰਨਾ ਚੰਗਾ ਦਿਨ ਚੜ੍ਹਿਆ ਹੈ, ਸੂਰਜ ਚੜ੍ਹਦੇ ਸਾਰ ਹੀ ਬੱਦਲਾਂ ਨਾਲ ਲੁਕਣ-ਮੀਟੀ ਖੇਡਣ ਲੱਗ ਪਿਆ ਹੈ ਤੇ ਹਲਕੀ-ਹਲਕੀ ਬਦਲਬਾਈ ਨੇ ਮੌਸਮ ਏਨਾ ਖੁਸ਼ਗਵਾਰ ਬਣਾ ਦਿੱਤਾ ਹੈ ਕਿ ਮੱਠੀ-ਮੱਠੀ ਹਵਾ ਤਨ-ਮਨ ਨੂੰ ਛੂਹ-ਛੂਹ ਸੁਖਦ ਅਹਿਸਾਸ ਪੈਦਾ ਕਰ ਰਹੀ ਹੈ। ਕੜਕ ਮੌਸਮ ਵਿਚ ਆਈ ਇਸ ਖੁਸ਼ਗਵਾਰ ਤਬਦੀਲੀ ਦਾ ਹਰ ਕਿਸੇ ਨੇ ਤਹਿ ਦਿਲੋਂ ਸਵਾਗਤ ਕੀਤਾ ਹੈ ਅਤੇ ਸਵੇਰ ਦਾ ਜੋ ਵੀ ਮਿਲਿਆ ਹੈ, 'ਏ ਬਿਊਟੀਫੁੱਲ ਡੇਅ!' ਉਹਦੇ ਬੁੱਲ੍ਹਾਂ ਉੱਤੇ ਆਪ-ਮੁਹਾਰੇ ਨੱਚਿਆ ਹੈ ਕਿਉਂਕਿ ਪਿਛਲੇ ਕਈ ਦਿਨ ਇੰਨੇ ਕੜਾਕੇ ਦੀ ਗਰਮੀ ਪਈ ਕਿ ਇਸ ਧਰਤੀ ਦਾ ਕਣ-ਕਣ ਜਲ-ਬਲ ਉੱਠਿਆ ਤੇ ਹਰ ਜੀਅ-ਜੰਤੂ ਤੜਪ ਉੱਠਿਆ।

ਮੈਂ ਤੇ ਮੇਰੀ ਪਤਨੀ ਇਸ ਮੌਸਮ ਦਾ ਪੂਰਾ ਲੁਤਫ਼ ਲੈਣ ਲਈ ਇਸ 'ਓਕਮੀਡ ਵਿਲਿਜ਼' ਦੇ ਨਾਲ ਲੱਗਦੇ ਪਾਰਕ ਵਿਚ ਆ ਵੜੇ ਹਾਂ ਅਤੇ ਘਾਹ ਉਪਰ ਨੰਗੇ ਪੈਰ ਤੁਰਦੇ ਇੰਨਾ ਚੰਗਾ ਮਹਿਸੂਸ ਕਰ ਰਹੇ ਹਾਂ ਕਿ ਰੂਹਾਂ ਵਿਚੋਂ ਬੋਲ ਗੀਤਾਂ ਵਾਂਗ ਲਰਜ਼ ਰਹੇ ਹਨ:

"ਕਿੰਨੇ ਮਹਾਨ ਦਿਨ ਸਨ ਉਹ ਸੁਣੈਨਾ! ਜਦੋਂ ਆਪਾਂ ਦੁਨੀਆ ਭਰ ਦੇ ਲੋਕਾਂ ਬਾਰੇ ਸੋਚਿਆ ਕਰਦੇ ਸੀ ..."

"ਪਰ ਦੁਨੀਆ ਨੇ ਆਪਣੇ ਬਾਰੇ ਕਦੇ ਵੀ ਨਹੀਂ ਸੋਚਿਆ ... ਓਥੇ ਦੀ ਓਥੇ ਈ ਰਹੀ ...।"

"ਨਹੀਂ ਸੁਣੈਨਾ ਨਹੀਂ, ਇਹ ਦੁਨੀਆ ਇਕ ਥਾਂ ਕਦੇ ਵੀ ਨਹੀਂ ਟਿਕ ਸਕਦੀ ... ਇਹਨੂੰ ਅੱਗੇ-ਪਿੱਛੇ ਖਿੱਚਣ ਤੇ ਧੱਕਣ ਵਾਲੀਆਂ ਸ਼ਕਤੀਆਂ ਦੇ ਅੰਤਰ-ਵਿਰੋਧ ਤੇ ਕਸ਼ਮਕਸ਼ ਇਹਨੂੰ ਹਮੇਸ਼ਾ ਗਤੀਸ਼ੀਲ ਰੱਖਦੇ ਹਨ ... ਇਹ ਕੁਦਰਤ ਦਾ ਵੀ ਨਿਯਮ ਹੈ, ਸਾਇੰਸ ਤੇ ਸਮਾਜ ਦਾ ਵੀ।"

"ਵਾਹ! ਕਿੱਥੇ ਤੋਂ ਕਿੱਥੇ ਪਹੁੰਚ ਗਏ ਪਰ ਭਾਸ਼ਣ ਉਹੀ ਰਹੇ ... ਜਿਸ ਨੂੰ ਸੁਣਨ ਵਾਲਾ ਇੱਥੇ ਕੋਈ ਵੀ ਨਹੀਂ ... ਇਕ ਕਾਲਾ ਕਾਂ ਵੀ ਨਹੀਂ ... ਕੋਈ ਕਾਲਾ ਕੁੱਤਾ ਵੀ ਨਹੀਂ।"

ਇਹਨੇ ਹਓਕਾ ਲੈ ਕੇ ਕਿਹਾ ਹੈ ਤਾਂ ਮੈਂ ਵਰਤਮਾਨ ਤੋਂ ਤਿਲਕ ਕੇ ਅਤੀਤ ਦੀ ਉਸ ਸ਼ਾਨਾਮੱਤੀ ਵਾਦੀ ਵਿਚ ਜਾ ਵੜਿਆ ਹਾਂ, ਜਦੋਂ ਅਸੀਂ ਅਧਿਆਪਕ ਅੰਦੋਲਨ ਦੇ ਧਾਂਸੂ ਲੀਡਰ ਕਹਾਉਂਦੇ ਸਾਂ ਅਤੇ ਨਵੇਂ ਸੁਪਨਿਆਂ ਦੇ ਸਿਰਜਕ ਹੋਣ ਦਾ ਦਾਅਵਾ ਪੇਸ਼ ਕਰਦੇ ਸਾਂ। ਉਦੋਂ ਮੈਂ ਇਕ ਕਾਲਜ ਵਿਚ ਪੰਜਾਬੀ ਦਾ ਲੈਕਚਰਾਰ ਹੁੰਦਾ ਸੀ ਅਤੇ ਸੁਣੈਨਾ ਇਕ ਹਾਈ ਸਕੂਲ ਵਿਚ ਹਿੰਦੀ ਦੀ ਟੀਚਰ ਅਤੇ ਉਹ ਦਿਨ ਇੰਨੇ ਜ਼ਰਖੇਜ਼ ਹੁੰਦੇ ਸਨ ਕਿ ਫ਼ਿਜ਼ਾ ਵਿਚ ਹਰ ਵਕਤ ਬਾਗੀ ਤਰਾਨੇ ਤੇ ਵਾਤਾਵਰਣ ਵਿਚ ਵਿਦਰੋਹੀ ਸੁਰ ਗੂੰਜਿਆ ਕਰਦੇ ਸਨ ...



ਤੇ ਹੁਣ ਜਦੋਂ ਕਦੇ ਵੀ ਉਹ ਦਿਨ ਯਾਦ ਆ ਜਾਂਦੇ ਹਨ ਤਾਂ ਇਹ ਅਕਸਰ ਉਦਾਸ ਹੋ ਜਾਂਦੀ ਹੈ ਅਤੇ ਮੈਂ ਉਸ ਇਤਿਹਾਸਕ ਅਤੀਤ ਤੇ ਚਿੰਤਨ ਦੀਆਂ ਹੋਰ ਡੂੰਘੀਆਂ ਪਰਤਾਂ ਫਰੋਲਦਾ ਆਪਣੇ ਹੀ ਅੰਤਰ-ਮਨ ਵਿਚ ਉਤਰ ਜਾਂਦਾ ਹਾਂ।

ਇਸ ਸਮੇਂ ਵੀ ਅਸੀਂ ਇਸੇ ਮਨੋ-ਦਸ਼ਾ ਵਿਚੋਂ ਗੁਜ਼ਰ ਰਹੇ ਹਾਂ।

ਤੁਰਦੇ-ਤੁਰਦੇ ਥੱਕ ਗਏ ਹਾਂ ਤਾਂ ਪਾਰਕ ਦੇ ਇਕ ਖੂੰਜੇ ਘਾਹ ਉਪਰ ਬੈਠ ਗਏ ਹਾਂ ਤੇ ਸ਼ਾਇਦ, ਸੂਰਜ ਨੂੰ ਸਾਡਾ ਇੰਜ ਬੈਠ ਜਾਣਾ ਗਵਾਰਾ ਨਹੀਂ: ਇਹ ਆਪਣਾ ਜਲਬਾ ਤੇ ਜਲੌਅ ਫਿਰ ਦਿਖਾਉਣ ਲਈ ਇਕ ਟਪੂਸੀ ਜਿਹੀ ਮਾਰ ਕੇ, ਤੇ ਬੱਦਲਾਂ ਦੇ ਢਿੱਡ ਵਿਚ ਇਕ ਵੱਡਾ ਸਾਰਾ ਮਘੋਰਾ ਕਰ ਕੇ ਸਾਡੇ ਸਿਰਾਂ ਉਪਰ ਆ ਚੜ੍ਹਿਆ ਹੈ ... ਕਾਲੇ-ਕਾਲੇ ਬੱਦਲ ਹੁਣ ਚਿੱਟੇ-ਚਿੱਟੇ ਬੱਦਲਾਂ ਦੇ ਅੱਗੇ-ਅੱਗੇ ਭੱਜੇ ਜਾਂਦੇ ਦਿਸਹੱਦੇ ਵਿਚ ਸਮਾਉਂਦੇ ਜਾ ਰਹੇ ਹਨ ਅਤੇ ਚਿਲਕਦੀ ਧੁੱਪ ਦਾ ਇਕ ਤਿੱਖਾ ਟੋਟਾ ਸਾਡੇ ਸਿਰਾਂ ਉਪਰ ਇੰਜ ਆ ਟਿਕਿਆ ਹੈ ਕਿ ਤਪਸ਼ ਤੇ ਜਲਣ ਬਰਦਾਸ਼ਤ ਤੋਂ ਬਾਹਰ ਹੋ ਗਈ ਹੈ ਤੇ ਅਸੀਂ ਚੁੱਪ-ਚਾਪ ਘਰ ਨੂੰ ਚਾਲੇ ਪਾ ਲਏ ਹਨ।

ਪਰ 'ਓਕਮੀਡ ਵਿਲਿਜ਼' ਦੇ ਗੇਟ ਉੱਤੇ ਪਹੁੰਚ ਕੇ ਮੇਰੇ ਪੈਰ ਆਪ-ਮੁਹਾਰੇ ਜਾਮ ਹੋ ਗਏ ਹਨ: ਅਚਾਨਕ, ਤਾਲੀਆਂ ਤੇ ਕਿਲਕਾਰੀਆਂ ਨਾਲ ਵਾਤਾਵਰਣ ਗੂੰਜ ਉੱਠਿਆ ਹੈ ਕਿਉਂਕਿ ਗੋਰਾ ਬੁੱਢਾ ਪੈਟ ਕਾੱਕ ਬਲੂਤ ਦੇ ਰੁੱਖ ਥੱਲੇ ਮਜ਼ਮਾ ਲਾਈ ਬੈਠਾ ਹੈ। ਉਹਦਾ ਇਹ ਮਜ਼ਮਾ ਅਕਸਰ ਹਰ ਵੀਕ-ਐਂਡ ਦੇ ਮੌਕੇ 'ਤੇ ਇਸੇ ਰੁੱਖ ਥੱਲੇ ਤੇ ਇਸੇ 'ਰੋਡ-ਸਾਈਡ' ਪਾਰਕ ਵਿਚ ਲੱਗਦਾ ਹੈ ਅਤੇ ਅੱਜ ਐਤਵਾਰ ਹੋਣ ਕਰਕੇ ਵਾਹਵਾ ਰੌਣਕ ਦਿਖਾਈ ਦੇ ਰਹੀ ਹੈ। ਜਿਸ ਵਿਚ ਉਹਦੇ ਦੋ ਪੱਕੇ ਹਮਉਮਰ ਸਾਥੀ ਨੀ ਨੇਗੁਆਨ ਤੇ ਪਾਬਲੋ ਡੀਸਿਲਵਾ ਤੋਂ ਇਲਾਵਾ, ਅੱਜ ਉਹ ਪਾਕਿਸਤਾਨੀ ਡਰਾਈਵਰ ਇਜ਼ਹਾਰ ਅਹਿਮਦ ਵੀ ਸ਼ਾਮਲ ਹੈ, ਜਿਹੜਾ ਬੇਨਜ਼ੀਰ ਭੁੱਟੋ ਦੇ ਕਤਲ ਦੀ ਖ਼ਬਰ ਸੁਣ ਕੇ ਭੁੱਬਾਂ ਮਾਰ ਕੇ ਰੋਇਆ ਸੀ ਅਤੇ ਇਕ ਮੂਲੋਂ ਨਵਾਂ ਬੰਦਾ ਵੀ ਦਿਸ ਰਿਹਾ ਹੈ: ਕਾਲੇ ਰੰਗ ਦਾ ਲੰਮਾ, ਪਤਲਾ ਤੇ ਫੁਰਤੀਲਾ ਨੌਜਵਾਨ । ਜਿਸਦੇ ਸਿਰ ਉੱਤੇ 'ਕਮਾਂਡੋ ਫੌਜੀ' ਵਾਲਾ ਕਾਲਾ ਪਰਨਾ ਬੰਨ੍ਹਿਆ ਹੋਇਆ ਹੈ ਤੇ ਫਰੈਂਚ-ਸਟਾਈਲ ਦਾੜ੍ਹੀ ਵੀ ਰੱਖੀ ਹੋਈ ਹੈ।

ਪੈਟ ਕੋਲ ਚੁੱਟਕਲਿਆਂ ਦਾ ਅਮੁੱਕ ਭੰਡਾਰ ਹੈ।

ਇਸ ਸਮੇਂ ਵੀ ਉਹ ਕੋਈ ਚੁੱਟਕਲਾ ਸੁਣਾ ਰਿਹਾ ਲੱਗਦਾ ਹੈ, ਜਿਸ ਨੂੰ ਉਹਦੇ ਸਰੋਤੇ ਇਕਾਗਰਤਾ ਨਾਲ ਸੁਣ ਰਹੇ ਹਨ ਤੇ ਵਾਹਵਾ ਲੁਤਫ਼ ਲੈ ਰਹੇ ਹਨ ... ਮੈਂ ਵੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਹੀ ਹੈ ਕਿ ਸੁਣੈਨਾ ਮੇਰੇ ਵੱਲ ਤਿਰਛਾ ਜਿਹਾ ਝਾਕਦੀ ਅਤੇ ਵਿੰਗਾ ਜਿਹਾ ਮੁਸਕਰਾਉਂਦੀ ਚੁੱਪ-ਚਾਪ ਘਰ ਨੂੰ ਤੁਰ ਗਈ ਹੈ ਅਤੇ ਮੈਂ ਤੇਜ਼ ਕਦਮ ਪੁੱਟਦਾ ਇਸ ਮਜ਼ਮੇ ਵਿਚ ਆ ਸ਼ਾਮਲ ਹੋਇਆ ਹਾਂ।

"ਹੈਲੋ ਡਾੱਕ, ਵੱਟਸ ਅੱਪ?" ਪੈਟ *ਅਕਸਰ ਮੈਨੂੰ ਡਾੱਕ ਕਹਿ ਕੇ ਹੀ ਬੁਲਾਉਂਦਾ ਏ ਕਿਉਂਕਿ ਮੇਰੇ ਨਾਂ 'ਪਵਨ ਇੰਦਰ ਸਿੰਘ ਪਰਵਾਨਾ' ਦਾ ਕੋਈ ਵੀ ਅੰਗ ਬੋਲਦੇ ਸਮੇਂ ਉਹਦੀ ਜ਼ੁਬਾਨ ਲੜਖੜਾ ਜਾਂਦੀ ਹੈ।*

"ਅੱਜ ਬੜਾ ਸ਼ੁਗਲ ਹੋ ਰਿਹੈ, ਗਾਈਜ਼!" ਮੈਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ ਪਰ ਪੈਟ ਇਕਦਮ ਗੰਭੀਰ ਲਹਿਜ਼ੇ ਵਿਚ ਕਹਿ ਰਿਹਾ ਹੈ:

"ਏ ਡਾੱਕ! ਤੈਨੂੰ ਪਤਾ, ਅੱਜ ਕੱਲ੍ਹ ਅਮਰੀਕਨ ਸਿਆਸਤ ਵਿਚ ਕੀ ਚੱਲ ਰਿਹੈ ... ਮੇਰਾ ਮਤਲਬ ... ਤੂੰ ਕੀਹਨੂੰ ਸਪੋਰਟ ਕਰਦਾਂ: ਬਰਾਕ ਓਬਾਮਾ ਜਾਂ ਜੌਹਨ ਮੀਕੇਨ? ਡੈਮੋਕਰੈਟਸ ਜਾਂ ਰੀਪਬਲੀਕਨ?"

"ਮੈਂ ਕਿਸੇ ਨੂੰ ਵੀ ਨਹੀਂ ਕਰਦਾ!"

"ਕਿਉਂ?"

"ਕਿਉਂਕਿ ਮੇਰੀ ਤਾਂ ਅਜੇ ਵੋਟ ਹੀ ਨਹੀਂ ਬਣੀਂ ... ਮੈਂ ਤਾਂ ਹਾਲੇ ਸਿਰਫ਼ 'ਗਰੀਨ ਕਾਰਡ ਹੋਲਡਰ' ਈ ਆਂ।"

"ਪਰ ਤੈਨੂੰ, ਚੰਗਾ ਕੌਣ ਲੱਗਦੈ?" ਪਾਬਲੋ ਇਹ ਹੀ ਸਵਾਲ ਫਿਰ ਦੁਹਰਾ ਰਿਹਾ ਏ, "ਮਤਲਬ, ਤੈਨੂੰ ਵੱਧ ਪਸੰਦ ਕੌਣ ਹੈ?"

"ਤੈਨੂੰ ਕੌਣ ਪਸੰਦ ਹੈ, ਮੀਗੋ ਪਾਬਲੋ ਦੀ ਸਿਲਵਾ?"

"ਮੈਂ ਤਾਂ ਮੈਡਮ ਹੈਲਰੀ ਕਲਿੰਟਨ ਦੇ ਹੱਕ 'ਚ ਸੀ, ਮੈਨੂੰ ਉਹੀ ਪਸੰਦ ਸੀ, ਪਰ ਉਹ ਤਾਂ ਹੁਣ ਰੇਸ ਵਿਚ ਹੀ ਨਹੀਂ ਰਹੀ ...।"

ਉਹ ਚੁੱਪ ਕਰ ਗਿਆ ਹੈ ਤਾਂ ਇਜ਼ਹਾਰ ਅਹਿਮਦ ਵੀ ਮੇਰੇ ਵੱਲ ਮੂੰਹ ਕਰਕੇ ਸ਼ੁਰੂ ਹੋ ਗਿਆ ਹੈ, "ਹਾਂ, ਭਾਈ ਸਾਹਿਬ ਪਰਵਾਨਾ ਜੀ! ਇਨ ਮੇਂ ਵੋਹ ਬਾਤ ਕਹਾਂ ਹੈ, ਜੋ ਮੈਡਮ ਕਲਿੰਟਨ ਮੇਂ ਹੈ!"

"ਉਸਨੇ ਸਾਰੀ ਦੁਨੀਆ ਦੇਖ-ਭਾਲ ਰੱਖੀ ਹੈ ... ਔਰ ਵੋਹ ਆਪਣੇ ਪਰਵਾਸੀਓਂ ਕੇ ਹੱਕ ਵਿਚ ਵੀ ਹਮੇਸ਼ਾ ਬੋਲਤੀ ਰਹੀ ਹੈ ... ਔਰ ਵੋਹ ਆਪਣੇ ਖਿੱਤੇ ਵਿਚ ਅਮਨ-ਆਮਾਨ ਕਾਇਮ ਕਰਨ ਲਈ ਵੀ ਵਾਜਬ ਰਹਿਣੀ ਸੀ ... ਕਿਉਂਕਿ ਉਸਕਾ ਹਿੰਦੁਸਤਾਨ ਔਰ ਪਾਕਿਸਤਾਨ ਦੋਨੋਂ ਸੇ ਬਰਾਬਰ ਮੋਹ ਹੈ ... ਇਸ ਲੀਏ ਮੈਂ ਤੋ ਅਬ ਕਿਸੀ ਕੋ ਭੀ ਵੋਟ ਨਹੀਂ ਡਾਲੂੰਗਾ ... ਆਪਕਾ ਇਸ ਬਾਰੇ ਕਿਆ ਖਿਆਲ ਹੈ, ਪਰਵਾਨਾ ਭਾ ਜੀ?"

ਇਜ਼ਹਾਰ ਨੇ ਪੰਜਾਬੀ *ਮਿਲੀ ਉਰਦੂ ਵਿਚ* ਕੀ ਕਿਹਾ, ਕਿਸੇ ਨੂੰ ਪਤਾ ਨਹੀਂ ਲੱਗਾ ਪਰ ਫਿਰ ਵੀ ਸਾਰੀਆਂ ਨਜ਼ਰਾਂ ਮੇਰੇ ਉਪਰ ਟਿਕੀਆਂ ਹੋਣ ਕਰਕੇ ਮੈਂ ਸਵਾਲ ਫਿਰ ਆਰੰਭ ਕਰਨ ਵਾਲੇ ਵੱਲ ਰੇੜ੍ਹ ਦਿੱਤਾ ਹੈ:

"ਪਰ ਤੈਨੂੰ ਕੌਣ ਪਸੰਦ ਹੈ, ਪੈਟ?"

"ਬਰਾਕ ਓਬਾਮਾ ਸੌ ਪਰਸਿੰਟ!" ਉਹ ਬੜੇ ਤਿੱਖੇ ਰੌਂਅ ਵਿਚ ਬੋਲ ਰਿਹਾ ਹੈ, "ਪਰ ਇਹ ਬੇਵਕੂਫ਼ ਨੇਗੁਆਨ, ਮੀਕੇਨ ਦਾ ਭਗਤ ਬਣਿਆ ਫਿਰਦੈ। ਇਹ ਮੂਰਖ, ਉਸ ਉਮੀਦਵਾਰ ਦੀ ਸਪੋਰਟ ਕਰ ਰਿਹਾ, ਜੋ ਸੌ ਸਾਲ ਤੱਕ ਜੰਗ ਜਾਰੀ ਰੱਖਣ ਦੀਆਂ ਕਸਮਾਂ ਖਾ ਰਿਹਾ ..."

"ਹੇ ਡਾੱਕ! ਤੈਨੂੰ ਪਤਾ, ਇਹ ਕਿਉਂ ਉਹਦੀ ਸਪੋਰਟ ਕਰ ਰਿਹੈ?"



"ਦੱਸ, ਮੈਨੂੰ ਕੀ ਪਤਾ?"

"ਅਮਰੀਕਨ ਦੇਸ਼ਭਗਤ ਕਹਾਉਣ ਲਈ! ਪਰ ਇਸ ਮੂਰਖ ਨੂੰ ਕੋਈ ਪੁੱਛੇ, ਖੁਦ ਆਪਣੇ ਦੇਸ਼ ਦਾ ਗੱਦਾਰ, ਕਿਸੇ ਦੂਜੇ ਦੇਸ਼ ਦਾ ਭਗਤ ਕਿਵੇਂ ਬਣ ਸਕਦਾ ਹੈ?"

ਪੈਟ ਉਹਦੀ ਖਿੱਲੀ ਉਡਾ ਰਿਹਾ ਹੈ, ਉਹਦੇ ਸਰੋਤੇ ਤਾਲੀਆਂ ਮਾਰ-ਮਾਰ ਕੇ ਹੋਰ ਚੰਬਲਾਅ ਰਹੇ ਹਨ। ਇਸ ਲਈ ਨੇਗੁਆਨ ਵੀ ਭੁੜਕ ਭੁੜਕ ਕੇ ਵੀਅਤਨਾਮੀ-ਨੁਮਾ ਅੰਗਰੇਜ਼ੀ ਵਿਚ ਬੋਲਣ ਲੱਗ ਪਿਆ ਹੈ:

"....... ........ ..... ..... ...... ..... ....."

"ਕਿਸੇ ਨੂੰ ਪਤਾ ਲੱਗਾ, ਇਸ 'ਭੱਦਰ ਪੁਰਸ਼' ਨੇ ਕੀ ਕਿਹਾ?"

ਪੈਟ ਨੇ ਫਿਰ ਮਾਈਕ ਉਹਦੇ ਕੋਲੋਂ ਜਬਰਦਸਤੀ ਖੋ ਲਿਆ ਹੈ:

"ਇਹ ਕਹਿ ਰਿਹੈ: ਕਿਉਂਕਿ ਇਹ ਕਮਿਊਨਿਸਟਾਂ ਨੂੰ ਪਸੰਦ ਨਹੀਂ ਸੀ ਕਰਦਾ, ਇਸ ਲਈ ਉੱਤਰੀ ਵੀਅਤਨਾਮ ਦੀ ਸਰਕਾਰੀ ਫੌਜ ਵਿਚ ਭਰਤੀ ਹੋ ਗਿਆ। ਪਰ ਇਹਦੀ ਬਦਕਿਸਮਤੀ *ਨਾਲ* ... ਅਮਰੀਕਾ ਨੂੰ ਵੀਅਤਨਾਮ ਛੱਡਣਾ ਪੈ ਗਿਆ ਤਾਂ ਇਹ ਵੀ ਪਨਾਹਗੀਰ ਬਣ ਕੇ ਏਥੇ ਆ ਗਿਆ ਤੇ ਹੁਣ ਤਾਂ ਇਹ ਅਮਰੀਕਨ *ਸਿਟੀਜ਼ਨ* ਵੀ ਬਣ ਗਿਆ ਐ: ਇਸ ਲਈ ਇਹ ਅਮਰੀਕਨ *ਦੇਸ਼ਭਗਤ* ਕਹਾਉਣ ਦਾ ਹੱਕਦਾਰ ਹੈ!"

"ਪਰ ਮੇਰਾ ਸਵਾਲ ਤਾਂ ਇਹ ਹੈ ਕਿ ਖੁਦ ਆਪਣੀ ਜਨਮ-ਭੂਮੀ ਦਾ ਕੋਈ ਗੱਦਾਰ, ਕਿਸੇ ਦੂਜੇ ਦੇਸ਼ ਦਾ ਭਗਤ ਕਿਵੇਂ ਬਣ ਸਕਦਾ ਹੈ?"

ਇਸ ਸਵਾਲ ਨਾਲ ਚੁੱਪ ਪਸਰ ਗਈ ਹੈ ਅਤੇ ਪੈਟ ਨੇ ਉਂਗਲੀ ਮੇਰੇ ਵੱਲ ਕਰ ਦਿੱਤੀ ਹੈ, "ਤੇਰਾ ਡਾੱਕ, ਇਹਦੇ ਬਾਰੇ ਕੀ ਵਿਚਾਰ ਹੈ?"

ਵੈਸੇ ਵੀ, ਅੱਜ ਉਹ ਹਰ ਸਵਾਲ ਮੇਰੇ ਵੱਲ ਉਛਾਲ ਰਿਹਾ ਹੈ, ਤਾਂ ਜੋ ਅਮਰੀਕਨ ਸਿਆਸਤ ਬਾਰੇ ਮੇਰੀ ਜ਼ੁਬਾਨ ਖੁਲ੍ਹਵਾ ਸਕੇ ਅਤੇ ਬਾਕੀ ਸਾਰੇ ਜਣੇ ਵੀ ਮੁੜ-ਮੁੜ ਮੇਰੇ ਵੱਲ ਝਾਕ ਰਹੇ ਹਨ। ਨਵੇਂ ਬੰਦੇ ਦੀ ਨਜ਼ਰ ਤਾਂ ਮੈਨੂੰ ਹੋਰ ਵੀ ਗਹਿਰਾਈ ਵਿਚ ਘੋਖ ਰਹੀ ਹੈ ... ਇਸ ਲਈ ਮੈਂ ਸਾਰਿਆਂ ਨੂੰ ਸੰਬੋਧਨ ਕਰਕੇ ਕਹਿ ਰਿਹਾ ਹਾਂ:

"ਦੇਖੋ ਗਾਈਜ਼! ਮੇਰਾ ਵਿਚਾਰ ਹੈ, ਕਿਸੇ ਵੀ ਸਰਕਾਰੀ ਫੌਜ ਵਿਚ ਆਮ ਸਿਪਾਹੀ ਰੋਟੀ-ਰੋਜ਼ੀ ਖਾਤਰ ਹੀ ਭਰਤੀ ਹੁੰਦੇ ਆ ਅਤੇ ਮਜ਼ਬੂਰੀ-ਵੱਸ ਹੀ ਲੜਦੇ ਮਰਦੇ ਆ। ਪਰ ਕਿਸੇ ਕੱਠਪੁਤਲੀ ਸਰਕਾਰ ਦੀ ਫੌਜ ਵਿਚ ਭਰਤੀ ਹੋ ਕੇ ਆਪਣੇ ਹੀ ਦੇਸ਼ ਦੇ ਵਿਰੁੱਧ, ਆਪਣੀ ਹੀ ਆਜ਼ਾਦੀ ਦੇ ਵਿਰੁੱਧ, ਆਪਣੇ ਹੀ ਭਾਈ-ਬੰਧੂਆਂ ਦੇ ਵਿਰੁੱਧ ਲੜਨ ਵਾਲੇ ਤਾਂ ਸਿਰਫ਼ ਭਾੜੇ ਦੇ ਟੱਟੂ ਹੀ ਅਖਵਾ ਸਕਦੇ ਆ ... ਤੇ ਇਹ ਭਾੜੇ ਦੇ ਟੱਟੂ ਹੀ ਤੋਪ ਦਾ ਸਭ ਤੋਂ ਸਸਤਾ ਚਾਰਾ ਬਣਦੇ ਆ।"

ਮੈਂ ਛਿਣ ਭਰ ਲਈ ਸਾਰੇ ਚਿਹਰੇ ਨਿਹਾਰੇ ਹਨ ਅਤੇ ਚੰਗਾ ਪ੍ਰਭਾਵ ਦੇਖ ਕੇ ਹੋਰ ਵੀ ਉਤਸ਼ਾਹ ਨਾਲ ਬੋਲਣ ਲੱਗ ਪਿਆ ਹਾਂ:

"ਇਹੀ ਵੀਅਤਨਾਮ ਵਿਚ ਵੀ ਹੋਇਆ ਅਤੇ ਇਹੀ ਇਰਾਕ ਤੇ ਅਫਗਾਨਿਸਤਾਨ ਵਿਚ ਵੀ ਹੋ ਰਿਹਾ ਹੈ ... ਇਸ ਨੂੰ ਆਪਾਂ ਕਠਪੁਤਲੀ ਨਾਚ ਵੀ ਕਹਿ ਸਕਦੇ ਹਾਂ: ਉਹ

ਨਾਚ, ਜੋ ਆਪਣੇ ਹੀ ਲੋਕਾਂ ਦੇ ਲਹੂ ਦੀ ਹੋਲੀ ਖੇਲ੍ਹਣ ਵਿਚ ਹਮਲਾਵਰ ਦਾ ਸਾਥ ਦਿੰਦਾ ਹੈ। ਉਹ ਕਠਪੁਤਲੀ ਨਾਚ, ਜਿਸ ਵਿਚ ਮੁਕਤੀ, ਆਜ਼ਾਦੀ, ਜਨਤੰਤਰ ਦੇ ਨਾਂ ਹੇਠ ਜਾਂ ਕਿਸੇ ਵੀ ਹੋਰ ਬਹਾਨੇ ਨਾਲ ਲਾਸ਼ਾਂ ਦੇ ਸੱਥਰ ਵਿਛਾਏ ਜਾਂਦੇ ਹਨ। ਲੋਕਾਂ ਨੂੰ ਤਬਾਹ ਕੀਤਾ ਜਾਂਦਾ ਅਤੇ ਸੱਭਿਅਤਾਵਾਂ ਨੂੰ ਤਹਿਸ-ਨਹਿਸ ...”

ਮੇਰੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ, ਪੈਟ ਦੀਆਂ ਕਿਲਕਾਰੀਆਂ ਤੇ ਹੋਰਨਾਂ ਦੀਆਂ ਤਾਲੀਆਂ ਸ਼ੁਰੂ ਹੋ ਗਈਆਂ ਹਨ ਪਰ ਨੇਗੁਆਨ ਜ਼ਮੀਨ ਵਿਚ ਅੱਖਾਂ ਗੱਡੀ, ਕਨਪਟੀਆਂ ਥਾਣੀਂ ਮੇਰੇ ਵੱਲ ਔਖਾ ਜਿਹਾ ਝਾਕ ਰਿਹਾ ਅਤੇ ਮੈਂ ਪਲਟਾ ਮਾਰ ਕੇ ਇਹੀ ਮਸਲਾ ਪੈਟ ਵੱਲ ਰੇੜ੍ਹ ਦਿੱਤਾ ਹੈ:

“ਪਰ ਪੈਟ ਤੂੰ ਵੀ ਤਾਂ ਦੋਵੇਂ ਲੱਤਾਂ ਉਸੇ ਜੰਗ ਵਿਚ ਗਵਾਈਆਂ ... ਤੂੰ ਵੀ ਤਾਂ ਵੀਲ੍ਹ-ਚੇਅਰ ਜੋਗਾ ਹੀ ਰਹਿ ਗਿਆ ... ਤੇਰੀ ਵੀ ਤਾਂ ਸਾਰੀ ਜ਼ਿੰਦਗੀ ਉਸੇ ਜੰਗ ਕਾਰਨ ਬਰਬਾਦ ਹੋ ਗਈ ... ਤੈਨੂੰ ਕੀ ਲੱਗਦੈ, ਤੂੰ ਦੇਸ਼ਭਗਤੀ ਦੀ ਭਾਵਨਾ ਕਰਕੇ ਅਮਰੀਕਨ ਫੌਜ ਵਿਚ ਭਰਤੀ ਹੋਇਆ ਅਤੇ ਇਸੇ ਭਾਵਨਾ ਕਰਕੇ ‘ਪਰਪਲ ਹਰਟ’ ਮੋਢੇ ਉੱਤੇ ਚਿਪਕਾ ਕੇ ਪਰ ਦੋਵੇਂ ਲੱਤਾਂ ਗਵਾ ਕੇ ਹੱਸਦਾ ਹੋਇਆ ਵਾਪਸ ਮੁੜਿਆ?”

“ਨਹੀਂ ਡਾੱਕਟਰ ਨਹੀਂ, ਬਿੱਲਕੁੱਲ ਨਹੀਂ ਡਾੱਕ!” ਉਹ ਆਪਣੀਆਂ ਨਕਲੀ ਲੱਤਾਂ ਜ਼ਮੀਨ ਉਤੇ ਜ਼ੋਰ-ਜ਼ੋਰ ਨਾਲ ਪਟਕ ਰਿਹਾ ਹੈ ਅਤੇ ਉਹਦੀ ਆਵਾਜ਼ ਖੁਸ਼ਕ ਹੋ ਕੇ ਘੱਗਿਆ ਗਈ ਹੈ:

“ਮੈਨੂੰ ਤਾਂ ਉਸ ਅਮਰੀਕਨ ਕਾਨੂੰਨ ਕਰਕੇ ਜਾਣਾ ਪਿਆ ... ਜਿਸਨੂੰ ‘ਡਰਾਫਟ’ ਕਿਹਾ ਜਾਂਦਾ ਹੈ ਤੇ ਜਿਸ ਤੋਂ ਬਚਣ ਲਈ ਮੈਂ ਹਿੱਪੀ ਨਹੀਂ ਬਣ ਸਕਦਾ ਸੀ ... ਪਰ ਉਸ ਜੰਗ ਵਿਚ ਹਿੱਸਾ ਲੈ ਕੇ ਹੀ ਤਾਂ ਮੈਨੂੰ ਇਹ ਪਤਾ ਲੱਗਾ ਕਿ ਜੰਗ ਅਸਲ ਵਿਚ ਹੁੰਦੀ ਕੀ ਹੈ?”

ਉਹ ਏਨਾ ਭਾਵੁਕ ਹੋ ਗਿਆ ਹੈ ਕਿ ਸਾਰਾ ਸਰੀਰ ਕੰਬ ਰਿਹਾ ਹੈ ਅਤੇ ਸਿੱਲ੍ਹੀ-ਸਿੱਲ੍ਹੀ ਆਵਾਜ਼ ਰੁਕ-ਰੁਕ ਕੇ ਨਿਕਲ ਰਹੀ ਹੈ:

“ਹਾਂ, ਹਰ ਹਮਲਾਵਰ ਜੰਗ ਇਕ ਮਹਾਂ-ਅਪਰਾਧ ਹੁੰਦਾ, ਤੇ ਜੋ ਵੀ ਸਟੇਟ ਜਾਂ ਦੇਸ਼ ਇਹ ਅਪਰਾਧ ਕਰਦੇ ਆ, ਉਹ ਮਹਾਂ-ਪਾਪ ਦੇ ਭਾਗੀ ਬਣਦੇ ਆ। ਇਸੇ ਲਈ ਮੈਂ ਓਬਾਮਾ ਦੀ ਸਪੋਰਟ ਕਰ ਰਿਹਾਂ ... ਇਸ ਉਮੀਦ ਕਰਕੇ ਕਿ ਉਹ ਇਹ ਨਿਹੱਕੀ ਜੰਗ ਖਤਮ ਕਰੇਗਾ ...।”

ਬੋਲਦਾ-ਬੋਲਦਾ ਪੈਟ ਹੁਣ ਇੰਜ ਅੱਖਾਂ ਮੀਟ ਕੇ ਬੈਠ ਗਿਆ ਹੈ ਜਿਵੇਂ ਉਸ ਜੰਗ ਦੀ ਤਬਾਹੀ ਦੇ ‘ਜ਼ਿੰਦਾ ਸੀਨ’ ਦੇਖ ਰਿਹਾ ਹੋਵੇ ਅਤੇ ਉਹਦੀ ਰੂਹ ਕੁਰਲਾ ਰਹੀ ਹੋਵੇ। ਇਸ ਨਾਲ ਮਜ੍ਹਮੇ ਵਿਚ ਸੰਨਾਟਾ ਛਾ ਗਿਆ ਹੈ ਅਤੇ ਖਾਲੀ ਪਿਆ ਮਾਈਕ ਪਾਬਲੋ ਨੇ ਆਪਣੇ ਹੱਥ ਲੈ ਲਿਆ ਹੈ:

“ਸੋ ਤਾਂ ਮੈਡਮ ਕਲਿੰਟਨ ਵੀ ਕਹਿ ਰਹੀ ਸੀ ਕਿ ਇਹ ਜੰਗ ਖਤਮ ਕਰੂੰਗੀ, ਫਿਰ ਉਸਨੂੰ ਉਮੀਦਵਾਰ ਕਿਉਂ ਨਹੀਂ ਚੁਣਿਆ ਗਿਆ?”



ਪਾਬਲੋ ਦੇ ਇਸ ਸਵਾਲ ਦਾ ਜਵਾਬ ਦੇਣ ਜੋਗੀ ਹਿੰਮਤ ਪੈਟ ਵਿਚ ਨਹੀਂ ਰਹੀ। ਉਹ ਤਾਂ ਵੀਲ੍ਹ-ਚੇਅਰ ਨਾਲ ਚਿਪਕਿਆ, ਬੈਗ ਵਿਚੋਂ ਕੱਢ ਕੇ ਇਕ ਕੈਪਸੂਲ ਖਾ ਕੇ ਅੱਖਾਂ ਮੀਟੀ ‘ਗੈਟੋਰੇਡ’ ਪੀ ਰਿਹਾ ਹੈ। ਇਸ ਲਈ ਚੰਗਾ ਮੌਕਾ ਤਾੜ ਕੇ ਕਾਲਾ ਨੌਜਵਾਨ ਬੋਲਣ ਲੱਗ ਪਿਆ ਹੈ:

“ਮੈਡਮ ਕਲਿੰਟਨ ਨੂੰ ਮੀਗੋ, ਇਸ ਲਈ ਉਮੀਦਵਾਰ ਨਹੀਂ ਚੁਣਿਆ ਗਿਆ ਕਿਉਂਕਿ ਉਹ ਵੀ ਇਸ ਮਹਾਂ-ਅਪਰਾਧ ਨੂੰ ਹੱਕੀ ਦਰਜਾ ਦਿਵਾਉਣ ਵਿਚ ਹਿੱਸੇਦਾਰ ਰਹੀ ਹੈ। ਤੈਨੂੰ ਪਤਾ, ਉਹਨੇ ਵੀ ਇਸ ਜੰਗ ਦੇ ਹੱਕ ਵਿਚ ਸੈਨੇਟ ਵਿਚ ਵੋਟ ਪਾਈ ਸੀ ਪਰ ਬਰਾਕ ਨੇ ਤਾਂ ਉਦੋਂ ਵੀ ਇਸਦਾ ਵਿਰੋਧ ਕੀਤਾ ਸੀ, ਜਦੋਂ ਇਹਦੇ ਸਮਰਥਨ ਦੀ ਹਨੇਰੀ ਝੁੱਲ ਰਹੀ ਸੀ ... ਜਦੋਂ ਇਹ ਜੰਗਬਾਜ਼: ਬੁਸ਼-ਮੀਕੇਨ-ਚੇਨੀ ਟੋਲੀ, ਝੂਠ ਤੇ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਸੀ ...”

ਚੁੱਪ ਜਿਹਾ ਲੱਗਦਾ ਉਹ ਨੌਜਵਾਨ ਇੰਜ ਬੋਲ ਰਿਹਾ ਹੈ ਕਿ ਮਜ੍ਹਮੇ ਦਾ ਰੰਗ ਇਕਦਮ ਗੂੜ੍ਹਾ ਸਿਆਸੀ ਹੋ ਗਿਆ ਹੈ:

“ਪਰ ਇਸ ਚੁਣਾਵ ਦਾ ਮੁੱਖ ਮੁੱਦਾ ਸਿਰਫ਼ ਇਰਾਕ ਦੀ ਜੰਗ ਨਹੀਂ, ਤਬਦੀਲੀ ਹੈ: ਵਾਈਟ ਹਾਊਸ ਵਿਚ ਤਬਦੀਲੀ ਤੇ ਸਾਰੀਆਂ ਗਲਤ ਨੀਤੀਆਂ ਵਿਚ ਤਬਦੀਲੀ ... ਇਹ ਵਿਦੇਸ਼ ਨੀਤੀ ਦਾ ਮਾਮਲਾ ਹੋਵੇ ਭਾਵੇਂ ਆਰਥਿਕ ਖੇਤਰ ਦਾ ... ਇਸੇ ਲਈ ਤਾਂ ਬਰਾਕ ਕਹਿੰਦਾ: ਵੁਈ ਨੀਡ ਚੇਂਜ!”

“ਹਾਂ, ਸਾਨੂੰ ਤਬਦੀਲੀ ਚਾਹੀਦੀ ਹੈ ...!”

ਉਹਨੇ ਇਕ ਵਾਰ ਨੀਝ ਲਾ ਕੇ ਸਾਰੇ ਚਿਹਰੇ ਨਿਹਾਰੇ ਹਨ ਅਤੇ ਫਿਰ ਹੋਰ ਵੀ ਆਤਮ-ਵਿਸ਼ਵਾਸ ਨਾਲ ਬੋਲਣ ਲੱਗ ਪਿਆ ਹੈ, “ਹਾਂ, ਸਾਨੂੰ ਤਬਦੀਲੀ ਚਾਹੀਦੀ ਆ ਤੇ ਬਰਾਕ ਓਬਾਮਾ ਹੀ ਇਹ ਤਬਦੀਲੀ ਲਿਆ ਸਕਦਾ ਕਿਉਂਕਿ ਉਹ ਸਾਡੇ ਵਰਗਾ ਹੈ ... ਆਮ ਆਦਮੀ ਵਰਗਾ ... ਇਸੇ ਲਈ ‘ਤਬਦੀਲੀ’ ਉਹਦਾ ਮਾਟੋ ਹੈ ...”

ਉਹ ‘ਤਬਦੀਲੀ ... ਤਬਦੀਲੀ’ ਰਟੀ ਜਾ ਰਿਹਾ ਹੈ ਤਾਂ ਮੇਰੇ ਜ਼ਿਹਨ ਵਿਚ ਇਹ ਵਿਚਾਰ ਉਭਰ ਰਿਹਾ ਹੈ, ਕਿਤੇ ਇਹ ਤਬਦੀਲੀ ਵੀ ਅੱਜ ਸਵੇਰ ਦੇ ਮੌਸਮ ਦੀ ਤਬਦੀਲੀ ਵਰਗੀ ਹੀ ਨਾ ਹੋ ਨਿੱਬੜੇ: ਪਲ ਭਰ ਦੀ ਬਦਲਬਾਈ ਅਤੇ ਫਿਰ ਉਹੀ ਤਪਸ਼, ਉਹੀ ਜਲਣ, ਉਹੀ ਕੜਾਕੇ। ਮੈਂ ਇਸ ਜੱਕਾ-ਤੱਕਾ ਵਿਚ ਉਲਝਿਆ ਖੜ੍ਹਾ ਹਾਂ, ‘ਕੁਝ ਕਹਾਂ ਕਿ ਨਾ ਕਹਾਂ’ ਪਰ ਇਜ਼ਹਾਰ ਨੇ ਝਿਜਕਦੇ ਜਿਹੇ ਉਹਨੂੰ ਟੋਕ ਹੀ ਦਿੱਤਾ ਹੈ:

“ਪਰ ਨੌਜਵਾਨ ... ਉਹ ਹਾਲੇ ਨਾ-ਤਜਰਬੇਕਾਰ ਹੈ ... ਸਿਆਸਤ ਦੇ ਮਾਮਲੇ ਵਿਚ ਬੱਚਾ ਐ ...”

“ਹੇ ਮੈਨ! ਉਸ ਤਜਰਬੇ ਨੂੰ ਕੀ ਕਰਨਾ, ਜਿਹੜਾ ਆਪਣੇ ਹੀ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੋਵੇ? ਕਿੰਨਾ ਤਜਰਬੇਕਾਰ ਸੀ ਇਹ ਜਾਰਜ ‘ਡਬਲਿਯੂ’ ਬੁਸ਼! ਕਿੰਨਾ ਵੱਡਾ ਕੁਕਰਮ ਕੀਤਾ ਇਹਨੇ? ਅਰਬ ਦੀ ਖਾੜੀ ਨੂੰ ਮੌਤ ਦੀ ਖਾੜੀ ਵਿਚ ਬਦਲ ਦਿੱਤਾ ਤੇ ਸਾਰੀ ਦੁਨੀਆ ਨੂੰ ਆਰਥਿਕ ਸੰਕਟ ਦੀ ਅੰਨ੍ਹੀ ਖਾਈ ਵਿਚ ਸਿੱਟ ਦਿੱਤਾ ...”

ਉਹ ਤਿੱਖੇ ਰੌਂਅ ਵਿਚ ਬੋਲ ਰਿਹਾ ਹੈ ਤਾਂ ਇਜ਼ਹਾਰ ਢਿੱਲਾ ਪੈ ਕੇ "ਸੋ ਤੋ ਹੈ!" ਕਹਿ ਕੇ ਪਿੱਛੇ ਹਟ ਕੇ ਰੁੱਖ ਦੇ ਤਣੇ ਨਾਲ ਜਾ ਲੱਗਿਆ ਹੈ ਅਤੇ ਉਹ ਨੌਜਵਾਨ ਹੁਣ ਜੇਤੂ ਅੰਦਾਜ਼ ਵਿਚ ਬੋਲ ਰਿਹਾ ਹੈ:

"ਯ੍ਹਾ ਮੈਨ! ਸਾਨੂੰ ਉਸ ਤਜਰਬੇ ਦੀ ਲੋੜ ਨਹੀਂ, ਜਿਹੜਾ ਸਾਡੀ ਹੀ ਤਬਾਹੀ ਦਾ ਸਾਧਨ ਬਣੇ। ਸਾਨੂੰ ਤਾਂ ਉਸ ਤਜਰਬੇ ਦੀ ਲੋੜ ਹੈ ਜਿਹੜਾ ਸਾਨੂੰ ਇਸ ਆਰਥਿਕ ਸੰਕਟ ਅਤੇ ਉਨ੍ਹਾਂ ਜੰਗਾਂ ਵਿਚੋਂ ਬਾਹਰ ਕੱਢੇ, ਜਿਨ੍ਹਾਂ ਕਾਰਨ ਇਹ ਸੰਕਟ ਪੈਦਾ ਹੋਇਆ ਹੈ ... ਇਸੇ ਲਈ ਸਾਨੂੰ ਤਬਦੀਲੀ ਚਾਹੀਦੀ ਹੈ ਪਰ ਸਿਰਫ਼ ਇਕ ਵਿਅਕਤੀ ਦੀ ਤਬਦੀਲੀ ਨਹੀਂ, ਸਾਰੀਆਂ ਗਲਤ ਨੀਤੀਆਂ ਵਿਚ ਤਬਦੀਲੀ ਚਾਹੀਦੀ ਹੈ ... ਸਾਰੀਆਂ ਗਲਤੀਆਂ ਸੁਧਾਰਨ ਲਈ ਤੇ ਸਹੀ ਰਾਹ ਚੁਣਨ ਲਈ ਤਬਦੀਲੀ।"

"ਵਾਹ, ਕਿਆ ਬਾਤ ਕਹੀ ਐ, ਨੌਜਵਾਨ!" ਮੇਰੇ ਮੂੰਹੋਂ ਅਚਾਨਕ ਇਹ ਨਿਕਲ ਗਿਆ ਹੈ ਤਾਂ ਉਹ ਇਕਦਮ ਚੁੱਪ ਕਰ ਗਿਆ ਹੈ।

ਪਰ ਪੈਟ ਫਿਰ ਜੋਸ਼ ਵਿਚ ਆ ਗਿਆ ਹੈ, "ਮਾਰਟਿਨ ਸਹੀ ਕਹਿ ਰਿਹਾ, ਸਾਨੂੰ ਤਬਦੀਲੀ ਚਾਹੀਦੀ ਹੈ ਤੇ ਇਸ ਤਬਦੀਲੀ ਨੂੰ ਹੁਣ ਕੋਈ ਨਹੀਂ ਰੋਕ ਸਕਦਾ: ਹਾਂ, ਕੋਈ ਵੀ ਨਹੀਂ! ਨਾ ਇਹ ਮੂਰਖ ਨੇਗੁਆਨ ਤੇ ਨਾ ਉਹ ਬੁਢੜਾ ਮੀਕੇਨ, ਜੋ ਵੀਅਤਨਾਮ ਵਿਚ ਦੋਵੇਂ ਬਾਹਾਂ ਤੁੜਵਾ ਕੇ ਵੀ, ਸੌ ਸਾਲ ਤੱਕ ਲੜਦੇ ਰਹਿਣ ਦੀਆਂ ਕਸਮਾਂ ਖਾ ਰਿਹਾ ... ਜੰਗ ਜਿੱਤਣ ਦੇ ਦਮਗਜੇ ਮਾਰ ਰਿਹਾ।"

ਪੈਟ ਹੁਣ ਫਿਰ ਵੀਲ੍ਹ-ਚੇਅਰ ਉਪਰ ਇੰਜ ਬੁੜ੍ਹਕ ਰਿਹਾ ਕਿ ਮੈਨੂੰ ਡਰ ਲੱਗ ਰਿਹਾ, 'ਕਿਤੇ ਇਹਦੇ ਦਿਮਾਗ ਦੀ ਕੋਈ ਨਾੜੀ ਨਾ ਫਟ ਜਾਏ ... ਕਿਤੇ ਇਹ ਆਹ ਨਕਲੀ ਲੱਤਾਂ ਵੀ ਨਾ ਤੁੜਵਾ ਬੈਠੇ।' ਇਸ ਲਈ ਮੈਂ ਖਿਸਕਣ ਹੀ ਲੱਗਾ ਹਾਂ ਕਿ ਉਹ ਪੁੱਛ ਰਿਹਾ ਹੈ:

"ਕੀ ਮੈਂ ਗਲਤ ਕਹਿ ਰਿਹਾਂ, ਡਾੱਕ?"

"ਪੈਟ ਦੇਖ! ਕਹਿ ਤਾਂ ਭਾਵੇਂ ਤੂੰ ਠੀਕ ਈ ਰਿਹਾ ਏਂ, ਪਰ ਜੇ ਬੁਸ਼ ਪ੍ਰਸ਼ਾਸ਼ਨ ਨੂੰ ਤੇਰੇ ਇਸ ਮਜ੍ਹਮੇ ਬਾਰੇ ਪਤਾ ਲੱਗ ਗਿਆ ਤਾਂ ਉਨ੍ਹਾਂ ਤੇਰੇ 'ਤੇ ਵੀ 'ਦੇਸ਼ਭਗਤੀ ਕਾਨੂੰਨ' ਫਿੱਟ ਕਰਕੇ ਤੇਰੀਆਂ ਸਾਰੀਆਂ ਸਹੂਲਤਾਂ ਬੰਦ ਕਰ ਦੇਣੀਆਂ। ਫਿਰ ਤੇਰੀ 'ਸਪੈਸ਼ਲ ਮੈਡੀਕੇਅਰ' ਵੀ ਜਾਂਦੀ ਲੱਗਣੀ ਆ ਤੇ ਤੇਰੀ ਉਹ 'ਬਲੈਕ ਐਂਡ ਬਿਊਟੀਫੁੱਲ' ਨਰਸ ਵੀ ਉਹਨਾਂ ਖੋਹ ਲੈਣੀ ਹੈ: ਜਿਹੜੀ ਤੈਨੂੰ ਲੋਰੀਆਂ ਦੇ ਕੇ ਸਲਾਉਂਦੀ ਏ ... ਤੇਲ ਮਾਲਿਸ਼ ਕਰਕੇ ਨਿੱਤ ਨਹਾਉਂਦੀ ਏ ..."

"ਆਈ ਵੈੱਲ ਫੱਕ ਦਿੱਮ! ਆਈ ਵੈੱਲ ਫੱਕ ਦਿੱਮ ਆੱਲ!"

ਉਹ ਗਰਜਦਾ ਹੋਇਆ ਵੀਲ੍ਹ-ਚੇਅਰ ਦਾ ਸਹਾਰਾ ਲੈ ਕੇ ਇਵੇਂ ਖੜੋ ਗਿਆ ਹੈ ਜਿਵੇਂ ਇਹ ਬੋਲ ਪੁਗਾਉਣ ਲਈ ਤਿਆਰ ਬਰ ਤਿਆਰ ਹੋਵੇ ਅਤੇ ਕੁੱਬਾ ਜਿਹਾ ਹੋ ਕੇ ਇੰਜ ਲੱਕ ਹਿਲਾ ਰਿਹਾ ਹੈ ਕਿ ਠਹਾਕਿਆਂ ਤੇ ਤਾਲੀਆਂ ਨਾਲ ਫਿਰ ਸਾਰਾ ਵਾਤਾਵਰਣ ਗੂੰਜ ਉੱਠਿਆ ਹੈ ਅਤੇ ਉਹਨੇ ਨੇਗੁਆਨ ਨੂੰ ਫਿਰ ਆਪਣੇ ਨਿਸ਼ਾਨੇ 'ਤੇ ਲੈ ਆਂਦਾ ਹੈ:



"ਫੱਕ ਆੱਲ ਨਕਲੀ ਦੇਸ਼ਭਗਤ ਤੇ ਅਸਲੀ ਗੱਦਾਰ!"

ਉਹਨੂੰ ਤੈਸ਼ ਵਿਚ ਆ ਕੇ ਪਾਗ਼ਲਾਂ ਵਾਂਗ ਚੀਕਦਾ ਦੇਖ ਕੇ ਨੇਗੁਆਨ ਉਥੋਂ ਖਿਸਕਣ ਹੀ ਲੱਗਾ ਹੈ ਕਿ ਐਨ ਇਸੇ ਮੌਕੇ ਪੈਟ ਦੀ ਪਤਨੀ ਆ ਧਮਕੀ ਹੈ ਅਤੇ ਉਹਨੂੰ ਦੇਖਦੇ ਸਾਰ ਹੀ ਪੈਟ ਦੇ ਚਿਹਰੇ ਦਾ ਰੰਗ ਚਿੱਟੇ ਤੋਂ ਘਸਮੈਲਾ ਹੋ ਗਿਆ ਹੈ।

ਉਹਦੀ ਪਤਨੀ ਬੈਪਟਿਸਟ ਚਰਚ ਦੀ ਪੱਕੀ ਚੇਲੀ ਹੋਣ ਕਰਕੇ ਹਰ ਐਤਵਾਰ 'ਓਕਮੀਡ ਵਿਲਿਜ਼' ਦੇ ਅੱਠ-ਦਸ ਸਾਲ ਦੇ ਬੱਚਿਆਂ ਦੇ ਇਕ ਗਰੁੱਪ ਨੂੰ ਨਾਲ ਲੈ ਕੇ ਚਰਚ ਜਾਂਦੀ ਹੈ। ਜਿੱਥੇ ਉਨ੍ਹਾਂ ਬੱਚਿਆਂ ਨੂੰ ਧਰਮ-ਕਰਮ ਦੀ ਦੀਕਸ਼ਾ ਵੀ ਦਿੱਤੀ ਜਾਂਦੀ ਹੈ ਅਤੇ ਮੁਫ਼ਤ ਖਾਣੇ ਦੀ ਸੇਵਾ ਵੀ ਕੀਤੀ ਜਾਂਦੀ ਹੈ। ਉਹਦੇ ਬੱਚੇ ਫੁੱਟਪਾਥ ਉਪਰ ਖੜ੍ਹੇ ਬੱਸ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਉਹ ਸਿੱਧੀ ਪੈਟ ਉਤੇ ਆ ਵਰਸੀ ਹੈ:

"ਹੇ ਪੈਟ! ਤੂੰ ਇਸ ਵੇਚਾਰੇ ਨੇਗੁਆਨ ਦਾ ਹਰ ਵਕਤ ਮਜ਼ਾਕ ਕਿਉਂ ਉਡਾਉਂਦਾ ਰਹਿੰਨਾ ਏਂ? ਦੇਖ, ਇਹ ਵੇਚਾਰਾ ਫਿਰ ਵੀ ਤੇਰੇ ਪਿੱਛੇ ਪਿੱਛੇ ਇੰਜ ਫਿਰਦਾ ਰਹਿੰਦਾ ਜਿਵੇਂ ਤੇਰੀ ਪੂਛ ਹੋਵੇ: ਬਾਂਦਰ ਦੀ ਪੂਛ!"

"ਦੇਖ, ਵੇਚਾਰਾ ਕਿੰਨਾ ਸਾਊ ਬੰਦਾ ਏ! ਤੇਰੀਆਂ ਗਾਲ੍ਹਾਂ ਖਾ ਕੇ ਵੀ ਤੇਰੀ ਦੁੰਮ ਚੱਟਦਾ ਰਹਿੰਦਾ। ਪਰ ਤੂੰ ਇਹਨੂੰ ਤੰਗ ਕਿਉਂ ਕਰਦਾ ਏਂ? ਕੋਈ ਹੋਰ ਬੰਦਾ ਹੁੰਦਾ ਤਾਂ ਤੇਰਾ ਇਹ ਥੋਬੜਾ ਤੱਕ ਤੋੜ ਦਿੰਦਾ।"

"ਹਨੀ, ਇਹ ਸਾਊ ਨਹੀਂ, ਮੂਰਖ ਹੈ ... ਹਾਂ, ਮਹਾਂ-ਮੂਰਖ!"

"ਤੈਨੂੰ ਪਤਾ, ਇਹ ਮੂਰਖ ਉਸ ਮੀਕੇਨ ਦਾ ਭਗਤ ਬਣਿਆ ਫਿਰਦਾ, ਜਿਹੜਾ ਉਸ ਜੰਗ ਨੂੰ ਸੌ ਸਾਲ ਤੱਕ ਲੜਦੇ ਰਹਿਣ ਦੀਆਂ ਕਸਮਾਂ ਖਾ ਰਿਹੈ, ਜਿਸ ਵਿਚ ਆਪਣੇ ਕਈ ਹਜ਼ਾਰ ਜਵਾਨ ਮਰ ਚੁੱਕੇ ਆ, ਸੱਤਰ ਹਜ਼ਾਰ ਤੋਂ ਵੱਧ ਮੇਰੇ ਵਾਂਗ ਲੂਲੇ ਲੰਗੜੇ ਅਪਾਹਜ਼ ਬਣ ਚੁੱਕੇ ਆ।"

"ਪਤਾ ਕਿਉਂ? ਕਿਉਂਕਿ ਇਹਨੂੰ ਵੇਚਾਰੇ ਨੂੰ ਤੇਰੇ ਜਿੰਨੀ ਪੌਲੇਟਿਕਸ ਕਿੱਥੇ ਆਉਂਦੀ ਏ? ਇਹਦੀਆਂ ਲੱਤਾਂ ਬਾਹਾਂ ਸਲਾਮਤ ਜੁ ਬਚ ਗਈਆਂ। ਜੇ ਇਹ ਵੀ ਤੇਰੇ ਵਾਂਗ ਵੀਲ੍ਹ-ਚੇਅਰ ਉਤੇ ਬਹਿ ਕੇ ਸੜਕਾਂ ਉਪਰ ਪਾਗਲਾਂ ਵਾਂਗ ਰੌਲਾ ਪਾਉਂਦਾ ਫਿਰਦਾ, ਫੁੱਟਪਾਥ ਉੱਤੇ ਮਜ੍ਹਮਾ ਲਾ ਕੇ ਤੇਰੇ ਵਾਂਗ ਡਫਲੀ ਵਜਾਉਂਦਾ ਫਿਰਦਾ ਤਾਂ ਇਹਨੂੰ ਵੀ ਇਹ ਪਤਾ ਲੱਗ ਜਾਣਾ ਸੀ, ਜੰਗ ਦੇ ਮਾਅਨੇ ਕੀ ਹੁੰਦੇ ਆ ਤੇ ਇਹ ਕੌਣ ਪਾਪੀ ਲਾਉਂਦੇ ਆ।"

ਭਾਵੇਂ ਕਹਿ ਤਾਂ ਉਹ ਨੇਗੁਆਨ ਬਾਰੇ ਰਹੀ ਹੈ ਪਰ ਉਹਦਾ ਅਸਲੀ ਨਿਸ਼ਾਨਾ ਪੈਟ ਹੀ ਹੈ, "ਜੇ ਇਹਨੂੰ ਵੀ ਤੇਰੇ ਵਾਂਗ ਨਾ ਆਪਣੇ-ਆਪ ਦੀ ਸੁਰਤ ਰਹਿੰਦੀ, ਨਾ ਖਾਣ-ਪੀਣ ਦੀ ਹੋਸ਼ ਰਹਿੰਦੀ, ਨਾ ਚਰਚ ਜਾਣ ਤੇ ਰੱਬ ਦਾ ਨਾਂ ਲੈਣ ਦੀ ਅਕਲ ਬਚਦੀ, ਤਾਂ ਇਹਨੇ ਵੀ ਇਹ ਸਿੱਖ ਲੈਣਾ ਸੀ ਕਿ ਇਹ ਜੰਗ ਕਿੰਨਾ ਵੱਡਾ ਅਨਰਥ ਕਰਦੀ ਹੈ ...।"

ਉਹ ਬੋਲ ਰਹੀ ਹੈ ਤਾਂ ਪੈਟ ਦਾ ਰੰਗ ਬਦਲ ਰਿਹਾ ਹੈ: ਚਿੱਟੇ ਤੋਂ ਘਸਮੈਲਾ, ਘਸਮੈਲੇ ਤੋਂ ਲਾਲ, ਤੇ ਫਿਰ ਬੇਰੰਗ ਜਿਹਾ ਹੋ ਕੇ ਇਕਦਮ ਸਫੈਦ ... ਪਰ ਉਹਦੀ ਇਹ ਗੱਲ ਵਿੱਚੇ

ਰਹਿ ਗਈ ਹੈ ਕਿਉਂਕਿ ਚਰਚ ਦੀ ਬੱਸ ਆ ਗਈ ਹੈ ਤੇ ਉਹ ਆਪਣੇ ਬੱਚਿਆਂ ਨੂੰ ਲੈ ਕੇ ਫੁਰਤੀ ਨਾਲ ਬੱਸ ਵਿੱਚ ਜਾ ਚੜ੍ਹੀ ਹੈ ... ਤੇ ਉਹਦੇ ਪਿੱਛੇ ਨੇਗੁਆਨ ਵੀ ਮਰੇ ਜਿਹੇ ਕਦਮ ਪੁੱਟਦਾ ਤੇ ਸਿਰ ਖੁਰਕਦਾ ਖਿਸਕ ਗਿਆ ਹੈ।

ਪਰ ਉਨ੍ਹਾਂ ਦੇ ਤੁਰ ਜਾਣ ਤੋਂ ਮਗਰੋਂ ਤਾਂ ਮਜ੍ਹਮੇ ਦੀ ਰੌਣਕ ਹੋਰ ਵੀ ਵਧ ਗਈ ਹੈ। ਪੈਟ ਦੀ ਚੜ੍ਹਤ ਹੋਰ ਵੀ ਮਚ ਗਈ ਹੈ:

ਤਾਲੀਆਂ ... ਹਾਸਾ ... ਚੀਕਾਂ ... ਤੇ ਕਿਲਕਾਰੀਆਂ ...

ਸਾਰਾ 'ਓਕਮੀਡ ਵਿਲਿਜ਼' ਇਸ ਹੰਗਾਮੇ ਨਾਲ ਗੂੰਜ ਰਿਹਾ ਹੈ ਅਤੇ ਸੂਰਜ ਨੂੰ ਫਿਰ ਕਾਲੇ-ਸ਼ਾਹ ਬੱਦਲਾਂ ਨੇ ਘੇਰ ਲਿਆ ਹੈ। ਤੇ ਇੰਜ ਲੱਗ ਰਿਹਾ ਹੈ ਕਿ ਜਲ-ਅੰਮ੍ਰਿਤ ਵਰਸਿਆ ਕਿ ਵਰਸਿਆ। ਧਰਤੀ ਦੀ ਗੋਦ ਤਰ-ਤ੍ਰਿਪਤ ਜ਼ਰਖੇਜ਼ ਹੋਈ ਕਿ ਹੋਈ। ਤਪਸ਼ ਤੇ ਜਲਣ ਗਈ ਕਿ ਗਈ।

* *

ਮੈਂ ਇਸ ਵਾਤਾਵਰਣ ਦੇ ਸਰੂਰ ਨਾਲ ਚੁੱਟਕੀਆਂ ਵਜਾਉਂਦਾ, ਮਜ੍ਹਮੇ ਵਿਚ ਕਹੇ ਆਪਣੇ ਸ਼ਬਦ ਮਨ ਹੀ ਮਨ ਦੁਹਰਾਉਂਦਾ, ਨੱਚਦੇ ਪੈਰਾਂ ਨਾਲ ਘਰ ਵੜਿਆ ਹਾਂ ਤਾਂ ਮੇਰਾ ਵੀ ਉਸੇ ਤਰ੍ਹਾਂ ਦਾ ਸਵਾਗਤ ਹੋ ਰਿਹਾ ਏ, ਜਿਸ ਤਰ੍ਹਾਂ ਦਾ ਪੈਟ ਦੀ ਪਤਨੀ ਉਹਦਾ ਕਰਕੇ ਗਈ ਹੈ:

"ਹੋ ਗਿਆ ਫੰਨ! ਵਜਾ ਆਏ ਤਾੜੀਆਂ! ਉਡਾ ਆਏ ਤੋਤੇ ਤੇ ਕਾਂ!"

"ਐਵੇਂ ਯਾਰ ਜਾ ਵੜਿਆ ਓਥੇ, ਕਿੰਨਾ ਚਿਰ ਲੱਗ ਗਿਆ। ਚੱਲ ਹੁਣ ਤਿਆਰ ਹੋ ਜਾ, ਗਰੌਸਰੀ ਲੈਣ ਚੱਲਦੇ ਆਂ। ਲੰਚ ਵੀ ਅੱਜ ਬਾਹਰ ਈ ਕਰ ਕੇ ਆਵਾਂਗੇ, 'ਰੈੱਡ ਲਬਸਟਰ' ਤੋਂ ਸੀ-ਫੂਡ ਖਾ ਕੇ ਆਵਾਂਗੇ!"

"ਵਾਹ ਤੁਹਾਡੇ ਨਖਰੇ, ਇਹਨਾਂ ਨਾਲ ਤਾਂ ਤੁਸੀਂ ਮੈਨੂੰ ਪੱਟਿਆ!"

"ਓ ਯਾਰ, ਕਿਉਂ ਐਵੇਂ ਖਫਾ ਹੁੰਨੀਂ ਏ? ਵਿਹਲੇ ਬੰਦੇ ਨੂੰ ਵੀ ਤਾਂ ਜੀਣ ਦਾ ਕੁਛ ਨ ਕੁਛ ਅਧਿਕਾਰ ਹੋਣਾ ਚਾਹੀਦਾ!"

"ਕਿਉਂ ਨਹੀਂ! ਵਿਹਲੇ ਬੰਦੇ ਨੂੰ ਹੀ ਤਾਂ ਸਾਰੇ ਅਧਿਕਾਰ ਚਾਹੀਦੇ ਆ, ਕੰਮ ਕਰਨ ਵਾਲੇ ਲਈ ਤਾਂ ਕੰਮ ਦਾ ਅਧਿਕਾਰ ਈ ਕਾਫੀ ਐ।"

"ਓ ਯਾਰ ਬੱਸ ... ਕਈ ਵਾਰ ਤੂੰ ਵੀ ਐਵੇਂ ਵਿਗੜ ਜਾਨੀਂ ਏਂ!"

ਮੈਂ ਝਾੜ-ਝੰਬ ਤੋਂ ਡਰਦਾ ਬਾਥਰੂਮ ਵਿਚ ਆ ਵੜਿਆ ਹਾਂ।

ਨਹਾ ਧੋਅ ਕੇ ਕਪੜੇ ਬਦਲ ਕੇ ਫਰੈਸ਼ ਹੋ ਕੇ ਆਇਆ ਹਾਂ ਤਾਂ ਇਹ ਲੰਚ ਦਾ ਸਾਮਾਨ ਟੇਬਲ ਉਪਰ ਰੱਖਦੀ ਫਿਰ ਚਾਲੂ ਹੋ ਗਈ ਏ:

"ਦੱਸੋ, ਤੁਸੀਂ ਇੰਨੇ ਪੜ੍ਹੇ ਲਿਖੇ ਹੋ ਕੇ ਵੀ, ਉਸ ਡੁੱਡੇ ਬੁੜ੍ਹੇ ਵਾਂਗ ਫੁੱਟਪਾਥ 'ਤੇ ਤਾੜੀਆਂ ਮਾਰਦੇ ਫਿਰਦੇ ਓ, ਲੋਕ ਕੀ ਸੋਚਦੇ ਹੋਣਗੇ?"



"ਓ ਯਾਰ, ਲੋਕਾਂ ਨੇ ਜੋ ਸੋਚਣਾ ਪਏ ਸੋਚਣ! ਪਰ ਮੈਂ ਤਾਂ ਇਹੀ ਸੋਚ ਸੋਚ ਕੇ ਪਰੇਸ਼ਾਨ ਹੁੰਨਾਂ ਰਹਿੰਨਾਂ, ਬਈ ਜੇ ਮੈਂ ਬੇਰੁਜ਼ਗਾਰ ਹਾਂ ਤਾਂ ਇਹਦੇ ਵਿਚ ਮੇਰਾ ਕੀ ਕਸੂਰ ਐ?"

"ਜੇ ਏਡੀ ਵੱਡੀ ਕੰਪਨੀ ਦਾ ਵੀ ਦੀਵਾਲਾ ਨਿਕਲ ਗਿਆ ਤੇ ਲੱਖਾਂ ਵਰਕਰ ਫੁੱਟਪਾਥ ਉੱਤੇ ਆ ਗਏ ... ਤਾਂ ਇਸ ਵਿਚ ਉਨ੍ਹਾਂ ਵਿਚਾਰੇ ਵਰਕਰਾਂ ਦਾ ਕੀ ਕਸੂਰ ਹੈ? ਪਤਾ, ਇਸ ਮੰਦੀ ਕਾਰਨ ਕਿੰਨੇ ਕਰੋੜ ਵਿਚਾਰੇ ਮੇਰੇ ਵਾਂਗ ਫੁੱਟਪਾਥ ਦੀ ਧੂੜ ਚੱਟਦੇ ਫਿਰਦੇ ਆ?"

"ਅੱਜ ਬੜੇ ਵੇਚਾਰੇ ਬਣ ਰਹੇ ਓ!"

"ਯਾਰ ਮੈਂ ਇਹ ਸੋਚ ਕੇ ਵੀ ਪਰੇਸ਼ਾਨ ਹੋ ਜਾਨਾਂ ਕਿ ਤੈਨੂੰ ਇਕੱਲੀ ਨੂੰ ਘਰ ਦਾ ਸਾਰਾ ਖਰਚ ਚਲਾਉਣਾ ਪੈ ਰਿਹਾ, ਤੇ ਮੈਨੂੰ ਤਾਂ ਜਿੰਨਾ ਕੁ ਬੇਰੁਜ਼ਗਾਰੀ ਅਲਾਊਂਸ ਮਿਲਦਾ, ਮੇਰੇ ਦਾਰੂ-ਪਾਣੀ ਜੋਗਾ ਈ ਹੁੰਦਾ।"

"ਫਿਰ ਤੈਨੂੰ ਘਰ ਦਾ ਸਾਰਾ ਕੰਮ ਵੀ ਕਰਨਾ ਪੈ ਰਿਹਾ ਤੇ ਤੂੰ ਕਿਹੜੀ ਲੋਹੇ ਦੀ ਬਣੀ ਹੋਈ ਏਂ ...!"

"ਅੱਜ ਇਹ ਮੱਖਣ ਲਾਉਣ ਦੀ ਕੋਈ ਖਾਸ ਵਜ੍ਹਾ?"

"ਨਹੀਂ ਯਾਰ ਮੱਖਣ ਨਹੀਂ! ਦਰਅਸਲ, ਸੱਚ ਦੱਸਾਂ ਤਾਂ, ਮੈਨੂੰ ਕਈ ਵਾਰ ਆਪਣਾ-ਆਪ ਕਿਸੇ ਅਪਾਹਜ਼ ਵਰਗਾ ਲੱਗਣ ਲੱਗਦਾ ...।"

"ਅਪਾਹਜ ਤਾਂ ਤੁਸੀਂ ਹੋ ਹੀ!"

ਇਹ ਠਹਾਕਾ ਮਾਰ ਕੇ ਖਿੜਖਿੜਾ ਕੇ ਹੱਸ ਰਹੀ ਹੈ ਅਤੇ ਮੈਂ ਨਿੱਕਾ ਜਿਹਾ ਹੋ ਕੇ ਆਪਣੇ ਅੰਦਰੇ-ਅੰਦਰ ਹੋਰ ਵੀ ਸੁੰਗੜਦਾ ਜਾ ਰਿਹਾਂ ਪਰ ਪਤਾ ਨਹੀਂ ਇਹਦੇ ਦਿਲ ਵਿਚ ਕੀ ਹੈ, ਬੋਲੀ ਜਾ ਰਹੀ ਹੈ:

"ਵੈਸੇ ਬਹੁਤਾ ਪੜ੍ਹਿਆ ਲਿਖਿਆ ਬੰਦਾ ਇਕ ਕਿਸਮ ਦਾ ਅਪਾਹਜ ਹੀ ਹੁੰਦਾ ... ਜੇ *ਉਹਦੀ ਲਿਆਕਤ ਕਿਸੇ ਕੰਮ ਨਾ ਆਏ ਤਾਂ* ... ਮੈਂ ਏਥੇ ਕਈ ਬੰਦਿਆਂ ਬਾਰੇ ਸੁਣਿਆਂ: ਜਿਹੜੇ ਓਥੇ ਇੰਡੀਆ ਵਿਚ ਵੱਡੇ ਵਿਦਵਾਨ, ਗੁਣੀ-ਗਿਆਨੀ ਤੇ ਤੀਸ ਮਾਰ ਖਾਂ ਹੁੰਦੇ ਸੀ ਪਰ ਏਥੇ ਆ ਕੇ ਸਿਰਫ਼ ਜ਼ੀਰੋ ਤੇ ਮਹਾਂ-ਬੇਕਾਰ ਸਾਬਤ ਹੋਏ।"

"ਕਿਉਂ ਮੇਹਣੇ ਮਾਰਦੀ ਏਂ? ਮੈਨੂੰ ਜੌਬ ਮਿਲ ਈ ਜਾਣੀਂ ਏਂ!"

"ਜੌਬ, ਜੌਬ, ਜੌਬ, ਹਰ ਵਕਤ ਜੌਬ!"

"ਪਰ ਤੁਹਾਨੂੰ ਜੌਬ ਕਰਨ ਨੂੰ ਕਹਿੰਦਾ ਕੌਣ ਏ? ਮੈਂ ਤਾਂ ਕਹਿੰਨੀਂ ਆਂ, ਤੁਸੀਂ ਘਰ ਦਾ ਕੰਮ ਸੰਭਾਲ ਲਓ ਤੇ ਮੈਂ ਇਕ ਹੋਰ ਜੌਬ ਕਰ ਲੈਨੀਂ ਆਂ।"

"ਫਿਰ ਮਜ਼ਾਕ!"

"ਨਹੀਂ, ਮਜ਼ਾਕ ਨਹੀਂ ਡਾਰਲਿੰਗ! ਇਕਦਮ ਸੱਚ ਤੇ ਖਰਾ ਸੱਚ!"

ਜਿਸ ਗੱਲ ਤੋਂ ਬਚ ਰਿਹਾ ਸੀ, ਉਹ ਹੀ ਸੁਣਨੀ ਪੈ ਰਹੀ ਹੈ, ਇਸ ਲਈ ਮੇਰਾ ਪ੍ਰਤੀਕਰਮ ਵੀ ਗੁਸੈਲ ਤੇ ਬਾਸ਼ਰਤ ਹੈ:

"ਓ. ਕੇਅ. ਡੰਨ! ... ਤੈਨੂੰ ਪੱਕਿਆ ਪਕਾਇਆ ਖਾਣਾ ਤੇ ਘਰ ਦਾ ਕੀਤਾ ਕਰਾਇਆ ਕੰਮ ਮਿਲੇਗਾ ਪਰ ਮੈਂ ਵਿਹਲੇ ਸਮੇਂ ਵਿਚ ਜੋ ਮਰਜ਼ੀ ਕਰਾਂ: ਤੋਤੇ ਉਡਾਵਾਂ ਚਾਹੇ ਕਾਂ, ਮਜ੍ਹਮੇ ਵਿਚ ਜਾਵਾਂ ਜਾਂ ਡਾਨਸ ਕਲੱਬ, ਇਹ ਮੇਰੇ ਆਪਣੇ ਮਨ ਦੀ ਰਜ਼ਾ ਹੋਏਗੀ, ਤੂੰ ਮੇਹਣਾ ਨਹੀਂ ਮਾਰੇਂਗੀ।"

"ਓ. ਕੇਅ. ਡੰਨ!" ਇਹਨੇ ਚੀਚੀ ਮੇਰੇ ਵੱਲ ਵਧਾਈ ਹੈ।

ਮੈਂ ਇਹਦੀ ਚੀਚੀ ਵਿਚ ਆਪਣੀ ਚੀਚੀ ਫਸਾ ਕੇ ਇਹ ਡੀਲ ਪ੍ਰਵਾਨ ਕਰ ਲਈ ਹੈ। ਪਰ ਇਹ ਮੇਰੇ ਚਿਹਰੇ ਵੱਲ ਦੇਖ ਕੇ ਇੰਜ ਖਿੜਖਿੜਾ ਕੇ ਹੱਸ ਰਹੀ ਹੈ ਕਿ ਮੇਰਾ ਵੀ ਮੱਲੋ-ਮੱਲੀ ਹਾਸਾ ਨਿਕਲਦਾ ਜਾ ਰਿਹਾ ਹੈ। ਅਸੀਂ ਸ਼ੁਦਾਈਆਂ ਵਾਂਗ ਹੱਸੀ ਜਾ ਰਹੇ ਹਾਂ ... ਤੇ ਅਸਮਾਨ ਵਿਚ ਬੱਦਲ ਵੀ ਹੱਸਦੇ-ਹੱਸਦੇ ਵਰਸਣ ਲੱਗ ਹੀ ਪਏ ਹਨ ਅਤੇ ਗਰਮੀ ਦਾ ਮੌਸਮ ਵੀ ਹੁਣ ਬਹਾਰ ਵਰਗਾ ਲੱਗ ਰਿਹਾ ਹੈ।

* *

ਅਸੀਂ ਅੱਜ ਕੱਲ੍ਹ ਬੜੇ ਖੁਸ਼ ਹਾਂ: ਇਹ ਘਰ ਦੇ ਕੰਮ ਤੋਂ ਮੁਕਤੀ ਮਿਲ ਜਾਣ ਕਾਰਨ ਤੇ ਮੈਂ ਅਣਚਾਹੀ ਨੌਕਰੀ ਦੀ ਤਲਾਸ਼ ਤੋਂ ਰਾਹਤ ਕਾਰਨ।

ਪਰ ਸੱਤੇ ਦਿਨ ਕੰਮ ਕਰਨ ਨਾਲ, ਇਹ ਥੱਕ-ਟੁੱਟ ਕੇ ਚੂਰ, ਏਨੀ ਖਸਤਾ ਹਾਲਤ ਵਿਚ ਘਰ ਮੁੜਦੀ ਹੈ ਕਿ ਮੈਂ ਹਮਦਰਦੀ ਤੇ ਪਿਆਰ ਜਤਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ: ਘਰ ਪੈਰ ਰੱਖਦੇ ਹੀ 'ਖੁਸ਼ਆਮਦੀਦ!' ਕਹਿ ਕੇ ਸਵਾਗਤ ਕਰਦਾ ਹਾਂ। ਚਾਹ ਦਾ ਵਕਤ ਹੋਵੇ ਤਾਂ ਤੁਰੰਤ ਬਣਾ ਕੇ ਪੇਸ਼ ਕਰਦਾ ਹਾਂ। ਖਾਣੇ ਦਾ ਵਕਤ ਹੋਵੇ ਤਾਂ ਟੇਬਲ ਉਪਰ ਪਰੋਸ ਕੇ ਰੱਖਦਾ ਹਾਂ। ਫਿਰ ਸਵੇਰੇ ਬੈੱਡ-ਟੀ ਦੇ ਨਾਲ ਜਗਾਉਂਦਾ ਹਾਂ। ਨਾਸ਼ਤਾ ਖਵਾਉਂਦਾ ਹਾਂ ਤੇ ਕੰਮ 'ਤੇ ਜਾਣ ਲੱਗੀ ਨੂੰ ਲੰਚ ਬੌਕਸ ਦੇ ਨਾਲ 'ਹੈਵ ਏ ਗਰੇਟ ਡੇਅ!' ਦੀ ਅਸੀਸ ਵੀ ਦਿੰਦਾ ਹਾਂ।

ਇਹਨੂੰ ਮੇਰੇ ਅੰਦਰ ਆਈ ਇਹ ਤਬਦੀਲੀ ਬਹੁਤ ਚੰਗੀ ਲੱਗ ਰਹੀ ਹੈ ਅਤੇ ਅਸੀਂ ਆਪਣੇ ਮਨ ਦੀ ਰਜ਼ਾ ਅਨੁਸਾਰ ਜ਼ਿੰਦਗੀ ਦਾ ਲੁਤਫ਼ ਮਾਣ ਰਹੇ ਹਾਂ। ਫ਼ਰਕ ਹੈ ਤਾਂ ਸਿਰਫ਼ ਇੰਨਾ ਕਿ ਇਹ ਕੰਮ ਕਰ ਕੇ ਖੁਸ਼ ਹੈ ਅਤੇ ਮੈਨੂੰ ਵਕਤ ਹੁਣ ਆਪਣਾ ਲੱਗਦਾ ਹੈ ਅਤੇ ਇਹਦੀ ਵਰਤੋਂ ਵੀ ਮੈਂ ਪੂਰੇ ਉਤਸ਼ਾਹ ਤੇ ਮਨ ਨਾਲ ਕਰਦਾ ਹਾਂ।

ਇਹਦੇ ਕੰਮ 'ਤੇ ਜਾਂਦੇ ਹੀ ਈਮੇਲ ਚੈੱਕ ਕਰਦਾ ਹਾਂ। ਇੰਟਰਨੈੱਟ ਉਪਰ ਦੇਸ ਪ੍ਰਦੇਸ ਦੀਆਂ ਖਬਰਾਂ ਪੜ੍ਹਦਾ ਹਾਂ। ਮਨ ਕਰੇ ਤਾਂ ਮਿੱਤਰਾਂ ਤੇ *ਅਜਨਵੀਆਂ ਨਾਲ ਵੀ ਚੈਟਿੰਗ* ਵੀ ਕਰ ਲੈਂਦਾ ਹਾਂ। ਫਿਰ ਖਾਣਾ ਬਣਾਉਂਦੇ ਵਕਤ ਟੀਵੀ ਦੇ ਚੈਨਲ ਬਦਲ ਬਦਲ ਚੁਣਾਵ ਬਹਿਸਾਂ, ਚੁਣਾਵ ਤਬਸਰੇ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਦਾ ਲੁਤਫ਼ ਲੈਂਦਾ ਹਾਂ।

ਇਹ ਬਹਿਸਾਂ ਤੇ ਤਬਸਰੇ ਕਈ ਵਾਰ ਇੰਨੇ ਗਿਆਨ-ਭਰਪੂਰ ਲੱਗਦੇ ਹਨ ਕਿ ਮੇਰੇ ਅੰਦਰ ਵੀ ਇਕ ਨਵਾਂ ਗਿਆਨ-ਸੋਮਾ ਫੁੱਟਣ ਲੱਗ ਪਿਆ ਹੈ: ਮੈਂ ਅਮਰੀਕੀ ਰਾਜਨੀਤੀ ਦੀਆਂ ਕਈ ਹੋਰ ਪਰਤਾਂ ਅਤੇ ਪੂੰਜੀਵਾਦੀ ਆਰਥਿਕ ਸਿਸਟਮ, ਸ਼ੇਅਰ ਬਾਜ਼ਾਰ ਤੇ ਵਿੱਤੀ



ਵਿਵਸਥਾ ਦੀਆਂ ਕਈ ਹੋਰ ਬਾਰੀਕੀਆਂ ਵੀ ਸਮਝਣ ਲੱਗ ਪਿਆ ਹਾਂ ਅਤੇ ਪੈਟ ਦੇ ਮਜ੍ਹਮੇ ਵਿਚ ਵੀ ਬਿਨਾ ਨਾਗਾ ਸ਼ਿਰਕਤ ਕਰਨ ਲੱਗ ਪਿਆ ਹਾਂ।

ਜਿਉਂ ਜਿਉਂ ਚੁਣਾਵ-ਦੰਗਲ ਮਘਦਾ ਜਾ ਰਿਹਾ ਹੈ, ਇਸ ਮਜ੍ਹਮੇ ਦਾ ਰੰਗ ਵੀ ਹੋਰ ਭੱਖਦਾ ਜਾ ਰਿਹਾ ਹੈ ਅਤੇ ਮੁੱਖ ਫੋਕਸ ਵੀ ਹੁਣ ਜੰਗ ਦੇ ਮਸਲੇ ਤੋਂ ਸਰਕ ਕੇ ਆਰਥਿਕ ਮੰਦਵਾੜੇ ਤੇ ਵਿੱਤੀ ਸੰਕਟ ਉਪਰ ਆ ਟਿਕਿਆ ਹੈ। ਇਸ ਲਈ ਇਹ ਮਜ੍ਹਮਾ ਤਾਲੀਆਂ ਤੇ ਕਿਲਕਾਰੀਆਂ ਦੀ ਥਾਂ ਹੁਣ ਗਿਆਨ-ਗੋਸ਼ਟੀ ਦਾ ਇਕ ਕੇਂਦਰ ਬਣ ਗਿਆ ਹੈ ਅਤੇ ਇਸ ਵਿਚ ਮੇਰਾ ਰੁਤਬਾ ਵੀ ਇਕ ਸਨਮਾਨਜਨਕ ਵਿਦਵਾਨ ਟਿੱਪਣੀਕਾਰ ਦਾ ਹੋ ਗਿਆ ਹੈ ਕਿਉਂਕਿ ਇਸ ਮੰਦਵਾੜੇ ਦਾ ਭੁਗਤ-ਭੋਗੀ ਹੋਣ ਕਰਕੇ ਮੇਰੀ ਗੱਲਬਾਤ ਵਿਚ ਵਿਹਾਰਕ ਤੱਤ ਵੀ ਸ਼ਾਮਲ ਹੁੰਦੇ ਹਨ ਅਤੇ ਕਦੇ ਜੰਮ ਕੇ ਕੀਤੇ ਮਾਰਕਸਵਾਦੀ ਸਿਧਾਂਤਕ ਅਧਿਐਨ ਦੀ ਪੁੱਠ ਮੇਰੇ ਅਚੇਤ ਦਾ ਇਕ ਅਟੁੱਟ ਹਿੱਸਾ ਹੋਣ ਕਰਕੇ ਇਸ ਨੂੰ ਸਹੀ ਪਰਿਪੇਖ ਪ੍ਰਦਾਨ ਕਰਕੇ ਤਰਕ-ਸੰਗਤ ਬਣਾਉਣ ਵਿਚ ਸੋਨੇ ਉਪਰ ਸੁਹਾਗੇ ਦਾ ਕੰਮ ਵੀ ਕਰਦੀ ਹੈ।

ਅਤੇ ਉਹ ਕਾਲਾ ਨੌਜਵਾਨ ਮਾਰਟਿਨ ਵੀ, ਇਸ ਮਜ੍ਹਮੇ ਵਿਚ ਹੁਣ ਅਕਸਰ ਆਉਣ ਲੱਗ ਪਿਆ ਹੈ ਅਤੇ ਕਈ ਵਾਰ ਤਾਂ ਅਸੀਂ ਦੋਵੇਂ ਭਾਸ਼ਾ ਵੀ ਇਕੋ ਜਿਹੀ ਬੋਲਣ ਲੱਗ ਪੈਂਦੇ ਹਨ। ਇਸ ਲਈ ਉਹਦੇ ਨਾਲ ਮੇਰੀ ਜਾਣ-ਪਹਿਚਾਣ ਦੋਸਤੀ ਵਿਚ ਬਦਲਦੀ ਜਾ ਰਹੀ ਹੈ।

ਉਹ ਗੁਲਾਮ ਪੂਰਵਜਾਂ ਦੀ ਔਲਾਦ ਹੋਣ ਕਰਕੇ ਉਹਦੇ ਲਹੂ ਵਿਚ ਰਚੇ-ਮਿਚੇ ਬੇਕਦਰੀ, ਬੇਇਨਸਾਫ਼ੀ ਅਤੇ ਵਿਤਕਰੇ ਦੇ ਵਿਰਾਸਤੀ ਜ਼ਖ਼ਮ ਹਾਲੇ ਤੱਕ ਵੀ ਪੂਰੀ ਤਰ੍ਹਾਂ ਭਰੇ ਨਹੀਂ। ਇਸੇ ਕਾਰਨ ਉਹ ਓਬਾਮਾ ਦੇ ਹੱਕ ਵਿਚ ਜੀਅ-ਜਾਣ ਨਾਲ ਜੁੱਟਿਆ ਹੋਇਆ ਹੈ ਅਤੇ ਮੈਨੂੰ ਵੀ ਕਈ ਵਾਰੀ ਉਨ੍ਹਾਂ ਥਾਵਾਂ ਉਪਰ ਲੈ ਜਾਣ ਲੱਗ ਪਿਆ ਹੈ ਜਿੱਥੇ ਕਾਲੇ ਰੰਗ ਦੇ ਲੋਕ ਵੱਡੇ ਸਮੂਹਾਂ ਵਿਚ ਵਸਦੇ ਹਨ। ਤੇ ਇਹ ਲੋਕ, ਆਪਣੇ ਰੰਗ ਦੇ ਬੰਦੇ ਨੂੰ ਪ੍ਰਧਾਨਗੀ ਦੀ ਕੁਰਸੀ ਉਪਰ ਬਿਰਾਜਮਾਨ ਦੇਖਣ ਦੀ ਇੰਨੀ ਤੀਬਰ ਇੱਛਾ ਰੱਖਦੇ ਹਨ ਕਿ ਇਸ ਨੂੰ ਬੇਇਨਸਾਫ਼ੀ, ਵਿਤਕਰੇ ਅਤੇ ਨਸਲਵਾਦ ਉਪਰ ਇਨਸਾਨੀਅਤ ਦੀ ਜਿੱਤ ਤੱਕ ਸਮਝਦੇ ਹਨ।

ਜਿਉਂ ਜਿਉਂ ਚੁਣਾਵ ਪ੍ਰਕਿਰਿਆ ਸਿਖਰ ਵੱਲ ਵਧ ਰਹੀ ਹੈ, ਆਰਥਿਕ ਮੰਦਵਾੜਾ ਤੇ ਵਿੱਤੀ ਸੰਕਟ ਹੋਰ ਖੂੰਖਾਰ ਹੁੰਦਾ ਜਾ ਰਿਹਾ ਹੈ ਅਤੇ ਸਾਰੀ ਦੁਨੀਆ ਇਹਦੀ ਲਪੇਟ ਵਿਚ ਆਉਂਦੀ ਜਾ ਰਹੀ ਹੈ।

ਇਸ ਕਰਕੇ ਓਬਾਮਾ ਦੀ ਚੜ੍ਹਤ ਵਧਦੀ ਜਾ ਰਹੀ ਹੈ, ਅਤੇ ਇਹ ਸੰਭਾਵਨਾ ਪ੍ਰਤੱਖ ਨਜ਼ਰ ਆ ਰਹੀ ਹੈ ਕਿ ਉਹ ਚੁਣਾਵ ਜਿੱਤ ਸਕਦਾ ਹੈ।

ਇਸ ਲਈ ਮਾਰਟਿਨ ਦੇ ਪੈਰ ਭੁੰਜੇ ਨਹੀਂ ਲੱਗਦੇ। ਅੱਜ ਤਾਂ ਉਹ ਸਵੇਰੇ-ਸਵੇਰੇ ਹੀ ਮੇਰੇ ਦਰਵਾਜ਼ੇ ਉੱਤੇ ਦਸਤਕ ਦੇ ਰਿਹਾ ਹੈ ਅਤੇ ਮੈਂ ਉਹਨੂੰ ਆਦਰ ਸਹਿਤ ਬਿਠਾਉਣ ਤੋਂ ਬਾਅਦ ਪੁੱਛ ਰਿਹਾ ਹਾਂ:

"ਕੀ ਗੱਲ ਐ ਮਾਰਟਿਨ, ਅੱਜ ਬੜਾ ਇਕਸਾਈਟ ਲੱਗ ਰਿਹੈਂ?"

"ਹਾਂ ਡਾਕਟਰ ਪਵਨ, ਮੈਂ ਕੱਲ੍ਹ ਬਰਾਕ ਨੂੰ ਮਿਲ ਕੇ ਆਇਆਂ!"

ਉਹ ਏਨਾ ਉਤੇਜਿਤ ਹੈ ਜਿਵੇਂ ਖੁਸ਼ੀ ਨਾਲ ਨੱਚ ਰਿਹਾ ਹੋਵੇ:

"ਉਹ ਸਾਡੇ ਵਲੰਟੀਅਰ ਗਰੁੱਪ ਨਾਲ ਅੱਧੇ ਘੰਟੇ ਤੋਂ ਵੀ ਵੱਧ ਸਮਾਂ ਗੱਲਬਾਤ ਕਰਦਾ ਰਿਹਾ ਤੇ ਬੋਲਿਆ, 'ਜੋ ਤਬਦੀਲੀ ਅਮਰੀਕਾ ਚਾਹੁੰਦਾ ਹੈ ਉਹ ਤੁਹਾਡੇ ਵਰਗੇ ਨੌਜਵਾਨਾਂ ਦੇ ਯਤਨਾਂ ਨਾਲ ਹੁਣ ਸਾਫ ਨਜ਼ਰ ਆ ਰਹੀ ਹੈ, ਪਰ ਇਸ ਨੂੰ ਨਿਸ਼ਚਿਤ ਬਣਾਉਣ ਲਈ, ਹੋਰ ਵੀ ਤਨਦੇਹੀ, ਅਕਲਮੰਦੀ ਤੇ ਜੋਸ਼ ਨਾਲ ਜੁੱਟ ਜਾਓ ... ਕਹਿੰਦਾ, 'ਸਾਨੂੰ ਜ਼ਿੰਦਗੀ ਨੂੰ ਕਦੇ ਵੀ ਕੈਜ਼ੂਅਲੀ ਨਹੀਂ ਲੈਣਾ ਚਾਹੀਦਾ, ਇਸਨੂੰ ਮਹਾਨ ਜਾਂ ਮਾਮੂਲੀ ਬਣਾਉਣਾ ਬੰਦੇ ਦੇ ਆਪਣੇ ਹੱਥ ਹੁੰਦਾ ... ਹਿੰਮਤ, ਮਿਹਨਤ, ਆਤਮ-ਵਿਸ਼ਵਾਸ ਤੇ ਲਗਣ ਇਸਨੂੰ ਮਹਾਨ ਬਣਾਉਂਦੀ ਹੈ' ..."

"ਓ ਰੀਅਲੀ ... ਦੈਟ 'ਸ ਗਰੇਟ! ਬੜੀ ਚੰਗੀ ਮੱਤ ਦਿੱਤੀ!"

"ਹਾਂ ਡਾਕਟਰ ਪਵਨ, ਮੈਂ ਉਸ ਨਾਲੋਂ ਵੱਧ ਲਿਆਕਤ ਤੇ ਬੁੱਧੀ ਵਾਲਾ ਬੰਦਾ ਜ਼ਿੰਦਗੀ ਵਿਚ ਕਦੇ ਨਹੀਂ ਦੇਖਿਆ ... ਵੱਟ੍ਹ ਯੂ ਥੈਂਕ?"

"ਤੇਰੀ ਇਹ ਗੱਲ ਠੀਕ ਹੋ ਸਕਦੀ ਹੈ ਮਾਰਟਿਨ, ਪਰ ਮੇਰਾ ਸਵਾਲ ਇਹ ਹੈ, ਜੇ ਉਹ ਪ੍ਰੈਜ਼ੀਡੈਂਟ ਬਣ ਗਿਆ ਤਾਂ ਕੀ ਕਾਲੇ ਲੋਕਾਂ ਨਾਲ ਹੋ ਰਹੀ ਬੇਇਨਸਾਫੀ ਤੇ ਵਿਤਕਰਾ ਖਤਮ ਕਰਵਾ ਸਕੇਗਾ? ਤੇ ਆਪਣੇ ਵਰਗੇ ਇਜ਼ਤਦਾਰ ਬਣਾ ਕੇ ਬਰਾਬਰ ਦਾ ਸਮਾਜਕ ਰੁਤਬਾ ਦਵਾ ਸਕੇਗਾ?"

ਉਹਨੂੰ ਸ਼ਾਇਦ ਮੇਰੇ ਤੋਂ ਕਿਸੇ ਸਵਾਲ ਦੀ ਉਮੀਦ ਨਹੀਂ ਸੀ। ਇਸ ਲਈ ਉਹਦਾ ਉਤਸ਼ਾਹ ਕੁਝ ਥੱਲੇ ਸਰਕ ਰਿਹਾ ਹੈ ਤੇ ਉਹ ਮੇਰੇ ਤੋਂ ਅੱਖ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਮੈਂ ਸਵਾਲ ਉਹਦੀਆਂ ਅੱਖਾਂ ਅੱਗੇ ਲਟਕਾਈ ਬੈਠਾ ਹਾਂ ਅਤੇ ਉਹਨੂੰ ਜਵਾਬ ਦੇਣਾ ਪੈ ਰਿਹਾ ਹੈ:

"ਸ਼ਾਇਦ ਨਹੀਂ ... ਤੇ ਇਹ ਇਸ ਚੁਣਾਵ ਦਾ ਮੁੱਦਾ ਵੀ ਨਹੀਂ ... ਪਰ ਇਹ ਸਵਾਲ ਇਸ ਸਮੇਂ ਕਿਉਂ ਕਰ ਰਹੇ ਹੋ?"

"ਕਿਉਂਕਿ ਕੁਝ ਸਵਾਲ ਅਜੇਹੇ ਵੀ ਹਨ, ਜਿਨ੍ਹਾਂ ਦਾ ਪ੍ਰੈਜ਼ੀਡੈਂਟ ਦੇ ਚੁਣਾਵ ਦਾ ਮੁੱਦਾ ਨਾ ਬਣ ਸਕਣਾ ਵੀ ਇਕ ਸਵਾਲ ਹੈ ... ਖੈਰ, ਹੋਰ ਸੁਣਾ, ਅੱਜ ਸਵੇਰੇ ਸਵੇਰੇ ਕਿਵੇਂ ਦਰਸ਼ਨ ਦਿੱਤੇ?"

"ਡਾਕਟਰ ਪਵਨ, ਅੱਜ ਮੈਂ ਇਕ ਮਹੱਤਵਪੂਰਨ ਕੰਮ ਲੈ ਕੇ ਤੁਹਾਡੇ ਕੋਲ ਆਇਆ ਹਾਂ: ਆਪਾਂ ਇਕ ਟਾਊਨ ਹਾਲ ਮੀਟਿੰਗ ਤੇ ਫੰਡ ਰੇਜ਼ਿੰਗ ਡਿਨਰ ਪਾਰਟੀ ਦਾ ਪ੍ਰਬੰਧ ਕਰਨਾ ਹੈ। ਬਰਾਕ ਵੀ ਉਹਦੇ ਵਿਚ ਆਉਣ ਦੀ ਕੋਸ਼ਿਸ਼ ਕਰੇਗਾ, ਨਹੀਂ ਤਾਂ ਕੋਈ ਹੋਰ ਵੱਡਾ ਲੀਡਰ ਆਏਗਾ।"

ਉਹ ਇਕ ਸੈਕਿੰਡ ਲਈ ਰੁਕ ਕੇ, ਮੇਰਾ ਹੁੰਗਾਰਾ ਉਡੀਕ ਰਿਹਾ ਹੈ ਅਤੇ ਮੇਰੇ ਬੁੱਲ੍ਹਾਂ ਉੱਤੇ ਮੁਸਕਾਨ ਦੇਖ ਕੇ ਫਿਰ ਸ਼ੁਰੂ ਹੋ ਗਿਆ ਹੈ:



"ਤੁਹਾਡੇ ਕਾਫੀ ਪੰਜਾਬੀ ਤੇ ਕਈ ਇੰਡੀਅਨ ਏਥੇ ਵੱਡੇ ਸਟੋਰਾਂ ਅਤੇ ਟਰੱਕ ਕੰਪਨੀਆਂ ਦੇ ਮਾਲਕ ਆ ... ਕਈ ਤਾਂ ਸਾਫਟਵੇਅਰ ਕੰਪਨੀਆਂ ਦੇ ਸੀ. ਈ. ਓ. ਵੀ ਹੈਗੇ ਆ ਤੇ ਕਈ ਫਾਰਮਰ ਤਾਂ, ਬਾਦਾਮਾਂ, ਪੀਚਾਂ ਤੇ ਅੰਗੂਰਾਂ ਦੇ ਬਾਦਸ਼ਾਹ ਵੀ ਕਹਾਉਂਦੇ ਆ ..."

"ਯ੍ਹਾ, ਦੈਟ 'ਸ ਰਾਈਟ ... ਤੂੰ ਬਿੱਲਕੁੱਲ ਠੀਕ ਕਿਹਾ ਏ।"

"ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ ਕਿ ਉਸ ਡਿਨਰ ਪਾਰਟੀ ਵਿਚ ਪੰਜ ਸੌ ਡਾਲਰ ਪਰ ਪਲੇਟ ਦੇ ਹਿਸਾਬ ਨਾਲ ਵਾਹਵਾ ਫੰਡ ਰੇਜ਼ ਕਰ ਸਕਦੇ ਆਂ ਕਿਉਂਕਿ ਏਨਾ ਕੁ ਪੈਸਾ ਹਰ ਸਟੋਰ ਜਾਂ ਟਰੱਕ ਮਾਲਕ ਅਤੇ ਵੱਡਾ ਫਾਰਮਰ ਵੀ ਹੱਸ ਕੇ ਦੇ ਸਕਦਾ ਐ ਅਤੇ ਅਸੀਂ, ਆਪਣੇ ਵਲੰਟੀਅਰ ਗਰੁੱਪ ਦੇ ਨਾਲ ਤੁਹਾਨੂੰ ਲੈ ਜਾ ਕੇ ਇਹ ਇਨਵੀਟੇਸ਼ਨ ਉਨ੍ਹਾਂ ਨੂੰ ਦੇਣਾ ਚਾਹੁੰਨੇ ਹਾਂ। ਤੁਹਾਡਾ ਕੀ ਖਿਆਲ ਹੈ, ਇਹਦੇ ਬਾਰੇ?"

"ਖਿਆਲ ਤਾਂ ਬੜਾ ਨੇਕ ਹੈ ਦੋਸਤ! ਪਰ ਸਾਫ ਗੱਲ ਇਹ ਹੈ ਕਿ ਮੈਂ ਓਬਾਮਾ ਦੀ ਸਪੋਰਟ ਕਾਲੇ ਰੰਗ ਦੇ ਲੋਕਾਂ ਨਾਲ ਸਦੀਆਂ ਤੋਂ ਹੁੰਦੀ ਆ ਰਹੀ ਬੇਇਨਸਾਫੀ ਅਤੇ ਵਿਤਕਰੇ ਕਰਕੇ ਕਰ ਰਿਹਾਂ, ਓਬਾਮਾ ਦੀ ਲਿਆਕਤ ਜਾਂ ਬੁੱਧੀ ਕਰਕੇ ਨਹੀਂ ਕਿਉਂਕਿ ਮੈਨੂੰ ਪਤਾ, ਓਬਾਮਾ ਨੂੰ ਵੀ ਬੁਨਿਆਦਿ ਤੌਰ 'ਤੇ ਉਹ ਹੀ ਸਭ ਕੁਝ ਕਰਨਾ ਪੈਣਾ, ਜੋ ਬੁਸ਼ ਪ੍ਰਸ਼ਾਸ਼ਨ ਨੇ ਕੀਤਾ ... ਬੇਸ਼ਕ *ਥੋੜ੍ਹੇ ਬਹੁਤੇ ਬਦਲ ਫੇਰ ਨਾਲ* ... ਇਸ ਲਈ ਮੇਰੇ ਕੁਝ ਕੁ ਸਵਾਲ ਆ, ਕੀ ਉਹ ਸਵਾਲ ਮੈਂ ਤੈਨੂੰ ਪੁੱਛ ਸਕਦਾ ਹਾਂ?"

"ਵ੍ਹਾਈ ਨੱਟ ... ਵੱਟ੍ਹ'ਸ ਦੈਟ?" ਉਹਦੇ ਮੂੰਹੋਂ ਇਹ ਨਿਕਲ ਹੀ ਗਿਆ ਹੈ ਅਤੇ ਮੇਰੀ ਪ੍ਰਸ਼ਨਾਵਲੀ ਸ਼ੁਰੂ ਹੋ ਗਈ ਹੈ:

"ਕੀ ਓਬਾਮਾ, ਇਸ ਪੂੰਜੀਵਾਦੀ ਆਰਥਿਕਤਾ ਦਾ ਕੋਈ ਨਵਾਂ ਸੰਕਲਪ ਜਾਂ ਵਿਕਲਪ ਪੇਸ਼ ਕਰ ਰਿਹਾ ਹੈ? ਜਾਂ ਇਸ ਅਮੀਰ ਕਾਰਪੋਰੇਟ ਕਲਾਸ ਦੀ ਥਾਂ ਕਿਸੇ ਮਿਹਨਤਕਸ਼ ਜਮਾਤ ਦੀ ਰਹਿਨੁਮਾਈ ਕਰ ਰਿਹਾ ਹੈ?"

"ਕੀ ਉਹਦੀ ਲੀਡਰਸ਼ਿੱਪ ਵਿਚ ਅਮਰੀਕਨ ਸਟੇਟ ਵਿਸ਼ਵ-ਚੌਧਰ ਦੇ ਮਨਸੂਬਿਆਂ ਨੂੰ ਤਿਜਾਂਜਲੀ ਦੇ ਦੇਵੇਗੀ? ਤੇ ਤਮਾਮ ਫੌਜੀ ਅੱਡੇ ਖਤਮ ਕਰ ਕੇ ਅਮਰੀਕਨ ਫੌਜਾਂ ਵਾਪਸ ਅਮਰੀਕਾ ਲੈ ਆਵੇਗੀ?"

"ਕੀ ਇਰਾਕ ਵਿਚੋਂ ਕੁਝ ਫੌਜਾਂ ਕੱਢ ਕੇ, ਅਫਗਾਨਿਸਤਾਨ ਵਿਚ ਹੋਰ ਝੋਕ ਦੇਣ ਦੀ ਰਣਨੀਤੀ, ਬੁਸ਼ ਪ੍ਰਸ਼ਾਸਨ ਦੀਆਂ ਜੰਗਬਾਜ਼ ਨੀਤੀਆਂ ਦਾ ਵਿਰੋਧ ਹੈ? ਤੇ ਇਹਦੇ ਨਾਲ 'ਆਤੰਕਵਾਦ' ਖਤਮ ਹੋ ਜਾਏਗਾ?"

ਉਹ ਇਨ੍ਹਾਂ ਸਵਾਲਾਂ ਨਾਲ ਔਖਾ ਜਿਹਾ ਮਹਿਸੂਸ ਕਰਦਾ, ਮੇਰੇ ਵੱਲ ਬਿਟਰ-ਬਿਟਰ ਦੇਖ ਰਿਹਾ ਹੈ ਪਰ ਮੇਰਾ ਪ੍ਰਸ਼ਨਾਵਲੀ ਯੁੱਧ ਜਾਰੀ ਹੈ:

"ਕੀ ਓਬਾਮਾ, ਇਸ ਦੁਨੀਆ ਵਿਚੋਂ ਗਰੀਬੀ, ਬੀਮਾਰੀ, ਭੁੱਖਮਰੀ, ਕੰਗਾਲੀ, ਬੇਕਾਰੀ, ਕਾਲ ਆਦਿ ਖਤਮ ਕਰਨ ਲਈ ਕੋਈ ਨਵੀਂ ਨੀਤੀ ਅਪਣਾਏਗਾ ਜਾਂ ਦੂਜੇ ਦੇਸ਼ਾਂ ਦੇ ਸਾਧਨਾਂ ਨੂੰ ਕਿਸੇ ਵੀ ਆਨੇ-ਬਹਾਨੇ ਨਾਲ ਲੁੱਟਣ ਲਈ ਮੌਜੂਦਾ ਨੀਤੀ ਦਾ ਹੀ ਇਸਤੇਮਾਲ ਕਰੇਗਾ?"

"ਕੀ ਓਬਾਮਾ, ਧਾਰਮਿਕ ਮੂਲਵਾਦ ਨੂੰ ਪਾਲਣ ਅਤੇ ਫੈਲਾਉਣ ਵਿਚ ਅਮਰੀਕਨ ਸਟੇਟ ਦੇ ਹੁਣ ਤੱਕ ਦੇ ਰੋਲ ਦੀ ਨਿੰਦਾ ਕਰੇਗਾ? ਤੇ ਇਹਨੂੰ ਆਪਣੀ ਵਿਦੇਸ਼ ਨੀਤੀ ਦਾ ਹਥਿਆਰ ਬਣਾਉਣ ਤੋਂ ਤੋਬਾ ਕਰੇਗਾ?"

ਪਤਾ ਨਹੀਂ ਕਿਉਂ, ਅੱਜ ਮੇਰੇ ਅੰਦਰੋਂ ਸਵਾਲਾਂ ਦਾ ਅਜੇਹਾ ਲਾਵਾ ਫੁੱਟ ਨਿਕਲਿਆ ਹੈ ਕਿ ਰੁਕਣ ਦਾ ਨਾਂ ਨਹੀਂ ਲੈ ਰਿਹਾ। ਮਾਰਟਿਨ ਨੂੰ ਇਨ੍ਹਾਂ ਸਵਾਲਾਂ ਨਾਲ ਇੰਨੀ ਬੇਚੈਨੀ ਅਤੇ ਪਰੇਸ਼ਾਨੀ ਮਹਿਸੂਸ ਹੋ ਰਹੀ ਹੈ ਕਿ ਉਹਦੇ ਚਿਹਰੇ ਦੇ ਹਾਵ-ਭਾਵ ਲਗਾਤਾਰ ਬਦਲ ਰਹੇ ਹਨ। ਇਸ ਲਈ ਮੈਂ ਸਵਾਲਾਂ ਦਾ ਰੁੱਖ ਘਰੇਲੂ ਨੀਤੀ ਵੱਲ ਮੋੜ ਦਿੱਤਾ ਹੈ:

"ਕੀ ਉਹ ਸਾਰੇ ਅਮਰੀਕਨ ਬੇਘਰਿਆਂ ਨੂੰ ਕਰਨ ਲਈ ਕੰਮ ਤੇ ਸਿਰ ਢਕਣ ਲਈ ਥਾਂ-ਟਿਕਾਣਾ ਮੁਹਈਆ ਕਰਾ ਸਕੇਗਾ? ਤੇ ਇਨ੍ਹਾਂ ਪੂੰਜੀਵਾਦੀ ਆਰਥਿਕ ਮੰਦਵਾੜਿਆਂ ਦਾ ਕੋਈ ਸਥਾਈ ਹੱਲ ਲੱਭ ਸਕੇਗਾ?"

"ਉਹ ਇਹ 'ਮਿਡਲ ਕਲਾਸ ... ਮਿਡਲ ਕਲਾਸ ...' ਕਿਉਂ ਰਟੀ ਜਾ ਰਿਹਾ ਹੈ? ਵਰਕਿੰਗ ਕਲਾਸ ਦੀ ਗੱਲ ਕਿਉਂ ਨਹੀਂ ਕਰਦਾ, ਜੋ ਹਰ ਸੰਕਟ ਦੀ ਮਾਰ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੀ ਹੈ?"

ਉਹਦੇ ਅੰਦਰ ਹੋਰ ਸਵਾਲ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰਹਿ ਗਈ ਲੱਗਦੀ। ਇਸ ਲਈ ਮੇਰੇ ਵੱਲ ਇੰਜ ਦੇਖ ਰਿਹਾ ਹੈ ਜਿਵੇਂ ਮੈਂ ਇਹ ਸਵਾਲ ਪੁੱਛ ਕੇ ਉਹਦੀ ਕੋਈ ਤੌਹੀਨ ਕਰ ਰਿਹਾ ਹੋਵਾਂ ਪਰ ਉਹ ਖਾਲੀ ਹੱਥ ਵੀ ਨਹੀਂ ਜਾਣਾ ਚਾਹੁੰਦਾ। ਇਸ ਕਰਕੇ ਉਹ ਉੱਠਣ ਲੱਗਾ ਫਿਰ ਬੈਠ ਜਾਂਦਾ ਹੈ ਅਤੇ ਉਹਦੀ ਇਸ ਮਨੋਦਸ਼ਾ ਕਾਰਨ ਪੈਦਾ ਹੋ ਰਹੀ ਬੇਚੈਨੀ ਤੇ ਪਰੇਸ਼ਾਨੀ ਉਹਦੇ ਰੋਮ-ਰੋਮ ਵਿਚੋਂ ਝਲਕ ਰਹੀ ਹੈ। ਇਸ ਲਈ ਮੈਂ ਉਹਦੀ ਇਸ ਦੋਚਿੱਤੀ ਦਾ ਹੱਲ ਵੀ ਪੇਸ਼ ਕਰ ਦਿੱਤਾ ਹੈ:

"ਪਰ ਮੇਰੇ ਦੋਸਤ, ਫੰਡ ਰੇਜ਼ਿੰਗ ਦੀ ਰਕਮ ਵਿਚ, ਮੇਰੇ ਬਿਨਾ ਵੀ ਕੋਈ ਕਮੀ ਨਹੀਂ ਆਉਣ ਲੱਗੀ ਕਿਉਂਕਿ ਬਹੁਤੇ ਪੰਜਾਬੀ ਅਤੇ ਕਾਫੀ ਇੰਡੀਅਨ ਪਹਿਲਾਂ ਈ ਓਬਾਮਾ ਦੀ ਤਨ-ਮਨ-ਧਨ ਨਾਲ ਸਪੋਰਟ ਕਰ ਰਹੇ ਆ। ਇਸ ਲਈ ਤੁਸੀਂ ਨਿਧੜਕ ਹੋ ਕੇ ਇਨਵੀਟੇਸ਼ਨ ਦੇ ਕੇ ਆਓ। ਉਹ ਤੁਹਾਡਾ ਭਰਪੂਰ ਸਵਾਗਤ ਕਰਨਗੇ। ਪਰ ਮੇਰੀ ਇਕ ਸਲਾਹ ਹੈ, ਤੁਸੀਂ ਡਿਨਰ ਪਲੇਟ ਦੀ ਕੀਮਤ ਪੰਜ ਸੌ ਡਾਲਰ ਪਰ ਪਲੇਟ ਤੋਂ ਵਧਾ ਕੇ ਇਕ ਹਜ਼ਾਰ ਡਾਲਰ ਕਰ ਦਿਉ ਤਾਂ ਜੋ ਉਹ ਕਿਤੇ ਇਹ ਨਾ ਸੋਚ ਲੈਣ ਕਿ ਉਨ੍ਹਾਂ ਨੂੰ ਘੱਟ ਮਾਣ ਬਖਸ਼ਿਆ ਗਿਆ ਹੈ!"

ਇਹ ਕਹਿ ਕੇ ਮੈਂ ਮੁਸਕਰਾ ਰਿਹਾ ਹਾਂ ਪਰ ਉਹ ਇੰਜ ਗੰਭੀਰ ਹੋ ਕੇ ਬੈਠ ਗਿਆ ਹੈ ਜਿਵੇਂ ਸਵੈ-ਚਿੰਤਨ ਦੀਆਂ ਗਹਿਰਾਈਆਂ ਵਿਚ ਜਾ ਡੁੱਬਿਆ ਹੋਵੇ ਤੇ ਆਖਰ, ਉਹਦੀ ਜ਼ੁਬਾਨ ਖੁੱਲ੍ਹੀ ਹੈ ਤਾਂ ਇਹ ਤਿੰਨ ਸ਼ਬਦ ਭੱਖਦੇ ਗੋਲਿਆਂ ਵਾਂਗ ਮੂੰਹ ਵਿਚੋਂ ਬਾਹਰ ਡਿੱਗੇ ਹਨ:

"ਆਰ ਯੂ ਮਾਰਕਸਿਸਟ?"

"ਆਈ ਐਮ ਮਾਓਇਸਟ ਐਂਡ ਦੀ ਬਲੈਕ ਪੈਂਥਰ!"



ਮੈਂ ਦੋਵੇਂ ਹੱਥਾਂ ਨਾਲ ਬੰਦੂਕ ਦੀ ਸ਼ਕਲ ਬਣਾ ਕੇ ਅਤੇ ਤਣ ਕੇ ਖੜੋ ਗਿਆ ਹਾਂ ਤਾਂ ਉਹ ਵੀ ਇੰਜ ਨਾਸਾਂ ਫੈਲਾ ਕੇ ਉੱਠ ਖਲੋਇਆ ਹੈ ਜਿਵੇਂ ਆਪੇ ਤੋਂ ਬਾਹਰ ਹੋ ਗਿਆ ਹੋਵੇ। ਪਤਾ ਨਹੀਂ ਮੇਰੇ ਜਵਾਬ ਨੂੰ 'ਭੱਦਾ ਮਜ਼ਾਕ' ਸਮਝ ਕੇ ਇਹ ਪ੍ਰਤੀਕਰਮ ਜ਼ਾਹਿਰ ਕੀਤਾ ਹੈ ਜਾਂ ਮੇਰੇ ਸਵਾਲਾਂ ਨੂੰ ਟਾਲਣ ਦਾ ਇਕ ਬਹਾਨਾ ਸਮਝ ਕੇ ਭੜਕ ਗਿਆ ਹੈ?

ਉਹ ਕੁਝ ਵੀ ਸੋਚ ਰਿਹਾ ਹੋਵੇ, ਇਸ ਨਾਲ ਸਾਡੇ ਵਿਚਕਾਰ ਇਕ ਅਣਚਾਹਿਆ ਤਨਾਅ ਪੈਦਾ ਹੋ ਗਿਆ ਹੈ ਤੇ ਇਸ ਵਿਚੋਂ ਨਿਕਲਣ ਲਈ ਮੈਂ ਇਕਦਮ ਮਹਿਮਾਨ-ਨਿਵਾਜ਼ੀ ਵੱਲ ਪਰਤ ਆਇਆ ਹਾਂ:

"ਚੱਲ ਛੱਡ ਪਰੇ ਦੋਸਤ! ਇਹ ਰਾਜਨੀਤੀ ਦੀਆਂ ਫਜ਼ੂਲ ਗੱਲਾਂ, ਤੂੰ ਇਹ ਦੱਸ ਤੇਰੇ ਲਈ ਨਾਸ਼ਤਾ ਤਿਆਰ ਕਰਾਂ ਜਾਂ ਚਾਹ ਬਣਾਵਾਂ?"

ਆਪਣੇ ਤੋਂ ਇਕ ਫੁੱਟ ਲੰਮੇ ਅਤੇ ਪੰਦਰਾਂ ਸਾਲ ਛੋਟੇ ਨੌਜਵਾਨ ਦੇ ਸਾਹਮਣੇ ਮੈਂ ਮੋਮ ਦਾ ਪੁਤਲਾ ਬਣਿਆ ਖੜ੍ਹਾ ਹਾਂ ਪਰ ਉਹ ਟੇਡੇ ਜਿਹੇ ਮੂੰਹ ਨਾਲ 'ਥੈਂਕ ਯੂ ਵੈਰੀ ਮੱਚ, ਮੈਨ!' ਕਹਿ ਕੇ ਉਸੇ ਤਰ੍ਹਾਂ ਵਾ-ਵਰੋਲੇ ਵਾਂਗ ਉੱਡ ਗਿਆ ਹੈ, ਜਿਸ ਤਰ੍ਹਾਂ ਆਇਆ ਸੀ।

* *

ਉਸ ਦਿਨ ਤੋਂ ਬਾਅਦ ਮਾਰਟਿਨ ਵਿਲਸਨ 'ਗੁੱਡਮੈਨ' ਅੱਜ ਦਿਖਾਈ ਦਿੱਤਾ ਹੈ। ਪੈਟ ਨੂੰ ਵੈਨ ਵਿਚ ਬਿਠਾ ਕੇ, 'ਵੀਲ੍ਹ ਚੇਅਰ' ਡਿੱਗੀ ਵਿਚ ਰੱਖਦਾ ਹੋਇਆ ਤੇ ਮੈਂ ਹੀ ਪਹਿਲ ਕਰ ਕੇ ਬੁਲਾਇਆ ਹੈ:

"ਹੈਲੋ ਮਾਰਟਿਨ, ਕੀ ਹਾਲ ਚਾਲ ਹੈ ਦੋਸਤ?"

"ਵੰਡਰਫੁੱਲ!" ਇਹ ਸ਼ਬਦ ਕਹਿ ਕੇ ਉਹਨੇ ਚਿਹਰਾ ਇਵੇਂ ਫਲੈਟ ਬਣਾ ਲਿਆ ਹੈ ਜਿਵੇਂ ਅਜਨਬੀ ਹੋਵੇ ਪਰ ਪੈਟ ਚਹਿਕ ਰਿਹਾ ਹੈ:

"ਓਬਾਮਾ ਨੂੰ ਜਿਤਾਉਣ ਚੱਲਿਆਂ, ਡਾੱਕ!"

ਪਰ ਉਹਦੇ ਇਹ ਸ਼ਬਦ ਵੀ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਮਾਰਟਿਨ ਵੈਨ ਉਡਾ ਕੇ ਲੈ ਗਿਆ ਹੈ ਅਤੇ ਮੈਂ ਉਹਦੀ ਇਸ ਬੇਰੁਖੀ ਬਾਰੇ ਕਈ ਕੁਝ ਸੋਚਦਾ ਪਾਰਕ ਵਿਚ ਆ ਵੜਿਆ ਹਾਂ:

'ਇਹ ਕਾਲੇ ਲੋਕ ਇੰਨੇ ਸਣਕੀ ਕਿਸਮ ਦੇ ਕਿਉਂ ਹੁੰਦੇ ਨੇ?'

'ਇਨ੍ਹਾਂ ਦਾ ਵਿਸ਼ਵਾਸ ਜਿੱਤਣਾ ਕਿੰਨਾ ਮੁਸ਼ਕਿਲ ਕੰਮ ਹੈ!'

'ਉਂਜ ਭਾਵੇਂ ਪਹਾੜ ਸਿਰ ਉਪਰ ਦੀ ਲੰਘ ਜਾਏ ਪਰ ਕਿਸੇ ਕਿਸਮ ਦੀ ਸ਼ੱਕ ਦੀ ਸੂਈ ਮਾੜੀ ਜਿਹੀ ਚੁੱਭਦੇ ਹੀ ਤਿੜਕ ਜਾਂਦੇ ਨੇ।'

'ਇਹਦਾ ਆਧਾਰ ਉਹ ਹੀਣ-ਭਾਵਨਾ ਹੈ, ਜੋ ਇਨ੍ਹਾਂ ਨਾਲ ਹੋਈ ਘੋਰ ਬੇਇਨਸਾਫੀ ਕਾਰਨ ਇਨ੍ਹਾਂ ਦੇ ਲਹੂ ਵਿਚ ਰਸ-ਵਸ ਗਈ ਹੈ ਜਾਂ ਉਹ ਪ੍ਰਦੂਸ਼ਿਤ ਹਵਾ ਜੋ ਸਾਰੇ ਵਾਤਾਵਰਣ ਵਿਚ ਭਰੀ ਪਈ ਹੈ?'

ਇਸ ਸੋਚ-ਚੱਕਰ ਵਿਚ ਫਸਿਆ ਮੈਂ ਪਾਰਕ ਵਿਚ ਘੁੰਮਦਾ ਆਪਣੇ ਅਚੇਤ ਅਤੇ ਤਸੱਵਰ ਨੂੰ ਤਰਾਸ਼ ਰਿਹਾ ਹਾਂ ਤਾਂ ਮੈਨੂੰ ਉਹ ਕਾਲੇ ਲੋਕ ਯਾਦ ਆ ਰਹੇ ਹਨ, ਜਿਨ੍ਹਾਂ ਨਾਲ ਮੇਰਾ ਵਾਹ-ਵਾਸਤਾ ਰਿਹਾ ਹੈ। ਇਕ-ਇਕ ਕਰ ਕੇ ਉਹ ਵਾਕਿਫ ਚਿਹਰੇ ਮੇਰੇ ਜ਼ਿਹਨ ਵਿਚ ਘੁੰਮ ਰਹੇ ਹਨ ਅਤੇ ਉਨ੍ਹਾਂ ਦੀਆਂ ਰੂਹਾਂ ਦੇ ਆਰ-ਪਾਰ ਉਕਰੇ ਹੋਏ ਕਲੰਕਿਤ ਇਤਿਹਾਸ ਦੇ ਖੂੰਖਾਰ ਜ਼ਖ਼ਮ ਮੇਰੇ ਸੀਨੇ ਵਿਚ ਵੀ ਰੜਕਣ ਲੱਗ ਪਏ ਹਨ।

ਮਨ ਉਦਾਸ ਹੋ ਗਿਆ ਹੈ ਤਾਂ ਮੈਂ ਘਰ ਨੂੰ ਤੁਰ ਪਿਆ ਹਾਂ।

ਪਰ ਮੈਂ ਹੀ ਉਦਾਸ ਹਾਂ, 'ਓਕਮੀਡ ਵਿਲਿਜ਼' ਵਿਚ ਤਾਂ ਜਸ਼ਨ ਵਰਗਾ ਮਾਹੌਲ ਹੈ। ਇਹ ਸਾਰੀ ਬਸਤੀ ਤੇ ਸ਼ਹਿਰ ਡੈਮੋਕਰੈਟਸ ਦਾ ਗੜ੍ਹ ਹੋਣ ਕਰਕੇ ਓਬਾਮਾ ਨੂੰ ਜਿਤਾਉਣ ਲਈ ਲੋਕ ਸਜ-ਫਬ ਕੇ ਵੋਟ ਦੇਣ ਨਿਕਲ ਰਹੇ ਹਨ। ਮੀਕੇਨ ਦਾ ਇਕ ਵੀ ਵਲੰਟੀਅਰ ਕਿਤੇ ਦਿਖਾਈ ਨਹੀਂ ਦੇ ਰਿਹਾ। ਨੇਗੁਆਨ ਵੀ ਪਤਾ ਨਹੀਂ ਕਿਹੜੀ ਖੁੱਡ ਵਿਚ ਵੜਿਆ ਹੋਇਆ ਹੈ ਅਤੇ ਪੈਟ ਵੀ ਬਲੂਤ ਦੇ ਰੁੱਖ ਦੀ ਥਾਂ, ਅੱਜ ਗੇਟ ਦੇ ਲਾਗੇ ਮੇਲ ਬੌਕਸ ਦੇ ਸਿਰਹਾਣੇ 'ਵੀਲ੍ਹ ਚੇਅਰ' ਵਿਚ ਬੈਠਾ, ਨਵੰਬਰ ਮਹੀਨੇ ਦੀ ਮਿੰਨ੍ਹੀ-ਮਿੰਨ੍ਹੀ ਧੁੱਪ ਸੇਕਦਾ, ਆਪਣੀ ਕਰੜ-ਬਰੜ ਦਾੜ੍ਹੀ ਖੁਰਕਦਾ, ਆਉਂਦੇ-ਜਾਂਦੇ ਵੋਟਰਾਂ ਦਾ ਖੈਰ-ਮਕਦਮ ਕਰ ਰਿਹਾ ਹੈ ਅਤੇ ਉਹਦੇ ਹਾਸੇ ਵਿਚੋਂ ਇਕ ਨਵੀਂ ਕਿਸਮ ਦੀ ਉਮੀਦ ਝਲਕ ਰਹੀ ਹੈ।

ਉਹ ਉਮੀਦ ਜੋ ਇਕ ਨਵਾਂ ਇਤਿਹਾਸ ਸਿਰਜਣ ਜਾ ਰਹੀ ਹੈ: ਇਕ ਕਾਲੇ ਰੰਗ ਦੇ ਮੱਧ-ਵਰਗੀ ਬੰਦੇ ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸਟੇਟ ਦਾ ਲੀਡਰ ਚੁਣਨ ਜਾ ਰਹੀ ਹੈ।

ਇਸ ਉਮੀਦ ਦੀ ਇਕ ਉਡਦੀ ਜਿਹੀ ਝਲਕ ਮੈਂ ਆਪਣੇ ਮਨ ਦੇ ਕਿਸੇ ਕੋਨੇ ਵਿਚ ਵੀ ਮਹਿਸੂਸ ਕੀਤੀ ਹੈ ਅਤੇ ਘਰ ਵੜਦੇ ਹੀ ਟੀਵੀ ਰੀਮੋਟ ਦਾ ਬਟਨ ਦੱਬਿਆ ਹੈ ਤਾਂ ਰੰਗ-ਬਰੰਗੇ ਚੁਣਾਵ-ਦ੍ਰਿਸ਼ ਤਫਸੀਲ ਸਹਿਤ ਅਤੇ ਤਬਸਰੇ ਸੰਗ ਦਿਖਾਏ ਜਾ ਰਹੇ ਹਨ: ਮੀਡੀਆ, ਓਬਾਮਾ ਦੀ ਜਿੱਤ ਦੀਆਂ ਭਵਿੱਖਬਾਣੀਆਂ ਕਰ ਰਿਹਾ ਹੈ ਅਤੇ ਉਸ ਰੰਗ ਦੇ ਵਿਅਕਤੀ ਨੂੰ ਇਕ ਮਹਾਨ ਤਬਦੀਲੀ ਅਤੇ ਉਮੀਦ ਦਾ ਚਿੰਨ੍ਹ ਬਣਾ ਕੇ ਉਭਾਰ ਰਿਹਾ ਹੈ, ਜਿਸ ਰੰਗ ਨੂੰ ਗੁਲਾਮੀ, ਅਧੀਨਗੀ, ਉਜੱਡਤਾ ਅਤੇ ਬੇਕਦਰੀ ਦਾ ਪ੍ਰਤੀਕ ਬਣਾ ਕੇ ਸਦੀਆਂ ਤੱਕ ਪੀੜਿਤ ਕੀਤਾ ਜਾਂਦਾ ਰਿਹਾ ਹੈ।

ਦੁਪਹਿਰ ਢਲਣ ਤੱਕ ਪ੍ਰਾਪਤ ਹਰੇਕ ਐਗਜ਼ਿੱਟ ਪੋਲ ਦੇ ਆਂਕੜੇ ਵੀ ਓਬਾਮਾ ਨੂੰ ਭਾਰੀ ਬਹੁਮਤ ਨਾਲ ਜਿਤਾ ਰਹੇ ਹਨ। ਇਸੇ ਆਧਾਰ 'ਤੇ ਉਹਦੀ ਜੇਤੂ ਸਪੀਚ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ ਤੇ ਲੋਕਾਂ ਦੇ ਕਾਫਲੇ ਸ਼ਿਕਾਗੋ ਵੱਲ ਵਧਣੇ ਵੀ ਸ਼ੁਰੂ ਹੋ ਗਏ ਹਨ।

ਇਸ ਲਈ ਅਮਰੀਕਾ ਭਰ ਵਿਚ ਬੇਹੱਦ ਉਤੇਜਨਾ, ਜੋਸ਼, ਉਮੀਦ ਤੇ ਉਤਸ਼ਾਹ ਭਰਿਆ ਮਾਹੌਲ ਹੈ ਅਤੇ ਮੈਂ ਵੀ ਸਾਰਾ ਵਿਹਲਾ ਸਮਾਂ ਇਹ ਟੀਵੀ ਦ੍ਰਿਸ਼ ਦੇਖਣ ਅਤੇ ਤਬਸਰੇ ਸੁਣਨ ਵਿਚ ਗੁਜ਼ਾਰਿਆ ਹੈ।

ਹੁਣ ਛੇ ਕੁ ਵਜੇ ਸੁਨੈਨਾ ਕੰਮ ਤੋਂ ਆਈ ਹੈ ਤਾਂ ਖਾਣਾ ਖਾਂਦੇ ਸਾਰ ਬੈੱਡ ਉੱਤੇ ਜਾ



ਪਈ ਹੈ ਅਤੇ ਮੈਂ 'ਓਕਮੀਡ ਵਿਲਿਜ਼' ਦੇ ਨਜ਼ਾਰੇ ਦੇਖਣ ਲਈ ਘਰੋਂ ਬਾਹਰ ਨਿਕਲ ਕੇ ਗੇਟ ਉੱਤੇ ਆ ਖਲੋਇਆ ਹਾਂ।

* *

ਚਾਰ-ਚੁਫੇਰੇ ਮੇਲੇ ਵਰਗੀ ਚਹਿਲ-ਪਹਿਲ ਨਜ਼ਰ ਆ ਰਹੀ ਹੈ।

ਸਾਰਾ 'ਓਕਮੀਡ ਵਿਲਿਜ਼' ਅਪਾਰਟਮੈਂਟ ਕੰਪਲੈਕਸ ਬਰਾਕ ਓਬਾਮਾ ਦੀ ਜਿੱਤ ਦੀ ਨਿਸ਼ਚਿਤਤਾ ਨਾਲ ਚਹਿਕ-ਮਹਿਕ ਰਿਹਾ ਹੈ ਅਤੇ ਇਸ ਜਿੱਤ ਦੇ ਜਸ਼ਨ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ:

ਕਮਿਊਨਿਟੀ ਹਾਲ ਵਿਚ ਇਕ ਵੱਡੀ ਸਕਰੀਨ ਵਾਲਾ ਟੀਵੀ ਰੱਖਿਆ ਗਿਆ ਹੈ, ਗੇਟ ਅਤੇ ਹਾਲ ਦੁਲਹਨ ਵਾਂਗ ਸਜਾਏ ਗਏ ਹਨ। ਪਟਾਕੇ ਤੇ ਆਤਸ਼ਬਾਜੀ ਦਾ ਇੰਤਜ਼ਾਮ ਵੀ ਹੋ ਰਿਹਾ ਹੈ। ਖਾਣ-ਪੀਣ ਦਾ ਵੰਨ-ਸੁਵੰਨਾ ਸਮਾਨ ਹਾਲ ਦੇ ਵੱਡੇ ਕਾਊਂਟਰ ਉਪਰ ਰੱਖਿਆ ਜਾ ਰਿਹਾ ਹੈ ਅਤੇ ਸ਼ੈਮਪੇਨ, ਵਾਈਨ, ਰੈੱਡ-ਵਾਈਨ, ਬੀਅਰ, ਵਿਸਕੀ, ਸਕਾੱਚ, ਆਦਿ ਰੰਗ-ਬਰੰਗੀਆਂ ਬੋਤਲਾਂ ਨਾਲ ਇਕ ਟੇਬਲ ਲੱਦਿਆ ਪਿਆ ਹੈ।

ਪੈਟ ਹਾਲ ਦੇ ਵਿਚਕਾਰ 'ਵੀਲ੍ਹ ਚੇਅਰ' ਉਪਰ ਬੈਠਾ ਹਰ ਕਿਸੇ ਦਾ ਸਵਾਗਤ ਕਰ ਰਿਹਾ ਹੈ। ਉਹਨੇ ਦਾੜ੍ਹੀ ਤਾਜ਼ਾ-ਤਾਜ਼ਾ ਸਫਾਚੱਟ ਕੀਤੀ ਹੈ ਤਾਂ ਵਿਚੋਂ ਨਿਕਲਿਆ ਗੋਰਾ ਚਿੱਟਾ ਚਿਹਰਾ ਲਿਸ਼ਕਾਂ ਮਾਰ ਰਿਹਾ ਹੈ ਅਤੇ ਉਹ ਸ਼ਾਨਦਾਰ ਸੂਟ ਪਹਿਨ ਕੇ, ਛਾਤੀ ਉਪਰ 'ਹਰਪਲ ਹਰਟ' ਤਗਮਾ ਸਜਾ ਕੇ ਉੱਚੀਆਂ ਹਵਾਵਾਂ ਵਿਚ ਉੱਡਦਾ ਮਹਿਸੂਸ ਹੋ ਰਿਹਾ ਹੈ।

ਉਹਦੇ ਮਜ੍ਹਮੇ ਦੇ ਕਈ ਸਾਥੀ *ਉਹਦੇ* ਦੁਆਲੇ ਝੁਰਮਟ ਪਾਈ ਕੁਰਸੀਆਂ ਉਪਰ ਬੈਠੇ ਹਨ ਅਤੇ ਮੈਨੂੰ ਦੇਖਦੇ ਸਾਰ ਹੀ ਉਹਨੇ ਮਾਣ ਭਰਿਆ ਹੱਥ ਮੇਰੇ ਵੱਲ ਵਧਾਇਆ ਹੈ ਅਤੇ ਇੰਜ ਗਰਮਜੋਸ਼ੀ ਨਾਲ ਘੁੱਟ ਰਿਹਾ ਹੈ ਕਿ ਮੈਂ ਮੁਸ਼ਕਿਲ ਨਾਲ ਹੱਥ ਉਹਦੀ ਪਕੜ ਵਿਚੋਂ ਛੁਡਾਇਆ ਹੈ।

ਸਾਰੇ ਹਾਜ਼ਰੀਨ ਲੋਕਾਂ ਦੀਆਂ ਨਜ਼ਰਾਂ ਟੀਵੀ ਸਕਰੀਨ ਉਪਰ ਗੱਡੀਆਂ ਹੋਈਆਂ ਹਨ ਅਤੇ ਪਹਿਲੇ ਨਤੀਜੇ ਦਾ ਐਲਾਨ ਓਬਾਮਾ ਦੇ ਹੱਕ ਵਿਚ ਹੁੰਦੇ ਹੀ ਤਾਲੀਆਂ ਅਤੇ ਕਿਲਕਾਰੀਆਂ ਨਾਲ ਸਾਰਾ ਹਾਲ ਥਰਥਰਾ ਉੱਠਿਆ ਹੈ ਅਤੇ ਬੋਤਲਾਂ ਦੇ ਢੱਕਣ ਖੁਲ੍ਹਣੇ ਸ਼ੁਰੂ ਹੋ ਗਏ ਹਨ।

ਇਕ ਤੋਂ ਬਾਅਦ ਇਕ ਸਟੇਟ ਦੇ ਨਤੀਜੇ ਦਾ ਐਲਾਨ ਹੋ ਰਿਹਾ ਹੈ ਅਤੇ ਜਿਉਂ ਜਿਉਂ ਓਬਾਮਾ ਦੀ ਲੀਡ ਵਧ ਰਹੀ ਹੈ, ਇਹ ਤਾਲੀਆਂ ਅਤੇ ਕਿਲਕਾਰੀਆਂ ਹੋਰ ਉੱਚੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਖਚਾ-ਖਚ ਭਰਿਆ ਹਾਲ ਜਿੱਤ ਦੇ ਨਸ਼ੇ ਨਾਲ ਝੂਮ ਰਿਹਾ ਹੈ।

ਪੈਟ ਲਈ ਤਾਂ ਅੱਜ ਮਹਾਨ ਚੜ੍ਹਤ ਦਾ ਦਿਨ ਹੈ।

ਉਹ ਸਕਾੱਚ ਦੇ ਦੋ-ਤਿੰਨ ਪੈੱਗ ਚੜ੍ਹਾ ਚੁੱਕਾ ਹੈ ਅਤੇ 'ਵੀਲ੍ਹ ਚੇਅਰ' ਨੂੰ ਅਲਵਿਦਾ ਕਹਿ ਕੇ ਕੁਝ ਖਾਣ ਲਈ ਇਕ ਟੇਬਲ ਦੇ ਨਾਲ ਕੁਰਸੀ ਉਪਰ ਆ ਬਿਰਾਜਮਾਨ ਹੋਇਆ

ਹੈ ਅਤੇ ਉਹਦੀਆਂ ਸਿਰਫ਼ ਕਿਲਕਾਰੀਆਂ ਤੇ ਚੀਕਾਂ ਸੁਣਾਈ ਦੇ ਰਹੀਆਂ ਹਨ:

"ਅਸੀਂ ਜਿੱਤ ਰਹੇ ਹਾਂ ... ਹੁ ... ਰ ... ਰਾ ...!"

ਓਬਾਮਾ ਦੇ ਹੱਕ ਵਿਚ ਐਲਾਨੇ ਜਾਣ ਵਾਲੇ ਹਰ ਨਤੀਜੇ ਦੇ ਬਾਅਦ ਉਹ ਇਕ ਹੱਥ ਨਾਲ ਕੁਰਸੀ ਅਤੇ ਦੂਜੇ ਹੱਥ ਨਾਲ ਟੇਬਲ ਦਾ ਸਹਾਰਾ ਲੈ ਕੇ ਤੇ ਕੋਡਾ ਜਿਹਾ ਹੋ ਕੇ ਨੱਚਣ ਲੱਗਦਾ ਹੈ ਅਤੇ ਉਹਦੇ ਸਾਥੀਆਂ ਸਹਿਤ ਕਈ ਹੋਰ ਲੋਕ ਵੀ ਝੂਮਣ-ਨੱਚਣ ਲੱਗ ਪੈਂਦੇ ਹਨ।

ਇਧਰ 'ਓਕਮੀਡ ਵਿਲਿਜ਼' ਜਿੱਤ ਦੇ ਜਸ਼ਨ ਮਨਾ ਰਿਹਾ ਹੈ।

ਉਧਰ ਸ਼ਿਕਾਗੋ ਖ਼ੁਸ਼ੀ ਨਾਲ ਪਾਟਣ ਨੂੰ ਫਿਰਦਾ ਹੈ।

ਜਿੱਥੇ ਭੀੜ ਦਾ ਸਮੁੰਦਰ ਠਾਠਾਂ ਮਾਰਦਾ ਝੂਮ ਰਿਹਾ ਹੈ।

ਜਿਨ੍ਹਾਂ ਵਿਚ ਕਾਲੇ ਲੋਕ ਭਾਰੀ ਗਿਣਤੀ ਵਿਚ ਮੌਜੂਦ ਹਨ।

ਰਾਤ ਦੇ ਗਿਆਰਾਂ ਵੱਜ ਚੁੱਕੇ ਹਨ ਅਤੇ ਕਿਸੇ ਵੀ ਪਲ ਓਬਾਮਾ ਦੀ ਜਿੱਤ ਦਾ ਅੰਤਿਮ ਐਲਾਨ ਹੋ ਸਕਦਾ ਹੈ ਅਤੇ ਉਹ ਜੇਤੂ ਸਪੀਚ ਦੇਣ ਲਈ ਆ ਰਿਹਾ ਦੱਸਿਆ ਜਾ ਰਿਹਾ ਹੈ। ਉਹਦੀ ਪਤਨੀ ਮਿਸ਼ੈਲ ਓਬਾਮਾ ਅਤੇ ਹੋਰ ਅਨੇਕ ਮਹਿਮਾਨੇ ਖਸੂਸੀ ਪਹੁੰਚ ਚੁੱਕੇ ਹਨ ਅਤੇ ਭੀੜ ਦਾ ਸਮੁੰਦਰ ਉਫਨਦਾ ਹੋਇਆ ਹੁਣ ਮੈਦਾਨ ਤੋਂ ਬਾਹਰ ਨਿਕਲ ਕੇ ਸ਼ਿਕਾਗੋ ਦੀਆਂ ਸੜਕਾਂ ਤੇ ਬਜ਼ਾਰਾਂ ਤੱਕ ਫੈਲ ਗਿਆ ਹੈ।

ਉਧਰ ਸ਼ਿਕਾਗੋ ਵਿਚ ਲੱਖਾਂ ਅੱਖਾਂ ਓਬਾਮਾ ਦੇ ਇੰਤਜ਼ਾਰ ਵਿਚ ਨੱਚ ਰਹੀਆਂ ਹਨ ਅਤੇ ਇਧਰ ਪੈਟ ਨੂੰ ਕਿਸੇ ਨੇ ਚੌਥਾ ਪੈੱਗ ਬਣਾ ਕੇ ਦਿੱਤਾ ਹੈ ਤਾਂ ਉਹਦੀ ਪਤਨੀ ਨੇ ਗਲਾਸ ਉਹਦੇ ਹੱਥ ਵਿਚੋਂ ਫੜ ਲਿਆ ਹੈ। ਇਸ ਲਈ ਉਹ ਇਕਦਮ 'ਮੈਡ' ਹੋ ਗਿਆ ਹੈ:

"ਨਹੀਂ ਪੈਗੀ, ਅੱਜ ਨਹੀਂ! ਅੱਜ ਨਹੀਂ ਤੂੰ ਰੋਕ ਸਕਦੀ!"

ਉਹ ਗਰਜ ਰਿਹਾ ਹੈ ਤਾਂ ਪੈਗੀ ਨਰਮ ਪੈ ਗਈ ਹੈ, "ਤੇਰਾ ਬਲੱਡ ਪਰੈਸ਼ਰ ਅੱਜ ਸਵੇਰ ਦਾ ਹੀ ਹਾਈ ਐ, ਤੇਰੇ ਲਈ ਇਕ ਵੀ ਹੋਰ ਘੁੱਟ ਜ਼ਹਿਰ ਸਾਬਤ ਹੋ ਸਕਦਾ ... ਸਮਝਣ ਦੀ ਕਸ਼ਿਸ਼ ਕਰ, ਪੈਟ!"

"ਨਹੀਂ ਪੈਗੀ ਅੱਜ ਨਹੀਂ! ਅੱਜ ਮੇਰਾ ਦਿਨ ਹੈ!"

"ਤੇਰਾ ਮਰਨ ਦਾ ਇਰਾਦਾ ਹੈ ਕਿਆ?"

"ਨਹੀਂ, ਅੱਜ ਨਹੀਂ ਤੂੰ ਰੋਕ ਸਕਦੀ!"

ਪੈਟ ਇਹ ਗੱਲ ਰਟਦਾ ਗਲਾਸ ਲੈਣ ਲਈ ਊਧਮ ਮਚਾ ਰਿਹਾ ਹੈ। ਇਸ ਨਾਲ ਜਸ਼ਨ ਦਾ ਰੰਗ ਕੁਝ ਫਿੱਕਾ ਪੈ ਗਿਆ ਹੈ ਅਤੇ ਪੈਗੀ ਨੇ ਹਾਰ ਕੇ ਬੁੜਬੁੜ ਕਰਦੀ ਨੇ ਗਲਾਸ ਉਹਦੇ ਹੱਥ ਫੜਾ ਹੀ ਦਿੱਤਾ ਹੈ:

"ਚੱਲ ਮਰ ਫਿਰ ... ਜੇ ਤੂੰ ਇੰਜ ਹੀ ਮਰਨਾ ਚਾਹੁੰਨਾਂ!"

"ਥੈਂਕ ਯੂ ਮਾਈ ਸਵੀਟ ... ਓਲਡ ਲੇਡੀ ... ਆਈ ਲਵ ਯੂ!"

ਉਹ ਗਲਾਸ ਹੱਥ ਵਿਚ ਲੈ ਕੇ ਖ਼ੁਸ਼ੀ ਨਾਲ ਫੁਦਕ ਰਿਹਾ ਹੈ।



ਤੇ ਐਨ ਇਸੇ ਮੌਕੇ ਓਬਾਮਾ ਦੀ ਜਿੱਤ ਦਾ ਐਲਾਨ ਹੋ ਗਿਆ ਹੈ।

ਉਹ ਹੁਣ ਜੇਤੂ ਅੰਦਾਜ਼ ਵਿਚ ਸਟੇਜ ਵੱਲ ਵਧ ਰਿਹਾ ਹੈ। ਭੀੜ ਦਾ ਸਮੁੰਦਰ ਉਹਨੂੰ ਦੇਖਣ ਲਈ ਥਰਥਰਾ ਉੱਠਿਆ ਹੈ ਅਤੇ ਅਮਰੀਕਾ ਦੇ ਹੋਰ ਸ਼ਹਿਰਾਂ ਅਤੇ ਬਸਤੀਆਂ ਵਾਂਗ 'ਓਕਮੀਡ ਵਿਲਿਜ਼' ਵੀ ਪਟਾਕਿਆਂ ਤੇ ਆਤਸ਼ਬਾਜੀ ਨਾਲ ਗੂੰਜ ਉੱਠਿਆ ਹੈ।

ਅਮਰੀਕਾ ਪਟਾਕੇ ਵਜਾ ਰਿਹਾ ਹੈ ਅਤੇ ਓਬਾਮਾ ਆਪਣੀ ਜਿੱਤ ਨੂੰ ਸ਼ਬਦਾਂ ਦਾ ਬਾਣਾ ਪਹਿਨਾਅ ਰਿਹਾ ਹੈ, "ਅੱਜ ਅਮਰੀਕਾ ਨੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ ..." ਉਹਦਾ ਚਿਹਰਾ ਖ਼ੁਸ਼ੀ ਤੇ ਸਵੈ-ਮਾਣ ਨਾਲ ਦਗ਼ ਰਿਹਾ ਹੈ। ਉਹ ਆਪਣੀ ਜ਼ਿੰਦਗੀ ਦੇ ਸਭ ਤੋਂ ਉਤਮ ਸ਼ਬਦ ਬੋਲ ਰਿਹਾ ਹੈ ਤਾਂ ਭੀੜ ਦੀਆਂ ਅੱਖਾਂ ਵਿਚੋਂ ਖ਼ੁਸ਼ੀ ਦੇ ਹੰਝੂ ਛਲਕ ਉੱਠੇ ਹਨ ਅਤੇ ਇਧਰ ਪੈਟ ਨੇ ਉੱਠ ਕੇ ਨੱਚਣਾ ਸ਼ੁਰੂ ਕਰ ਦਿੱਤਾ ਹੈ।

ਉਹ ਇੰਜ ਨੱਚ ਰਿਹਾ ਹੈ ਜਿਵੇਂ ਨਕਲੀ ਲੱਤਾਂ ਨਾਲ ਨਹੀਂ, ਅਸਲੀ ਨਾਲ ਨੱਚ ਰਿਹਾ ਹੋਵੇ ... ਬਿਨਾ ਕਿਸੇ ਸਹਾਰੇ ਦੇ ਇੰਜ ਸਾਰਾ ਜਿਸਮ ਘੁਮਾ ਰਿਹਾ ਹੈ ਜਿਵੇਂ ਉਹਦੀ ਜਵਾਨੀ ਵਾਪਸ ਪਰਤ ਆਈ ਹੋਵੇ।

ਪੈਟ ਨੱਚ ਰਿਹਾ ਹੈ ਤੇ ਉਹਦੇ ਨਾਲ ਸਾਰਾ ਹਾਲ ਨੱਚ ਰਿਹਾ ਹੈ।

ਪਰ ਪੈਗੀ ਇਕ ਖੂੰਜੇ ਵਿਚ ਗੁੰਮ-ਸੁੰਮ ਖੜ੍ਹੀ ਖਾਰੇ ਹੰਝੂ ਪੀ ਰਹੀ ਹੈ। ਮੈਂ ਉਹਦੇ ਕੋਲ ਆ ਕੇ ਉਹਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਉਹਦਾ ਮਨ ਸੰਭਲ ਨਹੀਂ ਰਿਹਾ। ਉਹਦਾ ਕਲੇਜਾ ਧੱਕ-ਧੱਕ ਕਰ ਰਿਹਾ ਹੈ ਅਤੇ ਉਹ ਮੈਨੂੰ ਕਹਿ ਰਹੀ ਹੈ:

"ਮੇਰੇ ਬੇਟੇ, ਕੀ ਤੂੰ ਪੈਟ ਨੂੰ ਰੋਕ ਸਕਦਾ ਏਂ? ਮੈਨੂੰ ਪਤਾ, ਉਹ ਤੇਰੀ ਬਹੁਤ ਕਦਰ ਕਰਦਾ ਏ, ਤੇਰਾ ਕਹਾ ਨਹੀਂ ਟਾਲ ਸਕਦਾ ...!"

ਪਰ ਇਹ ਸ਼ਬਦ ਉਹਦੇ ਬੁੱਲ੍ਹਾਂ 'ਤੇ ਹੀ ਹਨ ਅਤੇ ਮੈਂ ਪਹਿਲਾ ਕਦਮ ਪੁੱਟਿਆ ਹੀ ਹੈ ਕਿ ਪੈਟ ਦਾ ਅਚਾਨਕ ਰਿਦਮ ਵਿਗੜ ਗਿਆ ਹੈ ਅਤੇ ਉਹ ਧੜਾਮ ਕਰਦਾ ਥੱਲੇ ਫਰਸ਼ ਉੱਤੇ ਡਿੱਗ ਕੇ ਅਤੇ ਫਿਰ ਇਕ ਵਾਰ ਬੁੜ੍ਹਕ ਕੇ, ਇਕ ਹੋਰ ਕਲਾਬਾਜ਼ੀ ਖਾ ਕੇ ਮੂੰਹ ਭਰਨੇ ਜਾ ਪਿਆ ਹੈ। ਉਹਦਾ ਮੂੰਹ-ਸਿਰ ਲਹੂ-ਲੁਹਾਣ ਹੋ ਗਿਆ ਹੈ, ਦੋਵੇਂ ਲੱਤਾਂ ਧੜ ਨਾਲੋਂ ਅਲੱਗ ਹੋ ਕੇ ਪਰੇ ਜਾ ਡਿੱਗੀਆਂ ਹਨ ਅਤੇ 'ਪਰਪਲ ਹਰਟ' ਤਗਮਾ ਵੀ ਬੁੜ੍ਹਕ ਕੇ ਮੇਰੇ ਪੈਰਾਂ ਵਿਚ ਆ ਡਿੱਗਿਆ ਹੈ।

ਸਾਰੇ ਹਾਲ ਵਿਚ ਇਕਦਮ ਸੰਨਾਟਾ ਛਾ ਗਿਆ ਹੈ। ਕਈ ਜਣੇ ਫੁਰਤੀ ਨਾਲ ਉਹਦੇ ਵੱਲ ਵਧੇ ਹਨ। ਉਹਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਹ ਮਾੜਾ ਜਿਹਾ ਹਿੱਲ ਕੇ ਨਿਢਾਲ ਹੋ ਗਿਆ ਹੈ।

ਉਧਰ ਸ਼ਿਕਾਗੋ ਵਿਚ ਜਿੱਤ ਦੇ ਜਸ਼ਨ ਸਿੱਖਰ ਛੋਹ ਰਹੇ ਹਨ, ਭੀੜ ਦਾ ਸਮੁੰਦਰ ਖ਼ੁਸ਼ੀ ਨਾਲ ਨੱਚ-ਝੂਮ ਤੇ ਗਾ ਰਿਹਾ ਹੈ ਅਤੇ ਇਧਰ ਪਾਬਲੋ ਨੇ ਤਰਲ ਅੱਖਾਂ ਨਾਲ ਟੀਵੀ ਦਾ ਸਵਿੱਚ ਆੱਫ ਕਰ ਦਿੱਤਾ ਹੈ।

ਪੈਗੀ 'ਨਾਈਨ ਵੰਨ ਵੰਨ' ਨੂੰ ਐਮਰਜਿੰਸੀ ਕਾਲ ਕਰਨ ਤੋਂ ਬਾਅਦ ਪੈਟ ਦੀ ਨਰਸ ਨੂੰ ਕਾਲ ਕਰ ਰਹੀ ਹੈ ਅਤੇ ਮੈਂ ਉਹਦੀਆਂ ਦੋਵੇਂ ਲੱਤਾਂ ਅਤੇ ਤਗਮਾ ਸੰਭਾਲ ਕੇ ਉਸੇ ਖੂੰਜੇ ਵਿਚ ਜਾ ਖੜੋਇਆ ਹਾਂ। ਮੇਰੀਆਂ ਅੱਖਾਂ ਵਿਚੋਂ ਗੁੰਮ-ਸੁੰਮ ਹੰਝੂਆਂ ਦੀ ਇਕ ਧਾਰ ਵਹਿ ਤੁਰੀ ਹੈ:

'ਵੇਚਾਰਾ ਪੈਟ!' ਮੇਰਾ ਮਨ ਰੋ ਰਿਹਾ ਹੈ।

ਕਈ ਹੋਰ ਅੱਖਾਂ ਵੀ ਨਮ ਦਿਖਾਈ ਦੇ ਰਹੀਆਂ ਹਨ।

ਪਰ ਪੈਗੀ ਦੀਆਂ ਅੱਖਾਂ ਤਮਤਮਾ ਰਹੀਆਂ ਹਨ।

ਮੈਡੀਕਲ ਵੈਨ ਤੋਂ ਪਹਿਲਾਂ ਪੈਟ ਦੀ ਨਰਸ, ਫਸਟ-ਏਡ ਦੀ ਕਿੱਟ ਹੱਥ ਵਿਚ ਲਈ ਹਾਲ ਵਿਚ ਵੜੀ ਹੈ ਤਾਂ ਪੈਗੀ ਦੀਆਂ ਨਜ਼ਰਾਂ ਉਹਦੇ ਉਪਰ ਟਿਕੀਆਂ ਹੋਈਆਂ ਹਨ। ਨਰਸ ਦੇ ਹੱਥ, ਨਬਜ਼ ਟੋਂਹਦੇ ਕੰਬਣ ਲੱਗ ਪਏ ਹਨ, ਤਾਂ ਪੈਗੀ ਦੇ ਚਿਹਰੇ ਦਾ ਰੰਗ ਚਿੱਟੇ ਤੋਂ ਪੀਲਾ-ਜ਼ਰਦ ਹੁੰਦਾ ਜਾ ਰਿਹਾ ਹੈ ਪਰ ਅਚਾਨਕ ਮੈਡੀਕਲ ਵੈਨ ਦੇ ਭੋਂਪੋਆਂ ਅਤੇ ਸੀਟੀਆਂ ਦੀ ਕੁਰਲਾਹਟ ਵਾਤਾਵਰਣ ਨੂੰ ਚੀਰਦੀ ਹੋਈ ਸੁਣਾਈ ਦਿੱਤੀ ਹੈ ਤਾਂ ਪੈਗੀ ਦੇ ਚਿਹਰੇ ਉਪਰ ਉਮੀਦ ਦੀ ਇਕ ਹਲਕੀ ਜਿਹੀ ਲਕੀਰ ਉਭਰਨੀ ਸ਼ੁਰੂ ਹੋ ਗਈ ਹੈ ਅਤੇ ਜਿਉਂ-ਜਿਉਂ ਇਹ ਆਵਾਜ਼ ਨਜ਼ਦੀਕ ਪਹੁੰਚ ਰਹੀ ਹੈ, ਇਹ ਲਕੀਰ ਗੂੜ੍ਹੀ ਹੁੰਦੀ ਜਾ ਰਹੀ ਹੈ।

****



# ਭਾਗ ਦੂਜਾ

ਅਗਲੀਆਂ ਤਿੰਨ ਕਹਾਣੀਆਂ ਨੂੰ
ਇਕ ਲੰਬੀ ਕਹਾਣੀ ਵਾਂਗ
ਵੀ ਪੜ੍ਹਿਆ ਜਾ ਸਕਦਾ ਹੈ।

# ਹਿੱਪ ਹੌਪ

ਚੰਦਾ ਕੰਧ ਨਾਲ ਸਿਰ ਜੋੜੀ ਬੈਠੀ ਹੈ ਤੇ ਮੈਂ ਗੁਣਗੁਣਾ ਰਿਹਾ ਹਾਂ।

ਪਰ ਇਹ ਟੱਸ ਤੋਂ ਮੱਸ ਨਹੀਂ ਹੋ ਰਹੀ।

"ਕੀ ਸੋਚ ਰਹੀ ਏਂ, ਗੁੱਡਬਦਨ ?"

"ਇਕ ਔਰਤ ਵੱਧ ਤੋਂ ਵੱਧ ਸੋਚ ਵੀ ਕੀ ਸਕਦੀ ਏ ?"

ਸਵਾਲ ਦਾ ਜਵਾਬ ਵੀ ਸਵਾਲ ... ਇਹ ਅੱਜ ਕੱਲ੍ਹ ਇਸ ਤਰ੍ਹਾਂ ਦੇ ਸਵਾਲ ਬੜੇ ਕਰਨ ਲੱਗ ਪਈ ਐ। ਇਕ ਦਿਨ ਕਹਿਣ ਲੱਗੀ:

"ਤੁਸੀਂ ਔਰਤਾਂ ਬਾਰੇ ਹੀ ਕਿਉਂ ਲਿਖਦੇ ਹੋ ?"

"ਔਰਤ ਦੀ ਕਹਾਣੀ ਕਿਉਂ ਨਹੀਂ ਲਿਖਦੇ ?"

"ਔਰਤ ਦੀ ਕਹਾਣੀ ਤਾਂ ਸਿਰਫ਼ ਔਰਤ ਹੀ ਲਿਖ ਸਕਦੀ ਏ !"

ਮੈਂ ਇਹ ਕਿਹਾ ਤਾਂ ਛਾਤੀ ਠੋਕ ਕੇ ਬਾਂਹ ਖੜੀ ਕਰ ਕੇ ਬੋਲੀ:

"ਠੀਕ ਐ ਫਿਰ, ਮੈਂ ਹੀ ਲਿਖਾਂਗੀ ਔਰਤ ਦੀ ਕਹਾਣੀ !"

"ਟੁਕੜਿਆਂ ਵਿਚ ਵੰਡੀ ਹੋਈ ਹਰ ਉਸ ਔਰਤ ਦੀ ਕਹਾਣੀ: ਜਿਸ ਦਾ ਇਕ ਹਿੱਸਾ ਉਸ ਮਰਦ ਦਾ ਹੁੰਦਾ ਹੈ, ਜਿਸ ਦੀ ਉਹ ਅਰਧਾਂਗਣੀ ਹੁੰਦੀ ਹੈ ਅਤੇ ਦੂਜਾ ਉਸ ਸਮਾਜ ਦਾ, ਜਿਹਦੇ ਪੈਰਾਂ ਵਿਚ ਪਈ ਉਹ ਰੁਲਦੀ ਰਹਿੰਦੀ ਹੈ ਅਤੇ ਤੀਜਾ ਉਸ ਔਲਾਦ ਦਾ, ਜਿਸ ਦੀ ਜਨਮਦਾਤੀ ਹੋ ਕੇ ਵੀ ਉਹ ਉਹਦੀ ਵੰਸ਼ਜ ਨਹੀਂ ਕਹਾਉਂਦੀ ...।"

ਇਹ ਕਹਿ ਕੇ ਇਹ ਇੰਜ ਖਿੜਖਿੜਾ ਕੇ ਹੱਸੀ ਕਿ ਹਾਸੇ ਦੀ ਛਣਕਾਰ ਹਨੇਰੇ ਨੂੰ ਚੀਰਦੀ ਹੋਈ ਦੇਰ ਤੱਕ ਗੂੰਜਦੀ ਰਹੀ ਤੇ *ਇਹ ਜਦੋਂ ਵੀ ਇੰਜ ਹੱਸਦੀ ਹੈ, ਮੇਰੇ ਅੰਦਰੋਂ ਉਤੇਜਨਾ ਦੇ ਵਾਵਰੋਲੇ ਉੱਠਣ ਲੱਗਦੇ ਹਨ ਅਤੇ ਉਹ ਪਲ ਸਾਡੀ ਜ਼ਿੰਦਗੀ ਦੇ ਮਹਾਨ ਪਲ ਹੁੰਦੇ ਹਨ।*

ਅੱਜ ਵੀ ਮੈਂ ਇਸੇ ਤਰ੍ਹਾਂ ਦੇ ਕਿਸੇ ਪਲ ਦੀ ਤਵੱਕੋਂ ਕਰ ਰਿਹਾ ਸਾਂ ਕਿ ਇਹ ਇੰਜ ਕੰਧ ਨਾਲ ਸਿਰ ਜੋੜੀ ਬੈਠੀ ਹੈ ਜਿਵੇਂ ਅੰਤਰ-ਧਿਆਨ ਹੋ ਗਈ ਹੋਵੇ ਤੇ 'ਸ਼ੂਨਯ' ਦੀ ਸਥਿਤੀ ਵਿਚ ਪਹੁੰਚ ਗਈ ਹੋਵੇ।

"ਉੱਠ ਕੇ ਨਹਾ-ਧੋਅ ਹੀ ਲੈ ਯਾਰ ! ਦੇਖ, ਮੈਂ ਸਵੇਰ ਦਾ ਨਹਾ-ਧੋਅ ਕੇ ਬੈਠਾ, ਤੇਰੇ ਨਾਸ਼ਤੇ ਦਾ ਇੰਤਜ਼ਾਰ ਕਰ ਰਿਹਾਂ।"

"ਤੁਹਾਨੂੰ ਹੋਰ ਕੰਮ ਈ ਕੀ ਏ ? ਕੁੱਲ ਮਿਲਾ ਕੇ, ਦੋ ਹੀ ਤਾਂ ਕੰਮ ਆਉਂਦੇ ਆ: ਇਕ 'ਫਾਇਰ' ਹੋਣਾ ਤੇ ਦੂਜਾ, ਸਵੇਰੇ ਉੱਠ ਕੇ ਨਹਾ-ਧੋਅ ਕੇ ਸੱਚੀਆਂ ਝੂਠੀਆਂ ਕਹਾਣੀਆਂ ਘੜ੍ਹਨ ਬਹਿ ਜਾਣਾ।"

"ਯਾਰ, ਐਵੇਂ ਬਾਤ ਦਾ ਬਤੰਗੜ ਨਾ ਬਣਾ !"



"ਦੇਖ, ਗਿਆਰਾਂ ਵੱਜ ਚੁੱਕੇ ਆ, ਉੱਠ ਕੇ ਨਾਸ਼ਤੇ ਦਾ ਜੁਗਾੜ ਕਰ।"

ਪਰ ਇਹ ਉੱਠਣ ਦੀ ਬਜਾਇ, ਕੰਧ ਵਿਚ ਹੋਰ ਵੀ ਡੂੰਘਾ ਧਸਦੀ ਜਾ ਰਹੀ ਹੈ ਤੇ ਅੱਖਾਂ ਮਟਕਾ-ਮਟਕਾ ਇਉਂ ਇਸ਼ਾਰੇ ਕਰ ਰਹੀ ਹੈ ਜਿਵੇਂ ਕੰਧ ਦੇ ਪਾਰ ਚੱਲ ਰਹੀ ਕੋਈ 'ਲਾਈਵ ਮੂਵੀ' ਦੇਖ ਰਹੀ ਹੋਵੇ:

"ਪਤਾ ਨਹੀਂ '......' ਘੋਂਚੂ ਮੱਲ ਜਹੇ ਕਰ ਕੀ ਰਹੇ ਆ ?"

"ਓ ਯਾਰ, ਤੈਨੂੰ ਕਿੰਨੀ ਵਾਰ ਦੱਸ ਚੁੱਕਾਂ ! ਬਈ, ਵੀਕ-ਐਂਡ 'ਤੇ ਮੁੰਡੇ ਕੁੜੀਆਂ ਏਦਾਂ ਹੀ ਫੰਨ ਕਰਦੇ ਆ। ਇਹ ਏਥੇ ਦਾ ਕਲਚਰ ਆ: ਘੁੰਮਣਾ-ਫਿਰਨਾ, ਹੱਸਣਾ-ਖੇਲ੍ਹਣਾ, ਨੱਚਣਾ-ਗਾਉਣਾ, ਖਾਣਾ-ਪੀਣਾ ਤੇ ਮਜ਼ੇ ਕਰਨਾ !"

"ਸਵਾਹ *ਦਾ ਕਲਚਰ ਆ !"*

"ਤੁਹਾਨੂੰ ਕੁਛ ਪਤਾ ਵੀ ਐ ? ਮੁੰਡੇ ਤਿੰਨ ਆ ਤੇ ਕੁੜੀਆਂ ਦੋ ... ਤੇ ਕੱਲ ਦੇ ਇਸੇ ਘੁਰਨੇ 'ਚ ਵੜੇ ਹੋਏ ਆ।"

"ਪਰ ਇਹਦੇ ਵਿਚੋਂ ਤੂੰ ਕੀ ਲੈਣਾਂ ? ਐਵੇਂ ਆਪਣਾ ਦਿਮਾਗ਼ ਖਰਾਬ ਕਰਨ ਡਹੀ ਏਂ ! ਦਿਮਾਗ਼ ਤਾਂ ਏਥੇ ਓਦਾਂ ਈ ਬਥੇਰੇ ਧੱਕੇ-ਧੋੜੇ ਖਾਂਦਾ ਰਹਿੰਦਾ ਤੇ ਤੂੰ ਅੱਜ ਇਕ ਹੋਰ ਫਾਲਤੂ ਦਾ ਸਿਰਦਰਦ ਲੱਭ ਲਿਆ।"

ਮੈਨੂੰ ਇਹਦੀ ਹਾਲਤ 'ਤੇ ਹਾਸਾ ਵੀ ਆ ਰਿਹਾ ਤੇ ਤਰਸ ਵੀ:

"ਤੈਨੂੰ ਪਤਾ, ਏਥੇ ਕਿਸੇ ਦੇ ਨਿੱਜੀ ਮਾਮਲਿਆਂ ਵਿਚ ਦਖਲਅੰਦਾਜ਼ੀ ਕਾਨੂੰਨੀ ਅਪਰਾਧ ਐ। ਇਹ ਅਮਰੀਕਨ ਲੋਕ, ਖਾਸ ਕਰਕੇ ਨੌਜਵਾਨ ਪੀੜ੍ਹੀ, ਇਹ ਕਦੇ ਪਸੰਦ ਨਹੀਂ ਕਰਦੇ ਕਿ ਏਹਨਾਂ ਦੇ ਫੰਨ ਵਿਚ ਕੋਈ ਵਿਘਨ ਪਾਏ। ਕੰਧਾਂ ਦੇ ਓਹਲੇ ਲੁਕ-ਲੁਕ ਇਨ੍ਹਾਂ ਨੂੰ ਦੇਖੇ ਜਾਂ ਸੁਣੇ।"

"*ਕੰਧਾਂ ਦੇ ਓਹਲੇ ? ਹਾ ਹਾ ਹਾ !"*

"ਕੰਧਾਂ ਦੇ ਓਹਲੇ ਤਾਂ ਆਪਾਂ ਜੀ ਰਹੇ ਆਂ, ਜਨਾਬ !"

"ਜੇ ਤੁਸੀਂ ਕਦੇ ਕੰਪਿਊਟਰ ਵਿਚੋਂ ਬਾਹਰ ਨਿਕਲੋ ਤਾਂ ਈ ਕੁਛ ਪਤਾ ਲੱਗੇ: ਕੱਲ੍ਹ ਸ਼ਾਮ ਇਨ੍ਹਾਂ 'ਚੋਂ ਇਕ ਮੁੰਡਾ, ਇਕ ਕੁੜੀ ਨੂੰ ਕਨ੍ਹੇੜੀ ਚੁੱਕ ਕੇ ਪਹਿਲਾਂ ਆਹ ਪੌੜੀਆਂ ਉਤਰਿਆ, ਫਿਰ ਅਪਾਰਟਮੈਂਟ ਕੰਪਲੈਕਸ ਦੀ ਸੈਰ ਕਰਾਈ ਤੇ ਫਿਰ ਸੜਕ ਪਾਰ ਕਰ ਕੇ, ਉਹਦੀ ਕਾਰ ਵਿਚ ਏਦਾਂ ਬੈਠਾਅ ਕੇ ਆਇਆ ਜਿਵੇਂ ਏਥੇ ਮਿਸਟਰੀ ਮੂਵੀਆਂ ਵਿਚ ਹੁੰਦਾ !"

"ਚੱਲ ਦਫ਼ਾ ਕਰ ਯਾਰ ! ਉੱਠ ਕੇ ਖਾਣ ਪੀਣ ਦਾ ਕੋਈ ਜੁਗਾੜ ਕਰ, ਭੁੱਖ ਨਾਲ ਮੇਰੀ ਜਾਨ ਨਿਕਲਣ ਡਹੀ ਆ।"

"ਪਰ ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਮਰਦ ਵਿਹਲਾ ਬੈਠਾ ਵੀ 'ਭੁੱਖ ... ਭੁੱਖ ...' ਕਿਉਂ ਰਟਦਾ ਰਹਿੰਦਾ ਐ ਅਤੇ ਇਹ 'ਚੁੱਲ੍ਹਾ' ਵੀ ਸਿਰਫ਼ ਔਰਤ ਦੇ ਹਿੱਸੇ ਹੀ ਕਿਉਂ ਆਇਆ ਹੈ ?"

ਇਹਨੇ ਸਵਾਲ ਉਖੜੀ ਕੁਹਾੜੀ ਵਾਂਗ ਮੇਰੇ ਮੱਥੇ ਵਿਚ ਮਾਰਿਆ ਹੈ ਪਰ ਮੇਰੇ ਚਿਹਰੇ

ਉੱਤੇ ਗੁੱਸੇ ਦੇ ਨਿਸ਼ਾਨ ਦੇਖ ਕੇ ਇਹ ਨਖਰੇ ਜਿਹੇ ਨਾਲ ਉੱਠ ਕੇ ਬਾਥਰੂਮ ਵਿਚ ਜਾ ਵੜੀ ਹੈ ਅਤੇ ਮੈਂ ਸੋਚ ਰਿਹਾ ਹਾਂ:

'ਇਹ ਚੰਦਾ ਦਾ ਅਮਰੀਕੀਕਰਨ ਹੋ ਰਿਹਾ ਹੈ ਜਾਂ ਫਿਰ ਇਹ ਉਸ ਨਾਰੀਵਾਦ ਦਾ ਸ਼ਿਕਾਰ ਹੋ ਰਹੀ ਐ, ਜੋ ਮਰਦ ਵਿਰੋਧੀ ਹੈ ?'

'ਇਹ ਇਸ ਕਲਚਰ ਦਾ ਵਿਰੋਧ ਕਰ ਰਹੀ ਹੈ ਜਾਂ ਇਹਨੂੰ ਮਾਣਨ ਲਈ ਤਰਸ ਰਹੀ ਐ ?'

'ਇਹਦੀ ਬੁੱਧੀ ਦਾ ਵਿਕਾਸ ਹੋ ਰਿਹਾ ਹੈ ਜਾਂ ਸੋਚ-ਸ਼ਕਤੀ ਦਾ ਵਿਨਾਸ਼ ਹੋ ਰਿਹਾ ਹੈ ?'

ਇਹ ਸੋਚਦਿਆਂ, ਚੰਦਾ ਕਦੇ ਵਰਤਮਾਨ ਬਣ ਜਾਂਦੀ ਹੈ ਅਤੇ ਕਦੇ ਸਿਰਫ਼ ਅਤੀਤ ਅਤੇ ਮੇਰੇ ਸਿਮਰਤੀ ਕੇਂਦਰ ਵਿਚ ਇਹਦੇ ਇਤਿਹਾਸ ਦੀ ਇਕ ਫਿਲਮ ਚੱਲਣੀ ਸ਼ੁਰੂ ਹੋ ਗਈ ਹੈ: ਉਸ ਚੰਦਾ ਦੇ ਇਤਿਹਾਸ ਦੀ ਫਿਲਮ: ਜਿਸ ਨੂੰ ਅੱਲ੍ਹੜ ਉਮਰੇ ਗੜ੍ਹਵਾਲੀ ਵੀ ਠੀਕ ਤਰ੍ਹਾਂ ਲਿਖਣੀ ਤੇ ਪੜ੍ਹਨੀ ਨਹੀਂ ਸੀ ਆਉਂਦੀ ਪਰ ਅੱਜ ਚਾਰ ਭਾਸ਼ਾਵਾਂ ਦੀ ਗਿਆਤਾ ਹੈ: ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵੀ ਲਿਖ, ਬੋਲ ਤੇ ਸਮਝ ਸਕਦੀ ਹੈ।

ਉਸ ਚੰਦਾ ਦੇ ਇਤਿਹਾਸਕ ਵਿਕਾਸ ਦੀ ਫਿਲਮ: ਜਿਸ ਦਾ ਲਿਖਤੀ ਜਾਂ ਪ੍ਰਮਾਣਿਕ ਇਤਿਹਾਸ ਤਾਂ ਕਿਤੇ ਨਹੀਂ ਮਿਲਦਾ ਪਰ ਕੁਝ ਕੁ ਤਾਜ਼ਾ-ਤਰੀਨ ਪਹਾੜੀ ਦੰਦ ਕਥਾਵਾਂ ਤੇ ਲੋਕ ਗੀਤਾਂ ਵਿਚ ਜ਼ਿਕਰ ਜ਼ਰੂਰ ਆਇਆ ਹੈ। ਉਂਜ ਚਾਹੇ ਉਸ ਵਿਚ ਵੀ ਕਈ ਕਿਸਮ ਦੇ ਭੰਬਲ-ਭੂਸੇ ਮੌਜੂਦ ਹਨ, ਮਸਲਨ: ਜਨਮ ਤਾਰੀਖ਼, ਜਨਮ ਸਥਾਨ, ਪੜ੍ਹਾਈ ਲਿਖਾਈ ਅਤੇ ਧਰਮ ਜਾਤ ਗੋਤ ਬਾਰੇ ਤੇ ਇੱਥੋਂ ਤੱਕ ਕਿ ਇਹਦੇ ਨਾਂ ਬਾਰੇ ਵੀ।

ਕਿਉਂਕਿ ਇਹ ਹਾਲੇ ਪੰਜਵੀਂ ਜਮਾਤ ਟੱਪੀ ਹੀ ਸੀ ਕਿ ਟਿਹਰੀ-ਡੈਮ ਬਣਨ ਦਾ ਸਰਕਾਰੀ ਐਲਾਨ ਹੋ ਗਿਆ ਅਤੇ ਸਾਰਾ ਟਿਹਰੀ ਸ਼ਹਿਰ ਅਤੇ ਦਰਜਨਾਂ ਪਿੰਡ ਲੋਹੇ ਦੇ ਦੰਦਾਂ ਹੇਠ ਇੰਜ ਦਰੜ ਦਿੱਤੇ ਗਏ ਕਿ ਇਹ ਸਾਰਾ ਇਲਾਕਾ ਇਕ ਭਵਸਾਗਰ ਬਣ ਗਿਆ ਅਤੇ ਇਸੇ ਵਿਚ ਇਹਦਾ ਨਾਂ ਵੀ, ਇਹਦੇ ਸਕੂਲ ਸਹਿਤ ਜਲਬੁਰਦ ਹੋ ਗਿਆ।

ਪਰ ਲੋਕ ਕਿੱਥੇ ਜਾਣ ? ਇਹ ਸਵਾਲ ਸਰਕਾਰ ਦੇ ਨਜ਼ਰ-ਗੋਚਰੇ ਆਉਣ ਤੋਂ ਰਹਿ ਗਿਆ। ਇਸ ਲਈ ਜਲਸੇ ਜਲੂਸ ਹੋਏ, ਮੋਰਚੇ ਲੱਗੇ ਅਤੇ ਇਕ "ਮੁੜ ਵਸਾਓ ਮੋਰਚੇ" ਦਾ ਨਿਰਮਾਣ ਵੀ ਕਰ ਲਿਆ ਗਿਆ। ਜਿਸਨੇ ਇਕ ਵਿਸ਼ਾਲ ਪਹਾੜੀ ਖੱਡ ਉਪਰ ਕਬਜ਼ਾ ਕਰ ਕੇ; ਸੁਤੰਤਰਤਾ ਸੈਨਾਨੀ 'ਚੰਦਰ ਸਿੰਘ ਗੜ੍ਹਵਾਲੀ' ਦੇ ਨਾਂ 'ਤੇ 'ਚੰਦਰ ਨਗਰ' ਵਸਾ ਕੇ; ਉਜੜੇ-ਪੁਜੜੇ ਤੇ ਬੇਸਹਾਰਾ ਲੋਕਾਂ ਨੂੰ ਇਕ ਅਸਥਾਈ ਠਿਕਾਣਾ ਪ੍ਰਦਾਨ ਕੀਤਾ; ਜੋ ਹੌਲੀ-ਹੌਲੀ ਇਕ ਸਥਾਈ ਵਸੋਂ ਵਿਚ ਬਦਲ ਗਿਆ ਅਤੇ ਇਹ ਖੱਡ-ਨੁਮਾ ਆਬਾਦੀ ਫੈਲਦੀ-ਫੈਲਦੀ ਚਾਰੇ ਪਾਸੇ ਪਹਾੜਾਂ ਉੱਤੇ ਜਾ ਚੜ੍ਹੀ।

ਇਸੇ ਖੱਡ ਵਿਚ ਚੰਦਾ ਜਵਾਨ ਹੋਈ ...

ਅਤੇ ਇਹਦੀ ਮੇਰੇ ਨਾਲ ਅੱਖ ਲੜੀ ...

ਇਸ ਕਰਕੇ ਸਾਡੀ ਮੁਹੱਬਤ ਵੀ ਟਿਹਰੀ-ਡੈਮ ਵਾਂਗ ਹੀ ਚਰਚਾ ਦਾ ਇਕ ਵਿਸ਼ਾ ਬਣਦੀ ਗਈ। ਅਸੀਂ ਮੋਢੇ ਨਾਲ ਮੋਢਾ ਜੋੜ ਕੇ ਹਰ ਮੋਰਚੇ ਦੀ ਅਗਵਾਈ ਕਰਦੇ ਰਹੇ। ਜਾਨ ਹਥੇਲੀ ਉੱਤੇ ਰੱਖ ਕੇ ਜੂਝਦੇ ਰਹੇ। ਪਰ ਅੰਤ ਸਰਕਾਰ ਇਸ ਲੋਕ-ਸੰਘਰਸ਼ ਅਤੇ ਜਨ-ਪ੍ਰਤੀਰੋਧ ਨੂੰ



ਕੁਚਲ ਕੇ ਡੈਮ ਬਣਾਉਣ ਵਿਚ ਸਫ਼ਲ ਹੋ ਹੀ ਗਈ ਤਾਂ ਉਜੜੇ-ਪੁਜੜੇ ਲੋਕ ਵੀ ਰੁਜ਼ਗਾਰ ਦੀ ਤਲਾਸ਼ ਵਿਚ ਖਿੱਲਰ-ਪੱਤਰ ਗਏ। ਕੁਝ ਮਹਾਂਨਗਰੀਆਂ ਵੱਲ ਕੂਚ ਕਰ ਗਏ, ਕੁਝ ਮੁੜ ਪਰਬਤ ਦੀਆਂ ਖੁੱਡਾਂ ਵਿਚ ਵੜ ਗਏ, ਕੁਝ ਤਰਾਈ ਦੇ ਖੇਤੀ-ਫਾਰਮਾਂ ਦੇ ਕਾਮੇ ਬਣ ਗਏ ਅਤੇ ਅਸੀਂ ਇਕ ਲੰਮੀ ਉਡਾਰੀ ਮਾਰ ਕੇ, ਸੱਤ ਸਮੁੰਦਰ ਪਾਰ ਕਰ ਕੇ, ਏਥੇ ਆ ਵਸੇ।

ਪਰ ਚੰਦਾ ਦੀ ਰੂਹ ਦੇ ਕਈ ਟੋਟੇ ਉਸੇ ਖੱਡ ਵਿਚ ਰਹਿ ਗਏ ...

ਮੈਂ ਟਿਹਰੀ ਗੜ੍ਹਵਾਲ ਦੀ ਸੈਰ ਕਰ ਕੇ ਵੀ ਪਰਤ ਆਇਆ ਹਾਂ ਪਰ ਇਹ ਹਾਲੇ ਤੱਕ ਬਾਥਰੂਮ ਵਿਚੋਂ ਵੀ ਬਾਹਰ ਨਹੀਂ ਨਿਕਲੀ ... ਨਿੱਘੇ ਪਾਣੀ ਨਾਲ ਟੱਬ ਭਰ ਕੇ, ਵਿੱਚ 'ਬਾਡੀ ਵਾਸ਼' ਦੀ ਸੰਘਣੀ ਝੱਗ ਕਰ ਕੇ, ਇਹ ਇਤਮਿਨਾਨ ਨਾਲ ਬੈਠੀ, ਕੋਈ ਪਹਾੜੀ ਧੁਨ ਗੁਣਗੁਣਾ ਰਹੀ ਹੈ ਅਤੇ ਮੈਂ ਵੀ ਉੱਚੀ-ਉੱਚੀ ਗੁਣਗੁਣਾਉਣਾ ਸ਼ੁਰੂ ਕਰ ਦਿੱਤਾ ਹੈ।

ਸ਼ਾਇਦ, ਇਸ ਨੂੰ ਮੇਰੀ ਬੇਚੈਨੀ ਤੇ ਬੇਸਬਰੀ ਦਾ ਪ੍ਰਤੀਕ ਸਮਝ ਕੇ ਇਹ ਆਖਰ ਬਾਹਰ ਨਿਕਲ ਹੀ ਆਈ ਹੈ ਅਤੇ ਸੁਲਫੇ ਦੀ ਲਾਟ ਬਣੀ ਮੇਰੇ ਸਾਹਮਣੇ ਖੜ੍ਹੀ ਇੰਜ ਨਸ਼ਿਆ ਰਹੀ ਹੈ ਕਿ ਮੇਰੀ ਜਾਨ ਨਿਕਲਦੀ ਜਾ ਰਹੀ ਹੈ ਪਰ ਇਹ ਹੁਕਮੀਆ ਲਹਿਜ਼ੇ ਵਿਚ ਕਹਿ ਰਹੀ ਹੈ:

"ਚਲੋ ਤਿਆਰ ਹੋ ਜਾਓ ... ਘੁੰਮ ਫਿਰ ਕੇ ਆਉਂਨੇ ਆਂ।"

"ਓ ਯਾਰ! ਮੇਰੀ ਭੁੱਖ ਨਾਲ ਜਾਨ ਨਿਕਲ ਰਹੀ ਏ ਤੇ ਤੈਨੂੰ ਘੁੰਮਣ ਫਿਰਨ ਦੀ ਲੱਗੀ ਹੋਈ ਐ।"

"ਚਲੋ, ਅੱਜ ਬਾਹਰ ਖਾ ਕੇ ਆਵਾਂਗੇ ?"

"ਬਾਹਰ ... ਬਾਹਰ ਕਿੱਥੇ ?"

"ਚਲੋ ਉੱਠੋ ਵੀ, ਐਵੇਂ ਨਾ ਬੈਠੇ ਝੂਰੀ ਜਾਵੋ!"

"ਅੱਜ ਜ਼ਰਾ ਸੋਹਣੇ ਕਪੜੇ ਪਹਿਨ ਕੇ ਚੱਲਣਾਂ, ਐਵੇਂ ਨਾ ਮੈਕਸੀਕਿਆਂ *ਵਾਂਗ,* ਉਹ ਖੱਸੜ ਜਹੀ ਕਾਲੀ ਪੈਂਟ ਤੇ ਉਹ ਹੀ ਖੁੱਸੜ ਜਹੀ ਲਾਲ ਕਮੀਜ਼ ਫਸਾ ਕੇ ਤੁਰ ਪੈਣਾਂ ... ਉਹ ਸੂਟ ਪਹਿਨਣਾ, ਜਿਹੜਾ ਮੈਂ ਚੰਡੀਗੜ੍ਹ ਤੋਂ ਸਿਲਾ ਕੇ ਲਿਆਈ ਸੀ ... ਮੇਰੀ ਸ਼ਗਨਾਂ-ਭਰੀ ਉਹ ਚਾਹਤ ਤੇ ਮੇਰੇ ਸੁਪਨਿਆਂ ਦੇ ਰੰਗ ਵਰਗਾ ਉਹ ਸੂਟ!"

"ਵਾਹ, ਕਿਆ ਸ਼ਾਇਰਾਨਾ ਬਾਤ ਕਹੀ ਏ, ਗੁੱਡਬਦਨ!"

"ਪਰ ਘੁੰਮਣ ਫਿਰਨ ਜਾਣਾਂ ਕਿ ਕਿਸੇ ਦੇ ਵਿਆਹ ਜਾਣਾਂ ?"

"ਕਿਸੇ ਦੇ ਵਿਆਹ ਕਿਉਂ ? ਆਪਣਾ ਹਨੀਮੂਨ ਮਨਾਉਣ ਜਾਣਾਂ, ਜੋ ਹਾਲੇ ਤੱਕ ਡਿਊ ਹੈ!"

"ਅੱਜ ਕੁਝ ਜ਼ਿਆਦਾ ਈ ਰੁਮਾਂਟਿਕ ਲੱਗ ਰਹੀ ਏਂ!"

"ਚਲੋ ਫਿਰ ਫਟਾਫਟ ਤਿਆਰ ਹੋ ਜਾਓ!"

ਕਹਿ ਕੇ ਇਹ ਮੇਕ-ਅੱਪ ਵਿਚ ਜੁੱਟ ਗਈ ਹੈ। ਸੋਲਾਂ ਸ਼ਿੰਗਾਰ ਕਰ ਕੇ ਨਿਕਲੀ ਹੈ ਤਾਂ ਮੇਰੇ ਵੱਲ ਵੇਖ ਕੇ ਚਹਿਕ ਰਹੀ ਹੈ, "ਯਹ ਹੂਈ ਨਾ ਬਾਤ, ਕਿਸੇ ਦੀ ਨਜ਼ਰ ਨਾ ਲੱਗ ਜਾਏ!"

ਮੇਰਾ ਬਦਾਮੀ ਰੰਗ ਦਾ ਸੂਟ, ਅਸਮਾਨੀ ਕਮੀਜ਼ ਅਤੇ ਕਰੀਮ-ਕਲਰ ਦੀ ਟਾਈ ਦੇਖ ਕੇ

ਇਹ ਅੱਖਾਂ ਮਟਕਾ ਰਹੀ ਹੈ ਅਤੇ ਖ਼ੁਦ ਵੀ ਹਲਕੇ ਗੁਲਾਬੀ ਰੰਗ ਦਾ ਸਿਲਕ ਸੂਟ ਪਹਿਨ ਕੇ ਛੈਲਛਬੀਲੀ ਮੁਟਿਆਰ ਲੱਗ ਰਹੀ ਹੈ ਅਤੇ ਅਸੀਂ ਬੜੇ ਹੀ ਚੰਗੇ ਮੂਡ ਵਿਚ ਬਾਹਰ ਨਿਕਲੇ ਹਾਂ। ਪਰ ਦੋ ਕਦਮ ਪੁੱਟਦੇ ਹੀ ਸਾਡੇ ਗੁਆਂਢੀ ਮੁੰਡੇ ਤੇ ਕੁੜੀ ਆਪਣੇ ਤਿੰਨ-ਚਾਰ ਸਾਥੀਆਂ ਦੇ ਨਾਲ, ਟਪੂਸੀਆਂ ਮਾਰਦੇ ਪੌੜੀਆਂ ਉੱਤਰ ਗਏ ਹਨ ਅਤੇ ਇਹ ਮੇਰੇ ਭੁਸ-ਭੁਸ ਕਰਨ ਲੱਗ ਪਈ ਹੈ:

"ਦੇਖਿਆ, ਮੇਰੇ 'ਤੇ ਵਿਸ਼ਵਾਸ ਨਹੀਂ ਸੀ ਆ ਰਿਹਾ!"

"ਕਿੱਦਾਂ ਕੁੱਲ੍ਹੇ ਮਟਕਾਉਂਦੀਆਂ ਜਾ ਰਹੀਆਂ!"

"ਕਿਵੇਂ ਕੁਛ ਲਗਦਿਆਂ ਦੇ ਵਿੱਚੇ ਵੜਦੀਆਂ ਜਾ ਰਹੀਆਂ!"

"ਇਹ ਕਾਲੀਆਂ ਕੰਜਰੀਆਂ ਕੁਝ ਜ਼ਿਆਦਾ ਈ ਭੁੱਖ ਖਿਲਾਰਦੀਆਂ।"

"ਫਿਰ ਸ਼ੁਰੂ ਹੋ ਗਿਆ ਕਲਿਆਣ?"

"ਤੁਸੀਂ ਤਾਂ ਮੈਨੂੰ ਗੱਲ ਵੀ ਨਹੀਂ ਕਰਨ ਦਿੰਦੇ।"

"ਯਾਰ, ਕੀ ਤੈਨੂੰ ਅੱਜ ਇਹੀ ਇਕ ਗੱਲ ਕਰਨ ਲਈ ਲੱਭੀ ਐ?"

"ਮੈਂ ਤੈਨੂੰ ਕਿੰਨੀ ਵਾਰ ਇਹ ਦੱਸ ਚੁੱਕਾਂ! ਬਈ, ਇਹ ਕਾਲਜੀਏਟ ਮੁੰਡੇ ਕੁੜੀਆਂ ਵੀਕ-ਇੰਡ 'ਤੇ ਇਸੇ ਤਰ੍ਹਾਂ ਫੰਨ ਕਰਦੇ ਆ।"

"ਮੈਨੂੰ ਤਾਂ ਇਹ ਕਾਲਜੀਏਟ ਬਿਲਕੁੱਲ ਵੀ ਨਹੀਂ ਲੱਗਦੇ ... ਗੈਂਗਸਟਰ *ਬਸਟਰਡ ਲੱਗਦੇ ਆ* ... ਸਾਰਾ ਦਿਨ ਖੱਪ ਪਾਉਂਦੇ ਰਹਿੰਦੇ ਆ, ਅੱਧੀ ਰਾਤ ਤੱਕ ਅੱਡੀ ਖੜਕਾਉਂਦੇ ਰਹਿੰਦੇ ਆ ਤੇ ਇਹ ਵੀ ਨਹੀਂ ਪਤਾ ਕਿ ਇਸ ਅਪਾਰਟਮੈਂਟ ਵਿਚ ਰਹਿੰਦੇ ਕਿੰਨੇ ਕੁ ਜਣੇ ਆ?"

"ਓ ਯਾਰ ਤੂੰ ਸਮਝਦੀ ਕਿਉਂ ਨਹੀਂ! ਇਨ੍ਹਾਂ ਲੋਕਾਂ ਵਿਚ ਹਾਲੇ ਤੱਕ ਵੀ ਕਬਾਈਲੀ ਕਲਚਰ ਦੇ ਉਹ ਭਾਈਚਾਰਕ ਅਵਸ਼ੇਸ਼ ਬਾਕੀ ਆ, ਜਿਸ ਕਰਕੇ ਇਹ ਇਕੱਠੇ ਹੋ ਕੇ ਖੁਸ਼ ਹੁੰਦੇ ਆ ..."

"ਵੈਸੇ ਵੀ ਹੱਸਣਾ-ਖੇਲ੍ਹਣਾਂ, ਨੱਚਣਾਂ-ਕੁਦਣਾਂ, ਰੌਲਾ ਪਾਉਣਾ ਤੇ ਊਧਮ ਮਚਾਉਣਾ, ਇਹਨਾਂ ਦਾ ਆਪਣੀ ਹੋਂਦ ਦਿਖਾਉਣ ਦਾ ਇਕ ਢੰਗ ਹੈ ਕਿਉਂਕਿ ਸੱਤ ਤੋਂ ਵੱਧ ਕਾਲੇ ਲੋਕਾਂ ਦਾ ਕਿਸੇ ਇਕ ਥਾਂ ਇਕੱਠੇ ਹੋਣਾਂ ਵੀ ਇਕ ਕਾਨੂੰਨੀ ਅਪਰਾਧ ਰਿਹਾ ਹੈ ਅਤੇ ਇਨ੍ਹਾਂ ਦੇ ਨੱਚਣ-ਗਾਉਣ ਉਤੇ ਵੀ ਪਾਬੰਦੀ ਰਹੀ ਹੈ, ਇਸ 'ਮਹਾਨ' ਅਮਰੀਕਾ ਵਿਚ ..."

"ਤੈਨੂੰ ਪਤਾ ਤਾਂ ਹੈ, ਇਨ੍ਹਾਂ ਵੇਚਾਰਿਆਂ ਨੂੰ ਕਿਵੇਂ ਪਿਆਰ-ਮੁਹੱਬਤ ਤੋਂ ਮਹਿਰੂਮ ਰੱਖਿਆ ਗਿਆ। ਵਿਆਹ ਕਰਾਉਣ ਦਾ ਵੀ ਹੱਕ ਨਹੀਂ ਸੀ ਹੁੰਦਾ। ਸੈਕਸ ਦੀ ਇਜਾਜ਼ਤ ਵੀ ਇਸ ਲਈ ਸੀ ਤਾਂ ਕਿ ਹੋਰ ਗੁਲਾਮ ਪੈਦਾ ਕਰ ਸਕਣ ਤੇ ਇਹ ਕੰਮ ਵੀ ਕਈ ਵਾਰ ਖੁਦ ਗੋਰੇ ਮਾਲਕ ਹੀ ਕਰ ਲੈਂਦੇ ਸੀ। ਇਹ ਉਸੇ ਜ਼ੁਲਮ ਤੇ ਬੇਇਨਸਾਫੀ ਦਾ ਪ੍ਰਤੀਕਰਮ ਹੈ।"

"ਸਵਾਹ *ਦਾ ਪ੍ਰਤੀਕਰਮ ਹੈ ਇਹ!"*

"ਚੱਲ ਤੂੰ ਆਪਣਾ ਮੂੰਹ ਬੰਦ ਰੱਖ।"

"ਕਿਉਂ ਰੱਖਾਂ? ਕੀ ਤੁਹਾਡੇ ਨਵੇਂ ਕਰਾਂਤੀਕਾਰੀ ਸਿਧਾਂਤ ਇਹੀ ਦੱਸਦੇ ਆ ਕਿ ਇਕ ਔਰਤ ਦਾ ਮੂੰਹ ਕਿੱਦਾਂ ਬੰਦ ਕਰਾਉਣਾ?"



"ਚੱਲ ਫੇ ਕਰੀ ਜਾ ਕਲਿਆਣ, ਉਹਨਾਂ ਨੂੰ ਕਿਹੜਾ ਸੁਣਦਾ।"

"ਕਿਉਂ ਕਰਾਂ ਮੈਂ ਕਲਿਆਣ? ਮੈਨੂੰ ਪਾਗਲ ਸਮਝਦੇ ਓਂ?"

"ਦੱਸ, ਚਿੱਤ ਵੀ ਮੇਰੀ, ਪੱਟ ਵੀ ਮੇਰੀ!"

ਮੇਰਾ ਮੱਲੋ-ਮੱਲੀ ਹਾਸਾ ਨਿਕਲਦਾ ਜਾ ਰਿਹਾ ਹੈ ਅਤੇ ਇਹਨੇ ਮੂੰਹ ਇਵੇਂ ਬਣਾ ਲਿਆ ਹੈ ਜਿਵੇਂ ਮੈਂ ਇਹਦੇ ਕਿਸੇ ਜਨਮ-ਸਿੱਧ ਅਧਿਕਾਰ ਦਾ ਹਨਨ ਕਰ ਲਿਆ ਹੋਵੇ।

ਉਂਜ ਮੈਨੂੰ ਪਤਾ, ਇਹ ਇਨ੍ਹਾਂ ਮੁੰਡਿਆਂ ਕੁੜੀਆਂ ਦੇ ਰੰਗ, ਕੱਦ-ਕਾਠ ਤੇ ਤੌਰ-ਤਰੀਕੇ ਤੋਂ ਦਹਿਸ਼ਤ ਖਾ ਰਹੀ ਹੈ ਕਿਉਂਕਿ ਅਸੀਂ ਕਾਲੇ ਰੰਗ ਦੇ ਲੋਕਾਂ ਦੇ ਐਨਾ ਕਰੀਬ ਕਦੇ ਵੀ ਨਹੀਂ ਰਹੇ ... ਵੈਸੇ ਵੀ, ਇਸ ਦੇਸ਼ ਦੇ ਵਾਤਾਵਰਣ ਵਿਚ ਕਾਲੇ ਰੰਗ ਨਾਲ ਇਕ ਗੁੱਝੀ ਨਫ਼ਰਤ, ਗੰਦੀ ਹਵਾ ਵਾਂਗ ਭਰੀ ਪਈ ਹੈ ਅਤੇ ਸਾਡੇ ਬਹੁਤੇ ਪਰਵਾਸੀ ਲੋਕ ਵੀ, ਇਸ ਪ੍ਰਦੂਸ਼ਿਤ ਹਵਾ ਨੂੰ ਆਪਣੇ ਢਿੱਡਾਂ ਵਿਚ ਤੂੜੀ ਫਿਰਦੇ ਹਨ।

ਮੈਂ ਇਸ 'ਮਹਾਨ ਸਭਿਅਤਾ' ਦੇ ਇਸ ਕਲੰਕ ਬਾਰੇ ਸੋਚ ਰਿਹਾ ਹਾਂ ਅਤੇ ਇਹ ਮੂੰਹ ਘੁੱਟੀ ਬੈਠੀ ਪਤਾ ਕੀ ਸੋਚ ਰਹੀ ਹੈ ਪਰ ਸਾਡੀ ਕਾਰ ਸੜਕ ਉੱਤੇ ਪਹੁੰਚਦੇ ਹੀ, ਤਿੰਨ-ਚਾਰ ਪੁਲੀਸ-ਕਾਰਾਂ ਖੜ੍ਹੀਆਂ ਦੇਖ ਕੇ ਇਹ ਇਕਦਮ ਚੌਂਕ ਪਈ ਹੈ, "ਅਹੁ ਦੇਖੋ ਪੁਲੀਸ!"

"ਜ਼ਰੂਰ ਇਨ੍ਹਾਂ ਦੇ ਪਿੱਛੇ ਆਈ ਹੋਣੀ ਏਂ!"

"ਰੀਲੈਕਸ ਡਾਰਲਿੰਗ, ਪਲੀਜ਼ ਰੀਲੈਕਸ!"

"ਤੂੰ ਇਹ ਦੱਸ, ਬਈ ਚੱਲਣਾ ਕਿਧਰ ਐ?"

"ਚਲੋ, ਸੁਨੇਹਾ ਈ ਚੱਲਦੇ ਆਂ।"

ਇਹਨੇ ਮੂੰਹ ਕੌੜਾ ਕੁਸੈਲਾ ਜਿਹਾ ਬਣਾ ਕੇ, ਇਵੇਂ ਕਿਹਾ ਹੈ ਜਿਵੇਂ ਮੂੰਹ ਵਿਚ ਤਿੱਖੀਆਂ ਬੰਗਾਲੀ ਮਿਰਚਾਂ ਆ ਵੜੀਆਂ ਹੋਣ ਅਤੇ ਮੈਂ ਬਿਨਾ ਕੁਝ ਕਹੇ ਕਾਰ ਸਨੇਹਾ ਵੱਲ ਤੋਰ ਲਈ ਹੈ।

* *

ਸੁਨੇਹਾ ਵਿਚ ਅੱਜ ਵਾਹਵਾ ਰੌਣਕ ਹੈ। ਆਪਣੇ ਹਿੰਦੁਸਤਾਨੀ ਲੋਕਾਂ ਦੀ ਰੌਣਕ ਤੇ ਚਹਿਲ-ਪਹਿਲ। ਕਿਸੇ ਮਹਾਂਨਗਰੀ ਦੇ ਆਧੁਨਿਕ ਢਾਬੇ ਵਰਗੇ ਮਾਹੌਲ ਦਾ ਅਹਿਸਾਸ ਹੋ ਰਿਹਾ ਹੈ। ਲੋਕ ਆਪਣੇ-ਆਪਣੇ ਰੰਗ ਵਿਚ ਮਸਤ ਮਜ਼ੇ ਨਾਲ ਖਾ-ਪੀ ਰਹੇ ਹਨ, ਗੱਲਾਂ ਕਰਦੇ ਹੱਸ ਰਹੇ ਹਨ ਅਤੇ ਮੇਰਾ ਮਨ ਇਸ ਮਾਹੌਲ ਨੂੰ ਦੇਖਦੇ ਸਾਰ ਚਹਿਕ ਪਿਆ ਹੈ।

ਚੰਦਾ ਵੀ ਇਕਦਮ ਰੰਗ ਵਿਚ ਆ ਗਈ ਹੈ ... ਮਟਕ-ਮਟਕ ਪੱਬ ਧਰਦੀ, ਮਨ ਹੀ ਮਨ ਮੁਸਕਰਾਉਂਦੀ ਇਹ ਆਪਣੇ ਮਨ-ਪਸੰਦ ਖਾਣੇ ਦੀ ਪਲੇਟ ਭਰ ਲਿਆਈ ਹੈ ਅਤੇ ਮੈਂ ਆਪਣੇ ਪਸੰਦ ਦੀ ਅਤੇ ਅਸੀਂ ਬੜੇ ਹੀ ਚੰਗੇ ਮੂਡ ਵਿਚ ਬੈਠੇ ਬਫੇ ਛਕ ਰਹੇ ਹਾਂ।

ਸਾਹਮਣੇ ਸਟੇਜ ਉਪਰ ਇਕ ਦੇਸੀ ਆਰਕੈਸਟਰਾ ਰੰਗ ਬੰਨ੍ਹ ਰਿਹਾ ਹੈ। ਇਕ ਦਿਲਕਸ਼ ਪੰਜਾਬੀ ਧੁਨ 'ਇਕ ਤੇਰਾ ਰੰਗ ਕਾਸ਼ਨੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' ਤੋਂ ਮਗਰੋਂ ਇਕ ਚੁੱਕਵੀਂ ਅਤੇ ਤਿੱਖੀ ਧੁਨ ਵਜਾ ਰਿਹਾ ਹੈ। ਇਸ ਨਾਲ ਵਾਤਾਵਰਣ ਹੋਰ ਦਿਲਕਸ਼, ਸੰਗੀਤਮਈ ਅਤੇ ਆਸ਼ਕਾਨਾ ਹੋ ਗਿਆ ਹੈ।

ਇਸ ਕਰਕੇ ਚੰਦਾ ਦਾ ਅੰਗ-ਅੰਗ ਨੱਚ ਰਿਹਾ ਹੈ, ਰੋਮ-ਰੋਮ ਥਰਥਰਾ ਰਿਹਾ ਹੈ ਅਤੇ ਇਹ ਇਸ ਧੁਨ ਦੀ ਪੈਰੋਡੀ ਉਤਾਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਹਦੇ ਰਿਦਮ ਵਿਚ ਕੋਈ ਸਮੱਸਿਆ ਆ ਗਈ ਹੈ। ਇਸ ਲਈ ਮੀਟਰ ਬਦਲ-ਬਦਲ ਕੇ ਮੁਖੜੇ ਦਾ ਵਜ਼ਨ ਪਰਖ ਰਹੀ ਹੈ:

ਖੱਡਾਂ ਵਿਚ ਹੋਈ ਸਾਂ ਜਵਾਨ

ਕਿ ਖੱਡਾਂ ਵਿਚ ਖੇਡਦੀ ਰਹੀ ...

ਇਹ ਗੁਣਗੁਣਾ ਰਹੀ ਹੈ ਤੇ ਮੈਂ ਦਾਦ ਦੇ ਰਿਹਾ ਹਾਂ:

"ਵਾਹ, ਕਮਾਲ ਹੈ ਮੇਰੀ ਜਾਨ! ਵਾਹ ਕਿਆ ਖ਼ੂਬ!"

ਇਸ ਨਾਲ ਇਹਦੀਆਂ ਬਰਾਛਾਂ ਹੋਰ ਵੀ ਖਿਲ਼ ਉੱਠੀਆਂ ਹਨ ਅਤੇ ਇਹਦੇ ਹਾਸੇ ਦੀ ਇਕ ਕਿਲਕਾਰੀ ਚਾਰੇ ਪਾਸੇ ਦੀਵਾਰਾਂ ਵਿਚੋਂ ਈਕੋ ਬਣ ਕੇ ਚਹਿਕ ਉੱਠੀ ਹੈ ਅਤੇ ਸਾਡੇ ਆਲੇ-ਦੁਆਲੇ ਬੈਠੇ ਕਈ ਜੋੜੇ ਅੱਖਾਂ ਤਿਰਛੀਆਂ ਤੇ ਮੂੰਹ ਟੇਡੇ ਜਿਹੇ ਕਰਕੇ ਆਪਸ ਵਿਚ ਘੁਸਰ-ਮੁਸਰ ਕਰ ਰਹੇ ਹਨ ਪਰ ਇਹ ਆਪਣੇ-ਆਪ ਵਿਚ ਮਸਤ, ਅੱਖ ਮਟਕਾ-ਮਟਕਾ ਗੁਣਗੁਣਾ ਰਹੀ ਹੈ ਅਤੇ ਮੂੰਹ ਚਟਕਾ-ਚਟਕਾ ਖਾ ਰਹੀ ਹੈ।

ਪਰ ਮੇਰਾ ਤਿੱਖੇ ਮਿਰਚ-ਮਸਾਲੇ ਨਾਲ ਬੁਰਾ ਹਾਲ ਹੋ ਰਿਹਾ ਹੈ। ਅੱਖਾਂ ਵਿਚੋਂ ਪਾਣੀ ਵਗ-ਵਗ ਤੇ ਨੱਕ ਚੋਅ-ਚੋਅ ਦਾਦੀ ਦਾ ਹਲਵਾ ਯਾਦ ਆ ਰਿਹਾ ਹੈ ਅਤੇ 'ਸੀ-ਸੀ' ਕਰਦੇ ਦੇ ਮੂੰਹੋਂ ਨਿਕਲਿਆ ਹੈ:

"ਵਾਹ, ਮਿੱਠਾ *ਅਮਰੀਕਾ* ਤੇ ਕੌੜੇ ਦੇਸੀ ਢਾਬੇ!"

"ਵੈਸੇ ਅਮਰੀਕਾ ਏਨਾ ਮਾੜਾ ਵੀ ਤਾਂ ਨਹੀਂ, *ਜਿੰਨਾ ਤੁਹਾਨੂੰ ਲੱਗਦਾ ਹੈ,* ਪਰ ਜੇ ਖਾਣਾ ਘਰ ਨਾ ਬਣਾਉਣਾ ਪਵੇ ਤਾਂ ...।"

"ਇਸੇ ਕਰਕੇ ਹੀ ਤਾਂ ਏਥੇ 'ਔਰਤ ਦੀ ਮੁਕਤੀ' ਦਾ ਅਜੰਡਾ 'ਚੁੱਲ੍ਹੇ ਤੋਂ ਮੁਕਤੀ' ਮਿਥ ਦਿੱਤਾ ਗਿਆ ਏ!"

"ਕੀ ਕਿਹਾ?" ਇਹ ਜਿਵੇਂ ਵਰ੍ਹਦੇ ਮੀਂਹ ਵਿਚ ਤਿਲਕ ਗਈ ਹੋਵੇ।

"ਚੁੱਲ੍ਹੇ ਤੋਂ ਮੁਕਤੀ, ਮਤਲਬ ਮਰਦ ਤੋਂ ਮੁਕਤੀ!"

"ਚੁੱਲ੍ਹਾ, ਔਰਤ ਦੀ ਮੁਕਤੀ ਦਾ ਪ੍ਰਤੀਕ ਬਣ ਗਿਆ ਹੈ, ਗੁੱਡਬਦਨ!"

"ਇਸੇ ਕਰਕੇ ਏਥੇ ਘਰਾਂ ਵਿਚ ਚੁੱਲ੍ਹੇ ਨਹੀਂ ਜਲਦੇ ਤੇ ਵਿਆਹ ਦੀ ਵੀ ਕੋਈ ਬਹੁਤੀ ਲੋੜ ਨਹੀਂ ਰਹਿ ਗਈ।"

ਮੈਂ ਆਪਣੇ ਸ਼ਬਦਾਂ ਦਾ ਪ੍ਰਭਾਵ ਅਤੇ ਪ੍ਰਤੀਕਰਮ ਇਹਦੇ ਚਿਹਰੇ ਤੋਂ ਵਾਚਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਇਹ ਹਵਾ ਵਿਚ ਤੈਰਦੀ ਹੋਈ 'ਚਿੱਲੀ-ਚਿਕਨ' ਦੀ ਇਕ ਪਲੇਟ ਹੋਰ ਭਰ ਲਿਆਈ ਹੈ ... ਤੇ ਉਧਰ ਆਰਕੈਸਟਰਾ ਹੁਣ ਕਿਸੇ ਮੁਜਰੇ ਦੀ ਚੋਂਦੀ-ਚੋਂਦੀ ਧੁਨ ਵਜਾ ਰਿਹਾ ਹੈ ਅਤੇ ਇਹ ਕਿਸੇ ਨਸ਼ੇ ਵਰਗੀ ਲੋਰ ਵਿਚ ਅੱਖਾਂ ਮਟਕਾਉਂਦੀ ਤੇ ਮਸਤੀ ਨਾਲ ਝੂਮ-ਝੂਮ ਕੇ ਗੁਣਗੁਣਾਉਂਦੀ, ਇਸ ਧੁਨ ਦੀ ਵੀ ਪੈਰੋਡੀ ਉਤਾਰਨ ਦੀ ਕੋਸ਼ਿਸ਼ ਕਰ ਰਹੀ ਹੈ ... ਤੇ ਇੰਜ ਐਕਟਿੰਗ ਕਰ ਰਹੀ ਹੈ ਜਿਵੇਂ ਕਿਸੇ ਸਰਕਸ ਵਿਚ ਨਰਤਕੀ ਦਾ ਕੰਮ ਕਰਦੀ ਰਹੀ ਹੋਵੇ।



ਇਸ ਕਰਕੇ ਸਾਡੇ ਚਾਰ-ਚੁਫ਼ੇਰੇ ਅੱਖਾਂ ਹੀ ਅੱਖਾਂ ਹਨ।

ਸਾਨੂੰ ਘੂਰ ਘੂਰ ਕੇ ਦੇਖਦੀਆਂ ਤੇ ਮੁਸਕਰਾਉਂਦੀਆਂ ਅੱਖਾਂ।

ਇਹਦੇ ਚਿਹਰੇ ਤੋਂ ਤਿਲਕ-ਤਿਲਕ ਕੇ ਮੇਰੇ ਚਿਹਰੇ ਤੱਕ ਪਹੁੰਚ-ਪਹੁੰਚ ਕੇ ਖੁਰਦ-ਬੁਰਦ ਹੋ ਰਹੀਆਂ ਨਜ਼ਰਾਂ। ਪਤਾ ਨਹੀਂ ਇਹ ਨਜ਼ਰਾਂ ਮੇਰੀ ਤੇ ਇਹਦੀ ਉਮਰ ਵਿਚਲਾ ਫਾਸਲਾ ਨਾਪ ਰਹੀਆਂ ਹਨ ਜਾਂ ਇਹਦੀ ਚੰਚਲਤਾ ਤੇ ਮੇਰੀ ਸਹਿਜਤਾ ਦੀ ਤੁਲਨਾ ਕਰ ਰਹੀਆਂ ਹਨ। ਕੀ ਪਤਾ, ਇਹ ਨਜ਼ਰਾਂ ਸਾਡੇ ਟੇਬਲ ਉਪਰ ਲੱਗ ਗਏ ਨਿਪਕਿਨ ਪੇਪਰਾਂ ਦੇ ਢੇਰ ਦਾ ਭਾਰ ਤੋਲ ਰਹੀਆਂ ਹੋਣ ਕਿਉਂਕਿ ਇਹ ਨਜ਼ਰਾਂ ਜਦੋਂ ਵੀ ਮੇਰੇ ਵੱਲ ਘੁੰਮਦੀਆਂ ਹਨ ਤਾਂ ਇਨ੍ਹਾਂ ਵਿਚ ਇਕ ਤ੍ਰਿਸਕਾਰ ਜਿਹੇ ਦੀ ਭਾਅ ਨਜ਼ਰ ਆਉਂਦੀ ਹੈ।

ਇਧਰ ਮੈਂ ਇਨ੍ਹਾਂ ਨਜ਼ਰਾਂ ਦਾ ਵਿਸ਼ਲੇਸ਼ਣ ਕਰ ਰਿਹਾ ਹਾਂ ਅਤੇ ਉਧਰ ਮੁਜਰੇ ਦੀ ਧੁਨ ਨੇ ਇਹਦੇ ਕਾਲਜੇ ਵਿਚ ਏਨੀ ਧੂਅ ਪਾ ਦਿੱਤੀ ਹੈ ਕਿ ਇਹ ਵੀ ਉੱਠ ਕੇ ਉਨ੍ਹਾਂ ਦੇ ਨਾਲ ਨੱਚਣ ਜਾ ਲੱਗੀ ਹੈ।

'ਓਏ ਮੇਰਾ ਕੀ ਗਿਆ ... ਮਾਹੀ ਰਾਜ਼ੀ ਹੋ ਗਿਆ!'

ਇਹ ਇਸ ਇਕੋ ਤਾਲ ਉਪਰ ਕਈ ਪ੍ਰਕਾਰ ਦਾ ਨਾਚ ਨੱਚ ਰਹੀ ਹੈ। ਕਦੇ ਪਹਾੜੀ ਢੰਗ ਨਾਲ ਲੱਕ ਹਿਲਾ ਕੇ, ਕਦੇ ਪੰਜਾਬੀ ਢੰਗ ਨਾਲ ਪੈਰ ਘੁਮਾ ਕੇ ਅਤੇ ਕਦੇ 'ਹਿੱਪ ਹੌਪ' ਢੰਗ ਨਾਲ ਅੱਡੀ ਨਾਲ ਅੱਡੀ ਖੜਕਾ ਕੇ, ਟਪੂਸੀਆਂ ਮਾਰ-ਮਾਰ ਕੇ ਸਟੇਜ ਹਿਲਾ ਰਹੀ ਹੈ ਅਤੇ ਇਹਦੀ ਰੀਸੇ ਤਿੰਨ-ਚਾਰ ਹੋਰ ਦੇਸੀ ਔਰਤਾਂ, ਕੁਝ ਅੱਲ੍ਹੜ ਮੁੰਡੇ-ਕੁੜੀਆਂ ਤੇ ਇਕ ਬਿਰਧ ਗੋਰੀ ਜੋੜੀ ਵੀ ਸਟੇਜ ਦੇ ਅੱਗੇ ਆ ਕੇ ਨੱਚਣ ਲੱਗ ਪਏ ਹਨ।

ਮੈਂ ਇਨ੍ਹਾਂ ਸਾਰੇ ਨਚਾਰਾਂ ਦੇ ਐਨ ਸਾਹਮਣੇ ਖੜ੍ਹਾ, ਚੁਟਕੀਆਂ ਮਾਰਦਾ ਕਦੇ ਤਾਲੀਆਂ ਵਜਾਉਂਦਾ, 'ਵਾਹ ... ਵਾਹ ...' ਕਰਦਾ, ਦਾਦ ਦੇ ਰਿਹਾ ਹਾਂ ਅਤੇ ਇਹ ਹੋਰ ਵੀ ਚਾਂਬਲ ਕੇ ਗੇੜੇ ਤੇ ਗੇੜਾ ਕੱਢ ਰਹੇ ਹਨ।

ਹਾਲ ਵਿਚ ਬੈਠੇ ਕਈ ਹੋਰ ਲੋਕ ਵੀ ਤਾਲੀਆਂ ਵਜਾ ਰਹੇ ਹਨ। ਇਸ ਨਾਲ ਖੁਸ਼ੀਆਂ ਅਤੇ ਮੁਸਕਰਾਹਟਾਂ ਨੱਚ ਉੱਠੀਆਂ ਹਨ। ਕੈਸ਼ ਰਜਿਸਟਰ 'ਤੇ ਖੜ੍ਹਾ ਰੈਸਟੋਰੈਂਟ ਦਾ ਮੈਨੇਜਰ ਵੀ ਰਿਦਮ ਵਿਚ ਸਿਰ ਹਿਲਾ ਰਿਹਾ ਹੈ ਅਤੇ ਵੇਟਰ ਵੀ ਨੱਚਦੇ ਪੈਰਾਂ ਨਾਲ 'ਸਰਵ' ਕਰ ਰਹੇ ਹਨ।

ਤੇ ਆਖਰ, ਇਹਦਾ ਨੱਚ-ਨੱਚ ਕੇ ਚਾਅ ਪੂਰਾ ਹੋ ਗਿਆ ਤਾਂ ਕਈ ਨਜ਼ਰਾਂ ਸਾਨੂੰ ਬਾਹਰ ਤੱਕ ਛੱਡਣ ਆਈਆਂ ਹਨ ਅਤੇ ਇਨ੍ਹਾਂ ਵਿਚ ਸੁਨੇਹਾ ਦੇ ਮਾਲਕ ਦੀ ਸ਼ੁਕਰਾਨੇ-ਭਰੀ ਨਜ਼ਰ ਵੀ ਸ਼ਾਮਿਲ ਹੈ।

* *

ਬਾਹਰ ਸੰਘਣੀ ਬੱਦਲਵਾਈ ਸਾਡਾ ਸਵਾਗਤ ਕਰ ਰਹੀ ਹੈ। ਬੱਦਲਾਂ ਦਾ ਕਾਲਾ ਸ਼ਾਹ ਰੰਗ ਅਤੇ ਝੁਕਿਆ ਹੋਇਆ ਅਸਮਾਨ ਸਾਫ਼ ਸੰਕੇਤ ਦੇ ਰਹੇ ਹਨ ਕਿ ਬਾਰਸ਼ ਹੋਣ ਹੀ ਵਾਲੀ ਹੈ। ਇਸ ਲਈ ਮੈਂ ਕਾਰ ਸਟਾਰਟ ਕਰ ਕੇ ਪੁੱਛ ਰਿਹਾ ਹਾਂ, "ਹੁਣ ਕੀ ਇਰਾਦਾ ਹੈ, ਮੇਰੀ ਜਾਨ?"

"ਚਲੋ, ਬੱਤਖ ਪਾਰਕ ਚੱਲਦੇ ਆਂ!"

ਇਹ ਰੁਮਾਲ ਨਾਲ ਪਸੀਨਾ ਪੂੰਝਦੀ ਅਤੇ ਕਾਰ ਦੇ ਸ਼ੀਸ਼ੇ ਵਿਚ ਦੇਖ-ਦੇਖ ਕੇ ਆਪਣਾ ਹੁਲੀਆ ਠੀਕ ਕਰਦੀ ਕਹਿ ਰਹੀ ਹੈ।

"ਛੱਡ ਪਰੇ ਯਾਰ, ਹੁਣ ਪਾਰਕ-ਪੂਰਕ ਦਾ ਚੱਕਰ!"

"ਮੈਨੂੰ ਪਤਾ, ਤੁਸੀਂ ਮੀਂਹ ਤੋਂ ਡਰਦੇ ਹੋ ... ਪਰ ਅਸੀਂ ਤਾਂ ਵਰ੍ਹਦੇ ਮੀਂਹ ਵਿਚ 'ਧਮ ਧਮ' ਖੇਡਿਆ ਕਰਦੇ ਸੀ ... ਉਸ ਖੱਡ ਵਿਚ ਤਾਂ, *ਜਿਸ ਵਿਚੋਂ ਤੁਸੀਂ ਮੈਨੂੰ ਕੱਢ ਕੇ ਲਿਆਏ ਸੀ,* ਸਾਡੇ ਏਨੇ ਮਜ਼ੇ ਹੁੰਦੇ ਸੀ ਕਿ ਸਾਰਾ ਸਾਰਾ ਦਿਨ ਪਾਣੀ 'ਚੋਂ ਬਾਹਰ ਨਹੀਂ ਸੀ ਨਿਕਲਦੇ।"

"ਇਹ ਉਮਰ ਉਮਰ ਦੇ ਖੇਲ੍ਹ ਹੁੰਦੇ ਆ, ਗੁੱਡਬਦਨ!"

"ਮੈਨੂੰ ਲੱਗਦਾ, ਤੁਸੀਂ ਬੁੱਢੇ ਹੁੰਦੇ ਜਾ ਰਹੇ ਹੋ!"

"ਚਲੋ ਉੱਠੋ, ਇਧਰ ਬੈਠੋ ... ਕਾਰ ਮੈਂ ਚਲਾਉਣੀਂ ਆਂ।"

ਇਹ ਤੂਫ਼ਾਨੀ ਮੁਸਕਰਾਹਟ ਬੁੱਲ੍ਹਾਂ ਉੱਤੇ ਲਪੇਟੀ, ਕਾਰ ਹਵਾ ਵਿਚ ਉਡਾਉਂਦੀ ਹੋਈ, 'ਬੱਤਖ ਪਾਰਕ' ਵਿੱਚ ਲੈ ਆਈ ਹੈ ਅਤੇ ਇਕ ਖੂੰਜੇ ਵਿਚ ਪਾਰਕ ਕਰ ਕੇ ਮੈਨੂੰ ਉਸ ਛੱਪੜ-ਨੁਮਾ ਝੀਲ ਵੱਲ ਖਿੱਚੀ ਲਈ ਜਾ ਰਹੀ ਹੈ ਜਿਸ ਵਿਚ ਬੱਤਖਾਂ ਦੇ ਕਈ ਝੁੰਡ ਤੈਰ ਰਹੇ ਹਨ।

ਕਈ ਬੱਤਖਾਂ ਬਾਹਰ ਝਾੜੀਆਂ ਲਾਗੇ ਤੁਰੀਆਂ ਫਿਰਦੀਆਂ ਚਿੱਕੜ ਵਿਚ ਠੂੰਗੇ ਮਾਰ ਰਹੀਆਂ ਹਨ ਅਤੇ ਇਹ ਇਨ੍ਹਾਂ ਬੱਤਖਾਂ ਨੂੰ ਇੰਜ ਬੁਸ਼ਕਾਰਨ ਜਾ ਲੱਗੀ ਹੈ ਜਿਵੇਂ ਬਚਪਨ ਵਿਚ ਆਪਣੀਆਂ ਬੱਕਰੀਆਂ ਨੂੰ ਬੁਸ਼ਕਾਰਦੀ ਹੁੰਦੀ ਸੀ: 'ਹਾਹ ਹਾਹ ... ਹੂ ਹੂ ... ਹੋ ਹੋ ...' ਕਰਦੀ, ਇਨ੍ਹਾਂ ਦੇ ਪਿੱਛੇ ਭੱਜ ਰਹੀ ਹੈ ਅਤੇ ਮੈਂ ਰੋਕ ਰਿਹਾ ਹਾਂ:

"ਹੇ ਖੋਪੜੀ, ਇਨ੍ਹਾਂ ਬੱਤਖਾਂ ਨਾਲ ਛੇੜਛਾੜ ਕਰਨਾ ਮਨ੍ਹਾ ਹੈ!"

"ਔਹ ਦੇਖ, ਕਿੱਡਾ ਵੱਡਾ ਬੋਰਡ ਲੱਗਾ ਹੋਇਆ, ਸਾਹਮਣੇ!"

ਇਹ ਬੱਤਖਾਂ ਵੱਲੋਂ ਹਟੀ ਹੈ ਤਾਂ ਮੇਰੇ ਨਾਲ ਖੇਡਣ ਆ ਲੱਗੀ ਹੈ। ਕਦੇ ਟਪੂਸੀਆਂ ਮਾਰ-ਮਾਰ ਮੇਰੇ ਉਪਰ ਚੜ੍ਹ ਰਹੀ ਹੈ। ਕਦੇ ਐਵੇਂ ਇਧਰ-ਉਧਰ ਖਿੱਚੀ ਫਿਰ ਰਹੀ ਹੈ। ਕਦੇ ਕਿਸੇ ਪੰਛੀ ਵਾਂਗ ਉੱਡਣ ਦਾ ਯਤਨ ਕਰ ਰਹੀ ਹੈ ਅਤੇ ਕਦੇ ਚੀਕਾਂ ਮਾਰ-ਮਾਰ ਊਧਮ ਮਚਾ ਰਹੀ ਹੈ। ਚੂੰਢੀ, ਦੰਦੀ, ਧੱਫਾ, ਕਦੇ ਨਖਰੇ-ਭਰੀ 'ਊਂ ਊਂ ... ਈਂ ਈਂ ... ਹੀਂ ਹੀਂ ...' ਇਹ ਇੰਜ ਮੱਛਰ ਰਹੀ ਹੈ ਜਿਵੇਂ ਮੁਹੱਬਤ ਦੇ ਸਮੁੰਦਰ ਵਿਚ ਟੁੱਭੀਆਂ ਮਾਰ ਰਹੀ ਹੋਵੇ ਅਤੇ ਆਪਣੇ ਹੀ ਅੰਤਰ-ਮਨ ਦੀਆਂ ਸੁਨਾਮੀ ਲਹਿਰਾਂ ਉਪਰ ਸਵਾਰ ਲੁੱਡੀਆਂ ਪਾ ਰਹੀ ਹੋਵੇ।

ਇਸ ਸਮੇਂ ਪਾਰਕ ਵਿਚ ਕੁਦਰਤ, ਬੱਤਖਾਂ ਅਤੇ ਸਾਡੇ ਇਲਾਵਾ ਹੋਰ ਕੋਈ ਨਹੀਂ ਹੈ ਅਤੇ ਇਹ ਵਾਤਾਵਰਣ ਏਨਾ ਦਿਲਕਸ਼ ਲੱਗ ਰਿਹਾ ਹੈ ਕਿ ਹਰ ਚੀਜ਼ ਦੇ ਹਰ ਪਹਿਲੂ ਵਿਚੋਂ ਬਹਾਰ ਕਰਵਟਾਂ ਬਦਲ-ਬਦਲ, ਉਛਲ-ਉਛਲ ਬਾਹਰ ਆ ਰਹੀ ਮਹਿਸੂਸ ਹੋ ਰਹੀ ਹੈ।

ਕੁਦਰਤ ਤੇ ਸਿਰਫ਼ ਕੁਦਰਤ ਸਾਡੇ ਰੂਬਰੂ ਖੜ੍ਹੀ ਹੈ ਅਤੇ ਚਾਰ-ਚੁਫ਼ੇਰਾ ਤਾਜ਼ਗੀ ਤੇ ਹਰਿਆਲੀ ਨਾਲ ਚਹਿਕ ਰਿਹਾ ਹੈ। ਪੇੜ-ਪੌਦੇ, ਫੁੱਲ-ਬੂਟੇ, ਰੁੱਖ ਤੇ ਜੰਗਲ, ਝਾੜੀਆਂ ਤੇ ਘਾਹ ਇੰਜ ਮਹਿਕ ਰਹੇ ਹਨ ਜਿਵੇਂ ਸੌਣ ਦੇ ਮਹੀਨੇ ਵਿਚ ਹਿਮਾਲਿਆ ਵਿਚ ਫੁੱਲਾਂ ਦੀ ਘਾਟੀ ਮਹਿਕਦੀ ਹੈ ਅਤੇ ਇਸ ਪਰਬਤ ਦੀ ਜਾਈ ਚੰਦਾ ਉਪਰ ਵੀ ਪਤਾ ਨਹੀਂ ਅੱਜ ਇਸ਼ਕ ਦਾ ਕਿਹੜਾ ਨਵਾਂ ਭੂਤ ਸਵਾਰ ਹੋ ਗਿਆ ਹੈ: ਇਹ ਕਿਸੇ ਅੱਲ੍ਹੜ ਕੁੜੀ ਦੀ ਪਹਿਲੀ ਡੇਟ ਵਾਂਗ



ਏਨੀਆਂ ਉੱਚੀਆਂ ਹਵਾਵਾਂ ਵਿਚ ਉੱਡ ਰਹੀ ਹੈ ਕਿ ਹਵਾ ਨਾਲ ਗੱਲਾਂ ਕਰਦੀ, ਬੱਦਲਾਂ ਨੂੰ ਇਸ਼ਾਰੇ ਕਰਦੀ, ਇੰਜ ਮਚਲ-ਮਚਲ ਫੁੱਦਕ ਰਹੀ ਹੈ ਕਿ ਆਖਰ ਮੇਰਾ ਦਿਲ ਵੀ ਮਚਲ ਉੱਠਿਆ ਹੈ।

ਫਿਰ ਮੌਸਮ ਵੀ ਤਾਂ ਆਸ਼ਕਾਨਾ ਹੈ!

ਅਸੀਂ ਇਸ ਮੌਸਮ ਦੇ ਨਸ਼ੇ ਨਾਲ ਮਦਹੋਸ਼, ਇਕ ਦੂਜੇ ਨੂੰ ਛੂਹਣ ਦੀ ਕੋਸ਼ਿਸ਼ ਕਰਦੇ, ਅੱਗੇ-ਪਿੱਛੇ ਦੌੜਦੇ, ਪਾਰਕ ਦੇ ਪਰਲੇ ਕੰਢੇ ਜੰਗਲ ਤੱਕ ਆ ਪਹੁੰਚੇ ਹਾਂ ਅਤੇ ਸਾਡਾ ਸਵਾਗਤ ਕਰਨ ਲਈ ਕਾਲੇ ਸ਼ਾਹ ਬੱਦਲਾਂ ਦੇ ਕਾਫਲੇ ਵੀ ਅਸਮਾਨ ਤੋਂ ਉਤਰ ਕੇ ਧਰਤੀ ਉਪਰ ਆ ਰਹੇ ਹਨ।

ਇਹ ਬੱਦਲ ਸਾਡੇ ਜਿਸਮਾਂ ਨੂੰ ਛੂਹ-ਛੂਹ ਕੇ ਲੰਘ ਰਹੇ ਹਨ ਅਤੇ ਤਨ-ਮਨ ਵਿਚ ਠੰਢੀਆਂ-ਠੰਢੀਆਂ ਕੁਤਕਤਾਰੀਆਂ ਕੱਢ ਰਹੇ ਹਨ ਅਤੇ ਅਸੀਂ ਇਨ੍ਹਾਂ ਨੂੰ ਆਪਣੇ ਕਲਾਵੇ ਵਿਚ ਭਰਨ ਲਈ ਟਪੂਸੀਆਂ ਮਾਰਦੇ, ਚੁੰਗੀਆਂ ਭਰਦੇ, ਚਾਂਗਰਾਂ ਮਾਰਦੇ, ਭੱਜੇ ਫਿਰ ਰਹੇ ਹਾਂ ... ਤੇ ਸਾਡੀਆਂ ਧੜਕਣਾਂ ਕਾਬੂ ਤੋਂ ਬਾਹਰ ਹੋ ਕੇ ਏਨੇ ਨਿੱਘੇ ਤੇ ਉੱਚੇ ਉਛਾਲੇ ਮਾਰ ਰਹੀਆਂ ਹਨ ਕਿ ਅਸੀਂ ਜੰਗਲ ਦੇ ਐਨ ਕੰਢੇ ਖੜ੍ਹੇ, ਇਕ ਦੂਜੇ ਨੂੰ ਗਲਵਕੜੀ ਵਿਚ ਲੈ ਕੇ ਚੁੰਮ ਰਹੇ ਹਾਂ ਅਤੇ ਚੁੰਮੀ ਜਾ ਰਹੇ ਹਾਂ।

ਪਰ ਅਚਾਨਕ ਕਦਮਾਂ ਦੀ ਤੇਜ਼ ਆਹਟ ਸੁਣਾਈ ਦਿੱਤੀ ਹੈ ਤਾਂ ਇਕ ਗੋਰਾ ਪੁਲੀਸ ਅਫਸਰ ਸਾਡੇ ਵੱਲ ਆਉਂਦਾ ਦਿਖਾਈ ਦੇ ਰਿਹਾ ਹੈ ਅਤੇ ਅਸੀਂ ਉਹਦੇ ਵੱਲ ਇੰਜ ਦੇਖ ਰਹੇ ਹਾਂ ਜਿਵੇਂ ਕੋਈ ਚੋਰੀ ਕਰਦਾ ਸਾਧ ਰੰਗੇ ਹੱਥੀਂ ਫੜਿਆ ਗਿਆ ਹੋਵੇ, ਪਰ ਉਹ ਸਾਡੇ ਤੋਂ ਚਾਰ ਕੁ ਕਦਮ ਪਿਛਾਂਹ ਖੜ੍ਹਾ ਹੀ ਪੁੱਛ ਰਿਹਾ ਹੈ:

"ਮੁਆਫ਼ ਕਰਨਾ, ਮੈਂ ਤੁਹਾਡੇ ਨਾਲ ਗੱਲ ਕਰ ਸਕਦਾ ਹਾਂ?"

"ਜ਼ਰੂਰ, ਸਰ!" ਮੈਂ ਝੂਠਾ ਜਿਹਾ ਮੁਸਕਰਾ ਰਿਹਾ ਹਾਂ।

"ਸੌਰੀ ਟੂ ਬੌਦਰ ਯੂ!" ਉਹ ਨਜ਼ਦੀਕ ਆ ਕੇ ਫਿਰ ਰਿਹਾ ਹੈ:

"ਮੈਂ ਤੁਹਾਨੂੰ ਇਹ ਦੱਸਣਾ ਚਾਹੁੰਨਾ ਕਿ ਇਹ ਪਾਰਕ ਇਕ ਹਫ਼ਤੇ ਲਈ ਬੰਦ ਹੈ ... ਸ਼ਾਇਦ, ਤੁਸੀਂ ਸਾਈਨ ਬੋਰਡ ਨਹੀਂ ਪੜ੍ਹੇ ਤੇ ਤੁਹਾਨੂੰ ਇਹ ਵੀ ਨਹੀਂ ਪਤਾ, ਏਥੇ ਕੀ ਵਾਪਰ ਚੁੱਕਾ ਹੈ?"

"ਨਹੀਂ, ਸਾਨੂੰ ਕੁਝ ਨਹੀਂ ਪਤਾ, ਸੌਰੀ ਫਾਰ ਦੈਟ!"

"ਦਰਅਸਲ ਕੱਲ੍ਹ ਦੇਰ ਸ਼ਾਮ ਗਏ, ਕੋਈ ਪਾਗਲ ਵਿਅਕਤੀ, ਦਸ-ਗਿਆਰਾਂ ਬੱਤਖਾਂ ਦੀਆਂ ਗਰਦਨਾਂ ਮਰੋੜ ਕੇ ਤੇ ਧੜ ਨਾਲੋਂ ਤੋੜ ਕੇ ਇਸ ਝੀਲ ਦੇ ਪਾਣੀ ਵਿਚ ਸਿੱਟ ਗਿਆ। ਇਸ ਕਰਕੇ ਕੁਝ ਬੱਤਖਾਂ ਡਰ ਕੇ ਜੰਗਲ ਵਿੱਚ ਜਾ ਵੜੀਆਂ ਹਨ। ਜਿਹਨਾਂ ਨੂੰ ਲੱਭਣ ਲਈ ਇਕ ਖੋਜੀ ਟੀਮ ਸਵੇਰ ਦੀ ਕੰਮ ਕਰ ਰਹੀ ਹੈ ਅਤੇ ਉਸ ਦੋਸ਼ੀ ਨੂੰ ਫੜਨ ਲਈ ਪੂਰੀ ਕੈਲੀਫੋਰਨੀਆ ਸਟੇਟ ਵਿਚ ਰੈੱਡ ਅਲਰਟ ਕਰ ਦਿੱਤਾ ਗਿਆ ਹੈ।"

"ਉਫ਼! ਵੇਚਾਰੀਆਂ ਬੇਕਸੂਰ ਬੱਤਖਾਂ!" ਮੇਰੇ ਮੂੰਹੋਂ ਨਿਕਲਿਆ ਹੈ।

"ਤੁਸੀਂ ਏਥੇ ਆਉਂਦੇ ਰਹਿੰਦੇ ਓ?" ਉਹ ਪੁੱਛ ਰਿਹਾ ਹੈ।

"ਨਹੀਂ ਸਰ ... ਤਿੰਨ ਚਾਰ ਸਾਲ ਬਾਦ ਅੱਜ ਆਏ ਆਂ।"

"ਤੁਸੀਂ ਰਹਿੰਦੇ ਕਿੱਥੇ ਓ ? ... ਕੰਮ ਕੀ ਕਰਦੇ ਹੋ ?"

ਉਹ ਸਵਾਲ ਤੇ ਸਵਾਲ ਪੁੱਛੀ ਜਾ ਰਿਹਾ ਹੈ ਅਤੇ ਮੈਨੂੰ ਜਵਾਬ ਦੇਣ ਵਿਚ ਏਨੀ ਪਰੇਸ਼ਾਨੀ ਤੇ ਬੇਚੈਨੀ ਮਹਿਸੂਸ ਹੋ ਰਹੀ ਹੈ ਕਿ ਮੈਂ ਟਾਈ ਉਤਾਰ ਕੇ ਹੱਥ ਵਿਚ ਫੜ ਲਈ ਹੈ ਅਤੇ ਉਹ ਨਾਲ ਆਉਣ ਦਾ ਇਸ਼ਾਰਾ ਕਰ ਕੇ, ਸਾਡੇ ਅੱਗੇ-ਅੱਗੇ ਤੁਰ ਪਿਆ ਹੈ। ਪਤਾ ਨਹੀਂ ਕਿਉਂ, ਸਾਡੀ ਜਾਨ ਛੱਡ ਈ ਨਹੀਂ ਰਿਹਾ, "ਬਾਈ ਦੀ ਵੇਅ, ਕੀ ਮੈਂ ਇਹ ਪੁੱਛ ਸਕਦਾ ਹਾਂ ਕਿ ਤੁਸੀਂ ਇਥੇ ਪੱਕੇ ਤੌਰ ਤੇ ਰਹਿ ਰਹੇ ਹੋ ?"

"ਯੈੱਸ ਸਰ ! ਅਸੀਂ ਦੋਵੇਂ ਪਰਮਾਨੈਂਟ ਰੈਜੀਡੈਂਟ ਹਾਂ।"

"ਦੈਟ'ਸ ਗੁੱਡ ! ਤੇ ਜੇ ਮੈਂ ਗਲਤ ਨਹੀਂ ਤਾਂ ਤੁਸੀਂ ਇੰਡੀਅਨ ਹੋ ?"

"ਯੈੱਸ ਸਰ !"

"ਹਿੰਦੂ, ਮੁਸਲੀਮ, ਸੀਖ ਜਾਂ ਕੁਝ ਹੋਰ ?"

"ਦਰਅਸਲ, ਅਸੀਂ ਦੋਵੇਂ ਪ੍ਰਕਿਰਤੀਵਾਦੀ ਹਾਂ ... ਇਸ ਲਈ ਕਿਸੇ ਜਾਤ, ਜਮਾਤ, ਰੰਗ, ਧਰਮ, ਨਸਲ ਦੇ ਆਧਾਰ ਤੇ ਕਿਸੇ ਵੀ ਕਿਸਮ ਦੀ ਮਨੁੱਖੀ ਵੰਡ ਤੇ ਵਿਤਕਰੇ ਵਿਚ ਵਿਸ਼ਵਾਸ ਨਹੀਂ ਰੱਖਦੇ।"

"ਇਹ ਪ੍ਰਕਿਰਤੀਵਾਦੀ ਹੋਣ ਦਾ ਕੀ ਮਤਲਬ ਹੁੰਦਾ ਹੈ ?"

"ਇਹ ਕੁਦਰਤ ਨੂੰ ਬਚਾਉਣ ਲਈ ਇਕ ਅੰਦੋਲਨ ਸੀ, ਜਿਵੇਂ ਏਥੇ ਵਾਤਾਵਰਣ ਦੇ ਰਾਖੇ, ਰੁੱਖਾਂ ਦੀ ਕਟਾਈ ਦੇ ਵਿਰੁੱਧ ਰੁੱਖਾਂ ਉਤੇ ਚੜ੍ਹ ਕੇ ਬੈਠ ਜਾਂਦੇ ਆ। ਉਸੇ ਤਰ੍ਹਾਂ ਅਸੀਂ ਵੀ ਓਥੇ ਆਪਣੇ ਦੇਸ਼ ਦੀ ਕੁਦਰਤੀ ਸੁੰਦਰਤਾ, ਤਵਾਜ਼ਨ ਅਤੇ ਵਾਤਾਵਰਣ ਦੇ ਬਿਨਾ ਵਜ੍ਹਾ ਵਿਗਾੜੇ ਜਾਣ ਦੇ ਵਿਰੁੱਧ ਸੰਘਰਸ਼ ਕਰਦੇ ਸਾਂ ...।"

"ਫਿਰ ਤਾਂ ਮੈਂ ਵੀ ਇਕ ਪ੍ਰਕਿਰਤੀਵਾਦੀ ਹਾਂ ਕਿਉਂਕਿ ਉਸ ਪਾਗ਼ਲ ਆਤੰਕਵਾਦੀ ਨੂੰ ਲੱਭ ਰਿਹਾ ਹਾਂ ਜਿਸ ਨੇ ਇਨ੍ਹਾਂ ਮਾਸੂਮ ਬੱਤਖਾਂ ਦੀਆਂ ਗਰਦਨਾਂ ਮਰੋੜ ਕੇ ਪ੍ਰਕਿਰਤੀ ਦੇ ਵਿਰੁੱਧ ਵੱਡਾ ਅਪਰਾਧ ਕੀਤਾ ਹੈ ... ਕੀ ਤੁਸੀਂ ਇਸ ਵਿਚ ਕੋਈ ਮਦਦ ਕਰ ਸਕਦੇ ਹੋ ?"

"ਸਾਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ... ਸੌਰੀ ਫਾਰ ਦੈਟ !"

"ਇਟ'ਸ ਓ. ਕੇਅ. !" ਉਹ ਮੇਰੇ ਚਿਹਰੇ ਦੇ ਹਾਵ-ਭਾਵ ਘੋਖਦਾ ਅਤੇ ਇਹਦੇ ਸੂਟ ਵੱਲ ਝਾਕਦਾ ਫਿਰ ਕਹਿ ਰਿਹਾ ਹੈ, "ਹੁਣ ਤੁਸੀਂ ਜਾ ਸਕਦੇ ਹੋ ਪਰ ਇਕ ਹਫ਼ਤੇ ਤੱਕ ਇਸ ਪਾਰਕ ਵਿਚ ਦੁਬਾਰਾ ਨਾ ਆਉਣਾ ਤੇ ਉਸ ਆਤੰਕਵਾਦੀ ਦਾ ਜੇ ਕੋਈ ਵੀ ਸੁਰਾਗ ਪਤਾ ਲੱਗੇ ਤਾਂ ਇਸ ਨੰਬਰ ਉਪਰ ਮੈਨੂੰ ਤੁਰੰਤ ਸੂਚਨਾ ਜ਼ਰੂਰ ਦੇਣਾ।"

ਉਹ ਆਪਣਾ ਬਿਜਨਿਸ ਕਾਰਡ ਫੜਾ ਕੇ, ਇਕ ਤਰ੍ਹਾਂ ਨਾਲ ਦੌੜਦਾ ਹੋਇਆ ਸਾਡੀਆਂ ਨਜ਼ਰਾਂ ਤੋਂ ਦੂਰ ਹੋ ਗਿਆ ਹੈ ਅਤੇ ਅਸੀਂ ਨਿੰਮੋਝੂਣੇ ਜਿਹੇ ਪੈਰ ਘਸੀਟਦੇ ਆਪਣੀ ਕਾਰ ਵੱਲ ਆ ਰਹੇ ਹਾਂ ... ਪਰ ਕਾਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਬਾਰਸ਼ ਦਾ ਇਕ ਤੇਜ਼ ਸ਼ਰਾਟਾ ਸ਼ੁਰੂ ਹੋ ਗਿਆ ਹੈ ਅਤੇ ਹਵਾ ਵੀ ਬੇਹੱਦ ਤਿੱਖੀ ਅਤੇ ਬਰਫੀਲੀ ਹੋ ਗਈ ਹੈ।



ਅਸੀਂ ਭੱਜਦੇ, ਹਫਦੇ ਅਤੇ ਹੌਂਕਦੇ ਹੋਏ ਕਾਰ ਵਿਚ ਆ ਕੇ ਵੜੇ ਹਾਂ ਤਾਂ ਮਾੜਾ ਜਿਹਾ ਸਾਹ ਆਇਆ ਹੈ ... ਇਹਦਾ ਮੇਕ-ਅੱਪ ਉਤਰ ਕੇ ਚਿਹਰਾ ਡੱਬਖੜੱਬਾ ਹੋ ਗਿਆ ਹੈ ਅਤੇ ਸਿਲਕ ਸੂਟ ਜਿਸਮ ਨਾਲ ਚਿਪਕ ਗਿਆ ਹੈ ਅਤੇ ਇਹ ਭਿੱਜੀ ਬਿੱਲੀ ਵਾਂਗ ਕੰਬ ਰਹੀ ਹੈ ... ਮੇਰੀ ਵੀ ਸਾਰੀ ਟੌਹਰ ਖਰਾਬ ਹੋ ਗਈ ਹੈ ਅਤੇ ਮੈਂ ਕਾਰ ਸਟਾਰਟ ਕਰ ਕੇ ਹੀਟ ਲਾ ਕੇ ਕਹਿ ਰਿਹਾ ਹਾਂ, "*ਹੋ ਗਿਆ ਫੰਨ, ਗੁੱਡਬਦਨ !*"

*"ਮੰਨ ਗਿਆ ਹਨੀਮੂਨ, ਡਾਰਲਿੰਗ ?"*

"ਮਾਮੇ ਨੇ ਸਾਰਾ ਮਜ਼ਾ ਖਰਾਬ ਕਰਕੇ ਰੱਖ ਤਾ ... ਪਰ ਏਦਾਂ, ਏਥੇ ਪੁਲੀਸ ਵਾਲੇ ਪੁੱਛ-ਗਿੱਛ ਕਰ ਤਾਂ ਨਹੀਂ ਸਕਦੇ ?"

"ਆਮ ਹਾਲਤ ਵਿਚ ਤਾਂ ਨਹੀਂ ਕਰ ਸਕਦੇ, ਪਰ ਕੱਲ੍ਹ ਨੂੰ ਇਰਾਕ ਉਪਰ ਅਮਰੀਕੀ ਹਮਲੇ ਦੀ ਵਰ੍ਹੇਗੰਢ ਦੇ ਮੌਕੇ 'ਤੇ, ਕਈ ਜੰਗ-ਵਿਰੋਧੀ ਜਥੇਬੰਦੀਆਂ ਮਿਲ ਕੇ, ਅਮਰੀਕਾ ਦੇ ਕਈ ਸ਼ਹਿਰਾਂ ਵਿਚ ਪ੍ਰਦਰਸ਼ਨ ਕਰਨ ਜਾ ਰਹੀਆਂ ... ਇਸੇ ਕਰਕੇ ਅੱਜ ਸਾਰਾ ਪ੍ਰਸ਼ਾਸਨ-ਤੰਤਰ ਪੱਬਾਂ ਭਾਰ ਹੋਇਆ ਪਿਆ ਤੇ ਸ਼ਾਇਦ, 'ਰੈੱਡ ਅਲਰਟ' ਵੀ, ਇਸੇ ਕਰਕੇ ਕੀਤਾ ਹੋਣਾਂ ... ਬੱਤਖਾਂ ਦਾ ਤਾਂ ਐਵੇਂ ਬਹਾਨਾ ਹੀ ਲੱਗਦਾ ..."

"ਪਹਿਲਾਂ ਪਤਾ ਹੁੰਦਾ ਤਾਂ ਕਿਸੇ ਹੋਰ ਪਾਸੇ ਚਲੇ ਜਾਂਦੇ, ਏਥੇ ਜ਼ਰੂਰ ਆਉਣਾ ਸੀ ... ਮੋਈਆਂ ਬੱਤਖਾਂ ਦੇ ਪਾਰਕ ਵਿਚ ?"

"ਅੱਜ ਕਿੰਨੇ ਸਾਲਾਂ ਬਾਦ ਤਾਂ ਮੁੜ ਜਵਾਨੀ ਦੇ ਦੋ ਪਲ ਆਏ ਆ, ਉਹ ਵੀ ਸ਼ਾਇਦ ਬਰਬਾਦ ਕਰ ਲੈਂਦੇ, ਜੇ ਕਿਤੇ ਹੋਰ ਚਲੇ ਜਾਂਦੇ ਤਾਂ ... ਹੋਰ ਕਿੱਥੇ ਮਿਲਣੀ ਸੀ ਇਹ ਕੁਦਰਤ ਤੇ ਇਹਦੇ ਨਜ਼ਾਰੇ !"

ਮੇਰੇ ਮੂੰਹੋਂ ਸ਼ਬਦ ਇੰਜ ਨਿਕਲ ਰਹੇ ਹਨ ਜਿਵੇਂ ਮੈਂ ਹੁਣੇ-ਹੁਣੇ ਦੇਖੇ ਕਿਸੇ ਹੁਸੀਨ ਸੁਪਨੇ ਦਾ ਬਿਆਨ ਕਰ ਰਿਹਾ ਹੋਵਾਂ। ਬਾਹਰ ਧੂੰਆਂ-ਧਾਰ ਬਾਰਸ਼ ਹੋ ਰਹੀ ਹੈ ਅਤੇ ਇਹ ਜ਼ੁਲਫਾਂ ਸੰਵਾਰਦੀ ਕਹਿ ਰਹੀ ਹੈ:

"ਬਰਬਾਦ ਤਾਂ ਕਰ ਈ ਗਿਆ ਮਾਮਾ, ਪਰ ਤੁਹਾਨੂੰ ਫਾਇਰ ਹੋਣ ਦਾ ਕਿੱਸਾ ਇਹਨੂੰ ਮਾਮੇ ਨੂੰ ਦੱਸਣ ਦੀ ਕੀ ਲੋੜ ਸੀ ? ਪਤਾ ਨਹੀਂ ਕੀ ਮਜ਼ਾ ਆਉਂਦਾ ਇਹ ਦੱਸ-ਦੱਸ: ਬੱਸ, *ਐਵੇਂ ਮਾੜੀ ਜਿਹੀ ਇਕ ਖਾਲੀ ਗੈਲਨ ਖਹਿ ਗਈ ਸੀ, ਗੋਰੀ ਦੇ '.....' ਨਾਲ ਕਿ ਚੁੱਕ ਕੇ ਮਾਰਿਆ ...!*"

"ਓ ਯਾਰ, ਹੁਣ ਤੂੰ ਸਾਰੀ ਝੇਂਪ ਮੇਰੇ ਤੇ ਕਿਉਂ ਉਤਾਰ ਰਹੀ ਏਂ ?"

"ਦਰਅਸਲ, ਕਹਿਣਾ ਤਾਂ ਮੈਂ ਇਹ ਚਾਹੁੰਦਾ ਸੀ ਕਿ ਜਿਹੜਾ ਪ੍ਰਸ਼ਾਸਨ ਦੂਜੇ ਦੇਸ਼ਾਂ ਉਪਰ ਹਮਲੇ ਕਰਕੇ, ਸ਼ਹਿਰ ਪਿੰਡ ਤਹਿਜ਼ੀਬ ਸਭ ਖੰਡਰ ਬਣਾ ਰਿਹਾ। ਸਕੂਲ, ਕਾਲਜਾਂ, ਹਸਪਤਾਲਾਂ ਉਤੇ ਬੰਬ ਵਰਸਾਅ ਰਿਹਾ। ਮਾਸੂਮ ਬੱਚਿਆਂ, ਗਰਭਵਤੀ ਔਰਤਾਂ ਤੱਕ ਨੂੰ ਵੀ ਨਹੀਂ ਬਖਸ਼ ਰਿਹਾ। ਉਸਨੂੰ ਬੱਤਖਾਂ ਦੀ ਮੌਤ ਇੰਨਾ ਕਿਉਂ ਤੜਪਾ ਰਹੀ ਐ ?"

"ਪਰ ਮੇਰਾ ਇਹ ਕਹਿਣ ਦਾ ਹੌਸਲਾ ਨਹੀਂ ਪਿਆ।"

ਮੇਰੇ ਸੀਨੇ ਵਿਚੋਂ ਇਕ ਚੀਸ ਨਿਕਲ ਕੇ ਠੰਢੀ-ਠਾਰ ਫ਼ਿਜ਼ਾ ਵਿਚ ਜਾ ਮਿਲੀ ਹੈ ਅਤੇ ਇਹ ਇਕਦਮ ਚੌਂਕ ਕੇ ਕਹਿ ਰਹੀ ਹੈ:

"ਹੁਣ ਚਲੋ ਵੀ ਏਥੋਂ, ਮਾਮਾ ਫਿਰ ਆ ਰਿਹਾ ਲੱਗਦੈ।"

"ਚੱਲਣਾ ਕਿਧਰ ਐ ਹਜ਼ੂਰ ? ਕੁਛ ਫਰਮਾਓ ਤਾਂ ਸਹੀ !"

"ਚਲੋ, ਮਿਲੀਅਨ ਡਾਲਰ ਬੇਬੀ ਦੇਖਣ ਚੱਲਦੇ ਆਂ। ਕਹਿੰਦੇ, ਦੇਖਣ ਵਾਲੀ ਆ ... ਏਐਮਸੀ ਥੇਟਰ ਵਿਚ ਲੱਗੀ ਹੋਈ ਆ।"

"ਹੁਣ ਤਾਂ ਯਾਰ, ਬੁਰੀ ਤਰ੍ਹਾਂ ਭਿੱਜੇ ਹੋਏ ਆਂ। ਦੇਖ, ਠੰਢ ਵੀ ਕਿੰਨੀ ਵਧ ਗਈ ਆ। ਦੱਸ, ਏਦਾਂ ਕੀ ਮਜ਼ਾ ਆਓ ਮੂਵੀ ਦੇਖਣ ਦਾ !"

"ਪਲੀਜ਼ ਡਾਰਲਿੰਗ ! ਮੇਰਾ ਸ਼ਾਮ ਵੇਲੇ ਉਸ ਘੁਰਨੇ ਵਿਚ ਵੜਨ ਨੂੰ ਮਨ ਨਹੀਂ ਕਰਦਾ ... ਇਕ ਜ਼ਹਿਰੀਲੀ ਭੜਾਸ ਜਿਹੀ ਮੇਰੀ ਸਿਰ ਨੂੰ ਚੜ੍ਹਨ ਲੱਗਦੀ ਏ ਤੇ ਮੇਰਾ ਸਾਰਾ ਖੋਪੜਾ ਘੁੰਮਣ ਲੱਗ ਪੈਂਦਾ।"

"ਹੁਣ ਤਾਂ ਚਾਰ ਵੀ ਵੱਜਣ ਈ ਵਾਲੇ ਆ, ਤੇ *ਚਾਰ ਵਜੇ ਮੂਵੀ ਸ਼ੁਰੂ ਹੋ ਜਾਂਦੀ ਏ* ... ਫਿਰ ਟਿਕਟਾਂ ਵੀ ਤਾਂ ਲੈਣੀਆਂ ਪੈਣੀਆਂ।"

"ਚਲੋ ਯਾਰ ਐਵੇਂ ਬਹਾਨੇ ਨਾ ਬਣਾਓ !"

"ਪਹਿਲੇ ਪੰਦਰਾਂ ਵੀਹ ਮਿੰਟ ਤਾਂ ਉਹ ਐਵੇਂ ਮਸ਼ਹੂਰੀਆਂ ਜਿਹੀਆਂ ਈ ਦਿਖਾਉਂਦੇ ਰਹਿੰਦੇ ਆ ... ਉਦੋਂ ਤੱਕ ਆਪਾਂ ਪਹੁੰਚ ਜਾਣਾਂ ..."

"ਪਲੀਜ਼, ਚਲੋ ਨਾ ਡਾਰਲਿੰਗ ...!"

ਇਹਨੇ ਇੰਨੇ ਪਿਆਰ ਨਾਲ ਕਿਹਾ ਹੈ ਤਾਂ ਮੈਂ ਕਾਰ ਫ੍ਰੀ-ਵੇਅ ਉਪਰ ਪਾ ਕੇ ਪੰਦਰਾਂ ਮਿੰਟਾਂ ਵਿਚ ਥਿਏਟਰ ਕੰਪਲੈਕਸ ਤੱਕ ਲੈ ਆਇਆ ਹਾਂ ਅਤੇ ਮੂਵੀ ਸ਼ੁਰੂ ਹੋਣ ਤੋਂ ਪਹਿਲਾਂ ਅਸੀਂ ਗੇਟ ਉੱਤੇ ਪਹੁੰਚ ਗਏ ਹਾਂ ਅਤੇ ਇਹ ਮੇਰਾ ਹੱਥ ਪਲੋਸਦੀ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੀ ਹੈ ਅਤੇ ਸਾਡੇ ਅੰਦਰ ਵੜਦੇ ਹੀ ਮੂਵੀ ਸ਼ੁਰੂ ਹੋ ਗਈ ਹੈ।

* *

ਮੂਵੀ ਸ਼ੁਰੂ ਹੁੰਦੇ ਹੀ ਰੌਚਕ ਲੱਗ ਰਹੀ ਹੈ: ਇਕ ਹੋਣਹਾਰ ਮੁਟਿਆਰ ਆਪਣੇ ਪਰਿਵਾਰ ਨੂੰ ਗਰੀਬੀ ਦੀ ਜ਼ਿੱਲਤ ਵਿਚੋਂ ਬਾਹਰ ਕੱਢਣ ਲਈ, ਇਕ ਕਠਿਨ ਸੰਘਰਸ਼ ਵਿਚੋਂ ਗੁਜ਼ਰਨ ਤੋਂ ਬਾਅਦ, ਇਕ ਮਰਦ ਕੋਚ ਤੋਂ ਬੌਕਸਿੰਗ ਸਿੱਖ ਰਹੀ ਹੈ ਅਤੇ ਚੰਦਾ ਨਜ਼ਰਾਂ ਸਕਰੀਨ ਉਪਰ ਗੱਡੀ, ਇਸ ਕੁੜੀ ਦੇ ਜੌਹਰ ਦੇਖ-ਦੇਖ ਕੇ ਉਛਲ ਰਹੀ ਹੈ।

ਪਰ ਮੇਰੀਆਂ ਅੱਖਾਂ ਮੱਲੋ-ਮੱਲੀ ਬੰਦ ਹੋ ਰਹੀਆਂ ਹਨ ... ਮੈਂ ਨਰਮ ਗੱਦੇਦਾਰ ਸੀਟ ਵਿਚ ਅੱਧਾ ਕੁ ਧਸਿਆ ਬੈਠਾ ਹਾਂ ਅਤੇ ਪਤਾ ਨਹੀਂ ਕਦੋਂ ਮੇਰੀ ਅੱਖ ਲੱਗ ਗਈ ਹੈ ਅਤੇ ਮੈਂ ਫਿਰ ਟਿਹਰੀ ਗੜ੍ਹਵਾਲ ਪਹੁੰਚ ਗਿਆ ਹਾਂ ਅਤੇ ਇਹ ਮੈਨੂੰ ਹਲੂਣ ਰਹੀ ਹੈ, "ਸੌਂ ਗਏ ਕਿਆ ?"

"ਨਹੀਂ, ਕੀ ਹੋਇਆ ?" ਮੈਂ ਉਭੜਵਾਹੇ ਅੱਖਾਂ ਮਲ਼ ਰਿਹਾ ਹਾਂ।

"ਇੰਟਰਵਲ ! ਚਲੋ ਬਾਹਰ ਚੱਲ ਕੇ ਕੁਛ ਖਾਨੇਂ ਪੀਨੇਂ ਆਂ।"

ਅਸੀਂ ਹਾਲ ਵਿਚੋਂ ਬਾਹਰ ਨਿਕਲ ਕੇ ਇਕ ਗਰਮ-ਗਰਮ ਪੌਪ-ਕੌਰਨ ਅਤੇ ਦੋ ਠੰਢੇ ਪੈਪਸੀ-ਕੋਲੇ ਖਰੀਦ ਲਿਆਏ ਹਾਂ ਅਤੇ ਇਨ੍ਹਾਂ ਦਾ ਆਨੰਦ ਮਾਣਦੇ ਮੂਵੀ ਦਾ ਦੂਜਾ ਅੱਧ ਵੇਖ



ਰਹੇ ਹਾਂ ਅਤੇ ਮੂਵੀ ਹੁਣ ਹੋਰ ਵੀ ਦਿਲਚਸਪ ਹੋ ਗਈ ਹੈ ... ਉਹ ਗਰੀਬ ਮੁਟਿਆਰ ਹੁਣ 'ਮਿਲੀਅਨ ਡਾਲਰ ਬੇਬੀ' ਬਣ ਚੁੱਕੀ ਹੈ ਅਤੇ ਮੈਚ ਤੇ ਮੈਚ ਜਿੱਤ ਰਹੀ ਹੈ ਅਤੇ ਚੰਦਾ ਇੰਨੀ ਉਤੇਜਿਤ ਹੋ ਰਹੀ ਹੈ ਕਿ ਮੇਰੇ ਪੱਟ ਕਦੇ ਮੋਢੇ ਉੱਤੇ ਪਟਾਕੀਆਂ ਮਾਰਦੀ ਕਹਿ ਰਹੀ ਹੈ, "ਯਹ ਹੂਈ ਨਾ ਬਾਤ !"

"ਔਰਤ ਚਾਹੇ ਤਾਂ ਕੀ ਨਹੀਂ ਕਰ ਸਕਦੀ !" ਇਹ ਖੁਸ਼ ਹੈ।

"ਯ੍ਹਾ ! ਕਮਾਲ ਕਰੀ ਜਾ ਰਹੀ ਹੈ !"

ਮੈਨੂੰ ਵੀ ਜੰਮ ਕੇ ਲੜਦੀ ਅਤੇ ਜਿੱਤਦੀ ਉਹ ਗੋਰੀ ਮੁਟਿਆਰ ਚੰਗੀ ਲੱਗ ਰਹੀ ਹੈ। ਪਰ ਅਚਾਨਕ ਮੂਵੀ ਇਕ ਤਿੱਖਾ ਮੋੜ ਕੱਟ ਕੇ ਖ਼ਤਰਨਾਕ ਸਥਿਤੀ ਵਿਚ ਪਹੁੰਚ ਗਈ ਹੈ: 'ਮਿਲੀਅਨ ਡਾਲਰ ਬੇਬੀ' ਦਾ ਫਾਈਨਲ ਮੈਚ 'ਵਿਸ਼ਵ ਚੈਂਪੀਅਨ' ਉਸ ਕਾਲੀ ਕੁੜੀ ਨਾਲ ਪੈ ਗਿਆ ਹੈ, ਜਿਸਦਾ ਕੱਦ-ਕਾਠ ਅਤੇ ਚਿਹਰਾ ਦੇਖ ਕੇ ਲੱਗਦਾ ਹੈ ਉਹ ਇਹਨੂੰ ਕੁੱਟ-ਕੁੱਟ ਕੇ ਮਾਰ ਹੀ ਸੁੱਟੇਗੀ ... ਪਰ ਇਹ ਤਾਂ ਭਾਰੂ ਹੁੰਦੀ ਜਾ ਰਹੀ ਹੈ। ਇਹਨੇ ਘਸੁੰਨ ਤੇ ਘਸੁੰਨ ਮਾਰ-ਮਾਰ ਕਾਲੀ ਇਕ ਖੂੰਜੇ ਲਾ ਦਿੱਤੀ ਹੈ।

ਸਾਰਾ ਹਾਲ ਤਾਲੀਆਂ ਨਾਲ ਗੂੰਜ ਰਿਹਾ ਹੈ।

ਹੁਣ ਆਖਰੀ ਰਾਊਂਡ ਤੋਂ ਪਹਿਲਾਂ ਰੈਫਰੀ ਨੇ ਪੰਜ ਮਿੰਟ ਦੀ ਬਰੇਕ ਕਰ ਦਿੱਤੀ ਹੈ ਅਤੇ 'ਮਿਲੀਅਨ ਡਾਲਰ ਬੇਬੀ' ਦਾ ਕੋਚ ਉਹਦੇ ਚਿਹਰੇ ਦਾ ਲਹੂ ਪੂੰਝਦਾ ਉਸ ਨੂੰ ਕੁਝ ਸਮਝਾ ਰਿਹਾ ਹੈ ਕਿ ਉਸ ਕਾਲੀ ਕੁੜੀ ਨੇ ਇਹਦੀ ਗੀੜ੍ਹ ਦੀ ਹੱਡੀ ਉੱਤੇ ਪਿੱਛਿਉਂ ਇਕ ਵਹਿਸ਼ੀਆਨਾ ਪੰਚ ਮਾਰਿਆ ਹੈ ਅਤੇ ਇਹ ਬੇਹੋਸ਼ ਹੋ ਕੇ ਚੌਫਾਲ ਥੱਲੇ ਡਿੱਗ ਪਈ ਹੈ।

ਸਾਰੇ ਹਾਲ ਵਿਚ ਸੰਨਾਟਾ ਛਾ ਗਿਆ ਹੈ।

ਚੰਦਾ ਵੀ ਔਖੇ ਔਖੇ ਸਾਹ ਲੈ ਰਹੀ ਹੈ।

'ਮਿਲੀਅਨ ਡਾਲਰ ਬੇਬੀ' ਦੀ ਗੀੜ੍ਹ ਦੀ ਹੱਡੀ ਟੁੱਟ ਗਈ ਹੈ। ਜਿਸ ਦਾ ਕੋਈ ਇਲਾਜ ਨਹੀਂ। ਉਹ ਹਸਪਤਾਲ ਦੇ ਬੈੱਡ ਉੱਤੇ ਪਈ ਮੌਤ ਲਈ ਸੰਘਰਸ਼ ਕਰ ਰਹੀ ਹੈ ਅਤੇ ਚੰਦਾ ਡੁਸਕਣ ਲੱਗ ਪਈ ਹੈ।

"ਚਲੋ ਚੱਲੀਏ !" ਇਹ ਉੱਠ ਖੜੋਈ ਹੈ।

"ਹਾਲੇ ਤਾਂ ਮੂਵੀ ਬਾਕੀ ਐ !"

ਮੈਂ ਹਿੰਦੀ ਮੂਵੀਆਂ ਵਾਂਗ ਦੇ ਅੰਤ ਵਿਚ ਕਿਸੇ ਚਮਤਕਾਰ ਹੋਣ ਦੀ ਇੰਤਜ਼ਾਰ ਵਿਚ ਹਾਂ ਤਾਂ ਜੋ ਕਿਸੇ ਗੈਬੀ ਸ਼ਕਤੀ ਨਾਲ ਉਹ ਕੁੜੀ ਮੁੜ ਠੀਕ ਹੋ ਜਾਏ। ਇਹ ਇੰਨੀ ਬੇਚੈਨ ਹੋ ਗਈ ਹੈ ਕਿ ਮੇਰਾ ਹੱਥ ਫੜ ਕੇ ਹਾਲ ਵਿਚੋਂ ਬਾਹਰ ਲੈ ਆਈ ਹੈ ਅਤੇ ਬੁੱਲ੍ਹਾਂ ਉੱਤੇ ਜੰਮ ਆਈ ਸਿੱਕਰੀ ਦੀ ਪੇਪੜੀ ਨੂੰ ਵਾਰ-ਵਾਰ ਚੱਟਦੀ, ਕਾਰ ਵਿਚ ਬੈਠ ਕੇ ਵੀ ਉਸ ਕਾਲੀ ਕੁੜੀ ਨੂੰ ਧੜੀ-ਧੜੀ ਦੀਆਂ ਗਾਲ੍ਹਾਂ ਕੱਢੀ ਜਾ ਰਹੀ ਹੈ:

"ਦੇਖਿਆ ਕਾਲੀ ਕੰਜਰੀ ਨੇ ਕਿੱਦਾਂ ਧੋਖੇ ਨਾਲ ਉਹ ਵੇਚਾਰੀ ਕੁੜੀ ਬਰਬਾਦ ਕਰਕੇ ਰੱਖ ਦਿੱਤੀ ... ਇਹ ਮੂਵੀਆਂ ਵੀ ਤਾਂ ਅੰਤ ਔਰਤ ਦੀ ਬੇਕਦਰੀ ਹੀ ਕਰਦੀਆਂ ... ਜਿਹੜੀ ਮਾੜੀ ਮੋਟੀ ਉਮੀਦ ਬਣਦੀ ਆ, ਉਹ ਹੀ ਖਤਮ ਕਰ ਕੇ ਰੱਖ ਦੇਂਦੀਆਂ।"

"ਯਾਰ ਤੂੰ ਵੀ ਕਮਲੀ ਏਂ! ਕੀ ਤੂੰ ਇਹ ਉਮੀਦ ਕਰਦੀ ਏਂ, ਕਿ ਰਿਸ਼ਤਿਆਂ ਦਾ ਸਭ ਤੋਂ ਵੱਧ ਘਾਣ ਕਰਨ ਵਾਲਾ ਇਹ ਹਾਲੀਬੁੱਡ, ਔਰਤ ਦੇ ਮੁਕਤੀ ਸੰਗਰਾਮ ਦੀਆਂ ਮੂਵੀਆਂ ਬਣਾਏਗਾ? ਅਸਲ 'ਚ ਏਦਾਂ ਦੀਆਂ ਮੂਵੀਆਂ ਬਣਾਈਆਂ ਹੀ ਨਸਲਵਾਦ ਪਨਪਾਉਣ ਲਈ ਜਾਂਦੀਆਂ ..."

ਮੈਂ ਮੂਵੀ-ਮੀਡੀਏ ਦੇ ਅਸਲੀ ਖਾਸੇ ਬਾਰੇ ਦੱਸ ਰਿਹਾ ਹਾਂ ਪਰ ਇਹ ਸੁੰਨ-ਮਟੁੰਨ ਬਣ ਕੇ ਇੰਜ ਬੈਠੀ ਹੈ, ਜਿਵੇਂ ਉਹ ਪੰਚ ਇਹਦੀ ਖੋਪੜੀ ਵਿਚ ਵੱਜਾ ਹੋਵੇ। ਘਰ ਪਹੁੰਚਣ ਤੱਕ ਤਾਂ ਇਹਦੀ ਬੋਲਤੀ ਉੱਕੀ ਬੰਦ ਹੋ ਚੁੱਕੀ ਹੈ ਅਤੇ ਦਰਵਾਜ਼ਾ ਖੁਲ੍ਹਦੇ ਹੀ ਇਹਨੇ ਏਨੀ ਜ਼ੋਰ ਨਾਲ ਛਿੱਕ ਮਾਰੀ ਹੈ ਕਿ ਇਹਦਾ ਸਾਰਾ ਵਜੂਦ ਕੰਬ ਉੱਠਿਆ ਹੈ ਅਤੇ ਇਹ ਛਿੱਕਾਂ ਮਾਰਦੀ, ਡਿਗੂੰ ਡਿਗੂੰ ਕਰਦੀ ਬਾਥਰੂਮ ਵਿਚ ਜਾ ਵੜੀ ਹੈ।

ਮੈਂ ਕਪੜੇ ਬਦਲ ਕੇ ਬੋਤਲ-ਗਲਾਸ ਲੈ ਕੇ ਬੈਠ ਗਿਆ ਹਾਂ ਤੇ ਇਹ ਬਾਹਰ ਨਿਕਲਦੇ ਸਾਰ ਕਹਿ ਰਹੀ ਹੈ, "ਮੈਂ ਲੰਮੀ ਪੈਣ ਲੱਗੀ ਆਂ!"

"ਓ ਯਾਰ, ਹਾਲੇ ਤਾਂ ਨੌਂ ਵੀ ਨਹੀਂ ਵੱਜੇ!"

"ਮੈਂ ਬਹੁਤ ਥੱਕ ਗਈ ਆਂ ... ਮੇਰਾ ਸਿਰ ਵੀ ਦਰਦ ਕਰ ਰਿਹਾ ... ਫਿਰ ਸਵੇਰੇ ਚਾਰ ਵਜੇ ਉੱਠਣਾ ਵੀ ਤਾਂ ਪੈਣਾਂ।"

"ਚਾਰ ਵਜੇ ਕਿਉਂ?"

"ਸਵੇਰੇ ਛੇ ਵਜੇ ਕੰਮ ਤੇ ਲੱਗਣਾ ..."

"ਚੱਲ ਫੇ ਲੰਮੀ ਪੈ ਲੈ ਥੋੜ੍ਹੀ ਦੇਰ, ਫਿਰ ਇਕੱਠੇ ਡਿਨਰ ਕਰਾਂਗੇ।"

"ਮੈਂ ਹੁਣ ਸਵੇਰੇ ਹੀ ਉਠੂੰਗੀ ... ਬੋਲੋ ਜੇ ਰੋਟੀ ਪਕਵਾਉਣੀ ਤਾਂ ... ਫਿਰ ਮੈਨੂੰ ਸੁੱਤੀ ਪਈ ਨੂੰ ਨਾ ਜਗਾਇਓ ...।"

ਇਹਨੇ ਫਿਰ ਜ਼ੋਰ ਦੀ ਛਿੱਕ ਮਾਰੀ ਹੈ ਤਾਂ ਮੈਂ ਕਹਿ ਰਿਹਾ ਹਾਂ, "ਚੰਦਾ, ਤੈਨੂੰ ਦਰਅਸਲ ਠੰਢ ਲੱਗ ਗਈ ਐ ... ਬਰਾਂਡੀ ਦਾ ਡਰਿੰਕ ਬਣਾ ਕੇ ਦਿੰਨਾਂ। ਪੀਂਦੇ ਸਾਰ ਇਹ ਛਿੱਕਾਂ ਵੀ ਬੰਦ ਹੋ ਜਾਣੀਆਂ ਤੇ ਆਹ ਨੱਕ ਮੂੰਹ ਵੀ ਠੀਕ ਹੋ ਜਾਣਾਂ ... ਇਕ ਮੁਦਤ ਬਾਦ ਤਾਂ ਅੱਜ ਤੇਰਾ ਏਨਾ ਚੰਗਾ ਮੂਡ ਬਣਿਆ ... ਹਨੀਮੂਨ *ਮਨਾ ਕੇ ਹੀ ਸੌਵਾਂਗੇ ...!"*

"ਮੇਰਾ ਹਨੀਮੂਨ ਤਾਂ, ਹੁਣ ਸਵੇਰੇ ਕੰਮ ਤੇ ਹੀ ਮੰਨੂ!"

ਇਹ ਖੱਟੀ ਚੁੰਨੀ ਨਾਲ ਸਿਰ ਬੰਨ੍ਹ ਕੇ ਸੂੰ-ਸੂੰ ਕਰਦੀ ਬੈੱਡ ਉੱਤੇ ਜਾ ਪਈ ਹੈ ਅਤੇ ਮੈਂ ਵਿਸਕੀ ਦੇ ਘੁੱਟ ਭਰਦਾ ਸੋਚ ਰਿਹਾ ਹਾਂ:

'ਜਦੋਂ ਦੇ ਇਹ ਕਾਲਾ ਮੁੰਡਾ ਤੇ ਕੁੜੀ ਗੁਆਂਢੀ ਬਣੇ ਆ, ਇਹ ਇਸ ਅਪਾਰਟਮੈਂਟ ਨੂੰ ਘੁਰਨਾ ਕਿਉਂ ਸਮਝਣ ਲੱਗ ਪਈ ਐ?"

'ਕੀ ਇਹਨੂੰ ਵੀ ਰੰਗ ਤੇ ਨਸਲ ਦੀ ਭੜਾਸ ਚੜ੍ਹਨ ਲੱਗ ਪਈ ਹੈ?'

ਇਧਰ ਮੈਂ ਚੰਦਾ ਦੇ ਅੱਜ ਕੱਲ੍ਹ ਬਦਲ ਰਹੇ ਸੁਭਾਅ ਤੇ ਸੋਚ-ਢੰਗ ਬਾਰੇ ਸੋਚ ਰਿਹਾ ਹਾਂ ਅਤੇ ਉਧਰ ਗੁਆਂਢੀ ਮੁੰਡੇ-ਕੁੜੀਆਂ ਦਾ ਡੁਮਰੂ ਵੱਜਣਾ ਵੀ ਸ਼ੁਰੂ ਹੋ ਗਿਆ ਹੈ। ਉਹ 'ਹਿੱਪ ਹੌਪ' ਸੰਗੀਤ ਦੀ ਕੋਈ ਸੀਡੀ ਲਾ ਕੇ ਨੱਚ ਰਹੇ ਲੱਗਦੇ ਹਨ ... ਉੱਚੀ-ਉੱਚੀ ਵੱਜਦਾ ਸੰਗੀਤ, ਧਮ-ਧਮ ਖੜਕਦੀਆਂ ਅੱਡੀਆਂ ਤੇ ਹਾਸੇ ਦੀਆਂ ਕਿਲਕਾਰੀਆਂ, ਮੇਰੇ ਤਨ-ਮਨ ਵਿਚ ਅਜੀਬ ਕਿਸਮ ਦਾ ਰਿਦਮ ਤੇ ਉਤੇਜਨਾ ਪੈਦਾ ਕਰ ਰਹੀਆਂ ਹਨ।

ਮੇਰਾ ਜੀਅ ਕਰਦਾ ਏ, ਮੈਂ ਵੀ ਉਨ੍ਹਾਂ ਦੇ ਨਾਲ ਨੱਚਾਂ ਪਰ ਹਿੰਮਤ ਨਹੀਂ ਪੈ ਰਹੀ। ਚੰਦਾ ਦਾ ਡਰ ਵੀ ਮਾਰ ਰਿਹਾ ਹੈ ਅਤੇ ਫ਼ਿਕਰ ਵੀ ਖਾ ਰਿਹਾ ਹੈ ਕਿਉਂਕਿ ਇਹਦੀ ਨੀਂਦ ਵਿਚ ਖਲਲ ਪੈ ਰਿਹਾ ਹੈ। ਪਰ ਤੀਜਾ ਪੈੱਗ ਅੰਦਰ ਜਾਂਦੇ ਹੀ ਮੈਂ ਸ਼ੇਰ ਹੋ ਗਿਆ ਹਾਂ ਅਤੇ ਆਪਣੀ ਲਾਬੀ ਵਿਚ ਖੜ੍ਹਾ-ਖੜ੍ਹਾ ਨੱਚਣ ਲੱਗ ਪਿਆ ਹਾਂ ... ਦੀਵਾਰ ਦੇ ਉਸ ਪਾਰ ਉਹ ਕਾਲੇ ਨੌਜਵਾਨ ਨੱਚ ਕਰ ਰਹੇ ਹਨ ਅਤੇ ਇਸ ਪਾਰ ਮੈਂ ਨੱਚ ਰਿਹਾ ਹਾਂ ਅਤੇ ਵਿਚਕਾਰ ਖੜ੍ਹੀ ਚੰਦਾ, ਉਬਲਦੀਆਂ ਅੱਖਾਂ ਨਾਲ ਮੇਰੇ ਵੱਲ ਦੇਖ ਰਹੀ ਹੈ।

ਪਤਾ ਨਹੀਂ ਇਹ ਕਹਿਣ ਲਈ ਕੋਈ ਸ਼ਬਦ ਲੱਭ ਰਹੀ ਹੈ ਜਾਂ ਫਿਰ ਕੱਢਣ ਲਈ ਕੋਈ ਗਾਲ੍ਹ ... ਪਰ ਮੈਂ ਇਹਦੀ ਪ੍ਰਵਾਹ ਕੀਤੇ ਬਿਨਾ ਨੱਚ ਰਿਹਾ ਹਾਂ ਅਤੇ ਗੁਣਗੁਣਾ ਰਿਹਾ ਹਾਂ। ਇਹ ਦੇਸੀ 'ਹਿੱਪ ਹੌਪ':

ਚਿੱਤ *ਮੇਰੀ ਚੰਦਨੀ ... ਤੇ ਪੱਟ ਮੇਰੀ ਜਾਨ!*
*ਇਹ ਹੀ ਮੇਰਾ ਹਿੱਪ ਹੌਪ*
*ਇਹ ਹੀ ਰੌਕ ਐਂਡ ਰੌਲ*
*ਚਿੱਤ ਪੱਟ ... ਪੱਟ ਚਿੱਤ ...*
ਚਿੱਤ *ਮੇਰੀ ਚੰਦਨੀ ... ਤੇ ਪੱਟ ਮੇਰੀ ਜਾਨ!*

****

# ਕਾਲਾ ਨਾਚ

ਅੱਜ ਚੰਦਾ ਇੰਨੀ ਖੁਸ਼ ਹੈ ਅਤੇ ਇੰਜ ਅੱਖਾਂ ਮਟਕਾ ਮਟਕਾ ਗੁਟਕ ਰਹੀ ਹੈ ਜਿਵੇਂ ਪਲਕਾਂ ਉਪਰ ਕਿਸੇ ਨਵੇਂ ਸੁਪਨੇ ਦੀ ਸੇਜ ਸਜਾਈ ਬੈਠੀ ਹੋਵੇ ਅਤੇ ਮੈਂ ਇਸ ਖੁਸ਼ੀ ਵਿਚ ਇਜ਼ਾਫਾ ਕਰਨ ਦੇ ਇਰਾਦੇ ਨਾਲ ਕਹਿ ਰਿਹਾ ਹਾਂ, "ਡਾਰਲਿੰਗ, ਚੱਲ ਅੱਜ ਕਿਤੇ ਘੁੰਮਣ ਫਿਰਨ ਚੱਲੀਏ!"

"ਓ ਰੀਅਲੀ, ਇਹ ਤੁਸੀਂ ਕਹਿ ਰਹੇ ਹੋ?"

"ਵ੍ਹਾਈ ਨਾੱਟ! ਜਦੋਂ ਦਾ ਮੈਂ ਦੁਬਾਰਾ ਜੌਬ ਤੇ ਲੱਗਾਂ, ਪਹਿਲੀ ਵਾਰੀ ਤਾਂ ਆਪਾਂ ਨੂੰ ਦੋ ਇਕੱਠੀਆਂ ਛੁੱਟੀਆਂ ਮਿਲੀਆਂ।"

"ਚਲੋ ਫਿਰ ਗਰੇਟ ਮਾਲ਼ ਚੱਲਦੇ ਆਂ, ਓਥੇ ਅੱਜ ਆਜ਼ਾਦੀ ਦਿਵਸ ਦੀ ਬਹੁਤ ਵੱਡੀ ਸੇਲ ਲੱਗੀ ਆ ...।"

"ਮੇਰਾ ਤਾਂ ਕਿਸੇ ਸਟੋਰ ਵਿਚ ਵੜਨ ਨੂੰ ਜੀਅ ਨਹੀਂ ਕਰਦਾ। ਗਰੇਟ ਮਾਲ਼ ਵਿਚ ਤਾਂ ਵੈਸੇ ਹੀ ਅੱਖਾਂ ਚੁੰਨ੍ਹੀਆਂ ਹੋ ਜਾਂਦੀਆਂ ਤੇ ਅੱਜ ਤਾਂ 'ਫਲੱਡ ਲਾਈਟਸ' ਨਾਲ ਇਹ ਅੰਨ੍ਹਾ ਹੋਇਆ ਪਿਆ ਹੋਣਾ!"

"ਤੁਸੀਂ ਬਾਹਰ ਘੁੰਮ-ਫਿਰ ਲਿਓ, ਆਉਂਦੇ ਜਾਂਦੇ ਲੋਕ ਦੇਖ ਲਿਓ, ਮੈਂ ਸ਼ਾਪਿੰਗ ਕਰ ਲਊਂਗੀ!"

"ਸ਼ਾਪਿੰਗ?"

"ਯ੍ਹਾਅ! ਇਸ ਵਾਰ ਫਿਰ 'ਨੰਬਰ ਵੰਨ ਸੇਲਜ਼ਪਰਸਨ' ਆਈ ਹਾਂ! ਇਸ ਲਈ ਇਕ ਡਾਲਰ ਦੀ ਰੇਜ਼ ਮਿਲੀ ਆ ... ਸਮਝੋ, ਘੱਟ ਤੋਂ ਘੱਟ ਦੋ ਸੌ ਡਾਲਰ ਹੋਰ ਆਮਦਨ, ਹਰ ਮਹੀਨਾ।"

"ਫਿਰ ਤਾਂ ਕਮਾਲ ਹੋ ਗਈ ... ਚੱਲ ਫਿਰ ਸੈਲੀਬਰੇਟ ਕਰੀਏ!"

"ਚਲੋ ਫਿਰ ਤਿਆਰ ਹੋ ਜਾਓ ਫਟਾਫਟ!"

ਕਹਿ ਕੇ ਇਹ ਨੱਚਦੇ ਪੈਰਾਂ ਨਾਲ ਅੰਦਰ ਜਾ ਵੜੀ ਹੈ ਅਤੇ ਨੀਲੀ ਜੀਨਜ਼ ਦੀ ਪੈਂਟ ਦੇ ਨਾਲ ਚਿੱਟੀ ਮਲਮਲ ਦੀ ਕੁੜਤੀ ਅਤੇ ਨਵੀਂ ਜੁੱਤੀ ਪਹਿਨ ਕੇ ਹਵਾ ਨਾਲ ਗੱਲਾਂ ਕਰ ਰਹੀ ਹੈ। ਮੈਂ ਵੀ ਸਜ-ਫਬ ਕੇ ਉੱਚੀਆਂ ਹਵਾਵਾਂ ਵਿਚ ਉੱਡ ਰਿਹਾ ਹਾਂ ਪਰ ਬਾਹਰ ਨਿਕਲਦੇ ਹੀ ਮੇਰੀ ਨਜ਼ਰ ਗੁਆਂਢੀ ਅਪਾਰਟਮੈਂਟ ਦੀ ਖਿੜਕੀ ਦੇ ਸ਼ੀਸ਼ੇ ਉਪਰ ਲੱਗੇ ਪੋਸਟਰ: 'ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ' ਨਾਲ ਟਕਰਾ ਕੇ ਜਾਮ ਹੋ ਗਈ ਹੈ।

ਇਹ ਪੋਸਟਰ ਅੱਜ ਪਹਿਲੀ ਵਾਰ ਮੈਂ ਦੇਖਿਆ ਹੈ।

ਬੜਾ ਦਿਲਕਸ਼ ਲੱਗ ਰਿਹਾ ਹੈ। ਮੋਢੇ ਨਾਲ ਮੋਢਾ ਜੋੜੀ ਖੜ੍ਹੀ ਇਕ ਜੋੜੀ: ਕਾਲਾ ਮੁੰਡਾ ਤੇ ਕਾਲੀ ਕੁੜੀ, ਬੁਲੰਦੀ ਅਤੇ ਸੁੰਦਰਤਾ ਦਾ ਪੈਗਾਮ ਦਿੰਦੇ ਪ੍ਰਤੀਤ ਹੋ ਰਹੇ ਹਨ। ਮੈਂ ਪੋਸਟਰ ਵੱਲ



ਅਤੇ ਪੋਸਟਰ ਮੇਰੇ ਵੱਲ ਨਿਰੰਤਰ ਝਾਕ ਰਿਹਾ ਹੈ ਅਤੇ ਸਾਡੇ ਦੋਨਾਂ ਵਿਚਕਾਰ ਇਕ ਮੂਕ ਵਾਰਤਾਲਾਪ ਚੱਲ ਰਿਹਾ ਹੈ ਪਰ ਇਹ ਮੈਨੂੰ ਖਿੱਚ ਕੇ ਕਾਰ ਤੱਕ ਲੈ ਆਈ ਹੈ ਅਤੇ ਅਸੀਂ ਉੱਡਦੇ ਹੋਏ ਗਰੇਟ ਮਾਲ਼ ਵਿਚ ਆ ਵੜੇ ਹਾਂ।

ਗਰੇਟ ਮਾਲ਼ ਵਿਚ ਅੱਜ ਮੇਲੇ ਵਰਗਾ ਮਾਹੌਲ ਹੈ।

ਚਾਰ-ਚੁਫੇਰੇ ਭੀੜ ਇੰਜ ਹਰਲ ਹਰਲ ਕਰਦੀ ਫਿਰ ਰਹੀ ਹੈ ਜਿਵੇਂ ਸਾਰਾ ਮਾਲ਼ 'ਲੁੱਟ' ਕੇ ਲੈ ਜਾਏਗੀ। ਕੋਈ ਵੀ ਸਟੋਰ ਜਾਂ ਸੁਪਰ-ਸਟੋਰ ਅਜੇਹਾ ਨਹੀਂ ਦਿਸ ਰਿਹਾ ਜਿਸ ਉਪਰ 'ਗਰੇਟ ਸੇਲ' ਜਾਂ 'ਸੁਪਰ ਸੇਲ' ਦੇ ਬੈਨਰ ਨਾ ਲੱਗੇ ਹੋਣ। 'ਸੱਤਰ ਪ੍ਰਤੀਸ਼ਤ ਡਿਸਕਾਊਂਟ', 'ਇਕ ਖਰੀਦੋ, ਇਕ ਮੁਫਤ', ਆਦਿ ਦਿਲਕਸ਼ ਬੈਨਰ ਅਤੇ ਸਾਮਾਨ ਦੇ ਭਰੇ ਬੈਗ ਹੱਥਾਂ ਵਿਚ ਲਟਕਾਈ ਫਿਰਦੇ ਲੋਕ ਨਜ਼ਰ ਆ ਰਹੇ ਹਨ।

ਅਸੀਂ ਵੀ ਕੁਝ ਖਰੀਦਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਕੋਈ ਦਰਜਨ-ਭਰ ਸਟੋਰਾਂ ਦੇ ਅੰਦਰ-ਬਾਹਰ ਹੋ ਕੇ ਵੀ ਮੈਂ ਸਿਰਫ਼ ਇਕ ਟੋਪੀ ਖਰੀਦੀ ਹੈ ਜੋ *ਰੌਸ਼ਨੀ ਦੇ ਹੜ੍ਹ ਤੋਂ ਅੱਖਾਂ ਬਚਾਉਣ ਦੇ ਕੰਮ ਆ ਰਹੀ ਹੈ* ਅਤੇ ਇਹਨੇ ਤਿੰਨ-ਚਾਰ ਰਬੜ-ਬੈਂਡ ਖਰੀਦੇ ਹਨ। ਸਾਨੂੰ ਕੋਈ ਚੀਜ਼ ਅਜੇਹੀ ਦਿਖ ਹੀ ਨਹੀਂ ਰਹੀ, ਜਿਸਦੀ ਦਰਅਸਲ ਸਾਨੂੰ ਲੋੜ ਹੋਵੇ ਤੇ ਜੋ ਕੋਈ ਚੀਜ਼ ਪਸੰਦ ਆ ਵੀ ਰਹੀ ਹੈ ਤਾਂ ਭਾਰੀ 'ਡਿਸਕਾਊਂਟ' ਦੇ ਬਾਵਜੂਦ ਮਹਿੰਗੀ ਲੱਗ ਰਹੀ ਹੈ ਅਤੇ ਦੋ ਘੰਟੇ ਵਿਚ ਹੀ ਸਾਡੀ ਇਹ ਹਾਲਤ ਹੋ ਗਈ ਹੈ ਕਿ ਮੇਲੇ ਵਿਚ ਐਵੇਂ ਗੁਆਚੇ ਜਿਹੇ ਫਿਰ ਰਹੇ ਹਾਂ।

ਥੱਕ ਗਏ ਹਾਂ, ਤਾਂ ਕੁਝ ਖਾਣ-ਪੀਣ ਲਈ ਏਨੀ ਵਧੀਆ ਜਗ੍ਹਾ ਆ ਪਹੁੰਚੇ ਹਾਂ, ਜਿੱਥੇ ਇਕ ਪਾਸੇ ਭਾਂਤ ਸੁਭਾਂਤੇ ਖਾਣਿਆਂ ਨਾਲ ਲੱਦੇ ਪਏ ਦਰਜਨਾਂ ਕਾਊਂਟਰ ਮਹਿਕ ਰਹੇ ਹਨ ਅਤੇ ਦੂਜੇ ਪਾਸੇ ਸਟੇਜ ਉਪਰ ਗੀਤ-ਸੰਗੀਤ ਦਾ ਪ੍ਰੋਗਰਾਮ ਚੱਲ ਰਿਹਾ ਹੈ।

ਮੁੰਡੇ ਕੁੜੀਆਂ ਨੱਚ ਰਹੇ ਹਨ ਅਤੇ ਅਸੀਂ ਵੀ ਆਪਣਾ ਖਾਣਾ ਲੈ ਕੇ ਸਟੇਜ ਦੇ ਨਜ਼ਦੀਕ ਆ ਬੈਠੇ ਹਾਂ ਅਤੇ ਚੱਲ ਰਿਹਾ ਨਾਚ ਖਤਮ ਹੁੰਦੇ ਹੀ ਇਕ ਖੂਬਸੂਰਤ ਗੋਰੀ ਕੁੜੀ ਇਹ ਐਲਾਨ ਕਰ ਰਹੀ ਹੈ, "ਹੁਣ ਮਿਸਟਰ ਗਿੱਬਜ ਅਤੇ ਮਿਸ ਗਬੀਬਾ ਇਕ ਹਿੱਪ ਹੌਪ ਨਾਚ-ਗੀਤ ਪੇਸ਼ ਕਰਨਗੇ ... ਹਿੱਪ ਹੌਪ ਦੀ ਦੁਨੀਆ ਦੇ ਨਵੇਂ ਸਿਤਾਰੇ: ਮਿਸਟਰ ਗਿਬਜ ਅਤੇ ਮਿਸ ਗਬੀਬਾ ਲਈ ਜ਼ੋਰਦਾਰ ਤਾਲੀਆਂ!"

ਚਾਰ-ਚੁਫੇਰੇ ਤਾਲੀਆਂ ਗੂੰਜ ਰਹੀਆਂ ਹਨ ਪਰ ਚੰਦਾ ਦੀ ਚੀਕ ਮਸੀਂ ਰੁਕੀ ਹੈ, "ਓਹ, ਇਹ ਤਾਂ ਆਪਣੇ ਗੁਆਂਢੀ ਕਾਲੇ ਆ, ਅੱਜ ਤਾਂ ਪਛਾਣੇ ਈ ਨਹੀਂ ਜਾ ਰਹੇ, ਦੇਖੋ ਤਾਂ ਸਹੀ, ਬਣੇ ਕੀ ਹੋਏ ਆ!"

"ਓ ਯ੍ਹਾ, ਇਹ ਤਾਂ ਉਹੀ ਆ!" ਮੈਨੂੰ ਖੁਸ਼ੀ ਹੋ ਰਹੀ ਹੈ।

ਉਹ ਝੂਮ-ਝੂਮ ਕੇ ਗਾ ਰਹੇ ਨੇ, ਨੱਚ-ਨੱਚ ਕੇ ਧਮਾਲਾਂ ਪਾ ਰਹੇ ਨੇ ਅਤੇ ਤਾਲੀਆਂ ਫਿਰ ਗੂੰਜ ਉਠੀਆਂ ਹਨ ਅਤੇ ਮੇਰੇ ਮੂੰਹੋਂ ਨਿਕਲਿਆ ਹੈ, "ਯਾਰ ਚੰਦਾ, ਇਹ ਤਾਂ ਕਲਾਕਾਰ ਨਿਕਲੇ ... ਆਪਾਂ ਐਵੇਂ ਵੇਚਾਰਿਆਂ ਨੂੰ ਫਾਲ਼ਤੂ ਦੇ ਖਰੂਦੀ ਸਮਝਦੇ ਰਹੇ।"

"ਸਵਾਹ *ਦੇ ਕਲਾਕਾਰ ਆ* ... ਦੇਖਿਆ ਨਹੀਂ, ਕਿੱਦਾਂ ਬਾਂਦਰਾਂ ਵਾਂਗ ਟਪੂਸੀਆਂ ਮਾਰ

ਰਹੇ ਸੀ ...” ਇਹਨੂੰ ਪਤਾ ਨਹੀਂ ਕੀ ਸੜਨ ਹੋ ਰਹੀ ਹੈ ਅਤੇ ਗੋਰੀ ਕੁੜੀ ਫਿਰ ਐਲਾਨ ਕਰ ਰਹੀ ਹੈ:

“ਹੁਣ ਮਿਸਟਰ ਗਿਬਜ ਅਤੇ ਮਿਸ ਗਬੀਬਾ, ਕਾਲੇ ਨਾਚ ਦੀ ਉਹ ਦਿਲਕਸ਼ ਆਈਟਮ ਪੇਸ਼ ਕਰਨਗੇ, ਜਿਸਨੂੰ ਦੇਖ ਕੇ ਤੁਹਾਡੀਆਂ ਧੜਕਨਾਂ ਮਚਲ ਉਠਣਗੀਆਂ ... ਪੈਰ ਨੱਚਣ ਲੱਗ ਜਾਣਗੇ ... ਤੇ ਇਹ ਨਾਚ ਤੁਸੀਂ ਕਦੇ ਵੀ ਭੁਲਾ ਨਹੀਂ ਸਕੋਗੇ ... ਕਾਲੇ ਨਾਚ ਦੇ ਮਹਾਨ ਕਲਾਕਾਰਾਂ ਦਾ ਜ਼ੋਰਦਾਰ ਸਵਾਗਤ ... ਤਾਲੀਆਂ!”

ਇਸ ਵਾਰ ਉਨ੍ਹਾਂ ਦੇ ਸ਼ਾਨਦਾਰ ਡਰੈਸ ਇੰਜ ਚਮਕ ਰਹੇ ਹਨ ਜਿਵੇਂ ਕਿਸੇ ਪਰੀ-ਦੇਸ਼ ਤੋਂ ਚਾਂਦੀ ਦੇ ਬਸਤਰ ਪਹਿਨ ਕੇ ਜ਼ਮੀਨ ਉਪਰ ਉਤਰੇ ਹੋਣ। ਨਾਚ ਦੀ ਸ਼ੁਰੂਆਤ ਵੀ ਇੰਨੇ ਕਮਾਲ ਦੇ ਨਾਟਕੀ ਤੇ ਕਲਾਤਮਕ ਢੰਗ ਨਾਲ ਹੋਈ ਹੈ ਕਿ ਇਧਰ ਦੀ ਲੰਘ ਰਿਹਾ ਹਰ ਕਦਮ ਰੁਕ ਗਿਆ ਹੈ ਤੇ ਛਿਣ ਭਰ ਵਿਚ ਦਰਸ਼ਕਾਂ ਦੀ ਭਾਰੀ ਭੀੜ ਜਮ੍ਹਾ ਹੋ ਗਈ ਏ।

ਉਹ ਨੱਚ ਨੱਚ ਕੇ ਸਟੇਜ ਹਿਲਾ ਰਹੇ ਹਨ। ਘੁੰਮ ਘੁੰਮ ਕੇ ਉਧਮ ਮਚਾ ਰਹੇ ਹਨ। ਟਪੂਸੀਆਂ ਮਾਰ ਮਾਰ ਕੇ ਹਵਾ ਵਿਚ ਉੱਡ ਰਹੇ ਹਨ। ਮਿਸ ਗਬੀਬਾ ਦਾ ਸਰੀਰ ਤਾਂ ਇੰਜ ਅਦਾਵਾਂ ਬਦਲ ਰਿਹਾ ਹੈ ਜਿਵੇਂ ਮੋਮ ਦਾ ਹੋ ਗਿਆ ਹੋਵੇ। ਕਦੇ ਸਾਰੇ ਦਾ ਸਾਰਾ ਸਟੇਜ ਉਪਰ ਵਿਛ ਜਾਂਦਾ ਹੈ ਅਤੇ ਕਦੇ ਮੋਰਨੀ ਵਾਂਗ ਪੈਲਾਂ ਪਾਉਣ ਲੱਗਦਾ ਹੈ। ਹਰ ਕੋਈ ਅੱਸ਼-ਅੱਸ਼ ਕਰ ਰਿਹਾ ਹੈ ਅਤੇ ਨਾਚ ਜਿਉਂ ਜਿਉਂ ਅੱਗੇ ਵੱਧ ਰਿਹਾ ਹੈ ਹੋਰ ਵੀ ਦਿਲਕਸ਼ ਅਤੇ ਬੁਲੰਦ ਹੁੰਦਾ ਜਾ ਰਿਹਾ ਹੈ ... ਤੇ ਅਚਾਨਕ, ਗਬੀਬਾ ਨੇ ਇਕ ਲੱਤ ਚੁੱਕ ਕੇ ਸਿੱਧੀ ਅਸਮਾਨ ਵੱਲ ਖੜ੍ਹੀ ਕਰ ਦਿੱਤੀ ਹੈ ਅਤੇ ਦੂਜੀ ਪੰਜੇ ਦੇ ਭਾਰ ਸਟੇਜ ਉਤੇ ਗੱਡ ਦਿੱਤੀ ਹੈ। ‘ਵਾਹ ... ਵਾਹ’ ਨਾਲ ਸਾਰੀ ਫ਼ਿਜ਼ਾ ਗੂੰਜ ਉੱਠੀ ਹੈ। ਉਹ ਉਸੇ ਅਦਾ ਵਿਚ ਅਡੋਲ ਖੜ੍ਹੀ ਨੱਚ ਰਹੀ ਹੈ ਅਤੇ ਗਿਬਜ ਉਹਦੇ ਅੱਗੇ ਸਿਰ ਝੁਕਾ ਕੇ ਗੋਡੇ ਦੇ ਭਾਰ ਇੰਜ ਬੈਠਾ ਹੈ ਕਿ ਧੜਕਣਾਂ ਮਚਲ ਮਚਲ ਰੁਕ ਗਈਆਂ ਹਨ।

ਮੇਰਾ ਮਨ ਵੀ ਨੱਚ ਰਿਹਾ ਹੈ, ‘ਯਾਰ ਚੰਦਾ, ਇਹ ਤਾਂ ਕਮਾਲ ਹੀ ਹੋ ਗਈ! ਮੈਂ ਇੰਨਾ ਖੂਬਸੂਰਤ ਅਤੇ ਦਿਲਕਸ਼ ਨਾਚ ਪਹਿਲਾਂ ਕਦੇ ਨਹੀਂ ਦੇਖਿਆ।’ ਮੇਰੇ ਮੂੰਹੋਂ ਏਨੀ ਜ਼ੋਰ ਨਾਲ ਨਿਕਲਿਆ ਹੈ ਕਿ ਕਈ ਨਜ਼ਰਾਂ ਮੇਰੇ ਵੱਲ ਘੁੰਮ ਕੇ ਫਿਰ ਸਟੇਜ ਉਪਰ ਜਾਮ ਹੋ ਗਈਆਂ ਹਨ ਪਰ ਇਹ ਮੈਨੂੰ ਘੂਰਦੀ ਹੋਈ ਕਹਿ ਰਹੀ ਹੈ, “ਚਲੋ, ਚੱਲਦੇ ਆਂ!”

“ਹੱਦ ਹੋ ਗਈ ਯਾਰ, ਏਨਾ ਵਧੀਆ ਨਾਚ ਚੱਲ ਰਿਹਾ ਤੇ ਤੂੰ ...!”

“ਚਲੋ, ਨਾਚ ਅੱਜ ਮੈਂ ਦਿਖਾਊਂਗੀ ਤੁਹਾਨੂੰ!”

ਇਹ ਮੇਰਾ ਹੱਥ ਫੜੀ ਇਕ ਫੈਂਸੀ ਸਟੋਰ ਅੰਦਰ ਆ ਵੜੀ ਹੈ। ਇਕ ਤੋਂ ਬਾਅਦ ਇਕ ਡਰੈਸ ਬਦਨ ਨਾਲ ਲਾ ਲਾ ਕੇ ਮੁਸਕਰਾ ਰਹੀ ਹੈ ਅਤੇ ਮੈਂ ਇਹਦੇ ਪਿੱਛੇ-ਪਿੱਛੇ ਦੁੰਬ ਹਿਲਾਉਂਦਾ ਸੋਚ ਰਿਹਾ ਹਾਂ, ‘ਇਹ ਜ਼ਰੂਰ ਇਨ੍ਹਾਂ ਕਲਾਕਾਰਾਂ ਦੀ ਨਕਲ ਕਰ ਰਹੀ ਹੈ।’ ਇਹਨੇ ਪਲ ਭਰ ਵਿਚ ਸਾਰਾ ਸਟੋਰ ਛਾਣ ਮਾਰਿਆ ਹੈ ... ਤਿੰਨ-ਚਾਰ ਡਰੈਸ ਲੈ ਕੇ ‘ਡਰੈਸਿੰਗ ਰੂਮ’ ਵਿਚ ਜਾ ਵੜੀ ਹੈ ਅਤੇ ਇਕ ਡਰੈਸ ਪਹਿਨ ਕੇ ਬਾਹਰ ਆਈ ਹੈ ਤਾਂ ਪੁੱਛ ਰਹੀ ਹੈ, “ਕਿਵੇਂ ਲੱਗ ਰਹੀ ਆਂ?”

“ਚੰਬੇ ਦੀ ਕਲੀ ਲੱਗ ਰਹੀ ਏਂ, ਮੇਰੀ ਜਾਨ!”



“ਯਾਦ ਐ, ਜਦੋਂ ਆਪਾਂ ਮਸੂਰੀ ਘੁੰਮਣ ਗਏ ਸੀ ਤਾਂ ਮੈਂ ਏਦਾਂ ਦੀ ਡਰੈਸ ਪਾ ਕੇ ਫੋਟੋ ਖਿਚਾਈ ਸੀ ... ਉਹ ਡਰੈਸ ਤੇ ਫੋਟੋ ਤੁਹਾਨੂੰ ਬੜੀ ਪਸੰਦ ਆਈ ਸੀ ... ਇਸ ਲਈ ਇਹ ਮੈਂ ਖਰੀਦ ਰਹੀ ਆਂ!”

“ਇਹਦੀ ਕੀਮਤ ਵੀ ਦੇਖੀ ਐ?”

“ਪੰਜ ਸੌ ਸੱਤਰ ਡਾਲਰ, ਨਾਟ ਬੈਡ! ਪੱਚੀ ਪਰਸਿੰਟ ਡਿਸਕਾਊਂਟ ਵੀ ਹੈਗਾ!”

“ਦੱਸ ਤੂੰ ਏਹਨਾ ਮਹਿੰਗਾ ਡਰੈਸ ਸਿਰ ਮਾਰਨਾ?”

“ਕੰਜੂਸ ਬੁੱਢੇ!” ਇਹ ਕਿਲਕਾਰੀ ਮਾਰ ਕੇ ਹੱਸੀ ਏ ਤਾਂ ਕਈ ਅੱਖਾਂ ਸਾਡੇ ਵੱਲ ਘੁੰਮੀਆਂ ਹਨ ਤੇ ਇਹਨੇ ਮੇਰਾ ਮੂਡ ਦੇਖ ਕੇ ਡਰੈਸ ਰੱਖ ਦਿੱਤੀ ਹੈ ਅਤੇ ਮੈਨੂੰ ਖਿੱਚਦੀ ਹੋਈ ਇਕ ਹੋਰ ਫੈਂਸੀ ਸਟੋਰ ਤੱਕ ਲੈ ਆਈ ਹੈ।

ਪਰ ਮੈਂ ਗੇਟ ਉਪਰ ਅੜ ਕੇ ਖੜ੍ਹੋ ਗਿਆ ਹਾਂ, “ਦੇਖ ਚੰਦਾ, ਮੇਰੀਆਂ ਅੱਖਾਂ ਅੰਨ੍ਹੀਆਂ ਹੋ ਰਹੀਆਂ। ਮੈਂ ਜਦੋਂ ਅੱਖਾਂ ਖੋਲ੍ਹਦਾਂ ਤਾਂ ਸਿਰ ਚੱਕਰਾਅ ਜਾਂਦਾ। ਮੈਂ ਓਥੇ ਬੈਠਦਾਂ ਉਸ ਬੈਂਚ ਉਤੇ। ਤੂੰ ਖਰੀਦ ਲੈ ਜੋ ਵੀ ਤੇਰਾ ਮਨ ਕਰਦਾ।”

“ਮੈਂ ਖਰੀਦਣਾ ਆਪਣਾ ਸਿਰ ਆ ... ਮੇਰੇ ਕੋਲ ਤਾਂ ਵੀਹ ਡਾਲਰ ਦੀ ਰੇਜ਼ਗਾਰੀ ਵੀ ਨਹੀਂ ਹੋਣੀਂ।”

“ਆਹ ਲੈ ਆਪਣਾ ਕਾਰਡ, ਭਾਵੇਂ ਸਾਰਾ ਸਟੋਰ ਖਰੀਦ ਲਿਆ।” ਮੈਂ ਇੰਜ ਕਿਹਾ ਏ, ਜਿਵੇਂ ਕਰੈਡਿਟ ਕਾਰਡ ਮਿਲੀਅਨ ਡਾਲਰ ਦਾ ਹੋਵੇ। ਇਹਨੇ ਹਿਰਖ-ਭਰੇ ਨਖ਼ਰੇ ਨਾਲ ਕਾਰਡ ਪਰਸ ਵਿਚ ਰੱਖ ਲਿਆ ਹੈ ਅਤੇ ਜੀਭ ਕੱਢ ਕੇ ਮੈਨੂੰ ਚਿੜਾ ਕੇ ਸਟੋਰ ਵਿਚ ਜਾ ਵੜੀ ਹੈ ਅਤੇ ਮੈਂ ਅੱਖਾਂ ਮੀਚੀ ਬੈਠਾ ਸੋਚ ਰਿਹਾ ਹਾਂ:

‘ਇਹ ਇਨ੍ਹਾਂ ਕਲਾਕਾਰਾਂ ਦੀ ਨਕਲ ਕਿਉਂ ਕਰ ਰਹੀ ਹੈ?’

‘ਕੀ ਇਹ ਜਵਾਨ ਲੱਗਣਾ ਚਾਹੁੰਦੀ ਹੈ ਤੇ ਇਸ ਲਈ ਇਨ੍ਹਾਂ ਵਾਂਗ ਹਰ ਵਕਤ ਨੱਚਦੀ ਟੱਪਦੀ ਰਹਿਣਾ ਚਾਹੁੰਦੀ ਏ?’ ਇਹ ਵਿਚਾਰ ਮਨ ਵਿਚ ਉਭਰਦੇ ਹੀ ਅੱਖਾਂ ਸਾਹਮਣੇ ਵੀਹ-ਪੱਚੀ ਵਰ੍ਹੇ ਪਹਿਲਾਂ ਵਾਲੀ ਉਹ ਅੱਲ੍ਹੜ ਚੰਦਾ ਆ ਖੜ੍ਹੋਈ ਹੈ, ਜੋ ਅਲਕ ਨੰਦਾ ਵਾਂਗ ਨਿਰਛਲ ਵਗਦੀ ਸੀ ਅਤੇ ਸਿਮਰਤੀ ਕੇਂਦਰ ਵਿਚ ਇਕ ਫਿਲਮ ਚੱਲਣੀ ਸ਼ੁਰੂ ਹੋ ਗਈ ਹੈ।

ਉਨ੍ਹਾਂ ਸਮਿਆਂ ਦੀ ਫਿਲਮ ਜਦੋਂ ਸਾਡਾ ਪਿਆਰ ਸਮੁੰਦਰ ਦੀਆਂ ਛੱਲਾਂ ਵਾਂਗ ਠਾਠਾਂ ਮਾਰਦਾ ਸੀ ਅਤੇ ਇਸ ਦਾ ਇਕ ਵੱਡਾ ਰੂਪ, ਮਨੁੱਖਤਾ ਨਾਲ ਪਿਆਰ ਸਾਡੀ ਹਰ ਧੜਕਣ ਵਿਚ ਵਸਿਆ ਹੋਇਆ ਸੀ।

ਜ਼ਿੰਦਗੀ ਦੇ ਉਹ ਮਹਾਨ ਪਲ ਜ਼ਿਹਨ ਵਿਚ ਸੱਜਰੇ ਵਰਤਮਾਨ ਵਾਂਗ ਉਭਰ ਰਹੇ ਹਨ ਅਤੇ ਮੈਂ ਅੱਖਾਂ ਮੀਚੀ ਬੈਠਾ, ਉਨ੍ਹਾਂ ਪਲਾਂ ਦੀਆਂ ਮਿੱਠੀਆਂ ਯਾਦਾਂ ਦਾ ਲੁਤਫ਼ ਲੈ ਰਿਹਾ ਹਾਂ ਪਰ ਮਿਸ ਗਬੀਬਾ ਦੀ ਅਸਮਾਨ ਵੱਲ ਸਿੱਧੀ ਖੜ੍ਹੀ ਲੱਤ ਇਸ ਵਿਚ ਵਿਘਨ ਪਾ ਰਹੀ ਹੈ। ਜਿਸ ਨੂੰ ਦੇਖਣ ਲਈ ਅੱਖ ਮੱਲੋ ਮੱਲੀ ਖੁੱਲ੍ਹ ਜਾਂਦੀ ਹੈ ਪਰ ਤੇਜ਼ ਰੌਸ਼ਨੀਆਂ ਨਾਲ ਟਕਰਾ ਕੇ ਫਿਰ ਬੰਦ ਹੋ ਜਾਂਦੀ ਹੈ।

ਦਰਅਸਲ, ਜਦੋਂ ਦੀ ਰਾਤ ਦੀ ਜੌਬ ਮਿਲੀ ਹੈ, ਤਨ-ਮਨ ਮਧੋਲਿਆ ਅਤੇ ਦਿਮਾਗ਼

ਬੌਂਦਲਿਆ ਜਿਹਾ ਰਹਿੰਦਾ ਅਤੇ ਅੱਖਾਂ ਵਿਚ ਕਿਰਕਰੀ ਵਰਗਾ ਕੁਝ ਰੜਕਦਾ ਰਹਿੰਦਾ। ਤੇਜ਼ ਲਾਈਟਾਂ ਦੇਖਦੇ ਹੀ ਅੱਖਾਂ ਵਿਚ ਏਨਾ ਤੇਜ਼ ਦਰਦ ਮਹਿਸੂਸ ਹੁੰਦਾ ਹੈ ਕਿ ਬਰਦਾਸ਼ਤ ਨਹੀਂ ਹੁੰਦਾ ਤੇ ਅੱਜ ਮਾਲ਼ ਵਿਚ ਤਾਂ ਜਿਵੇਂ ਹਜ਼ਾਰਾਂ ਸੂਰਜ ਚੜ੍ਹੇ ਹੋਏ ਹਨ।

ਪਰ 'ਇਹ ਚਕਾਚੌਂਧ ਮੈਨੂੰ ਰਾਸ ਕਿਉਂ ਨਹੀਂ ਆ ਰਹੀ ?' ਇਸੇ ਉਦੇੜ-ਬੁਣ ਵਿਚ ਪਤਾ ਨਹੀਂ ਕਦੋਂ ਅੱਖ ਲੱਗ ਗਈ ਹੈ। ਚੰਦਾ ਦੀ ਨਰਮ-ਮੁਲਾਇਮ ਛੋਹ ਨਾਲ ਅੱਖ ਖੁੱਲ੍ਹੀ ਹੈ ਤਾਂ ਖੁੱਲ੍ਹੀ ਹੀ ਰਹਿ ਗਈ ਹੈ: ਸ਼ਾਨਦਾਰ ਫੈਂਸੀ ਡਰੈਸ ਦੇ ਨਾਲ, ਕੰਨਾਂ ਵਿਚ ਚਾਂਦੀ ਦੇ ਗੋਲ ਝੁਮਕੇ, ਪੈਰਾਂ ਵਿਚ ਘੁੰਗਰੂ, ਇਕ ਬਾਂਹ ਵਿਚ ਕਜਰਾ ਅਤੇ ਦੂਜੀ ਵਿਚ ਹੋਰ ਸ਼ੰਗਣ-ਮੰਗਣ ... ਇਹ ਅਰਸ਼ੋਂ ਉਤਰੀ ਪਰੀ ਲੱਗ ਰਹੀ ਹੈ ... ਹੁਸਨੋ-ਸ਼ਬਾਬ ਡੁੱਲ੍ਹ ਡੁੱਲ੍ਹ ਪੈ ਰਿਹਾ ਹੈ ਅਤੇ ਸ਼ੋਖ ਮੁਸਕਰਾਹਟ ਬੁੱਲ੍ਹਾਂ ਉਤੇ ਪ੍ਰਸ਼ਨ ਚਿੰਨ੍ਹ ਬਣ ਕੇ ਨੱਚ ਰਹੀ ਹੈ, "ਕੈਸੀ ਲੱਗ ਰਹੀ ਹੂੰ ?"

"ਨਜ਼ਰ ਨਾ ਲੱਗ ਜਾਏ ਮੇਰੀ ਜਾਨ !"

"ਚਲੋ ਫਿਰ ਨਚਾ ਲਓ, ਜਿੱਥੇ ਵੀ ਨਚਾਉਣਾ !"

"ਚੱਲ ਘਰ ਈ ਚੱਲਦੇ ਆਂ ... ਓਥੇ ਹੀ ਨੱਚਾਂ, ਨਚਾਵਾਂਗੇ !"

"ਏਨੀ ਖ਼ੂਬਸੂਰਤ ਔਰਤ ਏਨਾ ਸੋਹਣਾ ਡਰੈਸ ਪਹਿਨ ਕੇ ਸਾਹਮਣੇ ਹਾਜ਼ਰ ਖੜ੍ਹੀ ਹੋਵੇ ਤਾਂ ਵੀ ਉਹ ਘੁਰਨਾ ਈ ਸੁਝਦਾ ? ਮੈਨੂੰ ਲੱਗਦਾ, ਤੁਸੀਂ ਸੱਚ-ਮੁੱਚ ਬੁੱਢੇ ਹੋ ਗਏ ਓ !" ਇਹ ਕਿਸੇ ਅੱਲ੍ਹੜ ਕੁੜੀ ਵਾਂਗ ਅੱਖਾਂ ਮਟਕਾ ਮਟਕਾ ਹੱਸ ਰਹੀ ਹੈ ਅਤੇ ਇਹਦੀ ਨੱਚਣ ਦੀ ਰੀਝ ਇਹਦੇ ਰੋਮ ਰੋਮ ਵਿਚੋਂ ਲਰਜ਼ ਰਹੀ ਹੈ ਪਰ ਮੇਰੀ ਬੋਲਤੀ ਉੱਕੀ ਬੰਦ ਹੋ ਚੁੱਕੀ ਹੈ:

"ਯਾਰ, ਮੈਂ ਬਹੁਤ ਥੱਕ ਗਿਆ ਹਾਂ ... ਅੱਖਾਂ ਵਿਚ ਰੜਕ ਵੀ ਪੈ ਰਹੀ ਐ ... ਸਿਰ ਵੀ ਚਕਰਾ ਰਿਹਾ।"

ਕਹਿ ਕੇ ਮੈਂ ਇਹਦੇ ਅੱਗੇ-ਅੱਗੇ ਤੁਰ ਪਿਆ ਹਾਂ ਅਤੇ ਇਹ ਨਾ ਚਾਹੁੰਦੇ ਹੋਏ ਵੀ ਮੇਰੇ ਪਿੱਛੇ-ਪਿੱਛੇ ਪਰ ਮਾਲ਼ ਦੇ ਗੇਟ ਉੱਤੇ ਪਹੁੰਚ ਕੇ ਇਹਨੇ ਇਕ ਵਾਰ ਫਿਰ ਮੈਨੂੰ ਗੌਰ ਨਾਲ ਨਿਹਾਰਿਆ, ਘੋਖਿਆ ਹੈ ਅਤੇ ਚਿਹਰੇ ਉਪਰ ਥਕਾਵਟ ਤੇ ਉਦਾਸੀ ਦੇ ਭਾਵ ਦੇਖ ਕੇ ਇਕ ਲੰਮਾ ਹਓਕਾ ਲੈ ਕੇ ਕਾਰ ਵਿਚ ਬੈਠ ਗਈ ਹੈ ਅਤੇ ਘਰ ਪਹੁੰਚਣ ਤੱਕ ਅਸੀਂ ਇਕ ਵੀ ਸ਼ਬਦ ਸਾਂਝਾ ਨਹੀਂ ਕੀਤਾ ... ਪਰ ਦਰਵਾਜ਼ਾ ਖੋਲ੍ਹਦੇ ਹੀ ਬੰਦ ਕਮਰੇ ਦੀ ਭੜਾਸ ਸਾਡੇ ਸਿਰਾਂ ਨੂੰ ਚੜ੍ਹ ਗਈ ਹੈ ਅਤੇ ਇਹਦੇ ਗੁੱਸੇ ਦੀ ਗਰਮੀ ਵੀ ਇਕਦਮ ਭੜਕ ਪਈ ਹੈ:

"ਲਓ, ਆ ਗਏ ਤੁਹਾਡੇ ਮਹਾਨ ਘਰ ! ਇਸ ਘੁਰਨੇ ਦੀ ਅੱਗ ਵਿਚ ਸੜਨ ਲਈ ... ਇਕ 'ਏਸੀ' ਤੱਕ ਖਰੀਦ ਨਹੀਂ ਸਕਦੇ ... ਸ਼ਰਾਬ ਭਵਾਂ ਸਾਰੇ 'ਕਾਸਕੋ' ਦੀ ਖਰੀਦ ਲਿਆਈਏ ..."

"ਓ ਭਲੀਏ ਲੋਕੇ ਹੁਣ ਰਿਲੈਕਸ ਵੀ ਕਰ ... ਪਾਣੀ ਪੀ ਲੈ ਇਕ ਗਲਾਸ ਭਰ ਕੇ ... ਅੱਜ ਗਰਮੀ ਵੀ ਤਾਂ ਕਹਿਰ ਦੀ ਪਈ ਐ।"

"ਆਪ ਤਾਂ ਤੁਸੀਂ ਪਾਣੀ ਦਾ ਇਕ ਗਲਾਸ ਵੀ ਨਹੀਂ ਦੇ ਸਕਦੇ ਤੇ ਮੈਨੂੰ, ਹੁਣੇ ਚੁੱਲ੍ਹੇ ਵਿਚ ਝੋਕ ਦਿਓਗੇ, 'ਡਾਰਲਿੰਗ ਬੜੀ ਭੁੱਖ ਲੱਗੀ ਏ, ਚੱਲ ਥੋੜ੍ਹਾ ਸਲਾਦ ਈ ਕੱਟ ਦੇ ... ਮੈਂ ਜ਼ਰਾ ਇਕ ਡਰਿੰਕ ਲੈ ਲਵਾਂ !' ... ਮੈਨੂੰ ਪਤਾ, ਤੁਸੀਂ ਦਾਰੂ ਦੀ ਇਸ ਹੁੜਕ ਕਰਕੇ ਹੀ ਸ਼ਾਮ ਛੇ ਵਜੇ ਤੋਂ ਪਹਿਲਾਂ ਪਹਿਲਾਂ ਇਸ ਘੁਰਨੇ ਵੱਲ ਨੂੰ ਭੱਜਦੇ ਓ ..."



ਇਹਨੇ ਬੁੜਬੁੜ ਕਰਦੀ ਨੇ ਡਰੈਸ ਉਤਾਰ ਕੇ ਇੰਜ ਵਗਾਹ ਕੇ ਮਾਰੀ ਹੈ ਕਿ ਮੈਂ ਇਹਦੀਆਂ ਅੱਖਾਂ ਦਾ ਸਾਹਮਣਾ ਕਰਨ ਜੋਗੀ ਹਿੰਮਤ ਨਹੀਂ ਜੁਟਾ ਪਾ ਰਿਹਾ। ਮੈਂ ਬੈੱਡ-ਰੂਮ ਤੇ ਲਾਬੀ ਦੇ ਪੱਖੇ ਫੁੱਲ ਸਪੀਡ ਉੱਤੇ ਚਾਲੂ ਕਰਕੇ ਖਿੜਕੀਆਂ ਵੀ ਖੋਲ੍ਹ ਦਿੱਤੀਆਂ ਹਨ। ਪਰ ਇਹਦਾ ਗੁੱਸਾ ਠੰਢਾ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ, "ਕਿੰਨੀ ਵਾਰੀ ਕਿਹਾ, ਘਰ ਨਹੀਂ ਖਰੀਦ ਸਕਦੇ ਤਾਂ ਕੋਈ ਚੱਜ ਦਾ ਅਪਾਰਟਮੈਂਟ ਹੀ ਰੈਂਟ ਕਰ ਲਓ ਪਰ ਇਸ ਘੁਰਨੇ ਵਿਚੋਂ ਬਾਹਰ ਨਿਕਲਣ ਨੂੰ ਜੀਅ ਕਰੇ ਤਾਂ ਹੀ ..."

"ਹੁਣ ਚੁੱਪ ਵੀ ਕਰ ਯਾਰ, ਰੀਲੈਕਸ ਕਰਨ ਦੀ ਕੋਸ਼ਿਸ਼ ਤਾਂ ਕਰ !"

ਮੈਂ ਤਰਲੇ ਲੈ ਰਿਹਾਂ ਪਰ ਇਹ ਬੋਲੀ ਜਾ ਰਹੀ ਹੈ, "ਜੇ ਇਸ ਘੁਰਨੇ ਵਿਚ ਹੀ ਲਿਆ ਕੇ ਤਾੜਨਾ ਸੀ, ਤਾਂ ਉਸ ਖੱਡ ਵਿਚੋਂ ਕੱਢ ਕੇ ਲਿਆਉਣ ਦੀ ਕੀ ਲੋੜ ਸੀ ? ਓਥੇ ਘੱਟ ਤੋਂ ਘੱਟ ਸਾਫ ਸੁਥਰਾ ਵਾਤਾਵਰਣ ਤਾਂ ਸੀ ... ਤਾਜ਼ੀ ਹਵਾ ਤੇ ਸ਼ੁੱਧ ਪਾਣੀ ਤਾਂ ਸੀ ... ਚਾਰ-ਚੁਫੇਰੇ ਹਰਿਆਲੀ, ਨਦੀਆਂ, ਝਰਨੇ ਤੇ ਕੁਦਰਤ ਤਾਂ ਸੀ ਤੇ ਦੁੱਖ-ਸੁੱਖ ਸਾਂਝਾ ਕਰਨ ਲਈ ਆਪਣੇ ਲੋਕ ਵੀ ਸੀ, ਜਿਨ੍ਹਾਂ ਵਿਚ ਆਪਣੀ ਜੈ-ਜੈ ਕਾਰ ਹੁੰਦੀ ਸੀ।"

ਇਹ ਬੋਲਦੀ ਬੋਲਦੀ ਬਾਥਰੂਮ ਵਿਚ ਜਾ ਵੜੀ ਹੈ ਅਤੇ ਨਹਾਉਣ ਤੋਂ ਮਗਰੋਂ ਮੂੰਹ ਲਟਕਾਈ ਰਸੋਈ ਵਿਚ ਆ ਵੜੀ ਹੈ ਤਾਂ ਮੈਂ ਵੀ ਇਹਦੇ ਪਿੱਛੇ ਆ ਖੜੋਇਆ ਹਾਂ, "ਮੈਂ ਕੁਝ 'ਹੈਲਪ' ਕਰਾਂ, ਡਾਰਲਿੰਗ ?"

"ਹਾਂ, ਬੋਤਲ-ਗਲਾਸ ਆਪ ਲੈ ਲਓ, ਸਲਾਦ ਮੈਂ ਕੱਟ ਦੇਨੀ ਆਂ !"

"ਨਹੀਂ ਨਹੀਂ, ਮਹਾਰਾਣੀ ਐਲਜਾਬੈੱਥ ਨੂੰ ਏਨੀ ਤਕਲੀਫ਼ ਕਰਨ ਦੀ ਕੀ ਲੋੜ ਏ ?"

ਇਹ ਸ਼ਬਦ ਹਾਲੇ ਮੇਰੇ ਮੂੰਹ ਵਿਚ ਹੀ ਹਨ ਕਿ ਫੋਨ ਦੀ ਘੰਟੀ ਵੱਜ ਉੱਠੀ ਹੈ। 'ਮੇਰੇ ਕਿਸੇ ਸਾਹਿਤਕ ਮਿੱਤਰ ਦਾ ਹੋਣਾ !' ਸੋਚ ਕੇ, ਮੈਂ ਖ਼ੁਸ਼ ਹੋ ਕੇ ਫੋਨ ਚੁੱਕਿਆ ਏ ਪਰ ਆਵਾਜ਼ ਕੁਝ ਹੋਰ ਕਹਿ ਰਹੀ ਹੈ:

"ਮੈਂ ਸਕਿਊਰੀਟਾਸ ਕੰਪਨੀ ਦੇ ਦਫਤਰੋਂ ਸਟੀਵਨ ਬੋਲ ਰਿਹਾ ਹਾਂ।"

"ਗੁੱਡ ਈਵਨਿੰਗ ਸਰ ! ਮੈਂ ਚੰਦਰਵੀਰ ਸਿੰਘ ਬੋਲ ਰਿਹਾਂ।"

"ਮਿਸਟਰ ਸਿੰਘ, ਅੱਜ ਰਾਤ ਨੂੰ ਕੰਮ 'ਤੇ ਆ ਸਕਦਾਂ ? ਮਾਈਕਲ ਲੈਸਟਰ ਨੇ ਹੁਣੇ-ਹੁਣੇ 'ਸਿੱਕ ਕਾਲ' ਕੀਤੀ ਏ ਕਿ ਉਹ ਅੱਜ ਰਾਤ ਦੀ ਸ਼ਿਫਟ ਤੇ ਨਹੀਂ ਆ ਸਕਦਾ ...।"

"ਸੌਰੀ ਸਰ, ਮੈਂ ਤਾਂ ਆਪਣੀ ਪਤਨੀ ਨਾਲ, ਕਿਤੇ ਬਾਹਰ ਡਿਨਰ ਪਾਰਟੀ ਤੇ ਜਾ ਰਿਹਾਂ।"

"ਪਲੀਜ਼ ਮਿਸਟਰ ਸਿੰਘ, ਹੋਰ ਕੋਈ ਨਹੀਂ ਮਿਲ ਰਿਹਾ !"

"ਓ ਕੇਅ ਦੈੱਨ।" ਕਹਿ ਕੇ ਮੈਂ ਫੋਨ ਪੱਟਕ ਕੇ ਮਾਰਿਆ ਹੈ ਅਤੇ ਮੂੰਹੋਂ ਗਾਲ੍ਹਾਂ ਦੀ ਬੌਛਾਰ ਨਿਕਲ ਰਹੀ ਐ:

"ਸਾਲੇ 'ਸਿੱਕ ਕਾਲ' ਦੇ ! ਉਹ ਗੋਰਾ ਗਿਆ ਹੋਣਾ 'ਆਜ਼ਾਦੀ' ਦਾ ਫੰਨ ਕਰਨ ਤੇ ਇਹਨੇ 'ਸਾਲੇ' ਨੇ ਮੈਨੂੰ ਟੰਗ ਦਿੱਤਾ।"

"ਜਿਹੜੇ ਘੁਰਨਿਆਂ ਨਾਲ ਪਿਆਰ ਕਰਦੇ ਆ, ਉਨ੍ਹਾਂ ਨਾਲ ਇੰਜ ਹੀ ਹੁੰਦਾ ... ਜੇ ਅੱਜ

ਇਸ ਘੁਰਨੇ ਵਿਚ ਨਾ ਵੀ ਆਉਂਦੇ ਤਾਂ ਕਿਹੜੀ ਪਰਲੋ ਆ ਚੱਲੀ ਸੀ।" ਇਹ ਵਿਅੰਗ-ਬਾਣ ਕੱਸ ਰਹੀ ਹੈ।

"ਬੱਸ ਕਰ ਯਾਰ! ਇਕ ਉਨ੍ਹਾਂ ਭੈਣ '....' ਨੇ ਟੰਗ ਦਿੱਤਾ ਤੇ ਦੂਜਾ ਤੂੰ ਵੀ ਬਿਨਾ ਵਜ੍ਹਾ ਐਵੇਂ ਡੰਡਾ ਦੇਈ ਜਾਨੀਂ ਏਂ ...।" ਮੈਂ ਗੁੱਸੇ ਨਾਲ ਭਰਿਆ-ਪੀਤਾ ਬਾਥਰੂਮ ਵਿਚ ਆ ਵੜਿਆ ਹਾਂ।

ਨਹਾ-ਧੋਅ ਕੇ, ਖਾਣਾ ਖਾ ਕੇ, ਕੰਮ ਲਈ ਘਰੋਂ ਨਿਕਲਿਆ ਹਾਂ ਤਾਂ ਪਟਾਕਿਆਂ ਦੀ ਠਾਹ-ਠਾਹ ਕੰਨ ਪਾੜਦੀ, ਸਿਰ ਵਿਚ ਹਥੌੜਿਆਂ ਵਾਂਗ ਵੱਜ ਰਹੀ ਹੈ ਅਤੇ ਮੈਨੂੰ ਆਪਣਾ-ਆਪ ਛੋਟਾ ਲੱਗ ਰਿਹਾ ਹੈ, 'ਅਸੀਂ ਇਸ ਜਸ਼ਨੇ-ਆਜ਼ਾਦੀ ਵਿਚ ਸ਼ਾਮਲ ਕਿਉਂ ਨਹੀਂ?' ਇਹ ਸਵਾਲ ਛੋਟੇਪਣ ਦਾ ਅਹਿਸਾਸ ਕਰਾ ਰਿਹਾ ਹੈ ... ਕੰਮ 'ਤੇ ਪਹੁੰਚ ਕੇ ਤਾਂ ਇਹ ਮਨੋ-ਦਸ਼ਾ ਇੰਨੀ ਤਰਲ ਹੋ ਗਈ ਹੈ ਕਿ ਜ਼ਿਹਨ ਵਿਚ ਆਪਣੀ ਹੀ ਤਰਸਯੋਗ ਹਾਲਤ ਤੇ ਤੁੱਛ ਹੋਂਦ ਦੀ ਆਤਸ਼ਬਾਜ਼ੀ ਚੱਲਣੀ ਸ਼ੁਰੂ ਹੋ ਗਈ ਹੈ। ਪਰ ਇਸ ਪੀੜਾ ਦੇ ਨਾਲ ਹੀ ਇਕ ਕਹਾਣੀ ਦਾ ਪਲਾਟ ਵੀ ਘੁੰਮਣ ਲੱਗ ਪਿਆ ਹੈ।

ਅੱਜ ਦੀਆਂ ਤਾਜ਼ਾ ਘਟਨਾਵਾਂ ਦਾ ਪਲਾਟ:

ਆਜ਼ਾਦੀ ਦਿਵਸ, ਕਾਲਾ ਨਾਚ, ਫੈਂਸੀ ਡਰੈਸ, ਚਕਾਚੌਂਧ ...

ਪਰ ਇਸ ਨੂੰ ਜ਼ਿਹਨ ਵਿਚ ਘੋਲ਼ਦੇ ਕਈ ਘੰਟੇ ਹੋ ਗਏ ਹਨ, ਇਕ ਵੀ ਸ਼ਬਦ ਕਾਗਜ਼ ਤੱਕ ਨਹੀਂ ਪਹੁੰਚ ਰਿਹਾ। ਜਦੋਂ ਵੀ ਕਾਗਜ਼ ਪੈੱਨ ਲੈ ਕੇ ਬੈਠਦਾ ਹਾਂ, ਮਿਸ ਗਬੀਬਾ ਦੀ ਅਸਮਾਨ ਵੱਲ ਸਿੱਧੀ ਖੜ੍ਹੀ ਲੱਤ ਅੱਖਾਂ ਸਾਹਮਣੇ ਆ ਖੜ੍ਹੋਂਦੀ ਹੈ ਅਤੇ ਪਾਰਦਰਸ਼ੀ ਡਰੈਸ ਵਿਚੋਂ ਬਾਹਰ ਝਾਕਦਾ ਉਹਦਾ ਗੋਲ-ਮਟੋਲ ਜਿਸਮ ਅਤੇ ਗਦਰਾਏ ਅੰਗ ਇਕ ਪ੍ਰਸ਼ਨ ਚਿੰਨ੍ਹ ਬਣ ਕੇ ਨੱਚਣ ਲੱਗਦੇ ਹਨ, 'ਕੀ ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ ਦਾ ਅਰਥ ਇਹੀ ਨਿਕਲਦਾ ਹੈ?'

ਇਸ ਪ੍ਰਸ਼ਨ ਦਾ ਉੱਤਰ ਖੋਜਣ ਲਈ ਮੈਂ ਬਿਲਡਿੰਗ ਦੇ ਚਾਰ-ਚੁਫੇਰੇ ਤਾਜ਼ਾ ਹਵਾ ਵਿਚ ਘੁੰਮਣਾ ਸ਼ੁਰੂ ਕਰ ਦਿੱਤਾ ਹੈ, ਤਾਂ ਮੇਰਾ ਸਾਰਾ ਮਨੋ-ਸੰਦਰਭ ਹੀ ਬਦਲ ਗਿਆ ਹੈ: ਸ਼ਬਦਾਂ ਦੀ ਥਾਂ, ਇਕ ਗਰਾਫ ਚਿੱਤਰਿਆ ਜਾ ਰਿਹਾ ਹੈ: ਮਿਸ ਗਬੀਬਾ ਦੀ ਅਸਮਾਨ ਵੱਲ ਸਿੱਧੀ ਖੜ੍ਹੀ ਲੱਤ ਦਾ ਗਰਾਫ ਤੇ ਅੰਤ, ਇਹ ਗਰਾਫ ਮੇਰੇ ਜ਼ਿਹਨ ਦੀ ਸਾਰੀ ਸਪੇਸ ਮੱਲ ਕੇ ਬੈਠ ਗਿਆ ਹੈ। ਇਸ ਨੇ ਮੇਰੇ ਅੰਦਰ ਅਜੇਹੀ ਗੁਦਗੁਦੀ ਮਚਾ ਦਿੱਤੀ ਹੈ ਕਿ ਮੈਂ ਮਹਾਨ ਉਤੇਜਨਾ ਦਾ ਅਹਿਸਾਸ ਕਰ ਰਿਹਾ ਹਾਂ ... ਹੁਣ ਮੇਰਾ ਰੋਮ-ਰੋਮ ਮਚਲ ਰਿਹਾ ਹੈ ਅਤੇ ਹੱਥ ਵੀ ਆਪ-ਮੁਹਾਰੇ ਚੱਲ ਰਿਹਾ ਹੈ ਅਤੇ ਜਿਉਂ ਜਿਉਂ ਇਹ ਗਰਾਫ ਹੋਰ ਪਾਰਦਰਸ਼ੀ ਤੇ ਗਹਿਰਾ ਹੁੰਦਾ ਜਾ ਰਿਹਾ ਹੈ, ਹੋਰ ਖ਼ੂਬਸੂਰਤ ਤੇ ਜ਼ਿੰਦਾਦਿਲ ਬਣਦਾ ਜਾ ਰਿਹਾ ਹੈ।

ਮੈਂ ਇਸ ਗਰਾਫ ਉਪਰ ਮੋਟੇ ਅੱਖਰਾਂ ਵਿਚ "ਕਾਲਾ ਨਾਚ ਤੇ ਮਿਸ ਗਬੀਬਾ" ਲਿਖ ਕੇ ਪੇਪਰ-ਫੋਲਡਰ ਵਿਚ ਰੱਖ ਲਿਆ ਹੈ ਪਰ ਇਹ ਫੋਲਡਰ ਵਿਚ ਪਿਆ ਵੀ ਇੰਜ ਨੱਚ ਰਿਹਾ ਹੈ ਜਿਵੇਂ ਪੈੱਨ ਦੀ ਸਿਆਹੀ ਦਾ ਬਣਿਆ ਕਾਲਾ-ਚਿੱਟਾ ਸਕੈੱਚ ਨਹੀਂ, ਖ਼ੁਦ ਮਿਸ ਗਬੀਬਾ ਹੋਵੇ। ਕਾਲਾ ਨਾਚ ਨੱਚਦੀ ਮਿਸ ਗਬੀਬਾ! ਮੈਨੂੰ ਆਪਣੇ ਨਾਲ ਨਚਾ ਰਹੀ ਮਿਸ ਗਬੀਬਾ!

ਕਾਲੇ ਨਾਚ ਦਾ ਇਹ ਜਾਦੂ ਮੇਰੇ ਸਿਰ ਚੜ੍ਹ ਕੇ ਬੋਲ ਰਿਹਾ ਹੈ ਅਤੇ ਅੱਖਾਂ ਵਿਚ ਰੜਕ



ਰਹੀ ਉਨੀਂਦਰੇ ਅਤੇ ਚਕਾਚੌਂਧ ਦੀ ਕਿਰਕਿਰੀ ਦੇ ਬਾਵਜੂਦ ਮੈਂ ਅੱਜ ਇਕ ਮੂਲੋਂ ਨਵੀਂ ਧੁਨ ਗੁਣਗੁਣਾ ਰਿਹਾ ਹਾਂ:

*ਕਲਾ ਅਤੇ ਜੋਸ਼ ਦਾ ਸੰਗਮ ... ਹੈ ਮਿਸ ਗਬੀਬਾ!*

*ਕਾਲੇ ਨਾਚ ਦਾ ਇਕ ਜਾਦੂ ... ਹੈ ਮਿਸ ਗਬੀਬਾ!*

*ਬਲੈਕ, ਬੋਲਡ ਐਂਡ ਬਿਊਟੀਫੁੱਲ ... ਹੈ ਮਿਸ ਗਬੀਬਾ!*

* *

ਹਾਂ, ਅੱਜ ਕੱਲ੍ਹ ਮੈਂ ਗਬੀਬਾ ਦੇ ਗੀਤ ਗਾ ਰਿਹਾ ਹਾਂ।

ਉਹਦੇ ਰੂ-ਬ-ਰੂ ਹੋਣ ਲਈ ਤਰਲੋਮੱਛੀ ਹੋ ਰਿਹਾ ਹਾਂ।

ਪਰ ਉਹ ਕਾਲੇ ਪੰਛੀ ਤਾਂ ਪਤਾ ਨਹੀਂ ਕਿੱਥੇ ਉੱਡ ਗਏ ਹਨ? ਕਈ ਹਫ਼ਤਿਆਂ ਤੋਂ ਅਪਾਰਟਮੈਂਟ ਬੰਦ ਪਿਆ ਹੈ। 'ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ' ਪੋਸਟਰ ਵੀ ਧੂੜ ਥੱਲੇ ਲੁਕਦਾ ਜਾ ਰਿਹਾ ਹੈ ਅਤੇ ਮੇਰਾ ਇੰਤਜ਼ਾਰ ਬੇਚੈਨੀ ਵਿਚ ਬਦਲਦਾ ਜਾ ਰਿਹਾ ਹੈ ... ਤੇ ਸ਼ਾਇਦ, ਚੰਦਾ ਨੂੰ ਵੀ ਇਸਦਾ ਥੋੜ੍ਹਾ ਬਹੁਤ ਗਿਆਨ ਹੋ ਗਿਆ ਹੈ। ਇਸ ਲਈ ਮਿਸ ਗਬੀਬਾ ਸਾਡੀ ਗੱਲਬਾਤ ਦਾ ਇਕ ਅਹਿਮ ਮੁੱਦਾ ਬਣ ਗਿਆ ਹੈ ਅਤੇ ਮੌਕਾ ਮਿਲਦੇ ਹੀ ਇਹ ਕੋਈ ਨ ਕੋਈ ਮਜ਼ਾਕ ਕਰਨਾ ਨਹੀਂ ਭੁੱਲਦੀ, "ਦੇਖਿਆ, ਇਕ ਲੱਤ ਨੇ ਕਿੰਨਾ ਵੱਡਾ ਕਰਿਸ਼ਮਾ ਕਰ ਦਿੱਤਾ!"

ਮਜ਼ਾਕ ਕਰਨਾ ਤੇ ਕਿਲਕਾਰੀ ਮਾਰ ਕੇ ਹੱਸਣਾ, ਇਹਦਾ ਪੁਰਾਣਾ ਸ਼ੌਕ ਹੈ। ਸਾਡੇ ਪੁਰਾਣੇ ਸ਼ੌਕ ਫਿਰ ਜਾਗ ਰਹੇ ਹਨ ਅਤੇ ਅਸੀਂ ਫਿਰ ਰੁਮਾਂਟਿਕ ਗੱਲਾਂ ਕਰਨ ਲੱਗ ਪਏ ਹਾਂ। ਦਿਲ ਨੂੰ ਹੁਲਾਸ ਤੇ ਧੜਕਨਾਂ ਨੂੰ ਹੁਲਾਰਾ ਦੇਣ ਵਾਲੀਆਂ ਗੱਲਾਂ। ਰੂਹ ਨੂੰ ਸਕੂਨ ਤੇ ਦਿਮਾਗ਼ ਨੂੰ ਰਾਹਤ ਦੇਣ ਵਾਲੇ ਅਫ਼ਸਾਨੇ। ਸੱਜਰੇ ਇਸ਼ਕ ਦੇ ਸਮਿਆਂ ਦੇ ਰੌਚਕ, ਉਤੇਜਿਤ, ਸ਼ੋਖ ਕਿੱਸੇ ਅਤੇ ਇਕ ਦੂਜੇ ਨੂੰ ਪਾਉਣ ਲਈ, ਜਾਤੀਵਾਦੀ ਬੰਧਨਾਂ ਤੇ ਸਮਾਜਿਕ ਰੂੜੀਆਂ ਵਿਰੁੱਧ ਕੀਤੀਆਂ ਬਗਾਵਤਾਂ ਦੇ ਦੁਸਾਹਸਪੂਰਨ ਕਾਰਨਾਮੇ। ਇਹ ਗੱਲਬਾਤ ਸਾਡੇ ਵਰਤਮਾਨ ਨੂੰ ਸੁਆਦਲਾ, ਰਸਭਰਿਆ ਤੇ ਰੁਮਾਂਟਿਕ ਬਣਾਉਣ ਲਈ ਨਾ ਸਿਰਫ਼ ਇਕ ਸਾਰਥਕ ਭੂਮਿਕਾ ਅਦਾ ਕਰ ਰਹੀ ਹੈ, ਸਗੋਂ ਅਸੀਂ ਜ਼ਿੰਦਗੀ ਦੇ ਮਹਾਨ ਪਲ ਜੀਅ ਰਹੇ ਮਹਿਸੂਸ ਕਰ ਰਹੇ ਹਾਂ।

'ਇਕ ਨਾਚ ਨੇ ਸਾਡੀ ਜ਼ਿੰਦਗੀ ਵਿਚ ਕਿੰਨੀ ਤਬਦੀਲੀ ਲੈ ਆਂਦੀ!' ਮੈਂ ਜਦੋਂ ਵੀ ਇਹ ਸੋਚਦਾ ਹਾਂ, ਮਿਸ ਗਬੀਬਾ ਦੀ ਅਸਮਾਨ ਵੱਲ ਸਿੱਧੀ ਖੜ੍ਹੀ ਲੱਤ ਅੱਖਾਂ ਅੱਗੇ ਨੱਚਣ ਲੱਗਦੀ ਹੈ ਅਤੇ ਏਨਾ ਉਤੇਜਿਤ ਕਰਦੀ ਹੈ ਕਿ ਸੀਨੇ ਵਿਚ ਚੰਦਾ ਦੇ ਪਿਆਰ ਦਾ ਉਹ ਬੇਥਾਹ ਸਮੁੰਦਰ ਫਿਰ ਵਗਣ ਲੱਗਦਾ ਹੈ, ਜਿਸ ਨੂੰ ਮੈਂ ਅਣਗਿਣਤ ਵਾਰ ਪਾਰ ਚੁੱਕਾ ਹਾਂ।

ਇਕੱਠੀ ਛੁੱਟੀ ਵਾਲਾ ਦਿਨ ਤਾਂ ਹੁਣ ਅਸੀਂ ਕਿਸੇ ਪਿਕਨਿਕ ਵਾਂਗ ਮਨਾਉਣ ਲੱਗ ਪਏ ਹਾਂ। ਪਰ ਅੱਜ ਸਿਰਫ਼ ਮੇਰੀ ਛੁੱਟੀ ਹੈ, ਚੰਦਾ ਦੀ ਨਹੀਂ। ਇਹ ਕੰਮ ਲਈ ਨਿਕਲ ਗਈ ਹੈ ਤਾਂ ਮੈਂ ਸੁਬਹਾ ਦਾ ਨਜ਼ਾਰਾ ਲੈਣ ਲਈ ਬਾਹਰ ਝਾਤੀਆਂ ਮਾਰ ਰਿਹਾ ਹਾਂ।

ਸੁਬਹਾ ਅੱਜ ਵਾਕਿਆ ਹੀ ਬਹੁਤ ਸੋਹਣੀ ਨਿਕਲੀ ਹੈ।

ਬਾਹਰ ਨਿਕਲਦੇ ਹੀ ਮਿਸ ਗਬੀਬਾ ਮੱਥੇ ਲੱਗੀ ਹੈ।

ਮਿਸਟਰ ਗਿਬਜ ਦੇ ਪਿੱਛੇ ਪੌੜੀਆਂ ਚੜ੍ਹਦੀ ਦੀਆਂ ਸ਼ੋਖ ਅਦਾਵਾਂ ਫ਼ਿਜ਼ਾ ਨੂੰ ਨਸ਼ਿਆ ਰਹੀਆਂ ਹਨ। ਸਿਰ ਉੱਤੇ ਬੰਨ੍ਹੀਂ ਸੱਤ-ਰੰਗੀ ਸਕਾਰਫ-ਪੱਟੀ, ਕਾਲੇ ਵਾਲਾਂ ਨੂੰ ਖੂਬ ਜਚ-ਫਬ ਰਹੀ ਹੈ। ਕੰਨਾਂ 'ਚ ਲਟਕਦੇ ਚਾਂਦੀ ਦੇ ਕੁੰਡਲ ਚਿਹਰੇ ਦੀ ਰੌਣਕ ਨੂੰ ਚਾਰ-ਚੰਨ ਲਾ ਰਹੇ ਹਨ ਅਤੇ ਨਸ਼ੀਲੀਆਂ ਕਜਰਾਈਆਂ ਅੱਖਾਂ ਮੇਰੇ ਵੱਲ ਘੁੰਮਦੇ ਹੀ ਮੈਂ ਮੋਹ-ਭਰਿਆ ਸਵਾਗਤ ਕੀਤਾ ਹੈ, "ਹੈਲੋ ਮਿਸ ਗਬੀਬਾ! ਗੁੱਡ ਮਾਰਨਿੰਗ ਟੂ ਯੂ!"

"ਯੂ ਟੂ, ਨੇਬਰ!" ਕਹਿ ਕੇ ਉਹ ਏਨਾ ਮਿੱਠਾ ਤੇ ਖਰਾ ਮੁਸਕਰਾ ਰਹੀ ਹੈ ਕਿ ਮੇਰਾ ਦਿਲ ਬਾਗ਼ੋ-ਬਾਗ਼ ਹੋ ਗਿਆ ਹੈ।

ਮਿਸਟਰ ਗਿਬਜ ਨੂੰ ਵੀ ਮੈਂ ਅਪਣੱਤ ਭਰੀ 'ਹੈਲੋ' ਕਹੀ ਹੈ ਤਾਂ ਉਹਨੇ ਵੀ ਗਰਮਜੋਸ਼ੀ ਨਾਲ 'ਹੈੱਲੋ ਨੇਬਰ!" ਜਵਾਬ ਦਿੱਤਾ ਹੈ ਅਤੇ ਮੈਂ ਦੋਨਾਂ ਨੂੰ ਪੌੜੀਆਂ ਚੜ੍ਹਦੇ ਸਾਰ ਹੀ ਅੱਗਿਉਂ ਘੇਰ ਲਿਆ ਹੈ:

"ਹਾਓ ਯੂ ਡੂਇੰਗ! ਮਿਸਟਰ ਗਿਬਜ ਐਂਡ ਮਿਸ ਗਬੀਬਾ? ਅੱਜ ਸਵੇਰੇ ਸਵੇਰੇ ਤੁਹਾਨੂੰ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ!"

"ਅਸੀਂ ਵੀ ਤੁਹਾਨੂੰ ਮਿਲ ਕੇ ਬਹੁਤ ਖੁਸ਼ ਹਾਂ!"

ਗਬੀਬਾ ਵੀ ਚਹਿਕੀ ਹੈ ਪਰ ਗਿਬਜ ਟਾਲਣ ਦੇ ਲਹਿਜ਼ੇ ਵਿਚ ਕਹਿ ਰਿਹਾ ਹੈ, "ਠੀਕ ਏ ਦੋਸਤ, ਫਿਰ ਮਿਲਾਂਗੇ!" ਤੇ ਮੈਂ ਉਹਦੀ ਗੱਲ ਨੂੰ ਅਣਸੁਣੀ ਕਰ ਕੇ ਫਿਰ ਗਬੀਬਾ ਨੂੰ ਮੁਖਾਤਿਬ ਹੋ ਰਿਹਾ ਹਾਂ:

"ਦਰਅਸਲ ਮਿਸ ਗਬੀਬਾ, ਮੈਂ ਤੁਹਾਡਾ ਇਕ ਪ੍ਰਸ਼ੰਸਕ ਹਾਂ: ਤੁਹਾਡੀ ਕਲਾ ਦਾ ਪ੍ਰਸ਼ੰਸਕ! ਉਸ ਦਿਨ ਗਰੇਟ ਮਾਲ਼ ਵਿਚ ਤੁਹਾਡਾ ਡਾਂਸ ਦੇਖਿਆ ਤਾਂ ਏਨਾ ਚੰਗਾ ਲੱਗਾ ਕਿ ਮੈਂ ਸ਼ਬਦਾਂ ਵਿਚ ਨਹੀਂ ਕਹਿ ਸਕਦਾ ... ਮੈਂ ਪਹਿਲੀ ਵਾਰ ਏਨਾ ਬੇਮਿਸਾਲ ਡਾਂਸ ਦੇਖਿਆ ਹੈ।"

"ਥੈਂਕ ਯੂ ਸਰ!" ਗਬੀਬਾ 'ਸਰ' ਬੋਲੀ ਏ ਤਾਂ ਮੇਰਾ ਜੋਸ਼ ਠਾਠਾਂ ਮਾਰ ਰਿਹਾ ਹੈ, "ਦਰਅਸਲ ਅਸੀਂ, ਮੈਂ ਤੇ ਮੇਰੀ ਪਤਨੀ, ਤੁਹਾਨੂੰ ਕਿਸੇ ਦਿਨ ਆਪਣੇ ਘਰ ਬੁਲਾਉਣਾ ਚਾਹੁੰਨੇ ਆਂ, ਗੱਲਬਾਤ ਕਰਨ ਤੇ ਇਕੱਠੇ ਡਿਨਰ ਲਈ ... ਮੇਰੀ ਪਤਨੀ ਵੀ ਤੁਹਾਡੇ ਨਾਚ ਬਾਰੇ ਉੱਚ-ਕੋਟੀ ਦੇ ਵਿਚਾਰ ਰੱਖਦੀ ਹੈ ਕਿਉਂਕਿ ਅਸੀਂ ਇੰਡੀਆ ਵਿਚ ਕਦੇ ਵੀ ਇਸ ਤਰ੍ਹਾਂ ਦਾ ਨਾਚ ਨਹੀਂ ਦੇਖਿਆ: ਏਨਾ ਜੋਸ਼ੀਲ਼ਾ, ਖੂਬਸੂਰਤ ਤੇ ਕਲਾਤਮਕ!"

ਮੇਰੀ ਗੱਲ ਲੰਮੀ ਹੋ ਰਹੀ ਹੈ ਤਾਂ ਉਹ ਮੇਰੇ ਮੂੰਹ ਵੱਲ ਇੰਜ ਦੇਖ ਰਹੇ ਹਨ ਜਿਵੇਂ ਕਾਹਲੀ ਵਿਚ ਹੋਣ। ਖ਼ੈਰ! ਮੈਂ ਚੁੱਪ ਕੀਤਾ ਹਾਂ ਤਾਂ ਉਹ ਦੋਨੋਂ ਇਕ ਦੂਜੇ ਵੱਲ ਦੇਖ ਕੇ ਮੁਸਕਰਾ ਰਹੇ ਹਨ ਅਤੇ ਉਨ੍ਹਾਂ ਦੇ ਚਿਹਰਿਆਂ ਉਪਰ ਵਚਿੱਤਰ ਕਿਸਮ ਦੇ ਹਾਵ-ਭਾਵ ਉਭਰ ਰਹੇ ਹਨ। ਗਬੀਬਾ ਦਾ ਤਾਂ ਹਾਸਾ ਮੁਸਕੜੀਆਂ ਤੋਂ ਬਾਹਰ ਫੁੱਟਣ ਨੂੰ ਫਿਰਦਾ ਹੈ। ਇਸ ਲਈ ਮੈਂ ਦਾਅਵਤ-ਨਾਮੇ ਦਾ 'ਸੁਕੈਜੂਅਲ' ਵੀ ਪੇਸ਼ ਕਰ ਹੀ ਦਿੱਤਾ ਹੈ,

"ਇਸੇ ਆ ਰਹੇ ਸ਼ਨਿਚਰਵਾਰ ਦੀ ਸ਼ਾਮ ਰੱਖ ਲੈਨੇਂ ਆਂ, ਜੇ ਤੁਹਾਡੀ ਇਹ ਸ਼ਾਮ ਸਾਡੇ ਵਾਸਤੇ ਫ੍ਰੀ ਹੋ ਸਕਦੀ ਹੋਵੇ।"

"ਓ ਮੈਨ, ਯੂ ਰੀਅਲੀ ਮੀਨ ਇੱਟ?" ਗਿਬਜ ਦੇ ਮਨ ਵਿਚ ਸ਼ਾਇਦ ਕੋਈ ਸ਼ੰਕਾ ਹੈ, ਇਸ ਲਈ ਮੈਂ ਜ਼ੋਰ ਦੇ ਕੇ ਫਿਰ ਕਹਿ ਰਿਹਾ ਹਾਂ, "ਯ੍ਹਾ, ਇਹ ਸ਼ਾਮ ਸਾਡੇ ਲਈ ਬਹੁਤ ਹੀ ਮਹੱਤਵਪੂਰਨ ਹੋਵੇਗੀ!"

"ਦਰਅਸਲ, ਮੈਂ ਇਕ ਲੇਖਕ ਹਾਂ ਤੇ ਇਕ ਲੇਖਕ ਹੋਣ ਦੇ ਨਾਤੇ ਮੈਂ ਕਾਲੇ ਨਾਚ ਬਾਰੇ ਜਾਣਨਾ ਚਾਹੁੰਨਾ ਹਾਂ। ਇਸ ਲਈ ਮੇਰੇ ਲਈ ਇਹ ਇਕ ਬਹੁਤ ਵੱਡਾ ਮੌਕਾ ਹੋਵੇਗਾ: ਆਪਣੇ ਗੁਆਂਢੀ ਕਲਾਕਾਰਾਂ ਨਾਲ ਗੱਲਬਾਤ ਕਰਨ ਅਤੇ ਕੁਝ ਜਾਣਨ ਦਾ ਸੁਨਹਿਰੀ ਮੌਕਾ!"

"ਲੇਖਕ?" ਗਿਬਜ ਚੌਂਕਿਆ ਏ ਤਾਂ ਗਬੀਬਾ ਨੇ ਗੱਲ ਬੋਚ ਲਈ ਹੈ, "ਕੀ ਲਿਖਦੇ ਹੋ ਤੁਸੀਂ?"

"ਕਹਾਣੀਆਂ ... ਤੇ ਨਾਵਲ ਲਿਖਣ ਬਾਰੇ ਵੀ ਸੋਚ ਰਿਹਾਂ: ਗੁਲਾਮ ਪੂਰਵਜਾਂ ਦੀਆਂ ਆਜ਼ਾਦ ਪੀੜ੍ਹੀਆਂ ਦੀ ਜ਼ਿੰਦਗੀ ਬਾਰੇ ਨਾਵਲ ... ਇਸ ਲਈ ਤੁਹਾਨੂੰ ਦਾਅਵਤ ਦੇ ਰਿਹਾਂ, ਕਿਉਂਕਿ ਇਹ ਇਕ ਮਹਾਨ ਮੌਕਾ ਹੋਵੇਗਾ, ਜਦੋਂ ਦੋ ਨੌਜਵਾਨ ਕਲਾਕਾਰ ਮੇਰੇ ਰੂਬਰੂ ਬੈਠੇ ਹੋਣਗੇ!"

"ਇਹ ਤਾਂ ਸਾਡੇ ਲਈ ਵੱਡੇ ਮਾਣ ਵਾਲੀ ਗੱਲ ਹੋਵੇਗੀ, ਸਾਡੇ ਲਈ ਇਹ ਇਕ ਗਰੇਟ ਸ਼ਾਮ ਹੋਏਗੀ!" ਗਬੀਬਾ ਨੇ ਇਹ ਸ਼ਬਦ ਇੰਜ ਕਹੇ ਹਨ ਕਿ ਮੇਰੀ ਰੂਹ ਨੱਚ ਉੱਠੀ ਹੈ ਪਰ ਗਿਬਜ ਅੱਲਗ-ਥਲੱਗ ਖੜ੍ਹਾ ਸ਼ੌਕੀਨੀ ਦੀਆਂ ਐਨਕਾਂ ਨੇਪਕਿਨ ਪੇਪਰ ਨਾਲ ਰਗੜੀ ਜਾ ਰਿਹਾ ਹੈ ਤੇ ਉਹਨੂੰ ਦੋਚਿੱਤੀ ਵਿਚ ਦੇਖ ਕੇ ਗਬੀਬਾ ਫਿਰ ਕਹਿ ਰਹੀ ਹੈ:, "ਇਹ ਸਾਡੇ ਲਈ ਇਕ ਬਹੁਤ ਵੱਡਾ ਮੌਕਾ ਹੋਵੇਗਾ, ਜੈਕ! ਇਕ ਲੇਖਕ ਨਾਲ ਮੁਲਾਕਾਤ ਦਾ ਮੌਕਾ! ਆਪਾਂ ਕਦੇ ਇਹ ਸੋਚ ਹੀ ਨਹੀਂ ਸਕੇ ਕਿ ਆਪਣੇ ਗੁਆਂਢ ਵਿਚ ਕਿੰਨੇ ਮਹਾਨ ਲੋਕ ਰਹਿ ਰਹੇ ਆ!"

ਗਬੀਬਾ ਉਹਦੀਆਂ ਅੱਖਾਂ ਵਿਚ ਝਾਕ ਰਹੀ ਹੈ ਪਰ ਉਹ ਬੇਧਿਆਨੇ ਜਿਹੇ ਮਨ ਨਾਲ ਕਹਿ ਰਿਹਾ ਹੈ, "ਇਸ ਵੀਕ-ਐਂਡ ਤੇ ਤਾਂ ਆਪਾਂ ਪਹਿਲਾਂ ਹੀ ਪ੍ਰੋਗਰਾਮ ਬਣਾਈ ਬੈਠੇ ਹਾਂ।"

"ਮੇਰਾ ਖਿਆਲ ਹੈ, ਇਕ ਲੇਖਕ ਦੀ ਇਹ ਦਾਅਵਤ, ਉਸ ਪ੍ਰੋਗਰਾਮ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ। ਇਹ ਏਨੇ ਮਾਣ ਨਾਲ ਬੁਲਾ ਰਹੇ ਹਨ, ਆਪਾਂ ਨਾਂਹ ਕਿਵੇਂ ਕਰ ਸਕਦੇ ਹਾਂ? ਤੂੰ ਸੋਚ ਜ਼ਰਾ ਜੈਕ, ਇਕ ਫਿਕਸ਼ਨ ਰਾਈਟਰ ਆਪਾਂ ਨੂੰ ਆਪਣੇ ਘਰ ਬੁਲਾ ਰਿਹਾ ਹੈ, ਇਹ ਕਿੰਨੀ ਵੱਡੀ ਗੱਲ ਹੈ ... ਹੈ ਨਾ ਹਨੀ?"

"ਜਿਵੇਂ ਤੇਰੀ ਮਰਜ਼ੀ, ਹਨੀ!" ਗਿਬਜ ਦੇ ਇਹ ਕਹਿੰਦੇ ਹੀ ਮੇਰਾ ਹੱਥ ਉਹਦੀ ਤਰਫ਼ ਵਧ ਗਿਆ ਹੈ, "ਠੀਕ ਹੈ ਦੋਸਤ, ਫਿਰ ਸ਼ਨਿਚਰਵਾਰ ਦੀ ਸ਼ਾਮ ਨੂੰ ਮਿਲਦੇ ਆਂ!" ਉਹ ਸਿਰ ਹਿਲਾ ਰਿਹਾ ਹੈ ਅਤੇ ਮੈਂ ਹੱਥ ਗਬੀਬਾ ਵੱਲ ਵਧਾ ਦਿੱਤਾ ਹੈ, "ਠੀਕ ਹੈ ਫਿਰ ਮਿਸ ਗਬੀਬਾ, ਸ਼ਨਿਚਰਵਾਰ ਦੀ ਸ਼ਾਮ ਠੀਕ ਛੇ ਵਜੇ, ਮੈਂ ਇਸ ਦਰਵਾਜ਼ੇ 'ਤੇ ਖੜ੍ਹਾ ਹੋਵਾਂਗਾ!"

"ਥੈਂਕ ਯੂ ਸਰ!" ਕਹਿ ਕੇ ਉਹਨੇ ਗਰਮਜੋਸ਼ੀ ਨਾਲ ਹੱਥ ਮਿਲਾਇਆ ਹੈ ਤਾਂ ਮੇਰਾ ਰੋਮ-ਰੋਮ ਮਘ ਉੱਠਿਆ ਹੈ ਅਤੇ ਮੈਂ ਗੁਣਗੁਣਾ ਰਿਹਾ ਹਾਂ:

'ਖੁਸ਼ਆਮਦੀਦ ... ਹੇ ਮਿਸ ਗਬੀਬਾ!'

ਇਹ ਧੁਨ ਮੇਰੇ ਵਜੂਦ ਦੇ ਕਣ-ਕਣ ਵਿਚੋਂ ਲਰਜ਼ ਰਹੀ ਹੈ ਅਤੇ ਚੰਦਾ ਦੇ ਘਰ ਪਰਤਣ ਤੱਕ ਵੀ ਮੈਂ ਇਹੀ ਗੁਣਗੁਣਾ ਰਿਹਾ ਹਾਂ ਅਤੇ ਇਹਨੂੰ ਵੀ ਮੇਰੀ ਖੁਸ਼ੀ ਦਾ ਰਾਜ਼ ਚਿਹਰੇ ਤੋਂ ਹੀ ਪਤਾ ਲੱਗ ਗਿਆ ਹੈ।

ਮੇਰੇ ਇਸ ਦਾਅਵਤ-ਨਾਮੇ ਨਾਲ ਇਹ ਵੀ ਖੁਸ਼ ਹੈ ਅਤੇ ਅਸੀਂ ਬੇਹੱਦ ਚੰਗੇ ਮੂਡ ਵਿਚ ਰਾਤ ਦੇ ਖਾਣੇ ਦਾ ਲੁਤਫ਼ ਲੈ ਰਹੇ ਹਾਂ। ਮੈਂ ਕਲਾਕਾਰਾਂ ਨਾਲ ਸੱਜਰੀ ਗੱਲਬਾਤ ਦਾ ਸਿਲਸਿਲਾ ਤਫਸੀਲ ਸਹਿਤ ਬਿਆਨ ਕਰ ਰਿਹਾ ਹਾਂ। ਕਿਸੇ ਸਾਹਮਣੇ ਦਿਸਦੇ ਦ੍ਰਿਸ਼ ਵਾਂਗ ... ਇਹ ਮਿੰਨ੍ਹਾ-ਮਿੰਨ੍ਹਾ ਹੱਸਦੀ, ਸ਼ਰਾਰਤੀ ਹੁੰਗਾਰਾ ਭਰ ਰਹੀ ਹੈ ਅਤੇ ਇਸ ਨਾਲ ਮੇਰੀ ਰੂਬਰੂ ਮੁਲਾਕਾਤ ਦੀ ਤਾਂਘ ਹੋਰ ਵੀ ਪ੍ਰਬਲ ਹੋ ਉੱਠੀ ਹੈ ਅਤੇ ਜਿਉਂ ਜਿਉਂ ਸ਼ਨਿਚਰ ਦੀ ਸ਼ਾਮ ਨਜ਼ਦੀਕ ਆ ਰਹੀ ਹੈ, ਮੇਰੇ ਤਨ-ਮਨ ਵਿਚ ਉਤੇਜਨਾ ਦੇ ਵਾ-ਵਰੋਲਿਆਂ ਦੀ ਗਤੀ ਅਤੇ ਗਹਿਰਾਈ ਵਧਦੀ ਜਾ ਰਹੀ ਹੈ।

* *

ਤੇ ਇਹ ਸ਼ਾਮ ਸੱਚ-ਮੁੱਚ ਮੇਰੀ ਤਾਂਘ ਦੇ ਹਾਣ ਦੀ ਹੋ ਕੇ ਮੇਰੇ ਰੂਬਰੂ ਹਾਜ਼ਰ ਹੋਈ ਹੈ: ਇਕ ਸ਼ੋਖ ਸੁਰਮਈ ਘੁੰਗਟ ਕੱਢ ਕੇ ਹਲਕੀ ਜਿਹੀ ਬੱਦਲਬਾਈ ਦਾ ਖੁਸ਼ਨੁਮਾ ਲਿਬਾਸ ਪਹਿਨ ਕੇ, ਮਟਕਦੀ, ਮਚਲਦੀ, ਗੁਣਗੁਣਾਉਂਦੀ ਹੋਈ ਅਤੇ ਮੈਂ ਕਲਾਕਾਰ ਦੋਸਤਾਂ ਦੇ ਦਰਵਾਜ਼ੇ ਉੱਤੇ ਖੜ੍ਹਾ ਆਪਣੇ ਪੈੱਨ ਦੀ ਨੋਕ ਨਾਲ ਹਲਕੀ-ਹਲਕੀ ਦਸਤਕ ਦੇ ਰਿਹਾ ਹਾਂ।

ਉਹ ਦੋਵੇਂ ਮੁਸਕਰਾਉਂਦੇ ਹੋਏ ਬਾਹਰ ਨਿਕਲੇ ਹਨ ਅਤੇ ਗਰਮਜੋਸ਼ੀ-ਭਰੀ ਅਪਣੱਤ ਨਾਲ ਹੱਥ ਮਿਲਾ ਰਹੇ ਹਨ ਤਾਂ ਮੇਰੇ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ। ਮਿਸ ਗਬੀਬਾ ਦਾ ਨਰਮ-ਮੁਲਾਇਮ ਹੱਥ ਤਾਂ ਮੈਂ ਹੱਥ ਵਿਚ ਲੈ ਕੇ ਪੋਲਾ ਜਿਹਾ ਘੁੱਟਿਆ ਵੀ ਹੈ ਅਤੇ ਆਪਣੇ ਘਰ ਵੱਲ ਅਗਵਾਨੀ ਕਰਦਾ ਹੋਇਆ ਬੜਾ ਫ਼ਖ਼ਰ ਤੇ ਮਾਣ ਮਹਿਸੂਸ ਕਰ ਰਿਹਾ ਹਾਂ।

ਚੰਦਾ ਵੀ ਗਬੀਬਾ ਨੂੰ ਜੱਫੀ ਪਾ ਕੇ ਮਿਲੀ ਹੈ ਤਾਂ ਉਹ ਵੀ ਸੰਗਦੀ-ਸੰਗਦੀ ਗਲ਼ੇ ਲੱਗ ਹੀ ਗਈ ਹੈ ਅਤੇ ਇਹ ਹੁਸੀਨ ਪਲ ਮੈਂ ਕੈਮਰੇ ਵਿਚ ਬੰਦ ਕਰ ਲਏ ਹਨ ... ਪਰ ਗਿਬਜ ਦੇ ਵੱਡੇ ਸਾਰੇ ਹੱਥ ਵਿਚ ਇਹਦਾ ਨਿੱਕਾ ਜਿਹਾ ਹੱਥ ਪਤਾ ਨਹੀਂ ਕੀ ਮਹਿਸੂਸ ਕਰ ਰਿਹਾ ਹੈ ਕਿ ਇਹ ਇੰਜ ਛੂਈ-ਮੂਈ ਹੋ ਰਹੀ ਹੈ ਜਿਵੇਂ ਪਹਿਲੀ ਵਾਰੀ ਕਿਸੇ ਓਪਰੇ ਮਰਦ ਨਾਲ ਹੱਥ ਮਿਲਾ ਰਹੀ ਹੋਵੇ।

ਅਸੀਂ ਚਾਰੇ ਜਣੇ ਲਾਬੀ ਵਿਚ ਖੜ੍ਹੇ ਇਸ ਕਿਸਮ ਦੀ ਖੁਸ਼ੀ ਦਾ ਆਨੰਦ ਮਾਣ ਰਹੇ ਹਾਂ ਕਿ ਸ਼ਬਦ ਅਲੋਪ ਹੋ ਗਏ ਹਨ ਅਤੇ ਸ਼ਬਦਾਂ ਦਾ ਇਹ ਖਲਾਅ ਮੈਂ ਕੈਮਰੇ ਰਾਹੀਂ ਭਰ ਦਿੱਤਾ ਹੈ ... ਅਤੇ ਮੁਸਕਰਾਹਟਾਂ ਭਰੀ ਇਸ ਫ਼ਿਜ਼ਾ ਵਿਚ, ਚੰਦਾ ਨੇ ਇੰਜ ਚਾਅ ਨਾਲ ਸੋਫੇ ਉੱਤੇ ਬਿਰਾਜਮਾਨ ਹੋਣ ਲਈ ਕਿਹਾ ਹੈ ਜਿਵੇਂ ਉਹ ਸਾਡੇ ਮਹਿਮਾਨੇ ਖਸੂਸੀ ਹੋਣ ਅਤੇ ਉਹ ਇੰਜ ਬੇਤਕੱਲਫ ਹੋ ਕੇ ਬੈਠ ਗਏ ਹਨ ਜਿਵੇਂ ਇਕ ਮੁਦਤ ਤੋਂ ਨਾ ਸਿਰਫ਼ ਸਾਨੂੰ ਜਾਣਦੇ ਹੋਣ, ਸਗੋਂ ਸਾਡੇ ਪਰਿਵਾਰਕ ਮੈਂਬਰ ਜਾਂ ਗੂੜ੍ਹੇ ਦੋਸਤ ਹੋਣ।

ਉਨ੍ਹਾਂ ਦੇ ਬੈਠਦੇ ਸਾਰ ਹੀ ਚੰਦਾ ਦੀ ਮਹਿਮਾਨ ਨਿਵਾਜ਼ੀ ਸ਼ੁਰੂ ਹੋ ਗਈ ਹੈ। ਇਹ ਜੂਸ ਦੇ ਗਲਾਸ ਰੱਖ ਗਈ ਹੈ ਅਤੇ ਪਨੀਰ ਪਕੌੜੇ ਲਿਆ ਰਹੀ ਹੈ ਅਤੇ ਮੈਂ ਗੱਲਬਾਤ ਸ਼ੁਰੂ ਕਰਨ ਦਾ ਮੁੱਦਾ ਖੋਜ ਰਿਹਾ ਹਾਂ ਪਰ ਪਹਿਲ ਗਬੀਬਾ ਕਰ ਗਈ ਹੈ, "ਸਾਨੂੰ ਪਤਾ ਹੀ ਨਹੀਂ ਲੱਗਾ, ਸਾਡੇ ਗੁਆਂਢ ਵਿਚ ਕਿੰਨੇ ਚੰਗੇ ਲੋਕ ਰਹਿੰਦੇ ਆ!"

"ਅਸੀਂ ਆਪਣੇ ਹੀ ਸ਼ੋਰ-ਸ਼ਰਾਬੇ *ਵਿਚ* ਬਿਜ਼ੀ ਰਹੇ, ਕਦੇ ਮਿਲਣ ਜਾਂ ਜਾਣਨ ਦੀ



ਕੋਸ਼ਿਸ਼ ਹੀ ਨਹੀਂ ਕੀਤੀ।" ਗਿਬਜ ਦੇ ਇਹ ਕਹਿੰਦੇ ਹੀ ਗਬੀਬਾ ਨੇ ਗੱਲ ਬੋਚ ਲਈ ਹੈ, "ਹਾਂ, ਅਸੀਂ ਛੁੱਟੀਆਂ ਵਿਚ ਬਹੁਤ ਬਿਜ਼ੀ ਰਹਿੰਨੇਂ ਹਾਂ। ਸਾਲ ਭਰ ਦੀ ਪੜ੍ਹਾਈ ਦਾ ਖਰਚ ਜਮ੍ਹਾਂ ਕਰਨਾ ਪੈਂਦਾ। ਕਈ ਸਟੇਜ-ਸ਼ੋਅ ਕਰਦੇ ਆਂ, ਰਿਹਰਸਲਾਂ ਵੀ ਬਹੁਤ ਕਰਨੀਆਂ ਪੈਂਦੀਆਂ।"

ਉਹ 'ਪਾਜ਼' ਕਰਕੇ ਮੁਸਕਰਾ ਰਹੀ ਹੈ ਅਤੇ ਉਹਦੇ ਇਸ ਖੱਪੇ ਨੂੰ ਮੈਂ ਪੂਰ ਦਿੱਤਾ ਹੈ, "ਤੁਸੀਂ ਕੀ ਪੜ੍ਹ ਰਹੇ ਹੋ?"

"ਅਸੀਂ 'ਮਿਊਜ਼ਿਕ ਐਂਡ ਡਾਂਸ' ਦੀ ਗਰੇਜੂਏਸ਼ਨ ਕਰ ਰਹੇ ਹਾਂ। ਜੈਕ ਦਾ ਪਹਿਲਾ ਸਾਲ ਹੈ ਤੇ ਮੇਰਾ ਦੂਜਾ।"

"ਮਿਊਜ਼ਿਕ *ਐਂਡ ਡਾਂਸ, ਵਿਦ ਕੰਨਸੈਂਟਰੇਸ਼ਨ ਔਨ ਪਰਫਾਰਮਿੰਗ ਆਰਟਸ!"* ਗਿਬਜ ਨੇ ਕੋਰਸ ਦਾ ਪੂਰਾ ਤੇ ਸਹੀ ਨਾਂ ਉਚਾਰਿਆ ਹੈ।

"ਗਰੇਟ, ਦੈਟ ਇਜ਼ ਗਰੇਟ! ਤਾਂ ਹੀ ਤੁਹਾਡੇ ਸੰਗੀਤ ਵਿਚ ਜਾਦੂ ਹੈ ਤੇ ਡਾਂਸ ਵਿਚ ਕਰਿਸ਼ਮਾ ਹੈ! ਏਨੀ ਵਧੀਆ ਪਰਫਾਰਮਿੰਸ, ਅਸੀਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਉਸ ਦਿਨ ਗਰੇਟ ਮਾਲ਼ ਵਿਚ ਦੇਖੀ ਹੈ!"

"ਥੈਂਕ ਯੂ ਸਰ!" ਖੁਸ਼ੀ ਨਾਲ ਗਬੀਬਾ ਦੇ ਕੁੰਡਲ ਖਣਕ ਉੱਠੇ ਹਨ।

"ਉਸ ਡਾਂਸ ਨੂੰ ਅਸੀਂ ਕਦੇ ਵੀ ਨਹੀਂ ਭੁੱਲ ਸਕਦੇ, ਇਟ *ਵਾਜ਼ ਰੀਅਲੀ ਸੋ ਗਰੇਟ* ਕਿ ਦਰਸ਼ਕ ਜਿਵੇਂ ਕੀਲੇ ਗਏ ਹੋਣ ... ਮੇਲਾ ਟਾਈਪ ਭੀੜ ਦਾ ਵੀ ਇੰਨਾ ਗਰੇਟ ਰਿਸਪੌਂਸ, ਕਮਾਲ ਹੈ!"

ਮੈਂ ਦਿਲ ਖੋਲ੍ਹ ਕੇ ਤਾਰੀਫ਼ ਕਰ ਰਿਹਾ ਹਾਂ ਅਤੇ ਮਿਸ ਗਬੀਬਾ ਮੁਸਕਰਾ ਕੇ ਕਬੂਲ ਫਰਮਾਅ ਰਹੀ ਹੈ ਅਤੇ ਗਿਬਜ ਵੀ ਕਦੇ ਕੋਈ ਟਿੱਪਣੀ ਜਾਂ ਟੋਣੇ ਨਾਲ ਗੱਲਬਾਤ ਦਾ ਮਜ਼ਾ ਲੈ ਰਿਹਾ ਹੈ। ਇਸ ਖੁੱਲ੍ਹ-ਦਿਲੇ ਅੰਦਾਜ਼ ਅਤੇ ਬੇਤਕੱਲਫ਼ੀ ਭਰੀ ਗੱਲਬਾਤ ਨੇ ਇੰਨਾ ਚੰਗਾ ਮਾਹੌਲ ਸਿਰਜ ਦਿੱਤਾ ਹੈ ਕਿ ਚੰਦਾ ਵੀ ਕਹਿਣ ਲਈ ਸ਼ਬਦ ਲੱਭ ਰਹੀ ਹੈ। ਉਹ ਵੀ ਚੰਦਾ ਨਾਲ ਗੱਲਬਾਤ ਵਿਚ ਵਿਸ਼ੇਸ਼ ਰੁਚੀ ਲੈਂਦੇ ਹੋਏ ਤੇ ਇਤਿਹਾਸਕ ਜੜ੍ਹਾਂ ਫਰੋਲਦੇ ਹੋਏ ਹਿਮਾਲਿਆ ਪਰਬਤ ਉਪਰ ਜਾ ਚੜ੍ਹੇ ਹਨ ਤਾਂ ਮੇਰੇ ਜ਼ਿਹਨ ਵਿਚ ਵੀ ਗੱਲਬਾਤ ਦਾ ਇਕ ਸਿਲਸਿਲਾ ਉਭਰਨਾ ਸ਼ੁਰੂ ਹੋ ਗਿਆ ਹੈ:

"ਮਿਸ ਗਬੀਬਾ, ਤੁਸੀਂ ਆਪਣੇ ਪੂਰਵਜਾਂ ਬਾਰੇ ਕਿੰਜ ਸੋਚਦੇ ਹੋ?"

"ਕਿਸੇ ਨਸਲ ਦਾ ਅਤੀਤ ਚਾਹੇ ਕਿੰਨਾ ਵੀ ਅਸ਼ਾਂਤ, ਦੁਖਦਾਈ ਤੇ ਤ੍ਰਾਸਦਿਕ ਰਿਹਾ ਹੋਵੇ, ਅੱਗੇ ਵਧਣ ਲਈ ਇਸ ਅਤੀਤ ਨੂੰ ਭੁੱਲਣਾ ਹੀ ਪੈਂਦਾ। ਬੇਸ਼ਕ ਕਿਸੇ ਸਮੇਂ ਦੇ ਦਿੱਤੇ ਜ਼ਖ਼ਮਾਂ ਦੇ ਨਿਸ਼ਾਨ ਤਾਂ ਪੂਰੀ ਤਰ੍ਹਾਂ ਮਿਟਾਏ ਨਹੀਂ ਜਾ ਸਕਦੇ ਪਰ ਇਨ੍ਹਾਂ ਨੂੰ ਰਾਜ਼ੀ ਕੀਤਾ ਜਾ ਸਕਦਾ ..."

"ਅਸੀਂ ਇਹ ਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ... ਇਸੇ ਕਰਕੇ ਅਸੀਂ 'ਵੀਜ਼ੀਬਲ' ਹਾਂ, ਅਤੇ ਇਸੇ ਕਰਕੇ 'ਬਲੈਕ ਇਜ਼ ਬੋਲਡ ਐਂਡ ਬਿਊਟੀਫੁੱਲ' ਸਾਡਾ ਨਵਾਂ ਮਾਟੋ ਹੈ!"

"ਥੈਂਕ ਯੂ ਮਿਸ ਗਬੀਬਾ! ਤੁਸੀਂ ਬਹੁਤ ਚੰਗੀ ਗੱਲ ਕਹੀ ਹੈ: ਕਮਾਲ ਦੀ ਗੱਲ! ਮੈਂ ਜਦੋਂ ਦਾ ਏਲੀਸਨ ਦਾ ਲਾਮਿਸਾਲ ਨਾਵਲ 'ਇਨਵੀਜ਼ੀਬਲ ਮੈਨ' ਪੜ੍ਹਿਆ, ਇਹ ਸਵਾਲ ਮੇਰਾ

ਹਮੇਸ਼ਾ ਪਿੱਛਾ ਕਰਦਾ ਰਿਹਾ, ਕਿ ਦੱਬੀ-ਕੁਚਲੀ ਤੇ ਨਪੀੜੀ ਗਈ ਕੋਈ ਵੀ ਨਸਲ 'ਵੀਜ਼ੀਬਲ' ਕਿਵੇਂ ਹੋ ਸਕਦੀ ਹੈ ? ਤੇ ਹੁਣ ਤੁਸੀਂ ਕਿੰਨੇ ਸਾਦੇ ਢੰਗ ਨਾਲ ਇਹਦਾ ਏਨਾ ਜ਼ਹੀਨ ਜਵਾਬ ਦੇ ਦਿੱਤਾ ਕਿ ਮੈਨੂੰ ਤਸੱਲੀਬਖਸ਼ ਜਵਾਬ ਮਿਲ ਗਿਆ ਹੈ।"

"ਤਾਰੀਫ਼ ਲਈ ਸ਼ੁਕਰੀਆ, ਪਰ ਅਸੀਂ ਤਾਂ ਹਾਲੇ ਸਿਰਫ਼ ਵਿਦਿਆਰਥੀ ਹਾਂ, ਸੋਸ਼ਲ ਫਿਲਾਸਫੀ ਬਾਰੇ ਬਹੁਤਾ ਨਹੀਂ ਜਾਣਦੇ।"

ਗਬੀਬਾ ਨੇ ਔਖਾ ਜਿਹਾ ਸਾਹ ਲੈ ਕੇ ਮਸੀਂ ਵਾਕ ਪੂਰਾ ਕੀਤਾ ਹੈ ਤਾਂ ਚੰਦਾ ਨੇ ਇਸ਼ਾਰੇ ਨਾਲ ਮੈਨੂੰ ਰਸੋਈ ਵਿਚ ਸੱਦ ਲਿਆ ਹੈ ਅਤੇ ਪੰਜਾਬੀ ਵਿਚ ਕਹਿ ਰਹੀ ਹੈ, "ਪਕੌੜੇ ਪਏ ਪਏ ਠੰਢੇ ਵੀ ਹੋ ਗਏ, ਇਨ੍ਹਾਂ ਨੂੰ ਖਾਣ ਲਈ ਤਾਂ ਕਹੋ ... ਪੀਣ ਲਈ ਕੀ ਚਾਹੁੰਦੇ ਆ, ਪੁੱਛੋ ਤਾਂ ਸਹੀ ? ਇਹ ਫਿਲੌਸਫੀ ਬਾਦ ਵਿਚ ਘੋਟ ਲਿਓ!"

"ਓ. ਕੇਅ. ਹਨੀ!" ਕਹਿ ਕੇ ਮੈਂ ਸਵਾਲ ਮਹਿਮਾਨਾਂ ਵੱਲ ਰੇੜ੍ਹ ਦਿੱਤਾ ਹੈ, "ਤੁਸੀਂ ਪੀਣ ਲਈ ਕੀ ਲਓਗੇ ? ਮੇਰੇ ਕੋਲ ਵਾਈਨ, ਰੈੱਡ ਵਾਈਨ, ਵਿਸਕੀ ਤੇ ਸਕਾੱਚ ਵੀ ਹੈ ਅਤੇ ਆਫਕੋਰਸ ਰੂਸੀ ਵੋਦਕਾ ਵੀ!"

"ਓ ਰੀਅਲੀ!" ਗਿਬਜ ਸੋਫੇ ਉਤੇ ਇੰਜ ਸਿੱਧਾ ਹੋ ਕੇ ਬੈਠ ਗਿਆ ਹੈ ਜਿਵੇਂ ਨੀਂਦ ਤੋਂ ਜਾਗਿਆ ਹੋਵੇ।

"ਸਕਾੱਚ ਲਿਆਵਾਂ, ਬਲੈਕ ਲੇਬਲ ?"

"ਓ ਯ਼ਾ, ਯ਼ਾ ਮੈਨ! ਬਲੈਕ ਲੇਬਲ ਫਾਰ ਏ ਬਲੈਕ-ਮੈਨ!! ਦੈਟ ਵਿੱਲ ਵੀ ਗਰੇਟ ... ਥੈਂਕ ਯੂ ਸਰ!"

"ਮਿਸ ਗਬੀਬਾ, ਤੁਹਾਡੇ ਲਈ ਸਕਾੱਚ ਚੱਲੂ ?"

"ਮੈਂ ਵਾਈਨ ਲੈ ਲਊਂਗੀ ਇਕ ਗਲਾਸ!"

"ਓ. ਕੇਅ. ਦੈਨ ... ਇਨਜੁਆਏ ਇੱਟ!"

ਮੈਂ ਪੀਣ ਵਾਲਾ ਸਾਰਾ ਸਾਮਾਨ ਟੇਬਲ ਉਪਰ ਸਜਾ ਦਿੱਤਾ ਹੈ ਅਤੇ ਚੰਦਾ ਪਕੌੜਿਆਂ ਦੀ ਇਕ ਹੋਰ ਪਲੇਟ ਰੱਖ ਗਈ ਹੈ ਅਤੇ ਮਹਿਫ਼ਲ ਛਾਲ ਮਾਰ ਕੇ ਰੰਗੀਨ ਦੌਰ ਵਿਚ ਦਾਖਿਲ ਹੋ ਗਈ ਹੈ। ਹੁਣ ਗਿਬਜ ਨੂੰ ਗੱਲ ਉੱਤੇ ਗੱਲ ਉਤਰ ਰਹੀ ਹੈ ਅਤੇ ਉਹ ਆਪਣੀ ਗੱਲ ਉਪਰ ਆਪ ਹੀ ਤਾੜੀਆਂ ਮਾਰ-ਮਾਰ ਕੇ ਹੱਸ ਰਿਹਾ ਹੈ। ਗਬੀਬਾ ਵੀ ਕੁੰਡਲਾਂ ਨੂੰ ਖਣਕਾ ਖਣਕਾ ਕੇ ਚਹਿਕ ਰਹੀ ਹੈ ਅਤੇ ਜਿਉਂ ਜਿਉਂ ਨਸ਼ੇ ਦਾ ਸਰੂਰ ਤਿੱਖਾ ਹੋ ਰਿਹਾ ਹੈ, ਉਹਦੀ ਗੱਲਬਾਤ ਹੋਰ ਸੰਗੀਤਮਈ ਹੁੰਦੀ ਜਾ ਰਹੀ ਹੈ। ਵਾਈਨ ਦੇ ਦੂਜੇ ਗਲਾਸ ਨਾਲ ਤਾਂ ਉਹਦੀਆਂ ਅੱਖਾਂ ਇੰਜ ਨੱਚ ਰਹੀਆਂ ਹਨ ਜਿਵੇਂ ਇਨ੍ਹਾਂ ਉਪਰ ਪੂਰੀ ਦੁਨੀਆ ਨੱਚ ਰਹੀ ਹੋਵੇ ਅਤੇ ਉਹ ਅੱਖਾਂ ਮਟਕਾਉਂਦੀ ਕਹਿ ਰਹੀ ਹੈ, "ਇਕ ਫਿਕਸ਼ਨ ਰਾਈਟਰ ਹੋ ਕੇ ਵੀ ਤੁਹਾਡਾ ਸੰਗੀਤ ਨਾਲ ਕਿੰਨਾ ਲਗਾਵ ਹੈ!"

"ਹਾਂ, ਸੰਗੀਤ ਸੁਣਨ ਦਾ ਮੈਨੂੰ ਬੇਹੱਦ ਸ਼ੌਕ ਹੈ ... ਪੈਦਾਇਸ਼ੀ ਸ਼ੌਕ! ਦਰਅਸਲ, ਪੰਜਾਬ ਦੇ ਜਿਸ ਪਿੰਡ ਵਿਚ ਮੇਰਾ ਜਨਮ ਹੋਇਆ, ਉਹਦੀ ਰੂਹ ਵਿਚ ਸੰਗੀਤ ਵਸਿਆ ਹੋਇਆ ... ਮੇਰੇ ਪਿੰਡ ਵਿਚ ਹਰ ਸਾਲ ਇਕ ਮੇਲਾ ਲੱਗਦਾ। ਇਹ ਗੀਤ-ਸੰਗੀਤ ਤੇ ਕੁਸ਼ਤੀਆਂ ਦਾ



ਤਿਉਹਾਰ ਹੁੰਦਾ। ਇਹ ਮੇਲਾ ਤਾਂ ਦੋ-ਤਿੰਨ ਦਿਨ ਦਾ ਹੀ ਹੁੰਦਾ ਪਰ ਗੀਤ-ਸੰਗੀਤ ਦੇ ਅਖਾੜੇ ਮਹੀਨਾ ਭਰ ਪਹਿਲਾਂ ਲੱਗਣੇ ਸ਼ੁਰੂ ਹੋ ਜਾਂਦੇ ਹਨ ... ਮੈਂ ਇਸੇ ਫ਼ਿਜ਼ਾ ਵਿਚ ਹੋਸ਼ ਸੰਭਾਲੀ ਤੇ ਵੱਡਾ ਹੋਇਆ ..."

"ਪਰ ਸੰਗੀਤ ਦੀ ਅਸਲੀ ਖਿੱਚ, ਸੁਹਜ ਤੇ ਕਰਾਮਾਤ ਦਾ ਅਹਿਸਾਸ ਤਾਂ ਮੈਨੂੰ ਉਦੋਂ ਹੋਇਆ, ਜਦੋਂ ਚੰਦਾ ਨਾਲ ਮੇਰਾ ਇਸ਼ਕ ਹੋਇਆ! ਬੱਸ, ਉਦੋਂ ਤੋਂ ਹਰ ਚੀਜ਼ ਵਿਚੋਂ ਸੰਗੀਤ ਸੁਣਾਈ ਦਿੰਦਾ!"

"ਵਾਹ, ਤੁਸੀਂ ਤਾਂ ਗੱਲ ਵੀ ਸੰਗੀਤ ਵਿਚ ਹੀ ਕਰ ਰਹੇ ਹੋ!" ਗਬੀਬਾ ਦੀਆਂ ਅੱਖਾਂ ਵਿਚਲੀ ਕਸ਼ਸ਼ ਡੂੰਘੀ ਹੁੰਦੀ ਜਾ ਰਹੀ ਹੈ ਅਤੇ ਮੇਰੇ ਅੰਦਰ ਇਕ ਨਵੀਂ ਚਿਣਗ ਮਚ ਪਈ ਹੈ, "ਪਰ ਜੋ ਨਾਚ ਤੇ ਸੰਗੀਤ ਮੈਂ ਉਸ ਦਿਨ ਗਰੇਟ ਮਾਲ਼ ਵਿਚ ਤੁਹਾਡਾ ਦੇਖਿਆ, ਉਹਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ... ਮੇਰਾ ਜੀਅ ਕਰਦਾ, ਉਹ ਨਾਚ ਵਾਰ-ਵਾਰ ਦੇਖਾਂ!"

"ਥੈਂਕ ਯੂ ਸਰ! ਤੁਸੀਂ ਮੈਨੂੰ ਮੀਬਾ ਕਹਿ ਸਕਦੇ ਹੋ, ਮੇਰੇ ਸਾਰੇ ਦੋਸਤ ਮੈਨੂੰ ਮੀਬਾ ਹੀ ਕਹਿੰਦੇ ਆ ...!"

ਉਹਨੇ ਨਸ਼ੇ ਦੀ ਲੋਰ ਵਿਚ ਮੇਰੀਆਂ ਅੱਖਾਂ ਵਿਚ ਸਿੱਧਾ ਝਾਕਿਆ ਹੈ ਤਾਂ ਮੈਨੂੰ ਇਕ ਝੁਣਝੁਣੀ ਆ ਗਈ ਹੈ ਅਤੇ ਉਹਦੀ ਖ਼ੂਬਸੂਰਤੀ ਦਾ ਇਕ ਨਵਾਂ ਅਹਿਸਾਸ ਹੋ ਰਿਹਾ ਹੈ। ਇਕ ਬੋਤਲ ਦੇ ਨਸ਼ੇ ਵਰਗਾ ਅਹਿਸਾਸ ... ਤੇ ਸ਼ਾਇਦ, ਚੰਦਾ ਨੂੰ ਵੀ ਇਸ ਦਾ ਅਹਿਸਾਸ ਹੋ ਗਿਆ ਹੈ। ਇਹ ਓਵਨ ਵਿਚ ਰੱਖ ਕੇ ਤਾਜ਼ਾ-ਤਾਜ਼ਾ ਬਾਰ-ਬੀਕਿਊ ਕੀਤੇ ਚਿਕਨ ਦੀ ਵੱਡੀ ਪਲੇਟ ਭਰ ਲਿਆਈ ਹੈ ਅਤੇ ਮੇਰੇ ਨਾਲ ਲੱਗ ਕੇ ਬੈਠ ਗਈ ਹੈ ਅਤੇ ਅਸੀਂ ਚੁੱਪ-ਚਾਪ ਖਾਣ-ਪੀਣ ਵਿਚ ਰੁਝ ਗਏ ਹਾਂ।

ਪਰ ਇਹ ਚੁੱਪ ਮੇਰੇ ਤੋਂ ਬਰਦਾਸ਼ਤ ਨਹੀਂ ਹੋ ਰਹੀ। ਮੈਂ ਹੋਰ ਚੰਗਾ ਮਾਹੌਲ ਸਿਰਜਣ ਲਈ ਗਿਬਜ ਨੂੰ ਗਲਾਸ ਖਾਲੀ ਕਰਨ ਲਈ ਕਿਹਾ ਹੈ ਤਾਂ ਉਹਨੇ ਗਲਾਸ ਖਾਲੀ ਕਰ ਕੇ ਰੱਖ ਦਿੱਤਾ ਹੈ। ਮੈਂ ਹੁਣ ਉਹਦੇ ਕੱਦ-ਕਾਠ ਦੇ ਹਿਸਾਬ ਨਾਲ ਉਹਦਾ ਪੈੱਗ ਅਤੇ ਆਪਣੇ ਵਜੂਦ ਦੇ ਹਿਸਾਬ ਨਾਲ ਆਪਣਾ ਪੈੱਗ ਬਣਾਇਆ ਹੈ। ਪਰ ਉਹ ਇਹ ਪੈੱਗ ਇਕੋ ਵਾਰ ਨੀਟ ਹੀ ਚਾੜ੍ਹ ਗਿਆ ਹੈ। ਗਬੀਬਾ ਨੇ ਵੀ ਬੋਤਲ ਖਾਲੀ ਕਰ ਕੇ ਰੱਖ ਦਿੱਤੀ ਹੈ ਅਤੇ ਮੈਂ ਉਹਦੇ ਲਈ ਹੋਰ ਬੋਤਲ ਖੋਲ੍ਹਣ ਉੱਠਿਆ ਹਾਂ ਤਾਂ ਚੰਦਾ ਮੇਰੇ ਪਿੱਛੇ ਖੜ੍ਹੀ ਕਹਿ ਰਹੀ ਹੈ, "ਇਨ੍ਹਾਂ ਨੂੰ ਹੋਰ ਨਾ ਪਿਲਾਓ ਯਾਰ! ਹੁਣ ਤਾਂ ਇਨ੍ਹਾਂ ਤੋਂ ਗੱਲ ਵੀ ਨਹੀਂ ਹੋ ਰਹੀ।"

"ਤੂੰ ਇਨ੍ਹਾਂ ਤੋਂ ਡਰ ਨਾ, ਇਹ ਆਪਾਂ ਨੂੰ ਕੁਝ ਨਹੀਂ ਕਹਿੰਦੇ!"

ਮੈਂ ਇਹਨੂੰ ਹੱਸ ਕੇ ਟਾਲ ਦਿੱਤਾ ਹੈ ਅਤੇ ਵਾਈਨ ਦੀ ਦੂਜੀ ਬੋਤਲ ਖੋਲ੍ਹ ਕੇ ਰੱਖ ਦਿੱਤੀ ਹੈ ਤਾਂ ਗਬੀਬਾ ਨੇ ਨਾਂਹ-ਨਾਂਹ ਕਰਦੀ ਨੇ ਵੀ ਥੋੜ੍ਹੀ ਜਿੰਨੀ ਗਲਾਸ ਵਿਚ ਪਾ ਹੀ ਲਈ ਹੈ ਅਤੇ ਗਿਬਜ ਲਈ ਮੈਂ ਇਕ ਹੋਰ ਪਟਿਆਲੇ-ਸ਼ਾਹੀ ਪੈੱਗ ਬਣਾਇਆ ਹੈ ਕਿਉਂਕਿ ਮੈਨੂੰ ਲੱਗ ਰਿਹਾ, ਉਹ ਦਿਲ ਦੀ ਗੱਲ ਨਹੀਂ ਕਰ ਰਹੇ। ਕੁਝ ਨ ਕੁਝ ਜ਼ਰੂਰ ਅਜਿਹਾ ਹੈ ਜੋ ਇਹ ਛੁਪਾ ਰਹੇ ਹਨ ਜਾਂ ਕਹਿਣ ਤੋਂ ਹਿਚਕਿਚਾ ਰਹੇ ਹਨ। ਇਸ ਲਈ ਮੈਂ ਉਨ੍ਹਾਂ ਨੂੰ ਰੱਜ ਕੇ ਸ਼ਰਾਬੀ ਹੋਏ ਦੇਖਣਾ ਚਾਹੁੰਦਾ ਹਾਂ ਪਰ ਆਪ ਸੰਭਲ-ਸੰਭਲ ਕੇ ਹਲਕੇ ਹਲਕੇ ਘੁੱਟ ਭਰ ਰਿਹਾ ਹਾਂ।

ਹੁਣ ਜਿਉਂ ਜਿਉਂ ਗਿਬਜ ਘੁੱਟ ਭਰ ਰਿਹਾ ਹੈ, ਉਹਦੇ ਚਿਹਰੇ ਦਾ ਰੰਗ ਕਾਲੇ ਤੋਂ ਨੀਲਾ ਹੁੰਦਾ ਜਾ ਰਿਹਾ ਹੈ ਅਤੇ ਗਬੀਬਾ ਦੀਆਂ ਅੱਖਾਂ ਦੀ ਚਮਕ ਹੋਰ ਸ਼ਬਾਬੀ ਹੁੰਦੀ ਜਾ ਰਹੀ ਹੈ ਅਤੇ ਮੈਂ ਵਾਰ-ਵਾਰ ਉਹਦੀਆਂ ਅੱਖਾਂ ਵਿਚ ਝਾਕਦਾ, ਉਹ ਲੁਤਫ਼ ਲੈ ਰਿਹਾ ਹਾਂ ਜੋ ਕਿਸੇ ਖ਼ੂਬਸੂਰਤ ਜਵਾਨ ਕੁੜੀ ਦੀਆਂ ਨਸ਼ਈ ਅੱਖਾਂ ਵਿਚੋਂ ਲਿਆ ਜਾ ਸਕਦਾ ਹੈ। ਪਰ ਚੰਦਾ ਨੂੰ ਇਹ ਏਨਾ ਨਾ-ਖ਼ੁਸ਼ਗਵਾਰ ਲੱਗ ਰਿਹਾ ਹੈ ਕਿ ਇਹ ਆਨੇ-ਬਹਾਨੇ ਮੈਨੂੰ ਵਾਰ-ਵਾਰ ਟੋਕ ਰਹੀ ਹੈ ਅਤੇ ਮੈਂ ਇਹਨੂੰ ਕੁਝ ਦੇਰ ਟਾਲਣ ਲਈ ਰੋਟੀਆਂ ਪਕਾਉਣ ਦਾ ਹੁਕਮ ਦੇ ਦਿੱਤਾ ਹੈ ਅਤੇ ਗੱਲਬਾਤ ਦਾ ਸਿਰਾ ਫਿਰ ਉਸੇ ਥਾਂ ਤੋਂ ਫੜ ਲਿਆ ਹੈ ਜਿੱਥੇ ਛੱਡੀ ਸੀ।

"ਤਾਂ ਮੀਬਾ, ਛੁੱਟੀਆਂ ਵਿਚ ਤੁਸੀਂ ਕਾਫ਼ੀ ਬਿਜ਼ੀ ਰਹਿੰਦੇ ਹੋ ?"

"ਹਾਂ, ਸਾਡਾ ਇਕ ਸੰਗੀਤ ਕੰਪਨੀ ਨਾਲ ਕਾਨਟਰੈਕਟ ਹੈ। ਉਹਦੇ ਲਈ ਅਸੀਂ ਹਰ ਸਾਲ ਗਰਮੀਆਂ ਵਿਚ ਤੀਹ ਸ਼ੋਅ ਕਰਨੇ ਹੁੰਦੇ ਆ ਅਤੇ ਕ੍ਰਿਸਮਿਸ ਦੇ ਮੌਕੇ 'ਤੇ ਵੀ ਪੰਦਰਾਂ ਕੁ ਸ਼ੋਅ ਕਰਨੇ ਪੈਂਦੇ ਆ।"

"ਓ ਦੈਟ'ਸ ਗਰੇਟ! ਕਿੰਨਾ ਫੰਨ ਹੁੰਦਾ ਹੋਊ ਤੇ ਕਿੰਨਾ ਮਜ਼ਾ ਆਉਂਦਾ ਹੋਊ! ਹਜ਼ਾਰਾਂ ਲੋਕ ਇਹ ਲਾਈਵ ਸ਼ੋਅ ਦੇਖ ਕੇ ਆਨੰਦ ਮਾਣਦੇ ਹੋਣਗੇ ਤੇ ਕਈ ਗੁਣਾ ਵੱਧ ਟੀਵੀ, ਇੰਟਰਨੈੱਟ ਰਾਹੀਂ ਲੁਤਫ਼ ਲੈਂਦੇ ਹੋਣਗੇ।"

ਮੈਂ ਲਲਸਾਈਆਂ ਅੱਖਾਂ ਨਾਲ ਉਹਦੀਆਂ ਅੱਖਾਂ ਵਿਚ ਝਾਤੀ ਮਾਰੀ ਹੈ ਤਾਂ ਉਹਨੂੰ ਵੀ ਇਹ ਅਹਿਸਾਸ ਹੋ ਗਿਆ ਲੱਗਦਾ ਹੈ ਕਿ ਮੈਂ ਕੀ ਭਾਲ ਰਿਹਾ ਹਾਂ। ਉਹਨੇ ਅੱਖਾਂ ਝੁਕਾ ਕੇ ਬੰਦ ਕਰ ਲਈਆਂ ਹਨ ਅਤੇ ਗਿਬਜ ਦਾ ਮੋਢਾ ਪਲੋਸ ਰਹੀ ਹੈ, "ਤੂੰ ਠੀਕ ਏਂ ਜੈਕ ?"

"ਯ਼ਾ ਯ਼ਾ ... ਗਰੇਟ ... ਆਈ ... ਐਮ ... ਗਰੇਟ ...!"

ਉਹ ਏਨਾ ਸ਼ਰਾਬੀ ਹੋ ਚੁੱਕਾ ਹੈ ਕਿ ਥਥਲਾਉਣ ਲੱਗ ਪਿਆ ਹੈ ਅਤੇ ਮੈਂ ਉਹਨੂੰ ਇਕ ਨਿੱਕਾ ਜਿਹਾ ਪੈੱਗ ਹੋਰ ਪਾ ਦਿੱਤਾ ਹੈ ਪਰ ਵਾਈਨ ਦੀ ਬੋਤਲ ਨੂੰ ਹੱਥ ਪਾਇਆ ਹੈ ਤਾਂ ਗਬੀਬਾ ਨੇ ਗਲਾਸ ਟੇਬਲ ਦੇ ਥੱਲੇ ਰੱਖ ਦਿੱਤਾ ਹੈ ਅਤੇ ਮੈਂ ਇਕ ਨਵਾਂ ਸਵਾਲ ਦਾਗ਼ ਦਿੱਤਾ ਹੈ, "ਤਸੀਂ ਇਹ ਨਾਚ ਪੜ੍ਹਾਈ ਦੇ ਦੌਰਾਨ ਸਿਖਿਆ ਜਾਂ ਬਚਪਨ ਤੋਂ ਹੀ ਸ਼ੌਕ ਸੀ ?"

"ਹਰ ਕਾਲੀ ਕੁੜੀ ਨੱਚਣਾ-ਗਾਉਣਾ ਤਾਂ ਆਪਣੀ ਮਾਂ ਦੀ ਕੁੱਖ ਵਿਚੋਂ ਹੀ ਸਿੱਖ ਕੇ ਆਉਂਦੀ ਹੈ ... ਪਰ ਜ਼ਿੰਦਗੀ ਉਹਨੂੰ ਕੀ ਸਿਖਾਉਂਦੀ ਹੈ, ਇਹ ਇੱਕ ਵੱਖਰੀ ਗੱਲ ਹੈ ..."

"ਓ ਮੀਬਾ ਡੀਅਰ, ਤੂੰ ਕਿੰਨੀ ਵੱਡੀ ਗੱਲ ਕਹਿ ਦਿੱਤੀ ਐ! ਮੈਂ ਇਹ ਨਾ ਕਿਤੇ ਪੜ੍ਹੀ ਨਾ ਸੁਣੀ ਹੈ। ਬੇਸ਼ਕ 'ਡੂ ਬਾਇਸ' ਨੇ 'ਕਾਲੇ ਲੋਕਾਂ ਦੀਆਂ ਰੂਹਾਂ' ਵਿਚ 'ਗ਼ਮ ਦੇ ਗੀਤਾਂ' ਬਾਰੇ ਦਿਲ ਹਿਲਾ ਦੇਣ ਵਾਲੀਆਂ ਗੱਲਾਂ ਕੀਤੀਆਂ ਹਨ, ਪਰ ਇਸ ਗਹਿਰਾਈ ਤੱਕ ਉਹ ਵੀ ਨਹੀਂ ਪਹੁੰਚ ਸਕਿਆ ... ਸ਼ਾਇਦ, ਇਹ ਗੱਲ ਇਕ ਮਹਾਨ ਸੰਗੀਤਕਾਰ ਹੀ ਕਹਿ ਸਕਦਾ ਹੈ!"

"ਥੈਂਕ ਯੂ ... ਥੈਂਕ ਯੂ ਸਰ!" ਉਹਦੀਆਂ ਅੱਖਾਂ ਨੱਚੀਆਂ ਹਨ।

"ਪਰ ਮੀਬਾ, ਜੇ ਤੂੰ ਬੁਰਾ ਨਾ ਮਨਾਏਂ ਤਾਂ ਕੀ ਦੱਸ ਸਕਦੀ ਏਂ, ਇਹ ਮਹਾਨ ਨਾਚ ਕਿਵੇਂ ਸਿੱਖਿਆ ? ਇਕ ਲੱਤ ਸਿੱਧੀ ਅਸਾਮਨ ਵੱਲ ਅਤੇ ਦੂਜੀ ਸਟੇਜ ਉਪਰ ਪੰਜੇ ਦੇ ਬਲ ... ਕਲਾ ਦਾ ਉਚਤਮ ਰੂਪ ... ਪਰ ਕਿੰਨਾ ਮੁਸ਼ਕਿਲ ਹੈ ਇੰਜ ਪਰਫਾਰਮ ਕਰਨਾ!"



ਮੇਰੇ ਇਸ ਸਵਾਲ ਨਾਲ ਉਹਨੂੰ ਜਿਵੇਂ ਝੁਣਝੁਣੀ ਆ ਗਈ ਹੋਵੇ ਪਰ ਜਵਾਬ ਦੀ ਬਜਾਇ ਉਹਨੇ ਬੁੱਲ੍ਹ ਇੰਜ ਮੀਟ ਲਏ ਹਨ ਜਿਵੇਂ ਕਸੀਸ ਵੱਟ ਕੇ ਕੋਈ ਚੀਸ ਜਰਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਮੈਂ ਉਹਦੇ ਚਿਹਰੇ ਨੂੰ ਨਿਹਾਰ ਰਿਹਾ ਹਾਂ ਅਤੇ ਉਹ ਗਿਬਜ ਵੱਲ ਇੰਜ ਝਾਕ ਰਹੀ ਹੈ ਜਿਵੇਂ ਇਹਦਾ ਜਵਾਬ ਉਹਦੇ ਚਿਹਰੇ ਤੋਂ ਪੜ੍ਹ ਰਹੀ ਹੋਵੇ ਪਰ ਉਹ ਤਾਂ ਨਸ਼ੇ ਵਿਚ ਟੁੰਨ, ਸੋਫੇ ਉੱਤੇ ਟੇਢਾ ਜਿਹਾ ਬੈਠਾ ਬੇਸੁਰੀ ਬੁੜਬੁੜ ਕਰ ਰਿਹਾ ਹੈ। ਇਸ ਲਈ ਸਾਡੇ ਵਿਚਕਾਰ ਇਕ ਬੇਚੈਨ ਚੁੱਪ ਪਸਰੀ ਪਈ ਹੈ, ਜਿਸ ਨੂੰ ਰੋਟੀਆਂ ਪਕਾਉਂਦੀ ਚੰਦਾ ਦੀ ਟਪਕ ਟਪਕ ਤੋੜ ਰਹੀ ਹੈ ਅਤੇ ਮੇਰੀ ਜਗਿਆਸਾ, ਬੇਸਬਰੀ ਦੀ ਚਰਮਸੀਮਾ ਪਾਰ ਕਰ ਚੁੱਕੀ ਹੈ:

"ਮੀਬਾ ਪਲੀਜ਼ ਇਹ ਦੱਸ, ਇਹ ਕਲਾ ਤੂੰ ਕਿੱਥੋਂ ਤੇ ਕਿਵੇਂ ਸਿੱਖੀ ? ਮੈਂ ਇਸ ਮਹਾਨ ਕਲਾ ਦਾ ਮੂਲ-ਸਰੋਤ ਅਤੇ ਇਤਿਹਾਸਕ ਜੜ੍ਹਾਂ ਬਾਰੇ ਜਾਣਨਾ ਚਾਹੁੰਨਾਂ ... ਮੈਂ ਇਸ ਮਹਾਨ ਕਲਾ ਦੇ ਚਮਤਕਾਰ ਬਾਰੇ ਕੁਝ ਲਿਖਣਾ ਚਾਹੁੰਨਾਂ ਹਾਂ, ਪਲੀਜ਼ ਕੰਮ ਔਨ ਮੀਬਾ!"

"ਇਹ ਕਲਾ ਮੈਂ ਇਕ ਕਮਾਂਡੋ ਫ਼ੌਜੀ ਤੋਂ ਸਿੱਖੀ ਸੀ!"

"ਕਮਾਂਡੋ ? ... ਫ਼ੌਜੀ ?"

"ਹਾਂ, ਉਦੋਂ ਅਸੀਂ ਪਹਿਲੀ ਵਾਰੀ ਜੰਗ ਲੜ ਰਹੇ ਆਪਣੇ ਫ਼ੌਜੀਆਂ ਲਈ ਸ਼ੋਅ ਕਰਨ ਗਏ ਸੀ ... ਲਗਾਤਾਰ ਪੰਦਰਾਂ ਦੇ ਕਰੀਬ ਸ਼ੌਅ ਕੀਤੇ ਸੀ, ਅਫਗਿਨਸਤਾਨ ਦੇ ਸ਼ਹਿਰ ਕਾਬਲ ਵਿਚ ... ਉਦੋਂ *ਹਾਲੇ ਮੈਂ ਜੈਕ ਨੂੰ ਨਹੀਂ ਜਾਣਦੀ ਸੀ ਤੇ ਮੇਰੀ ਸੰਗੀਤ ਕੰਪਨੀ ਵੀ ਹੋਰ ਸੀ* ... ਉਹ ਕਮਾਂਡੋ ਸਾਡੀ ਸੁਰੱਖਿਆ ਟੁਕੜੀ ਦਾ ਕਮਾਂਡਰ ਸੀ। ਕਮਾਲ ਦਾ ਆਦਮੀ ਸੀ ਉਹ: ਜੰਪ ਮਾਰ ਕੇ ਛੱਤ ਉਪਰ ਚੜ੍ਹ ਸਕਦਾ ਸੀ। ਛਾਲ ਮਾਰ ਕੇ ਜੀਪ ਟੱਪ ਜਾਂਦਾ ਸੀ। ਬੜਾ ਬੇਖ਼ੌਫ ਆਦਮੀ ਸੀ ਉਹ, ਨਿੱਤ ਖਤਰਿਆਂ ਨਾਲ ਖੇਲ੍ਹਣ ਵਾਲਾ, ਜੋ ਦੋਵੇਂ ਲੱਤਾਂ ਇਕ ਸੌ ਅੱਸੀ ਡਿਗਰੀ ਫੈਲਾ ਕੇ, ਆਪਣੇ ਹੱਥਾਂ ਵਿਚ ਮੈਨੂੰ ਉਠਾ ਕੇ ਨੱਚ ਸਕਦਾ ਸੀ।"

"ਉਹ ਸੀ ਜਾਂ ਹੈ ?"

"ਬਦਕਿਸਮਤੀ ਨਾਲ ਉਹ ਇਕ ਆਤਮਘਾਤੀ ਬੰਬ ਨਾਲ ਮਾਰਿਆ ਗਿਆ। ਇਸ ਲਈ ਉਹਦੀ ਯਾਦ ਵਿਚ ਮੈਂ ਹਰ ਸਾਲ ਆਪਣੇ ਫ਼ੌਜੀਆਂ ਲਈ ਸ਼ੋਅ ਕਰਨ ਜਾਨੀਂ ਹਾਂ ਤੇ ਜੈਕ ਵੀ ਮੇਰੇ ਨਾਲ ਜਾਂਦਾ ਐ।"

"ਫੱਕ ਵਾਰ ... ਫੱਕ ਦੈਟ ... ਵਾਈਟ੍ਹ ਮੈਨ ...!"

ਗਿਬਜ ਫੁੰਕਾਰੇ ਮਾਰ ਰਿਹਾ ਹੈ ਅਤੇ ਮੈਂ ਇਕ ਹੋਰ ਪੈੱਗ ਬਣਾ ਕੇ ਫੜਾ ਦਿੱਤਾ ਹੈ ਤਾਂ ਉਹ ਇਕੋ ਸਾਹੇ ਡੀਕ ਕੇ ਫਿਰ ਸੋਫੇ ਉਪਰ ਲੁੜਕ ਗਿਆ ਹੈ ਅਤੇ ਗਬੀਬਾ ਸੁੰਗੜਦੀ ਜਾ ਰਹੀ ਹੈ।

ਮੇਰੇ ਮਨ ਵਿਚੋਂ ਵੀ ਸੰਗੀਤ-ਪ੍ਰੇਮ ਦੇ ਝਰਨੇ ਦੀ ਥਾਂ, ਹੁਣ ਜੰਗ ਦੇ ਵਿਰੁੱਧ ਇਕ ਕੁੜਨ ਫੁੱਟ ਰਹੀ ਹੈ:

"ਤੁਸੀਂ ਆਪਣੀ ਵਿਰਾਸਤ ਦੀ ਇਸ ਮਹਾਨ ਕਲਾ ਦਾ ਇਸਤੇਮਾਲ ਇਕ ਜੰਗਬਾਜ਼ ਤੇ ਧਾੜਵੀ ਸਟੇਟ ਲਈ ਕਿਉਂ ਕਰ ਰਹੇ ਹੋ ?"

ਮੇਰੇ ਇਸ ਸਵਾਲ ਨਾਲ ਗਬੀਬਾ ਇੰਜ ਛਟਪਟਾ ਰਹੀ ਹੈ ਕਿ ਉਹਨੇ ਖਾਲੀ ਗਲਾਸ ਚੁੱਕ ਕੇ ਵਾਈਨ ਨਾਲ ਭਰ ਕੇ ਅੱਧਾ ਕੁ ਡੀਕ ਲਿਆ ਹੈ ਅਤੇ ਉਹਦਾ ਤਰਸਯੋਗ ਚਿਹਰਾ ਮੇਰੇ ਤੋਂ

ਦੇਖਿਆ ਨਹੀਂ ਜਾ ਰਿਹਾ ਪਰ ਮੇਰੇ ਮੂੰਹੋਂ ਰੋਕਦੇ-ਰੋਕਦੇ ਵੀ ਫਿਰ ਇਹ ਨਿਕਲ ਹੀ ਗਿਆ ਹੈ:

"ਇਹ ਸ਼ੋਅ ਕਰਦੇ ਵਕਤ ... ਆਪਣੀ ਜ਼ਮੀਰ ਉੱਤੇ ਕੋਈ ਬੋਝ ਤਾਂ ਨਹੀਂ ਮਹਿਸੂਸ ਹੁੰਦਾ ... ਮੀਬਾ ਡੀਅਰ ?"

"ਨਹੀਂ ਸਰ ਨਹੀਂ ! ਮੇਰੀ ਜ਼ਮੀਰ ਤਾਂ ਉਸ ਕਮਾਂਡੋ ਕੋਲ ਹਮੇਸ਼ਾ ਲਈ ਗਿਰਵੀ ਹੋ ਚੁੱਕੀ ਹੈ, ਜੋ ਮੇਰੀ ਪਹਿਲੀ ਮੁਹੱਬਤ ਵੀ ਸੀ ... ਪਹਿਲਾ ਬੁਆਏ ਫਰੈਂਡ ਵੀ, ਤੇ ਜਿਹਦੇ ਇਕ ਬੱਚੇ ਦੀ ਮੈਂ ਮਾਂ ਵੀ ਹਾਂ।"

"ਉਹ ਬੱਚਾ ਕਿੱਥੇ ਐ ?" ਮੇਰਾ ਮਨ ਇਕਦਮ ਪਿਘਲ ਗਿਆ ਹੈ।

"ਉਹ ਮੇਰੀ ਮਾਂ ਕੋਲ ਪਲ ਰਿਹਾ ... ਨਿਊ ਆਰਲੀਨ ਵਿਚ ... ਹਰੀਕੇਨ ਕਟਰੀਨਾ ਕਾਰਨ ਸਾਡਾ ਆਪਣਾ ਘਰ, ਪਰਿਵਾਰ ਸਭ ਉਜੜ ਗਿਆ ਸੀ ... ਇਸ ਲਈ ਅਸੀਂ ਕੈਲੀਫੋਰਨੀਆ ਸਟੇਟ ਵਿਚ ਆ ਗਏ ਸੀ ... ਪਰ ਮੇਰੀ ਮਾਂ ਅਤੇ ਡੈਡ ਹੁਣ ਵਾਪਸ ਚਲੇ ਗਏ ਆ ਤੇ ਮੈਂ ਏਥੇ ਜੈਕ ਨਾਲ ਰਹਿਣ ਲੱਗ ਪਈ ਹਾਂ।" ਉਹ ਭਾਵੁਕ ਹੋ ਕੇ ਰੋਣਹਾਕੀ ਹੋ ਗਈ ਹੈ।

ਤੇ ਗਿਬਜ ਫਿਰ ਫੁੰਕਾਰੇ ਮਾਰਨ ਲੱਗ ਪਿਆ ਹੈ:

"ਫੱਕ ਕਟਰੀਨਾ ... ਫੱਕ ਬੁੱਸ਼ ... ਫੱਕ ਵਾਈਟ੍ਹ ਮੈਨ ...!"

"ਫੱਕ ਕਟਰੀਨਾ ... ਫੱਕ ਵਾਰ ... ਫੱਕ ਵਾਈਟ੍ਹ ਮੈਨ ...!"

ਇਧਰ ਗਿਬਜ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਧਰ ਚੰਦਾ ਖਾ ਜਾਣ ਵਾਲੀਆਂ ਅੱਖਾਂ ਨਾਲ ਮੈਨੂੰ ਘੂਰਦੀ ਹੋਈ ਕਹਿ ਰਹੀ ਹੈ, "ਹੁਣ ਇਨ੍ਹਾਂ ਨੂੰ ਲੰਗਰ ਖਲਾ ਕੇ ਦਫਾ ਵੀ ਕਰੋ !" ਇਹਦੀ ਇਹ ਪੰਜਾਬੀ ਨਾ ਸਿਰਫ਼ ਮੇਰੇ ਕੰਨਾਂ ਵਿਚ ਹੀ ਰੜਕੀ ਹੈ, ਸਗੋਂ ਗਬੀਬਾ ਨੂੰ ਵੀ ਇਹਦੇ ਮੂਡ ਦਾ ਅਹਿਸਾਸ ਹੋ ਗਿਆ ਹੈ ਅਤੇ ਉਹ ਗਿਬਜ ਦੀ ਬਾਂਹ ਫੜ ਕੇ ਖਿੱਚ ਰਹੀ ਹੈ, "ਉੱਠ ਜੈਕ ਘਰ ਚੱਲੀਏ !"

"ਘ .. ਰ .. ਰ ..! ਕਿਸ .. ਘ .. ਰ .. ਰ ?"

"ਬਲੈਕ ... ਮੈਨ ... ਹੈਜ਼ ... ਨੋ ... ਹੋਮ ...!"

ਉਹ ਇਹ ਹੀ ਗੱਲ ਵਾਰ-ਵਾਰ ਰਟਦਾ ਹੋਇਆ, ਫਿਰ ਦੋਵੇਂ ਲੱਤਾਂ ਸੋਫੇ ਉਪਰ ਪਸਾਰ ਕੇ ਅਤੇ ਪੂਰਾ ਆਕੜ ਕੇ ਲੰਮਾ ਪੈ ਗਿਆ ਹੈ ਤਾਂ ਗਬੀਬਾ ਨਿਮਾਣੀ ਜਿਹੀ ਬਣ ਕੇ ਮੈਨੂੰ ਕਹਿ ਰਹੀ ਹੈ:

"ਸਰ ਪਲੀਜ਼, ਇਹਨੂੰ ਲੈ ਜਾਣ ਵਿਚ ਮੇਰੀ ਮਦਦ ਕਰੋ !"

"ਸ਼ੋਅਰ !" ਮੈਂ ਉਹਦੀ ਇਕ ਬਾਂਹ ਫੜ ਕੇ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਅਤੇ ਗਬੀਬਾ ਦੂਜੀ ਪਰ ਉਹ ਸਾਢੇ ਛੇ ਫੁੱਟ ਉੱਚਾ, ਚੌੜਾ ਨੌਜਵਾਨ ਹਿੱਲ ਵੀ ਨਹੀਂ ਰਿਹਾ। ਗਬੀਬਾ ਉਹਨੂੰ ਪੁਚਕਾਰ ਰਹੀ ਹੈ ਅਤੇ ਉਹ ਹੋਰ ਵੀ ਚਾਂਬਲ ਕੇ ਆਕੜਦਾ ਜਾ ਰਿਹਾ ਹੈ ਅਤੇ ਉਹਦੀ 'ਫੱਕ ... ਫੱਕ' ਹੋਰ ਖਰ੍ਹਵੀ ਤੇ ਉੱਚੀ ਹੁੰਦੀ ਜਾ ਰਹੀ ਹੈ।

ਇਸ ਖਿੱਚ-ਧੂਅ ਨਾਲ ਗਬੀਬਾ ਦਾ ਚਿਹਰਾ ਇੰਜ ਮੁਰਝਾਅ ਗਿਆ ਹੈ ਕਿ ਮੇਰੇ ਤੋਂ ਦੇਖਿਆ ਨਹੀਂ ਜਾ ਰਿਹਾ। ਇਸ ਲਈ ਮੈਂ ਉਹਦੀਆਂ ਮੀਡੀਆਂ ਨੂੰ ਫੜ ਕੇ ਪੋਲਾ ਪੋਲਾ ਖਿੱਚ ਰਿਹਾ ਹਾਂ, "ਹੇ ਜੈਕ ਉੱਠ ਕੇ ਖੜ੍ਹਾ ਹੋਣ ਦੀ ਕੋਸ਼ਿਸ਼ ਕਰ, ਪਲੀਜ਼ ਗੈੱਟ ਅੱਪ ਮਿਸਟਰ ਗਿਬਜ !"



ਮੈਂ ਮੀਡੀਆਂ ਜ਼ਰਾ ਹੋਰ ਜ਼ੋਰ ਖਿੱਚੀਆਂ ਹਨ ਤਾਂ ਉਹ ਉੱਠਣ ਦੀ ਕੋਸ਼ਿਸ਼ ਕਰ ਰਿਹਾ ਹੈ। ਚੰਦਾ ਨੂੰ ਮਦਦ ਲਈ ਇਸ਼ਾਰਾ ਕੀਤਾ ਹੈ ਤਾਂ ਇਹਨੇ ਵੀ ਸੜੇ ਮੱਥੇ ਉਹਦਾ ਇਕ ਹੱਥ ਫੜ ਲਿਆ ਹੈ ਅਤੇ ਅਸੀਂ ਤਿੰਨੇ ਜਣੇ ਉਹਨੂੰ ਖਿੱਚਦੇ ਧੂੰਹਦੇ ਉਨ੍ਹਾਂ ਦੇ ਦਰਵਾਜ਼ੇ ਤੱਕ ਲੈ ਆਏ ਹਾਂ।

ਗਬੀਬਾ ਦਰਵਾਜ਼ਾ ਖੋਲ੍ਹ ਰਹੀ ਹੈ।

ਉਹ ਦਰਵਾਜ਼ੇ ਦੀ ਚੁਗਾਠ ਨਾਲ ਲੱਤਾਂ ਅੜਾ ਕੇ ਚੌਫਾਲ ਲੇਟ ਗਿਆ ਹੈ। ਚੰਦਾ 'ਫੂੰ ਫੂੰ' ਕਰਦੀ ਖਿਸਕ ਆਈ ਹੈ ਅਤੇ ਮੈਂ ਤੇ ਗਬੀਬਾ ਉਸ ਨੂੰ ਅੰਦਰ ਲੈ ਜਾਣ ਲਈ ਸੰਘਰਸ਼ ਕਰ ਰਹੇ ਹਾਂ। ਪਰ ਉਹ ਸਾਥੋਂ ਹਿੱਲ ਵੀ ਨਹੀਂ ਰਿਹਾ। ਜ਼ੋਰ ਲਾ ਲਾ ਕੇ ਗਬੀਬਾ ਦਾ ਸਾਹ ਫੁੱਲ ਗਿਆ ਹੈ ਤਾਂ ਇਹਨੇ ਉਹਦੇ ਮੂੰਹ ਉੱਤੇ ਦੋ-ਤਿੰਨ ਚੰਗੇ ਕਰਾਰੇ ਥੱਪੜ ਜੜ ਦਿੱਤੇ ਹਨ।

ਇੰਨੇ ਨਾਲ ਉਹਦੀ 'ਫੱਕ ... ਫੱਕ' ਇਕਦਮ ਬੰਦ ਹੋ ਗਈ ਹੈ। ਉਹਨੇ ਸਰੀਰ ਢਿੱਲਾ ਛੱਡ ਦਿੱਤਾ ਹੈ ਅਤੇ ਅਸੀਂ ਚੁੱਕ ਕੇ ਦਰਵਾਜ਼ੇ ਦੇ ਅੰਦਰ ਕਰ ਦਿੱਤਾ ਹੈ ਅਤੇ ਉਹ ਕਾਰਪਿਟ ਉਪਰ ਮੁੱਧੇ ਮੂੰਹ ਪਿਆ ਕਰਾਹ ਰਿਹਾ ਹੈ। ਇਹ ਦੇਖ ਕੇ ਮੈਨੂੰ ਆਪਣਾ-ਆਪ ਦੋਸ਼ੀ ਲੱਗ ਰਿਹਾ ਹੈ ਅਤੇ ਮੈਂ ਬਹੁਤ ਹੀ ਮੱਧਮ ਆਵਾਜ਼ ਵਿਚ ਕਹਿ ਰਿਹਾ ਹਾਂ:

"ਸੌਰੀ ਮੀਬਾ, ਮੈਂ ਇਹਨੂੰ ਕੁਝ ਜ਼ਿਆਦਾ ਹੀ ਪਿਲਾ ਦਿੱਤੀ।"

"ਨਹੀਂ ਸਰ ਨਹੀਂ ! ਇਹਦਾ ਹਰ ਥਾਂ ਇਹੀ ਹਾਲ ਹੁੰਦਾ ... ਅਸਲ ਵਿਚ, ਮੁਫਤ ਦੀ ਸ਼ਰਾਬ, ਬਿਨਾ ਹਿਸਾਬ ਪੀ ਕੇ ਬਕਵਾਸ ਕਰਨੀ ... ਕਾਲੇ ਬੰਦੇ ਦਾ ਸਭ ਤੋਂ ਵੱਡਾ ਫੰਨ ਹੁੰਦਾ ..."

ਉਹ ਗੁੱਸੇ ਨਾਲ ਭਰੀ-ਪੀਤੀ ਉਹਨੂੰ ਘੂਰ ਰਹੀ ਹੈ। ਮੈਨੂੰ ਉਹਦੇ ਇਸ ਮੂਡ ਦਾ ਸਾਹਮਣਾ ਕਰਨਾ ਬੜਾ ਭਾਰੀ ਪੈ ਰਿਹਾ ਹੈ। ਇਸ ਲਈ ਮੇਰੇ ਮੂੰਹੋਂ ਇਹ ਸ਼ਬਦ ਆਪ-ਮੁਹਾਰੇ ਨਿਕਲ ਗਏ ਹਨ:

"ਚੰਗਾ ਮੀਬਾ, ਹੁਣ ਮੈਂ ਚੱਲਦਾ ਹਾਂ ... ਗੁੱਡ ਨਾਈਟ !"

ਪਰ ਉਹ ਭਾਵੁਕ ਹੋ ਕੇ ਕਿਸੇ ਬੱਚੇ ਵਾਂਗ ਮੇਰੇ ਸੀਨੇ ਨਾਲ ਆ ਲੱਗੀ ਹੈ, "ਜੈਕ ਲਈ ਮੈਨੂੰ ਮੁਆਫ ਕਰ ਦੇਣਾ ਸਰ !"

ਮੈਨੂੰ ਉਹਦੀ ਇਹ ਨਿਰਛਲ ਹਰਕਤ ਉਹਦੇ ਮਨ ਦੀ ਮਹਾਨਤਾ ਦਾ ਅਹਿਸਾਸ ਕਰਾ ਰਹੀ ਹੈ ਅਤੇ ਉਹ ਫਿਰ ਕਹਿ ਰਹੀ ਹੈ:

"ਅਸਲ ਵਿਚ, ਸਾਡੀਆਂ ਕਾਲੀਆਂ ਕੁੜੀਆਂ ਵਿਚੋਂ ਬਹੁਤੀਆਂ ਦੀ, ਜ਼ਿੰਦਗੀ ਏਹੋ ਜਿਹੀ ਹੀ ਹੁੰਦੀ ਹੈ ... ਸਗੋਂ ਇਸ ਤੋਂ ਵੀ ਬਦਤਰ ... ਤੁਸੀਂ ਇਸ ਬਾਰੇ ਵੀ ਕੁਝ ਲਿਖਣਾ, ਸਰ !"

"ਮੈਂ ਜ਼ਰੂਰ ਲਿਖੂੰਗਾ, ਮੀਬਾ ਬੀਬਾ !"

ਇਸ ਤੋਂ ਵੱਧ ਕੁਝ ਹੋਰ ਕਹਿਣ ਲਈ ਮੈਨੂੰ ਸ਼ਬਦ ਨਹੀਂ ਸੁੱਝ ਰਹੇ ਅਤੇ ਮੈਂ ਨਿੱਘੇ ਮੋਹ ਉਹਦਾ ਸਿਰ ਪਲੋਸ ਕੇ ਅਤੇ ਅਸ਼ੀਰਵਾਦ ਦੇ ਕੇ, ਸਿੱਲ੍ਹੇ ਜਿਹੇ ਮਨ ਨਾਲ ਆਪਣੇ ਘਰ ਵੜਿਆ ਹਾਂ ਤਾਂ ਚੰਦਾ ਮੇਰੇ ਵੱਲ ਇੰਜ ਦੇਖ ਰਹੀ ਹੈ ਜਿਵੇਂ ਕੱਚਾ ਚਬਾ ਜਾਣਾ ਚਾਹੁੰਦੀ ਹੋਵੇ।

ਇਸ ਲਈ ਮੈਂ ਸਿੱਧਾ ਬਿਸਤਰ ਉੱਤੇ ਆ ਪਿਆ ਹਾਂ।

ਪਰ ਇਹਦੀ ਗੁਸੈਲ ਬੁੜਬੁੜ ਮੇਰਾ ਪਿੱਛਾ ਕਰ ਰਹੀ ਹੈ:

"ਹੁਣ ਭੱਜ ਕਿਉਂ ਆਏ ? ਦੇਖ ਆਉਣੀ ਸੀ, ਚੰਗੀ ਤਰ੍ਹਾਂ ਉਹ ਲੱਤ ਜਿਹਦੇ ਲਈ ਮਰਦੇ ਜਾ ਰਹੇ ਸੀ ... ਜਿਹਦੇ ਲਈ ਉਹ ਮੁੰਡੇ ਵੇਚਾਰੇ ਨੂੰ ਪਿਲਾ ਪਿਲਾ ਕੇ ਬੇਸੁੱਧ ਕੀਤਾ ..."

"ਹੁਣ ਦੇਖ ਕੇ ਆਉਣਾ ਸੀ ... ਉਹ ਕਾਲਾ ਨਾਚ ਮਨ ਭਰ ਕੇ ... ਜਿਹਦੇ ਲਈ ਨਿੱਤ ਉਡੀਕਦੇ ਸੀ ..."

ਇਹ ਬੁੜਬੁੜ ਸੁਣਨੀ ਬੰਦ ਹੋਈ ਹੈ ਤਾਂ ਬੰਦੂਕਾਂ ਦੇ ਸਾਏ ਅਤੇ ਫੌਜੀ ਵਰਦੀਆਂ ਦੇ ਝੁਰਮਟ ਵਿਚ ਨੱਚਦੀ ਗਬੀਬਾ ਨਜ਼ਰ ਆ ਰਹੀ ਹੈ।

'ਮੈਂ ਜਾਗਦਾ ਹਾਂ ਕਿ ਸੁੱਤਾ ?' ਆਪਣੇ-ਆਪ ਨੂੰ ਸਵਾਲ ਕੀਤਾ ਹੈ ਤਾਂ ਅੱਖ ਖੁੱਲ੍ਹ ਗਈ ਹੈ ਪਰ ਚੰਦਾ ਦਿਖਾਈ ਨਹੀਂ ਦੇ ਰਹੀ।

ਇਸ ਲਈ ਬਾਥਰੂਮ ਜਾਣ ਤੋਂ ਮਗਰੋਂ, ਪਾਣੀ ਪੀਣ ਦੇ ਬਹਾਨੇ ਨਾਲ ਰਸੋਈ ਵਿਚ ਆਇਆ ਹਾਂ ਤਾਂ ਇਹ ਲਾਬੀ ਦੇ ਸੋਫੇ ਉੱਤੇ ਪਈ ਦਿਸ ਰਹੀ ਹੈ ਅਤੇ ਮੈਂ ਦੁੰਬ ਦਬਾ ਕੇ ਮੁੜ ਬੈੱਡ ਉੱਤੇ ਆ ਪਿਆ ਹਾਂ।

ਪਰ ਮਾੜੀ ਜਿਹੀ ਅੱਖ ਮੁੜ ਲੱਗਦੇ ਹੀ ... ਬੰਦੂਕਾਂ ਦੀ ਨੋਕ ਉੱਤੇ ਨੱਚਦੀ ਗਬੀਬਾ ਫਿਰ ਨਜ਼ਰ ਆ ਰਹੀ ਹੈ:

'ਉਫ਼ ! ਇਹ ਤਾਂ ਲਹੂ ਦੇ ਦਰਿਆ ਵਿਚ ਤੈਰ ਰਹੀ ਲਾਸ਼ਾਂ ਦੀ ਸਟੇਜ ਉਪਰ ਲਹੂ ਦੇ ਬਸਤਰ ਪਹਿਨ ਕੇ ਨੱਚ ਰਹੀ ਹੈ ਤੇ ਇਹਦੀਆਂ ਦੋਵੇਂ ਲੱਤਾਂ ਦੁਫਾੜ ਹੋ ਕੇ ਇਕ ਦੂਜੀ ਤੋਂ ਦੂਰ ਜਾ ਡਿੱਗੀਆਂ ਹਨ ...'

ਇਹ ਭਿਆਨਕ ਦ੍ਰਿਸ਼ ਦੇਖ ਕੇ ਮੈਂ ਚੀਕ ਮਾਰ ਕੇ ਉੱਠਿਆ ਹਾਂ ਤਾਂ ਉਹ ਹੀ ਬੁੜਬੁੜ ਫਿਰ ਕੰਨਾਂ ਵਿਚ ਪੈ ਰਹੀ ਹੈ ਅਤੇ ਸੰਭਾਵੀ ਗ੍ਰਹਿ-ਯੁੱਧ ਦੇ ਸੀਨ ਜ਼ਿਹਨ ਵਿਚ ਉਭਰਨੇ ਸ਼ੁਰੂ ਹੋ ਗਏ ਹਨ।

'ਪਰ ਇਸ ਗ੍ਰਹਿ-ਯੁੱਧ ਤੋਂ ਹੁਣ ਬਚਾ ਵੀ ਕੌਣ ਸਕਦਾ ਹੈ ?'

'ਤੇ ਜਿਹੜਾ ਗ੍ਰਹਿ-ਯੁੱਧ ਦੀਵਾਰ ਦੇ ਉਸ ਪਾਰ ਹੋ ਸਕਦਾ ਹੈ ?'

'ਕਾਲੇ ਨਾਚ ਦੇ ਜਾਦੂ ਦਾ ਅੰਤ ਇੰਨਾ ਤ੍ਰਾਸਦਿਕ ਵੀ ਹੋ ਸਕਦਾ ਹੈ, ਮੈਂ ਕਦੇ ਸੋਚ ਵੀ ਨਹੀਂ ਸਕਦਾ ਸੀ ...।'

ਮੈਂ ਮਨੋ-ਬਚਨੀ ਦੀ ਛਟਪਟਾਹਟ ਨਾਲ ਤੜਪ ਰਿਹਾ ਹਾਂ। ਸ਼ਰਾਬ ਦਾ ਨਸ਼ਾ ਕਦੋਂ ਦਾ ਉੱਤਰ ਚੁੱਕਾ ਹੈ, ਨੀਂਦ ਵੀ ਪਤਾ ਨਹੀਂ ਕਿੱਥੇ ਉੱਡ ਗਈ ਹੈ। ਪਰ ਚੰਦਾ ਹੁਣ ਟਿਕ ਗਈ ਹੈ ਅਤੇ ਇਹਦੇ ਘੁਰਾੜਿਆਂ ਦੀ 'ਫੂੰ ... ਫੂੰ' ਹੋਰ ਉੱਚੀ ਤੇ ਬੇਸੁਰੀ ਹੁੰਦੀ ਜਾ ਰਹੀ ਹੈ।

****



# ਹੱਡਾਂ 'ਚ ਖੁਰ ਗਿਆ ਚੰਦਰਮਾ

ਵਾਹ, ਕਿਆ ਹੁਸੀਨ ਸ਼ਾਮ ਹੈ !

ਸਤੰਬਰ ਮਹੀਨੇ ਦਾ ਪਹਿਲਾ ਹਫ਼ਤਾ, ਖੁਸ਼ਗਵਾਰ ਮੌਸਮ ਅਤੇ ਝੀਲ ਦਾ ਕਿਨਾਰਾ। ਝੀਲ ਵਿਚ ਤੈਰਦੀਆਂ ਕਿਸ਼ਤੀਆਂ, ਕਿਸ਼ਤੀਆਂ ਵਿਚ ਲੋਕ, ਚਹਿਲ ਪਹਿਲ, ਚੰਚਲ ਅਦਾਵਾਂ ਅਤੇ ਉਤੇਜਿਤ ਖਲੂਸ।

ਇਕ ਕਿਨਾਰੇ, ਇਕ ਖੂਬਸੂਰਤ ਪਾਰਕ ਮਹਿਕ ਰਿਹਾ ਤਾਜ਼ਾ ਖਿੜੇ ਰੰਗ-ਬਰੰਗੇ ਫੁੱਲਾਂ ਨਾਲ। ਦੂਜੇ ਕਿਨਾਰੇ, ਦਿਲਕਸ਼ 'ਸੀਨਿਕ ਪੁਆਇੰਟ' ਨਿੱਕੀਆਂ-ਵੱਡੀਆਂ ਪਹਾੜੀਆਂ ਉਪਰ ਚਮਕ ਰਹੇ ਦੂਰਬੀਨਾਂ, ਕੈਮਰਿਆਂ ਤੇ ਸੈਲਾਨੀਆਂ ਨਾਲ। ਚਾਰ-ਚੁਫ਼ੇਰੇ, ਹਰੀਆਂ-ਭਰੀਆਂ ਪਹਾੜੀਆਂ ਚਹਿਕ ਰਹੀਆਂ ਬਣ ਕੇ ਝੀਲ ਦੀਆਂ ਪਹਿਰੇਦਾਰ ਅਤੇ ਸਾਏਰਾ ਪਰਬਤ ਲੜੀ ਦੀ ਚਮਕੀਲੀ ਸਫੈਦ ਚਾਦਰ ਕਰ ਰਹੀ ਹੈ, ਬਰਫ਼ਵਾਰੀ ਦੇ ਨਵੇਂ ਮੌਸਮ ਦਾ ਇੰਤਜ਼ਾਰ, ਨਿੱਤ ਖੁਰ-ਖੁਰ ਕੇ ਗਰਮੀ ਅਤੇ ਬੇਸਬਰੀ ਦੇ ਨਾਲ।

ਮੈਂ ਅਤੇ ਚੰਦਾ ਬੈਠੇ ਹਾਂ ਇਕ ਅਣਘੱੜ ਜਿਹੇ ਪੱਥਰ ਉਪਰ ਝੀਲ ਦੇ ਕਿਨਾਰੇ ... ਪਾਰਕ ਦੇ ਪਾਸ ... ਮਾਣ ਰਹੇ ਹਾਂ ਫੁੱਲਾਂ ਦੀ ਤਰੋ-ਤਾਜ਼ਾ ਮਹਿਕ ਅਤੇ ਮਖਮਲੀ ਘਾਹ ਦੀ ਰੂਹਾਨੀ ਕਸ਼ਿਸ਼।

ਕੂਲ਼ੀ-ਕੂਲ਼ੀ ਧੁੱਪ ਰੁਸ਼ਨਾਅ ਰਹੀ ਤਨ-ਮਨ ਵਿਚ ਸੁਹਜਮਈ ਸੁੰਦਰ ਅਹਿਸਾਸ ਅਤੇ ਸ਼ੋਖ ਫ਼ਿਜ਼ਾ ਛੇੜ ਰਹੀ ਪਿਆਰ-ਤਰੰਗਾਂ ਰੂਹ ਦੇ ਆਰ-ਪਾਰ। ਇਸ਼ਕ ਹਕੀਕੀ ਦਾ ਨਸ਼ਾ ਆ ਉਤਰਿਆ ਹੈ ਮੇਰੇ ਕਣ-ਕਣ ਵਿਚ ਅਤੇ ਲਰਜ਼ ਉੱਠੀ ਹੈ ਰੂਹ ਮੇਰੀ ਦੀ ਇਕ ਇਕ ਤਾਰ। ਚੰਦਾ ਪਲੋਸ ਰਹੀ ਹੈ ਸਿਰ ਮੇਰਾ ਪਿਆਰ-ਭਰੇ ਹੁਲਾਸ ਦੇ ਨਾਲ:

"ਕੀ ਸੋਚ ਰਹੇ ਹੋ ?"

"ਕਵਿਤਾ ਫੁਰ ਰਹੀ ਆ, ਡਾਰਲਿੰਗ !"

"ਓ ਰੀਅਲੀ, ਸੁਣਾਓ ਤਾਂ ..."

"ਹਾਲੇ ਤਾਂ ਦੋ ਕੁ ਲਾਈਨਾਂ ਈ ਫੁਰੀਆਂ, ਸਿਰਫ਼ ਮੁਖੜਾ।"

"ਮੁਖੜਾ ਹੀ ਤਾਂ ਹੁੰਦਾ ਸੁਣਨ ਵਾਲਾ।"

"ਚੱਲ, ਸੁਣ ਫੇ ...

*ਝੀਲ ਦੇ ਪਾਣੀ ਵਿਚੋਂ ਉੱਠ ਰਹੀਆਂ*
*ਤਰੰਗਾਂ .... ਤਰੰਗਾਂ ਵਿਚੋਂ ਸੰਗੀਤ*
*ਗੁਣਗੁਣਾ ਰਹੀ ਹੈ ਇਹ ਸ਼ੋਖ ਫ਼ਿਜ਼ਾ*
*ਖੂਬਸੂਰਤ ਸ਼ਾਮ ਦਾ ਸੁਰਮਈ ਗੀਤ*

"ਵਾਹ, ਕਮਾਲ ਐ! ਪੂਰੀ ਕਰ ਈ ਲਓ ... ਮੈਂ ਓਨੀ ਦੇਰ ਪਾਰਕ ਦਾ ਇਕ ਚੱਕਰ ਮਾਰ ਆਉਂਨੀਂ ਆਂ।"

ਇਹ ਸੈਰ ਲਈ ਚਲੀ ਗਈ ਹੈ ਤਾਂ ਕਵਿਤਾ ਵੀ ਇਹਦੇ ਨਾਲ ਹੀ ਤੁਰ ਗਈ ਹੈ ਤੇ ਹੁਣ ਤਾਂ ਇਕ ਕਹਾਣੀ ਯਾਦ ਆ ਰਹੀ ਹੈ।

ਇਹ ਕਹਾਣੀ ਬਹੁਤ ਚਿਰ ਪਹਿਲਾਂ ਇਕ ਆਦਿਵਾਸੀ ਮਲਾਹ ਨੇ ਉਦੋਂ ਸੁਣਾਈ ਸੀ, ਜਦੋਂ ਮੈਂ ਅਤੇ ਮੇਰਾ ਇਕ ਕਵੀ ਮਿੱਤਰ ਕੰਨਿਆ-ਕੁਮਾਰੀ ਘੁੰਮਣ ਗਏ ਸਾਂ: ਜੂਨ ਮਹੀਨੇ ਦੀ ਇਕ ਸਵੇਰ ਸੀ ਅਤੇ ਅਸੀਂ ਸਵੇਰੇ-ਸਵੇਰੇ ਕਿਸ਼ਤੀ ਵਿਚ ਬੈਠ ਕੇ ਸਮੁੰਦਰ ਦੀ ਸੈਰ ਲਈ ਨਿਕਲ ਪਏ। ਸੂਰਜ ਬੜਾ ਤਿੱਖਾ ਚੜ੍ਹਿਆ ਸੀ ਉਸ ਦਿਨ। ਅੱਗ ਵਾਂਗ ਵਰ੍ਹਦੀ ਧੁੱਪ ਅਤੇ ਅਸੀਂ ਪਸੀਨੇ ਨਾਲ ਗੱਚ। ਕਵੀ ਨੇ ਸੂਰਜ ਦੀ ਇਸ ਬੇਰੁਖੀ 'ਤੇ ਗਿਲ੍ਹਾ ਕੀਤਾ ਤਾਂ ਸ਼ੁਰੂ ਹੋ ਗਿਆ ਉਹ ਆਦਿਵਾਸੀ ਮਲਾਹ:

ਸਾਹਿਬ! ਇਹ ਸੂਰਜ ਨਾ ਚੜ੍ਹੇ ਤਾਂ ਅਸੀਂ ਭੁੱਖੇ ਮਰ ਜਾਈਏ। ਜਿਸ ਦਿਨ ਸੂਰਜ ਨਹੀਂ ਚੜ੍ਹਦਾ, ਮੀਂਹ ਵਰਸਦਾ ਐ, ਅਸੀਂ ਭੁੱਖੇ ਸੌਂਦੇ ਆਂ। ਸਾਡੇ ਬੱਚੇ ਅੱਧੀ ਰੋਟੀ ਖਾਂਦੇ ਆ ...

ਸਿਆਣੇ ਕਹਿੰਦੇ ਆ, ਬੱਦਲਾਂ ਤੇ ਸੂਰਜ ਵਿਚ ਆਦਿ ਜੁਗਾਦਿ ਤੋਂ ਇਕ ਯੁੱਧ ਚੱਲਦਾ ਆ ਰਿਹਾ ... ਮੈਂ ਵੀ ਦੇਖਿਆ ਇਹ ਯੁੱਧ ਕਈ ਵਾਰ ... ਕਦੇ-ਕਦੇ ਬੱਦਲ ਇੰਨਾ ਭਿਆਨਕ ਤਿੱਖਾ ਹਮਲਾ ਕਰਦੇ ਆ ਕਿ ਸੂਰਜ ਨੂੰ ਚਾਰ ਚੁਫੇਰਿਉਂ ਘੇਰ ਲੈਂਦੇ ਆ ਅਤੇ ਉਹਦੀਆਂ ਅੱਖਾਂ ਵਿਚ ਪਾਣੀ ਦੀਆਂ ਪਿਚਕਾਰੀਆਂ ਮਾਰਦੇ ਆ। ਸੂਰਜ ਵਿਚਾਰਾ ਨੀਰ ਵਹਾਉਂਦਾ ਅਲੋਪ ਹੋ ਜਾਂਦਾ ਤੇ ਕਈ ਕਈ ਦਿਨ ਦਿਖਾਈ ਨਹੀਂ ਦਿੰਦਾ ...

ਇੰਜ ਜਦੋਂ ਬੱਦਲ, ਸੂਰਜ ਨੂੰ ਹਰਾ ਕੇ ਕਿਤੇ ਦੂਰ ਭਜਾ ਦਿੰਦੇ ਆ, ਤਾਂ ਕਈ ਵਾਰ ਸੈਲਾਬ ਵੀ ਆ ਜਾਂਦਾ ਸਾਡੇ ਪਿੰਡਾਂ ਵਿਚ। ਬਰਬਾਦ ਕਰ ਜਾਂਦਾ ਫਸਲਾਂ ਅਤੇ ਵਹਾ ਕੇ ਲੈ ਜਾਂਦਾ ਝੁੱਗੀਆਂ ਝੋਂਪੜੀਆਂ ਵੀ ਆਪਣੇ ਨਾਲ ... ਇਸੇ ਕਰਕੇ ਸਾਹਿਬ! ਮੇਰੇ ਦਾਦੇ ਪੜਦਾਦੇ ਸੂਰਜ ਦੀ ਪੂਜਾ ਕਰਦੇ ਸੀ। ਸਵੇਰੇ ਕਿਸ਼ਤੀ ਖੋਲ੍ਹਦੇ ਸਮੇਂ ਸਿਰ ਝੁਕਾ ਕੇ ਹੱਥ ਜੋੜ ਕੇ ਸੂਰਜ ਨੂੰ ਪ੍ਰਣਾਮ ਕਰਦੇ ਸੀ ਅਤੇ ਇਹ ਮੰਤਰ ਪੜ੍ਹਦੇ ਸੀ:

ਚੜ੍ਹਦਾ ਰਹੀਂ ਵੇ ਸੂਰਜਾ, ਹਰ ਰੋਜ਼ ਸਵੇਰੇ ...

ਮਲਾਹ ਇਹ ਪੰਕਤੀ ਗਾ-ਗਾ ਕੇ ਸੁਣਾਉਣ ਲੱਗ ਪਿਆ ਤਾਂ ਕਵੀ ਨੇ ਵੀ ਤੁਕ ਨਾਲ ਤੁਕ ਜੋੜ ਦਿੱਤੀ:

ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ ...

*ਕਵੀ* ਦੀ ਉੱਚੀ ਸੁਰੀਲੀ ਹੇਕ ਨਾਲ ਸਮੁੰਦਰ ਦੀਆਂ ਲਹਿਰਾਂ ਉਛਲ ਉਛਲ ਕੇ ਸਾਡੇ ਪੈਰ ਚੁੰਮਣ ਲੱਗੀਆਂ ਤਾਂ ਮੈਂ ਦਾਦ ਦਿੱਤੀ:

"ਵਾਹ ਦੋਸਤ, ਕਿਆ ਸੁਮੇਲ ਕੀਤਾ ਏ! ਪੰਜਾਬ ਤੇ ਕੇਰਲ ਦੇ ਲੋਕ ਸਾਹਿਤ ਦਾ ... ਸੂਰਜ ਦੇ ਬਿੰਬ ਤੇ ਮਹੱਤਵ ਦਾ ...!"

ਕਵੀ ਨੇ ਮੇਰਾ ਧੰਨਵਾਦ ਕੀਤਾ ਤਾਂ ਮਲਾਹ ਨੇ ਕਹਾਣੀ ਫਿਰ ਅੱਗਾਂਹ ਤੋਰ ਲਈ:

ਸਾਹਿਬ! ਅਹੁ ਜੋ ਸਾਹਮਣੇ ਉੱਚੀ ਪਹਾੜੀ ਦਿਸਦੀ ਹੈ ... ਸਭ ਤੋਂ ਉੱਚੀ ... ਇਸ ਦੇ



ਪਿੱਛੇ ਹੋਰ ਵੀ ਬਹੁਤ ਸਾਰੀਆਂ ਨਿੱਕੀਆਂ ਨਿੱਕੀਆਂ ਪਹਾੜੀਆਂ ... ਫਿਰ ਜੰਗਲ ਤੇ ਜੰਗਲ ਤੋਂ ਪਾਰ ਫਿਰ ਸਮੁੰਦਰ ...

ਮੇਰੇ ਦਾਦਾ ਜੀ ਕਹਿੰਦੇ ਹੁੰਦੇ ਸੀ, ਸੂਰਜ ਜਦੋਂ ਦਿਨ ਭਰ ਰੌਸ਼ਨੀ ਵੰਡ ਕੇ ਥੱਕ ਜਾਂਦਾ ਤਾਂ ਆਰਾਮ ਕਰਨ ਲਈ ਉਸ ਪਰਲੇ ਸਮੁੰਦਰ ਵਿਚ ਵੜ ਕੇ ਸੌਂ ਜਾਂਦਾ ... ਤੇ ਫਿਰ ਤੜਕਸਾਰ ਉੱਠ ਕੇ ਜੰਗਲ ਦੀ ਸੈਰ ਕਰਦਾ ਅਤੇ ਤੁਰਦਾ ਤੁਰਦਾ ਜਦੋਂ, ਨਿੱਕੀਆਂ ਪਹਾੜੀਆਂ ਉੱਤੇ ਚੜ੍ਹਦਾ ਤਾਂ ਕੁੱਕੜ ਪਹਿਲੀ ਬਾਂਗ ਦਿੰਦਾ ਅਤੇ ਉਸ ਵੇਲੇ ਇਸ ਘਾਟੀ ਵਿਚ ਪਹੁ-ਫੁਟਾਲਾ ਸ਼ੁਰੂ ਹੁੰਦਾ ਅਤੇ ਫਿਰ ਜਦੋਂ, ਇਸ ਉੱਚੀ ਪਹਾੜੀ ਉੱਤੇ ਆ ਕੇ ਪਹਿਲੀ ਝਾਤੀ ਮਾਰਦਾ ਤਾਂ ਇਸ ਸਾਰੀ ਘਾਟੀ ਵਿਚ ਜਗਮਗ ਜਗਮਗ ਉਜਾਲਾ ਹੋ ਜਾਂਦਾ ਅਤੇ ਉਹ ਕਿਸ਼ਤੀਆਂ ਖੋਲ੍ਹਣ ਦਾ ਸਮਾਂ ਹੁੰਦਾ ...

ਮਲਾਹ ਬੁਲੰਦ ਮਨ ਨਾਲ ਕਹਾਣੀ ਸੁਣਾਉਂਦਾ ਰਿਹਾ ... ਸਾਡਾ ਧੁੱਪ ਨਾਲ ਬੁਰਾ ਹਾਲ ਹੁੰਦਾ ਗਿਆ ਅਤੇ ਕਵੀ ਦੀ ਜ਼ੁਬਾਨ ਉਪਰ ਇਕ ਹੋਰ ਗੀਤ ਦੇ ਬੋਲ ਤਿਲਮਿਲਾਉਣ ਲੱਗੇ:

ਲੂਸ ਗਿਆ ਮਜ਼ਦੂਰ ਦਾ ਪਿੰਡਾ

ਜੇਠ ਹਾੜ੍ਹ ਦਾ ਹੁੱਟ ਵੇ

ਉੱਠਣ ਦਾ ਵੇਲਾ ...

ਕਵੀ ਸੂਰਜ ਦੀ ਕਰੋਪੀ ਉੱਤੇ ਕੁਝ ਜ਼ਿਆਦਾ ਹੀ ਖਿਝ ਗਿਆ ਸੀ। ਇਸ ਲਈ ਹੋਰ ਵੀ ਖੁੱਲ੍ਹ ਕੇ, ਇਕ ਕੰਨ ਉੱਤੇ ਹੱਥ ਰੱਖ ਕੇ ਹੋਰ ਵੀ ਉੱਚੀ ਲੰਮੀ ਸੁਰੀਲੀ ਹੇਕ ਨਾਲ ਗਾਉਣ ਲੱਗਾ ਤਾਂ ਮਲਾਹ ਨੇ ਇਸ ਹੇਕ ਲਈ ਦਿਲ ਖੋਲ੍ਹ ਕੇ ਦਾਦ ਦਿੱਤੀ ਤਾਂ ਕਵੀ ਕਹਿਣ ਲੱਗਾ:

"ਏ ਮੇਰੇ ਪਿਆਰੇ ਵੀਰ ਮਲਾਹ! ਤੂੰ ਚਾਂਦਨੀ ਵਰਗੀ ਮਿੱਠੀ, ਕੋਈ ਪਿਆਰੀ ਜਿਹੀ ਕਹਾਣੀ ਸੁਣਾ ... ਚੂਸ ਲਏ ਜੋ ਸਾਡੇ ਪਿੰਡੇ ਦੀ ਸਾਰੀ ਜਲਣ ... ਪੀ ਜਾਏ ਜਿਸਮ ਤੇਰੇ ਦਾ ਸਾਰਾ ਪਸੀਨਾ।"

ਕਵੀ ਨੇ ਇਹ ਕਿਹਾ ਤਾਂ ਮਲਾਹ ਸੋਚੀਂ ਪੈ ਗਿਆ।

ਸੋਚਦਾ ਰਿਹਾ, ਸੋਚਦਾ ਗਿਆ। ਡੂੰਘੇ ਪਾਣੀਆਂ ਵਿਚ ਤੇਜ਼-ਤੇਜ਼ ਚੱਪੂ ਮਾਰੇ, ਪਸੀਨੇ ਦੀਆਂ ਘਰਾਲ਼ਾਂ ਪੂੰਝੀਆਂ ਅਤੇ ਫਿਰ ਬੋਲਿਆ:

"ਹਾਂ ਸਾਹਿਬ, ਯਾਦ ਆਇਆ: ਚਾਂਦਨੀ ਦੀ ਇਕ ਕਹਾਣੀ ਤਾਂ ਸਾਡੇ ਪਿੰਡ ਦੀ ਇਕ ਵਿਜੋਗਣ ਗਾਉਂਦੀ ਹੁੰਦੀ ਸੀ।"

"ਤੈਨੂੰ ਵਿਜੋਗਣ ਵਾਲੀ ਕਹਾਣੀ ਯਾਦ ਐ?" ਕਵੀ ਉੱਛਲਿਆ।

"ਪੂਰੀ ਤਾਂ ਨਹੀਂ! ਬੱਸ, ਏਨੀ ਕੁ ਯਾਦ ਹੈ ਕਿ ਉਸ ਵਿਜੋਗਣ ਦਾ ਜਵਾਨੀ ਵੇਲੇ ਪਿੰਡ ਦੇ ਇਕ ਮੁੰਡੇ ਨਾਲ ਪਿਆਰ ਹੁੰਦਾ ਸੀ ਅਤੇ ਉਹ ਮੁੰਡਾ ਵੀ ਉਹਨੂੰ ਏਨਾ ਪਿਆਰ ਕਰਦਾ ਸੀ, ਏਨਾ ਪਿਆਰ ਕਰਦਾ ਸੀ ਕਿ ਜਿਸ ਦਿਨ ਚੌਦਵੀਂ ਦਾ ਚੰਨ ਪੂਰਾ ਚੜ੍ਹਦਾ ਸੀ, ਉਹ ਚਾਂਦਨੀ ਨਾਲ ਆਪਣੀ ਪਿਆਰੀ ਨੂੰ ਇਸ਼ਨਾਨ ਕਰਾਉਂਦਾ ਹੁੰਦਾ ਸੀ ..."

"ਮੇਰੇ ਪਿੰਡ ਦੇ ਲੋਕ ਕਹਿੰਦੇ ਆ, ਇਕ ਵਾਰ ਤਾਂ ਉਹਨੇ ਚੰਦਰਮਾ ਨੂੰ ਮੁੱਠੀ ਵਿਚ ਫੜ ਕੇ ਉਹਦੇ ਵਾਲਾਂ ਵਿਚ ਵੀ ਟੰਗ ਦਿੱਤਾ ਸੀ ..."

"ਵਾਹ, ਕਿਆ ਬਾਤ ਐ ... ਫਿਰ ?" ਕਵੀ ਫਿਰ ਉੱਛਲਿਆ।

"ਫਿਰ ਜਦੋਂ ਸਾਡੇ ਪਿੰਡਾਂ ਵਿਚ ਵੱਡਾ ਕਾਲ ਪਿਆ, ਤਾਂ ਉਹ ਮੁੰਡਾ ਫੌਜ ਵਿਚ ਭਰਤੀ ਹੋ ਗਿਆ ਤੇ ਅਗਲੇ ਹੀ ਸਾਲ ਹਿੰਦ-ਚੀਨ ਦੀ ਜੰਗ ਲੱਗ ਗਈ ... ਫੌਜ ਵਾਲਿਆਂ ਨੇ ਉਹਨੂੰ ਲੜਾਈ ਦੇ ਮੋਰਚੇ 'ਤੇ ਭੇਜ ਦਿੱਤਾ ਤੇ ਉਹ ਵਿਚਾਰਾ ਕਦੇ ਵੀ ਵਾਪਸ ਨਹੀਂ ਪਰਤਿਆ ..."

"ਜਿਉਂਦਾ ਨਾ ਮੋਇਆ ਅਤੇ ਉਹਦੀ ਮਸ਼ੂਕ ਵੇਚਾਰੀ ... ਉਡੀਕਦੀ ਉਡੀਕਦੀ ... ਸੁਕ ਕੇ ਤੀਲਾ ਹੋ ਗਈ ਅਤੇ ਵਿਜੋਗਣ ਬਣ ਗਈ।"

"ਫਿਰ ਕੀ ਹੋਇਆ ?" ਕਵੀ ਚੌਂਕਿਆ।

"ਫਿਰ ਕੀ ਹੋਣਾ ਸੀ, ਸਾਹਿਬ!"

ਮਲਾਹ ਨੇ ਇਕ ਲੰਮਾ ਹਓਕਾ ਲੈ ਕੇ ਫਿਰ ਕਿਹਾ:

"ਉਹ ਐਹ ਗੀਤ ਇਸੇ ਸਮੁੰਦਰ ਦੇ ਕਿਨਾਰੇ, ਇਸੇ ਬੀਚ ਦੇ ਕੰਢੇ ਉੱਚੀ ਹੇਕ ਵਿਚ ਵਾਰ-ਵਾਰ ਗਾਉਂਦੀ ਫਿਰਦੀ ਹੁੰਦੀ ਸੀ ...

*ਐ ਮੇਰੇ ਪਿਆਰੇ ਰਾਘਵਨ!*
*ਜਦ ਦਾ ਤੂੰ ਲਾਮ ਤੇ ਗਿਆ ਏਂ*
*ਨਾ ਚੰਦਰਮਾ ਚੜ੍ਹਦਾ ਹੈ*
*ਨਾ ਚਾਂਦਨੀ ਚਹਿਕਦੀ ਹੈ*
*ਮੇਰੇ ਸੀਨੇ ਵਿਚੋਂ ਵੀ ਹੁਣ*
*ਅੱਗ ਦੀ ਹੂਕ ਨਿਕਲਦੀ ਹੈ ...*
*ਤੇ* ਅਸੀਂ ਉਹਨੂੰ ਮੂਰਖ ਸਮਝ ਕੇ ਹੱਸ ਛੱਡਦੇ ਸੀ ..."

"ਉਹ ਵਿਜੋਗਣ ਹਾਲੇ ਜਿਉਂਦੀ ਏ ?" ਕਵੀ ਉਦਾਸ ਹੋ ਗਿਆ।

"ਸਾਹਿਬ! ਮੇਰੇ ਪਿੰਡ ਦੇ ਲੋਕ ਕਹਿੰਦੇ ਆ, ਉਹ ਤਾਂ ਕਦੇ ਵੀ ਮਰ ਸਕਦੀ ਨਹੀਂ! ਉਹ ਤਾਂ ਚਾਂਦਨੀ ਨਾਲ ਨਹਾ ਕੇ ਅਮਰ ਹੋ ਚੁੱਕੀ ਐ। ਇਸੇ ਕਰਕੇ ਇਸ ਸਮੁੰਦਰ ਵਿਚ ਡੁੱਬ ਕੇ ਵੀ ਬਚ ਜਾਂਦੀ ਰਹੀ ਹੈ!"

"ਮੈਂ ਉਸ ਵਿਜੋਗਣ ਨੂੰ ਮਿਲਣਾ ਚਾਹੁੰਨਾਂ, ਇਸੇ ਵਕਤ!" ਕਵੀ ਇੰਨਾ ਜ਼ਿਆਦਾ ਭਾਵੁਕ ਹੋ ਗਿਆ ਕਿ ਕਿਸ਼ਤੀ ਤੁਰੰਤ ਕਿਨਾਰੇ ਵੱਲ ਮੋੜਨ ਦਾ ਹੁਕਮ ਸੁਣਾ ਦਿੱਤਾ ਅਤੇ ਮਲਾਹ ਨੇ ਧੁੱਪ ਨਾਲ ਲਾਲ-ਸੁਰਖ ਹੋ ਗਈਆਂ ਅੱਖਾਂ ਤੇਜ਼-ਤੇਜ਼ ਝਪਕੀਆਂ ਅਤੇ ਫਿਰ ਬੋਲਿਆ:

"ਸਾਹਿਬ! ਲੋਕ ਕਹਿੰਦੇ ਆ, ਉਹ ਤਾਂ ਹੁਣ ਨਕਸਲਵਾਦੀਆਂ ਨਾਲ ਮਿਲ ਗਈ ਹੈ .. ਗੁਪਤਵਾਸ ਹੋ ਗਈ ਹੈ ... ਅਤੇ ਕਿਤੇ ਦੂਰ, ਕਿਸੇ ਹਿਮ ਪਰਬਤ ਉੱਤੇ ਜਾ ਚੜ੍ਹੀ ਹੈ।"

"ਨਕਸਲਵਾਦੀ ... ਗੁਪਤਵਾਸ ... ਹਿਮ ਪਰਬਤ!"

ਕਵੀ ਚੌਂਕਿਆ ਅਤੇ ਮੈਂ ਵੀ ... ਪਰ ਮਲਾਹ ਨੇ ਮੋਨ ਧਾਰ ਕੇ ਦੜ ਵੱਟ ਲਈ ਅਤੇ ਸਾਨੂੰ



ਬੀਚ ਦੇ ਕਿਨਾਰੇ ਉਪਰ ਉਤਾਰ ਕੇ, ਪਿਆਰ-ਭਰੀ ਅਲਵਿਦਾ ਕਹਿ ਕੇ ਹੋਰ ਗਾਹਕ ਲੱਭਣ ਤੁਰ ਪਿਆ।

* *

ਇਹ ਕਹਾਣੀ ਯਾਦ ਆਉਂਦੇ ਹੀ ਮੈਂ ਵੀ ਹਿਮਾਲਿਆ ਪਰਬਤ ਉੱਤੇ ਆ ਚੜ੍ਹਿਆ ਹਾਂ: ਸੁਣ ਰਿਹਾ ਹਾਂ ਕਲ਼ ਕਲ਼ ਕਰਦੇ ਝਰਨਿਆਂ ਦਾ ਮਧੁਰ ਮੋਹਕ ਸੰਗੀਤ ... ਦੇਖ ਰਿਹਾ ਹਾਂ, ਹੁਸਨ ਸ਼ਬਾਬ ਦੀ ਠਾਠਾਂ ਮਾਰਦੀ, ਸ਼ੂਕਦੀ, ਛਲਕਦੀ ਇਕ ਨਦੀ ਪਰ ਪਿਆਰ ਦੀ ਤ੍ਰਿਹਾਈ।

ਮੈਂ ਆਬਾਂ ਦਾ ਜਾਇਆ, ਉਹ ਪਰਬਤ ਦੀ ਜਾਈ।

ਜਿਸਨੂੰ ਪਲਕਾਂ ਉੱਤੇ ਬਿਠਾ ਕੇ ਮੈਂ ਘੁੰਮਦਾ ਰਿਹਾ ਪੂਰੇ ਦੋ ਦਹਾਕੇ, ਪਰਬਤ ਪਰਬਤ, ਜੰਗਲ ਜੰਗਲ, ਬਸਤੀ ਬਸਤੀ, ਕੁੱਲੀ ਕੁੱਲੀ, ਡਗਰ ਡਗਰ ਅਤੇ ਫਿਰ ਇਕ ਦੌਰੇ ਗਰਦਿਸ਼ ਵਿਚ ਆਪਣੇ ਖੰਭਾਂ ਉੱਤੇ ਬਿਠਾ ਕੇ ਸੱਤ ਸਮੁੰਦਰ ਪਾਰ ਏਥੇ ਲੈ ਆਇਆ।

ਉਹ ਪਰਬਤ ਦੀ ਜਾਈ ਅੱਜ ਵੀ ਬਿਰਾਜਮਾਨ ਹੈ ਉਸੇ ਤਰ੍ਹਾਂ ਮੇਰੀਆਂ ਪਲਕਾਂ ਉੱਤੇ। ਧੜਕਦੀ ਹੈ ਉਹਦੀ ਮੁਹੱਬਤ ਮੇਰੇ ਦਿਲ ਦੀ ਹਰ ਧੜਕਣ ਦੇ ਆਰ-ਪਾਰ ਅਤੇ ਵਸਦੀ ਹੈ ਉਹਦੇ ਪਿਆਰ ਦੀ ਖ਼ੁਸ਼ਬੂ ਮੇਰੇ ਰੋਮ-ਰੋਮ ਕਣ-ਕਣ ਵਿਚ ਪਰ ਉਹ ਹੁਣ ਸ਼ੂਕਦੀ ਨਹੀਂ, ਛਲਕਦੀ ਨਹੀਂ।

ਤੇ ਜੇ ਕਦੇ ਛਲਕ ਵੀ ਪਵੇ ਤਾਂ ਹੰਝੂਆਂ ਦਾ ਇਕ ਅਜੇਹਾ ਸੈਲਾਬ ਆਉਂਦਾ ਹੈ ਜੋ ਕੰਢੇ ਤੱਕ ਖੋਰ ਕੇ ਲੈ ਜਾਂਦਾ ਹੈ।

ਖ਼ੈਰ! ਇਹ ਇਕ ਬਹੁਤ ਲੰਮੀ ਕਹਾਣੀ ਹੈ।

ਸੁਫ਼ਨਿਆਂ ਦੀ ਉਡਾਨ ਤੇ ਥਕਾਨ ਦੀ ਕਹਾਣੀ।

ਚਲੋ, ਇਹ ਕਹਾਣੀ ਕਦੇ ਫੇਰ ਸਹੀ!

* *

ਇਸ ਸਮੇਂ ਤਾਂ ਉਸ ਪਰਬਤ ਦੀ ਜਾਈ ਦੇ ਕਦਮਾਂ ਦੀ ਠੁਮਕ-ਠੁਮਕ, ਇਕ ਸੰਗੀਤਕ ਲੈ ਬਣ ਕੇ ਮੇਰੇ ਕੰਨਾਂ ਵਿਚ ਪੈ ਰਹੀ ਹੈ ਅਤੇ ਉਹਦੀ ਆਮਦ ਦੀ ਖ਼ੁਸ਼ਬੂ ਉਸ ਤੋਂ ਪਹਿਲਾਂ ਹੀ ਮੇਰੇ ਤੱਕ ਅੱਪੜ ਗਈ ਹੈ:

"ਹੋ ਗਈ ਪੂਰੀ ?"

"ਨਹੀਂ ... ਕੀ ?"

"ਕਵਿਤਾ!"

"ਨਹੀਂ ਗੁੱਡਬਦਨ! ਇਕ ਕਹਾਣੀ ਯਾਦ ਆ ਗਈ ਸੀ ..."

"ਛੱਡੋ ਪਰੇ ਹੁਣ ਇਹ ਕਹਾਣੀ-ਕਹੂਣੀ!"

"ਅਹੁ ਦੇਖੋ, ਲੋਕ ਕਿੱਦਾਂ ਫੰਨ ਕਰ ਰਹੇ ਆ!"

ਇਹ ਇਕ ਪੀਂਘ ਚੜ੍ਹਾਉਂਦੀ ਜੋੜੀ ਵੱਲ ਇਸ਼ਾਰਾ ਕਰ ਕੇ ਗੁਟਕ ਰਹੀ ਹੈ ਅਤੇ ਉਹ ਨਵ-ਵਿਆਹੀ ਜੋੜੀ ਇੰਜ ਤੁਣਕੇ 'ਤੇ ਤੁਣਕਾ ਮਾਰ ਕੇ ਪੀਂਘ ਚੜ੍ਹਾ ਰਹੀ ਹੈ ਜਿਵੇਂ ਅਸਮਾਨ

ਵਿਚ ਉੱਡ ਜਾਣਾ ਲੋਚਦੀ ਹੋਵੇ। ਸਿਖਰ ਉੱਤੇ ਪਹੁੰਚ ਕੇ ਤਾਂ ਉਹ ਇਕ ਦੂਜੇ ਨਾਲ ਇੰਜ ਚਿਪਕ ਜਾਂਦੇ ਹਨ ਜਿਵੇਂ ਇਕ ਦੂਜੇ ਵਿਚ ਸਮਾ ਗਏ ਹੋਣ ਅਤੇ ਉਨ੍ਹਾਂ ਵੱਲ ਦੇਖ ਕੇ ਸਾਡੇ ਮਨ ਵੀ ਜੋਸ਼ ਨਾਲ ਲਹਿਰਾਅ ਉੱਠੇ ਹਨ ਅਤੇ ਇਹ ਮੈਨੂੰ ਖਿੱਚ ਕੇ ਇਕ ਖਾਲੀ ਪਈ ਪੀਂਘ ਤੱਕ ਲੈ ਆਈ ਹੈ, "ਚੱਲੋ, ਪੀਂਘ ਚੜ੍ਹਾਈਏ!"

"ਚੱਲ, ਮੇਰੀ ਗੁੱਡਬਦਨ!"

ਅਸੀਂ ਟਪੂਸੀ ਮਾਰ ਕੇ ਪੀਂਘ ਉੱਤੇ ਤਾਂ ਚੜ੍ਹ ਗਏ ਹਾਂ ਪਰ ਪੀਂਘ ਸਾਥੋਂ ਚੜ੍ਹ ਨਹੀਂ ਰਹੀ ... ਅੱਡੀਆਂ ਚੁੱਕ-ਚੁੱਕ ਕੇ, ਛਾਤੀਆਂ ਫੁਲਾ-ਫੁਲਾ ਕੇ ਬਥੇਰਾ ਜ਼ੋਰ ਲਾ ਰਹੇ ਹਾਂ, ਪਰ ਪੀਂਘ ਉਹ ਹੁਲਾਰਾ ਦੇ ਹੀ ਨਹੀਂ ਰਹੀ, ਜਿਸ ਨੂੰ ਦੇਖ ਕੇ ਅਸੀਂ ਇਹਦੇ ਤੱਕ ਆਏ ਸੀ ... ਅਤੇ ਚੰਦ ਮਿੰਟਾਂ ਵਿਚ ਹੀ, ਸਾਡਾ ਸਾਹ ਫੁੱਲ ਫੁੱਲ ਕੇ ਇੰਨਾ ਬੁਰਾ ਹਾਲ ਹੋ ਗਿਆ ਹੈ ਕਿ ਖੁਸ਼ਕੀ ਦੇ ਮਾਰੇ ਮੁੜ੍ਹਕੋ ਮੁੜ੍ਹਕੀ ਹੋਏ ਥੱਲੇ ਉੱਤਰ ਆਏ ਹਾਂ ਅਤੇ ਇਕ ਨੁੱਕੜ ਵਿਚ ਖੜ੍ਹੇ ਪਸੀਨਾ ਪੂੰਝ ਰਹੇ ਹਾਂ।

ਪਰ ਇਹ ਹਸਰਤ-ਭਰੀਆਂ ਨਿਗਾਹਾਂ ਨਾਲ ਹਾਲੇ ਤੱਕ ਉਸ ਪੀਂਘ ਨੂੰ ਘੂਰ ਰਹੀ ਹੈ ਅਤੇ ਮੇਰਾ ਤਨ-ਮਨ ਥੱਕ-ਟੁੱਟ ਕੇ ਇਸ ਕਦਰ ਚੂਰ ਹੋ ਗਿਆ ਹੈ ਕਿ ਤੁਰੰਤ ਆਰਾਮ ਦੀ ਲੋੜ ਮਹਿਸੂਸ ਕਰ ਰਿਹਾ ਹੈ:

"ਬਹੁਤ ਥੱਕ ਗਏ ਆਂ ਯਾਰ!"

ਮੇਰੇ ਮੂੰਹ ਵਿਚੋਂ ਗਰਮ ਹਵਾੜ ਨਿਕਲ ਰਹੀ ਹੈ ਅਤੇ ਅਸੀਂ ਚੁੱਪ-ਚਾਪ ਪਾਰਕ ਦੇ ਗੇਟ ਵੱਲ ਤੁਰ ਪਏ ਹਾਂ ਪਰ ਕਦਮ ਏਨੇ ਬੋਝਲ ਹੋ ਗਏ ਹਨ ਕਿ ਦੋ ਕਦਮ ਅਗਾਂਹ ਵੱਲ ਪੁੱਟਦੇ ਹਾਂ ਤਾਂ ਇਕ ਕਦਮ ਪਿਛਾਂਹ ਵੱਲ ਮੁੜ ਜਾਂਦਾ ਹੈ। ਦਰਅਸਲ, ਹਾਲੇ ਸਫਰ ਦੀ ਥਕਾਵਟ ਵੀ ਨਹੀਂ ਸੀ ਉਤਰੀ ਕਿ ਇਹ ਨਵਾਂ ਪੰਗਾ ਗਲ਼ ਪਾ ਲਿਆ: ਪੀਂਘ *ਪੰਘਾ!*

ਅੱਠ ਘੰਟੇ ਦੀ ਲੰਮੀ ਡਰਾਈਵ ਅਤੇ ਵਲ-ਵਲੇਵਿਆਂ ਭਰਿਆ ਰਾਹ। ਰਾਤ ਬੜੀ ਦੇਰ ਨਾਲ ਪਹੁੰਚੇ ਅਤੇ ਇਹ ਵੀ ਗਨੀਮਤ ਸਮਝੋ ਕਿ ਇੰਨੇ ਚੰਗੇ ਹੋਟਲ ਵਿਚ ਕਮਰਾ ਮਿਲ ਗਿਆ: ਝੀਲ ਦੇ ਕੰਢੇ, ਬੋਟ-ਕਲੱਬ ਦੇ ਸਾਹਮਣੇ, ਨਿੱਕੀਆਂ-ਨਿੱਕੀਆਂ ਪਹਾੜੀਆਂ ਦੇ ਵਿਚਕਾਰ ਅਤੇ ਕਮਰੇ ਦੀ ਪਿਛਲੀ ਖਿੜਕੀ ਵੀ ਖੁਲ੍ਹਦੀ ਹੈ ਸਿੱਧੀ ਅਸਮਾਨ ਵੱਲ।

ਪਰ ਇੰਨਾ ਥੱਕ ਗਏ ਸਾਂ ਕਿ ਪੈਂਦੇ ਸਾਰ ਨੀਂਦ ਆ ਗਈ।

ਸਵੇਰੇ ਮੇਰੀ ਅੱਖ ਖੁੱਲ੍ਹੀ ਤਾਂ ਪਹੁ-ਫੁਟਾਲੇ ਦੀ ਲੋਅ ਖਿੜਕੀ ਦੇ ਪਰਦੇ ਉਪਰ ਦਸਤਕ ਦੇ ਰਹੀ ਸੀ ... ਬਾਹਰ ਨਿਕਲ ਕੇ, ਗੈਲਰੀ ਵਿਚ ਖੜ੍ਹੋ ਕੇ ਦੂਰ ਤੱਕ ਨਜ਼ਰ ਮਾਰੀ ਤਾਂ ਝੀਲ ਹਾਕਾਂ ਮਾਰਦੀ ਮਹਿਸੂਸ ਹੋਈ ਅਤੇ ਮੈਂ ਤੁਰ ਪਿਆ ਝੀਲ ਵੱਲ, ਚੰਦਾ ਨੂੰ ਸੁਪਨਿਆਂ ਤੇ ਘੁਰਾੜਿਆਂ ਦੀ ਵਾਦੀ ਵਿਚ ਮਦਹੋਸ਼ ਪਈ ਛੱਡ।

* *

ਵਾਹ, ਕਿਆ ਹੁਸੀਨ ਸੁਬਹਾ ਸੀ!

ਸੂਰਜ ਨੇ ਪਹਿਲੀ ਝਾਤੀ ਮਾਰੀ ਤਾਂ ਝੀਲ ਭਰ ਗਈ ਸੋਨ-ਸੁਨਹਿਰੀ ਤਰੰਗਾਂ ਨਾਲ ਅਤੇ ਮੇਰਾ ਮਨ ਖਿੜ ਗਿਆ ਪੂਰੇ ਖਿੜੇ ਕਮਲ ਦੇ ਫੁੱਲ ਵਾਂਗ ਅਤੇ ਰੂਹ ਚਹਿਕ ਉੱਠੀ ਸੁੰਦਰਤਾ ਤੇ ਤਾਜ਼ਗੀ ਦੇ ਸਰੂਰ ਨਾਲ।



ਮੈਂ ਘੁੰਮਦਾ ਰਿਹਾ ਕੁਝ ਦੇਰ ਝੂਮ-ਝੂਮ ਕੇ ਮਸਤੀ ਨਾਲ।

ਪਰ ਚੰਦਾ ਬਿਨਾ ਇਹ ਸਭ ਅਧੂਰਾ ਲੱਗਾ।

ਇਸ ਲਈ ਵਾਪਸ ਕਮਰੇ ਵਿਚ ਆ ਕੇ ਚੰਦਾ ਨੂੰ ਜਗਾਇਆ।

ਨਹਾ-ਧੋਅ ਕੇ, ਫਰੈਸ਼ ਹੋ ਕੇ ਨਾਸ਼ਤਾ-ਪਾਣੀ ਕੀਤਾ ਅਤੇ ਪੂਰੇ ਸਜ-ਫਬ ਕੇ ਨਿਕਲ ਪਏ ਮਟਰ ਗਸ਼ਤੀ ਕਰਨ।

ਪਹਿਲਾਂ ਇਕ ਸਵੈ-ਚਾਲਕ ਕਿਸ਼ਤੀ ਵਿਚ ਸਵਾਰ ਹੋ ਕੇ ਗੇੜੇ ਕੱਢਦੇ ਰਹੇ ਝੀਲ ਦੇ ਪਾਣੀ ਦੀ ਛਾਤੀ ਉਪਰ ਅਤੇ ਅੱਠਖੇਲ੍ਹੀਆਂ ਕਰਦੇ ਰਹੇ ਨੱਚਦੀਆਂ, ਟੱਪਦੀਆਂ, ਗੁਣਗੁਣਾਉਂਦੀਆਂ, ਜਲ-ਤਰੰਗਾਂ ਨਾਲ।

ਝੀਲ ਦੇ ਪਾਣੀ ਵਿਚੋਂ ਨਿਕਲੇ ਤਾਂ ਇਕ 'ਸੀਨਿਕ ਪੁਆਇੰਟ' ਉੱਤੇ ਆ ਚੜ੍ਹੇ ਅਤੇ ਦੇਖਦੇ ਰਹੇ 'ਲੇਕ ਟਾਹੋ' ਵਾਦੀ ਦੇ ਹੁਸੀਨ ਨਜ਼ਾਰੇ ਦਿਲ ਭਰ ਜਾਣ ਤੱਕ ਅਤੇ ਭਰਦੇ ਰਹੇ ਇਹ ਦ੍ਰਿਸ਼ ਵੀਡੀਓ ਕੈਮਰੇ ਵਿਚ।

ਫਿਰ ਘੋੜ-ਸਵਾਰੀ ਦਾ ਸ਼ੌਕ ਜਾਗ ਪਿਆ ਤਾਂ ਵਿੰਗੇ-ਟੇਡੇ ਉੱਚੇ-ਨੀਂਵੇ ਜੰਗਲੀ ਰਸਤੇ ਉਪਰ ਇਸਦਾ ਆਨੰਦ ਵੀ ਪੂਰਾ ਮਾਣਿਆ, ਕੁਦਰਤ ਦੀ ਹਰਿਆਲੀ ਦੇ ਰੂਬਰੂ ਅਤੇ ਪੰਛੀਆਂ ਦੀ ਚਹਿਚਿਹਾਟ ਦੇ ਨਾਲ-ਨਾਲ।

ਭੁੱਖ ਦਾ ਅਹਿਸਾਸ ਹੋਇਆ ਤਾਂ ਆ ਵੜੇ ਇਕ ਸ਼ਾਨਦਾਰ 'ਇੰਟਰ-ਕੰਨਟੀਨੈਂਟਲ' ਰੈਸਟੋਰੈਂਟ ਵਿਚ ਅਤੇ ਖੂਬ ਮਾਣਿਆ ਲਜ਼ੀਜ਼ ਖਾਣਿਆਂ ਦਾ ਆਨੰਦ, ਆਰਕੈਸਟਰਾ ਦੀਆਂ ਅੰਤਰ-ਰਾਸ਼ਟਰੀ ਧੁਨਾਂ ਦੇ ਨਾਲ।

ਫਿਰ ਆ ਬੈਠੇ ਇਸੇ ਝੀਲ ਦੇ ਕਿਨਾਰੇ, ਹਰੇ-ਭਰੇ ਰੁੱਖਾਂ ਦੇ ਇਕ ਝੁਰਮਟ ਵਿਚ ਅਤੇ ਸੁਸਤਾਉਣ ਲੱਗੇ ਜੰਗਲੀ ਘਾਹ ਦੇ ਬਿਸਤਰ ਉੱਤੇ, ਸਿਰਹਾਣੇ ਰੱਖ ਕੇ ਨਵੇਂ ਨਜ਼ਾਰਿਆਂ ਦੇ ਲੁਤਫ਼ ਦੀ ਨਿਵੇਕਲੀ ਪੰਡ ਅਤੇ ਅਤੀਤ ਦੀਆਂ ਯਾਦਾਂ ਦੇ ਕਈ ਹੁਸੀਨ ਰੁਮਾਂਟਿਕ ਪ੍ਰਸੰਗ।

ਸ਼ਾਮ ਵੇਲੇ ਆ ਬੈਠੇ ਉਸ ਅਣਘੱੜ ਜਿਹੇ ਪੱਥਰ ਉਪਰ, ਝੀਲ ਦੇ ਕਿਨਾਰੇ ... ਪਾਰਕ ਦੇ ਪਾਸ ... ਅਤੇ ਹੁਣ ਮੇਰਾ ਤਨ-ਮਨ ਮਾਰ ਰਿਹਾ ਹੈ ਝਾਤੀਆਂ ਮੁੜ-ਮੁੜ ਕੇ ਕਮਰੇ ਵੱਲ ਅਤੇ ਮੈਂ ਪਲੋਸ ਰਿਹਾ ਹਾਂ ਚੰਦਾ ਦਾ ਹੱਥ ਪਿਆਰ-ਭਰੀ ਖੁਸ਼ਾਮਦ ਦੇ ਨਾਲ:

"ਚੱਲ ਗੁੱਡਬਦਨ, ਕਮਰੇ ਵਿਚ ਚੱਲਦੇ ਆਂ!"

"ਯਾਰ, ਕਮਰੇ ਵਿੱਚ ਹੁਣੇ ਕੀ ਕਰਨਾ?"

"ਪਹਿਲਾਂ ਥੋੜ੍ਹਾ ਆਰਾਮ ਕਰਾਂਗੇ ... ਫਿਰ ਕੁਝ ਖਾਵਾਂ ਪੀਵਾਂਗੇ ... *ਤੇ ਬਾਕੀ ਜੋ ਵੀ ਤੂੰ ਚਾਹੇਂ, ਉਹ ਵੀ ਕਰ ਲਵਾਂਗੇ ਮੇਰੀ ਜਾਨ ...!"*

"ਏ ਜਨਾਬ, ਇਹ ਕਮਰੇ-ਕੁਮਰੇ ਦਾ ਚੱਕਰ-ਬੱਕਰ ਛੱਡੋ ਤੇ ਚਲੋ, ਉਸ ਪਾਰ ਚੱਲਦੇ ਆਂ: ਉਸ ਉੱਚੀ ਪਹਾੜੀ ਉਤੇ ... ਦੇਖੋ, ਕਿੰਨੀ ਸੁੰਦਰ ਲੱਗ ਰਹੀ ਏ, ਅਹੁ ਟੀਸੀ ... ਅਹੁ ਸਾਹਮਣੇ ... ਔਹ ਪਰਲੇ ਪਾਰ!"

ਇਹ ਖੰਭ ਫੜਫੜਾ ਰਹੀ ਹੈ ਪਰ ਮੇਰੀ ਹਿੰਮਤ ਨਹੀਂ ਪੈ ਰਹੀ:

"ਡਾਰਲਿੰਗ, ਸਵੇਰ ਦੇ ਤਾਂ ਘੁੰਮਣ ਡਹੇ ਆਂ ... ਸਵੇਰੇ ਸਾਝਰੇ ਉੱਠ ਕੇ ਚੱਲਾਂਗੇ ਪਰਲੇ ਪਾਰ ... ਅਸਲ 'ਚ ਸਵੇਰੇ ਸਵੇਰੇ ਹੁੰਦਾ ਇਹ ਨਜ਼ਾਰਾ ਦੇਖਣ ਵਾਲਾ ... ਖੂਬਸੂਰਤ, ਪਿਆਰ-ਮਸਤਾਨਾ ਅਤੇ ਦਿਲਕਸ਼!"

"ਤੁਹਾਡੇ ਮੂੰਹੋਂ ਏਥੇ ਆ ਕੇ ਵੀ ਇਹ ਨਾਂਹ ਹੀ ਨਿਕਲ ਰਹੀ ਹੈ?"

ਇਹ ਠਹਾਕਾ ਮਾਰ ਕੇ ਇੰਜ ਹੱਸ ਰਹੀ ਹੈ ਜਿਵੇਂ ਮੇਰਾ ਮਜ਼ਾਕ ਉਡਾ ਰਹੀ ਹੋਵੇ ਪਰ ਮੈਂ ਉਸੇ ਲਹਿਜ਼ੇ ਵਿਚ ਫਿਰ ਕਹਿ ਰਿਹਾ ਹਾਂ:

"ਨਾਂਹ ਦੀ ਗੱਲ ਨਹੀਂ ਯਾਰ! ਪਰ ਦੇਖ, ਹੁਣ ਤਾਂ ਸੂਰਜ ਵੀ ਛਿਪਣ ਹੀ ਵਾਲਾ ... ਅਹੁ ਦੇਖ, ਕਿਸ਼ਤੀਆਂ ਵਾਲੇ ਵੀ ਸਮਾਨ ਸਮੇਟੀ ਜਾ ਰਹੇ ਆ ... ਵੈਸੇ ਵੀ, ਉਸ ਪਹਾੜੀ ਉੱਤੇ ਤਾਂ ਠੰਢੀ-ਠਾਰ ਹਵਾ ਚੱਲ ਰਹੀ ਹੋਣੀ ਏਂ ... ਸਤੰਬਰ ਮਹੀਨੇ ਵਿਚ ਲੇਕ ਟਾਹੋ ਸ਼ਾਮ ਨੂੰ ਬਹੁਤ ਠੰਢਾ ਹੋ ਜਾਂਦਾ ... ਰਾਤ ਨੂੰ ਤਾਂ ਕਈ ਵਾਰ ਬਰਫ ਵੀ ਪੈ ਜਾਂਦੀ ਐ ... ਤੇ ਆਪਾਂ ਕੋਈ ਗਰਮ ਕਪੜਾ ਵੀ ਨਾਲ ਲੈ ਕੇ ਨਹੀਂ ਆਏ।"

"ਚਲੋ ਵੀ ਯਾਰ, ਐਵੇਂ ਬਹਾਨੇ ਨਾ ਬਣਾਈ ਜਾਓ! ਮਸੀਂ ਤਾਂ ਕਿਤੇ ਨਿਕਲੇ ਆਂ ਆਹ ਚਾਰ ਦਿਨ ... ਕਿੰਨੇ ਸਾਲ ਹੋ ਗਏ ਉਸ ਘੁਰਨੇ ਦੀ ਭੜਾਸ ਸੁੰਘਦੇ ... ਹੋਰ ਦੇਖਿਆ ਵੀ ਕੀ ਆ, ਆਪਾਂ ਏਥੇ ਆ ਕੇ।"

"ਓ ਯਾਰ, ਅੱਜ ਤਾਂ ਪਹਿਲਾ ਦਿਨ ਈ ਹਾਲੇ ..."

"ਇਹ ਹੀ ਤਾਂ ਮੈਂ ਕਹਿ ਰਹੀ ਆਂ, ਸਮਝੋ ਇਕ ਦਿਨ ਤਾਂ ਗਿਆ ... ਚਲੋ ਇਹ ਚਾਰੇ ਦਿਨ ਰੱਜ ਕੇ ਘੁੰਮੀਏ ਫਿਰੀਏ ... ਖੂਬ ਫੰਨ ਕਰ ਕੇ ਵਾਪਸ ਚੱਲੀਏ ... ਫਿਰ ਤਾਂ ਜਾਂਦੇ ਹੀ ਸ਼ੁਰੂ ਹੋ ਜਾਣਾਂ, ਉਹ ਹੀ ਗਧੀ-ਗੇੜ: ਕੰਮ ਅਤੇ ਕਮਰਾ, ਕੰਧਾਂ ਅਤੇ ਭੜਾਸ।"

"ਅੱਠ ਵਜੇ ਤੋਂ ਪਹਿਲਾਂ ਕਿਸ਼ਤੀ ਵਾਪਸ ਕਰਨੀ ਪੈਂਦੀ ਏ, ਖੋਪੜੀ!"

"ਪਰਲੇ ਪਾਰ ਜਾ ਕੇ ਕਿਸ਼ਤੀ ਜਮਾਂ ਕਰਾ ਦਿਆਂਗੇ ... ਫਿਰ ਟੈਕਸੀ ਲੈ ਕੇ ਵਾਪਸ ਆ ਜਾਵਾਂਗੇ ... ਚਲੋ ਨਾ ਪਲੀਜ਼!"

ਇਹ ਅੱਖਾਂ ਵਿਚ ਅੱਖਾਂ ਪਾ ਕੇ ਕਿਆਮਤ ਦੀ ਨਜ਼ਰ ਨਾਲ ਦੇਖ ਰਹੀ ਹੈ ਅਤੇ ਇਕ-ਇਕ ਨਜ਼ਰ ਵਿਚ ਹਜ਼ਾਰ-ਹਜ਼ਾਰ ਮੀਲ ਡੂੰਘੀਆਂ ਟੁੱਭੀਆਂ ਮਾਰਦੀ, ਮੇਰਾ ਤਨ-ਮਨ ਮਿੱਠੇ-ਮਿੱਠੇ ਬੋਲਾਂ ਨਾਲ ਵੀ ਟੁੰਬ ਰਹੀ ਹੈ:

"ਦੇਖੋ ਔਹ ਪਹਾੜੀ, ਮੈਨੂੰ ਆਪਣੇ 'ਚੰਦਰ ਨਗਰ' ਦੀ ਉਸ ਪਹਾੜੀ ਵਰਗੀ ਲੱਗ ਰਹੀ ਐ, ਜਿਹਦੇ ਉਪਰ ਮੈਂ ਬਕਰੀਆਂ ਚਾਰਨ ਜਾਂਦੀ ਹੁੰਦੀ ਸੀ: ਫੁੱਲਾਂ ਵਾਂਗ ਖਿੜੀ ਖਿੜੀ, ਰੁੱਖਾਂ ਨਾਲ ਲੱਦੀ ਤੇ ਹਰੀ ਭਰੀ ... ਪਤਾ ਨਹੀਂ ਕਦੋਂ ਤੋਂ ਆਪਣੇ ਇੰਤਜ਼ਾਰ ਵਿਚ ਪੱਬਾਂ ਭਾਰ ਖੜ੍ਹੀ!"

"ਭੁੱਲ ਗਏ ਉਸ ਪਹਾੜੀ ਨੂੰ?"

"ਆਪਣੇ ਇਸ਼ਕ ਦੇ ਉਸ ਪਹਿਲੇ ਮੁਕਾਮ ਨੂੰ ਮੈਂ ਕਿਵੇਂ ਭੁੱਲ ਸਕਦਾ ਹਾਂ, ਮੇਰੀ ਜਾਨ? ਪਰ ਕਾਸ਼, ਆਪਣੇ ਇਸ਼ਕ ਦੀ ਉਹ ਪਹਿਲੀ ਸ਼ਾਮ, ਆਪਣੀ ਜ਼ਿੰਦਗੀ ਦੀ ਹਰੇਕ ਸ਼ਾਮ ਬਣ ਜਾਂਦੀ!"



"ਯ੍ਹਾ! ਯਹ ਕਹੀ ਨ ਬਾਤ! ਇਸ਼ਕ ਦੀ ਪਹਿਲੀ ਸ਼ਾਮ!"

ਇਹ ਮੈਨੂੰ ਉਕਸਾਅ ਰਹੀ ਹੈ ਅਤੇ ਮੈਂ ਭਾਵੁਕ ਹੁੰਦਾ ਜਾ ਰਿਹਾ ਹਾਂ:

"ਹਾਂ ਗੁੱਡਬਦਨ! ਉਹ ਸ਼ਾਮ ਤਾਂ ਹਰ ਰੋਜ਼ ਸ਼ਾਮ ਵੇਲੇ ਮੇਰੀਆਂ ਅੱਖਾਂ ਸਾਹਮਣੇ ਆ ਖੜ੍ਹੋਂਦੀ ਏ: ਉਹ ਪੂਰੇ ਚੰਨ ਦੀ ਚਾਂਦਨੀ, ਉਹ ਖੁਸ਼ਬੂਦਾਰ ਫੁੱਲਦਾਰ ਰੁੱਖਾਂ ਦਾ ਝੁਰਮਟ ਅਤੇ ਤੇਰੇ ਸ਼ਬਾਬ ਦਾ ਠਾਠਾਂ ਮਾਰਦਾ ਉਹ ਸਮੁੰਦਰ, ਜਿਸ ਵਿਚ ਨਹਾ ਕੇ ਤੇਰਾ-ਮੇਰਾ ਪਿਆਰ ਅਮਰ ਹੋ ਗਿਆ!"

"ਫਿਰ ਲੈ ਚੱਲੋ ਨਾ ਓਥੇ ਮੈਨੂੰ ਮੇਰੇ ਯਾਰ! ਮੈਂ ਦੇਖਣਾ ਚਾਹੁੰਨੀ ਆਂ ਅੱਜ ਫਿਰ ਉਹ ਹੀ ਖੱਡ, ਉਹ ਹੀ ਸ਼ਾਮ, ਜਿੱਥੇ ਪਹੁੰਚ ਜਾਨੀਂ ਹਾਂ ਮੈਂ ਹਰ ਰਾਤ, ਲੈ ਕੇ ਯਾਦਾਂ ਦੀ ਬਰਾਤ!"

ਇਹਦੇ ਕਾਵਿ-ਸੁਰ ਮੁੜ ਜਾਗ ਪਏ ਹਨ ਅਤੇ ਇਹ ਪੂਰੇ ਰੁਮਾਂਟਿਕ ਮੂਡ ਵਿਚ ਕਦੇ ਮੇਰਾ ਹੱਥ ਪਲੋਸਦੀ, ਕਦੇ ਬਾਂਹ ਵਿਚ ਬਾਂਹ ਫਸਾਈ, ਮੈਨੂੰ ਬੋਟ ਕਲੱਬ ਵੱਲ ਖਿੱਚੀ ਲਈ ਜਾ ਰਹੀ ਹੈ ਅਤੇ ਇਸ ਪਿਆਰ ਛੋਹ ਨਾਲ ਮੇਰੇ ਤਨ-ਮਨ ਵਿਚ ਬਜਰਨਾਦ ਵੱਜਣਾ ਸ਼ੁਰੂ ਹੋ ਗਿਆ ਹੈ।

ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਮੇਰਾ ਰੋਮ-ਰੋਮ ਇਕ ਰਹੱਸਮਈ ਸਾਜ਼ ਬਣ ਕੇ ਲਰਜ਼ ਉੱਠਿਆ ਹੋਵੇ ਅਤੇ ਚਾਂਦਨੀ ਨਾਲ ਇਸ਼ਨਾਨ ਵਾਲੀ ਗਾਥਾ ਮੇਰੇ ਕਣ-ਕਣ ਵਿਚ ਇਕ ਤਾਂਘ ਬਣ ਕੇ ਮਚਲ ਉੱਠੀ ਹੋਵੇ।

"ਹੇ ਹੁਸਨੋ-ਸ਼ਬਾਬ ਦੀ ਰਾਣੀ! ਚੱਲ, ਅੱਜ ਤੈਨੂੰ ਇਕ ਹੋਰ ਯਾਦਗਾਰੀ ਸ਼ਾਮ ਦਿਆਂਗਾ। ਚੰਦਰਮਾ ਨੂੰ ਮੁੱਠੀ ਵਿਚ ਫੜ ਕੇ ਤੇਰੀਆਂ ਜ਼ੁਲਫਾਂ ਵਿਚ ਟੰਗਾਂਗਾ। ਤੈਨੂੰ ਅੱਜ ਚਾਂਦਨੀ ਨਾਲ ਇਸ਼ਨਾਨ ਕਰਾਵਾਂਗਾ!"

"ਚੱਲ, ਮੇਰੇ ਸੁਫ਼ਨਿਆਂ ਦੀ ਨਾਇਕਾ! ਅੱਜ ਦੀ ਸ਼ਾਮ ਆਪਾਂ ਇੰਜ ਮਨਾਵਾਂਗੇ ਕਿ ਇਹ ਸ਼ਾਮ, ਆਪਣੀਆਂ ਉਨ੍ਹਾਂ ਤਮਾਮ ਹੁਸੀਨ ਯਾਦਾਂ ਦੇ ਨਾਮ ਹੋਏਗੀ ਜੋ ਆਪਾਂ ਜਵਾਨੀ ਵੇਲੇ ਮਾਣੀਆਂ!"

"ਚੱਲ ਮੇਰੀ ਗੁੱਡਬਦਨ! ਅੱਜ ਆਪਾਂ ਇਸ਼ਕ ਦੀ ਸਿੱਖਰ ਦਾ ਉਹ ਅਗਲਾ ਚੈਪਟਰ ਲਿਖਾਂਗੇ ਕਿ ਅਧੂਰੀਆਂ ਸਧਰਾਂ ਦਾ ਬੰਦ ਪਿਆ ਹਰੇਕ ਪੰਨਾ ਫਿਰ ਕੋਰੇ ਕਾਗਜ਼ ਵਿਚ ਬਦਲ ਜਾਵੇਗਾ!"

ਇਹ ਮੂਕ-ਵਾਰਤਾਲਾਪ ਪਤਾ ਨਹੀਂ ਮੇਰੀ ਰੂਹ ਦੀ ਕਿਸ ਪਰਤ ਵਿਚ ਚੱਲ ਰਿਹਾ ਹੈ ਕਿ ਇਸ਼ਕ ਦੀ ਉਹ ਪਹਿਲੀ ਸ਼ਾਮ ਮੇਰੀਆਂ ਅੱਖਾਂ ਵਿਚ ਉਤਰ ਆਈ ਹੈ ਅਤੇ ਵਜੂਦ ਦੇ ਕਣ-ਕਣ ਵਿਚ ਉਸ ਚਾਂਦਨੀ ਰਾਤ ਦੀ ਖੁਸ਼ਬੂ ਤੇ ਲੋਅ ਮਹਿਸੂਸ ਹੋ ਰਹੀ ਹੈ ਅਤੇ ਉਹਦੇ ਹਾਣ ਦੀ ਇਕ ਹੋਰ ਸ਼ਾਮ ਦੀ ਤਾਂਘ ਮੇਰੇ ਸੀਨੇ ਵਿਚ ਮਚਲ ਉੱਠੀ ਹੈ ... ਤੇ ਇਸ ਤਲਿਸਮੀ ਤਾਂਘ ਨੇ ਬੋਟ ਕਲੱਬ ਵੱਲ ਜਾ ਰਹੇ ਮੇਰੇ ਕਦਮ ਰੋਕ ਦਿੱਤੇ ਹਨ ਅਤੇ ਮੈਂ ਇਕ ਅਨੋਖੀ ਕਿਸਮ ਦੀ ਉਤੇਜਨਾ ਦੀ ਤਿੱਖੀ ਲੋਰ ਵਿਚ ਚੰਦਾ ਨੂੰ ਖਿੱਚ ਕੇ ਕਮਰੇ ਤੱਕ ਲੈ ਹੀ ਆਇਆ ਹਾਂ।

* *

ਪਰ ਦਰਵਾਜ਼ਾ ਖੋਲ੍ਹਦੇ ਹੀ ਇਹਨੇ ਇੰਨੀ ਜ਼ੋਰ ਨਾਲ ਛਿੱਕ ਮਾਰੀ ਹੈ ਕਿ ਨੱਕ-ਮੂੰਹ ਵਿਚੋਂ ਪਾਣੀ ਦੇ ਛਿੱਟੇ ਨਿਕਲ ਕੇ ਹਵਾ ਵਿਚ ਉੱਡ ਗਏ ਹਨ ... ਬੰਦ ਕਮਰੇ ਦੀ ਭੜਾਸ ਇਹਦੇ ਸਿਰ

ਨੂੰ ਚੜ੍ਹ ਗਈ ਹੈ ਅਤੇ ਇਹਦੇ ਨੱਕ-ਮੂੰਹ-ਅੱਖਾਂ ਵਿਚੋਂ ਬੇਤਹਾਸ਼ਾ ਨੀਰ ਵਹਿ ਰਿਹਾ ਹੈ।

ਛਿੱਕਾਂ ਉੱਤੇ ਛਿੱਕਾਂ ... ਪਾਣੀ ਉੱਤੇ ਪਾਣੀ।

ਇਹਦਾ ਇੰਨਾ ਬੁਰਾ ਹਾਲ ਹੋ ਰਿਹਾ ਹੈ ਕਿ ਸਾਹ ਲੈਣਾ ਵੀ ਔਖਾ ਹੋ ਰਿਹਾ ਹੈ। ਇਹ 'ਉਈ ਮਾਂ ... ਹਾਏ ਮਾਂ' ਕਰਦੀ, ਬਾਥਰੂਮ ਵਿਚ ਜਾ ਵੜੀ ਹੈ ... ਹੱਥ, ਮੂੰਹ, ਪੈਰ ਧੋਅ ਕੇ ਆਈ ਹੈ ਤਾਂ ਛਿੱਕਾਂ ਕੁਝ ਘਟ ਗਈਆਂ ਹਨ ਪਰ ਦਿਮਾਗ ਖਰਾਬ ਹੋ ਗਿਆ ਲੱਗਦਾ ਹੈ:

"ਪਤਾ ਨਹੀਂ, ਇਸ ਭੜਾਸ ਨਾਲ ਤੁਹਾਨੂੰ ਕਿੰਨੀ ਮੁਹੱਬਤ ਹੋ ਗਈ ਐ ? ... ਚੰਗੇ-ਭਲੇ ਘੁੰਮ ਰਹੇ ਸੀ ... ਖੁੱਲ੍ਹੇ ਵਾਤਾਵਰਣ ਵਿਚ ... ਤਾਜ਼ਾ ਹਵਾ ਵਿਚ ... ਕਿ ਖਿੱਚ ਕੇ ਲੈ ਆਏ, ਆਹ ਸੁੰਘਣ ਲਈ।"

"ਸੌਰੀ ਚੰਦਾ ! ਸਵੇਰੇ ਆਹ ਪਿਛਲੀ ਖਿੜਕੀ ਖੋਲ੍ਹ ਕੇ ਜਾਣ ਦਾ ਚੇਤਾ ਈ ਨਹੀਂ ਰਿਹਾ। ਤੂੰ ਬਾਹਰ ਨਿਕਲ ਕੇ ਗੈਲਰੀ ਵਿਚ ਦੋ-ਚਾਰ ਚੱਕਰ ਮਾਰ ਆ ... ਓਨੀ ਦੇਰ ਮੈਂ ਇਹਨੂੰ ਠੰਢਾ ਕਰਦਾ ਆਂ।"

ਮੈਂ ਖਿੜਕੀਆਂ ਖੋਲ੍ਹ ਕੇ ਦਰਵਾਜ਼ਾ ਵੀ ਪੂਰਾ ਖੋਲ੍ਹ ਦਿੱਤਾ ਹੈ ਤਾਂ ਤਾਜ਼ਾ ਹਵਾ ਅੰਦਰ ਆਉਣ ਲੱਗ ਪਈ ਹੈ ਪਰ ਇਹ ਹੋਰ ਭੜਕ ਗਈ ਹੈ:

"ਅਸਲ 'ਚ ਇਹ ਮਰਦ ਵੀ ਕਿੰਨਾ ਮਨ-ਮੌਜੀ ਹੁੰਦਾ, ਸਦਾ ਆਪਣੀ ਮਰਜ਼ੀ ਕਰਦਾ, ਆਪਣੀ ਚਲਾਉਂਦਾ ... ਔਰਤ ਕੀ ਚਾਹੁੰਦੀ ਆ, ਮਰਦ ਨੂੰ ਕੀ ਪਰਵਾਹ ? ਭੱਠ 'ਚ ਪਏ ਔਰਤ ਦੀ ਖੁਸ਼ੀ ਤੇ ਮਰਜ਼ੀ !"

"ਤੁਸੀਂ ਓਦਾਂ, ਆਪਣੇ-ਆਪ ਨੂੰ ਏਨੇ ਵੱਡੇ ਵਿਦਵਾਨ ਸਮਝਦੇ ਹੋ ! ਮਹਾਨ ਕਰਾਂਤੀਕਾਰੀ ਲੇਖਕ ਤੇ ਪਤਾ ਨਹੀਂ ਹੋਰ ਕੀ ਕੀ ਸਮਝਦੇ ਓ ! ਪਰ ਤੁਹਾਨੂੰ ਇਕ ਨਿੱਕੀ ਜਿਹੀ ਗੱਲ ਸਮਝ ਨਹੀਂ ਆਉਂਦੀ ਕਿ ਇਕ ਔਰਤ ਕੀ ਚਾਹੁੰਦੀ ਹੈ ? ਤੁਹਾਡੀ ਆਪਣੀ ਔਰਤ ?"

"ਓ ਯਾਰ, ਰੀਲੈਕਸ ਕਰਨ ਦੀ ਕੋਸ਼ਿਸ਼ ਤਾਂ ਕਰ ! ਹੁਣ ਦੇਖ, ਕਿੰਨੀ ਵਧੀਆ ਤਾਜ਼ਾ ਹਵਾ ਫੁਰਨ-ਫੁਰਨ ਅੰਦਰ ਆ ਰਹੀ ਹੈ !"

"ਪਰ ਮੈਂ ਇਹ ਪੁਛਦੀ ਆਂ ਕਿ ਤੁਸੀਂ ਮੈਨੂੰ ਖਿੱਚ ਕੇ ਇਸ ਕਮਰੇ ਵਿਚ ਕਿਉਂ ਲੈ ਕੇ ਆਏ ? ਇਸ ਵਿਚ, ਇਕ ਆਹ ਭੜਾਸ ਦੇ ਇਲਾਵਾ ਹੋਰ ਕੀ ਆ, ਜਿਹਦੇ ਲਈ ਜਾਨ ਨਿਕਲਦੀ ਜਾ ਰਹੀ ਸੀ ?"

"ਰੀਲੈਕਸ ਡਾਰਲਿੰਗ, ਪਲੀਜ਼ ਰੀਲੈਕਸ !"

"ਕੋਈ ਚੱਜ ਦਾ ਕਮਰਾ ਨਹੀਂ ਸੀ ਲੱਭ ਸਕਦੇ ? ਬੱਸ, ਜਿਹੜਾ ਵੀ ਘੁਰਨਾ ਪਹਿਲਾਂ ਦਿਖ ਗਿਆ, ਉਸੇ ਵਿਚ ਵੜ ਗਏ ! ਪਤਾ ਨਹੀਂ ਤੁਹਾਨੂੰ ਕਿਸੇ ਘੁਰਨੇ ਵਿਚ ਵੜਣ ਦੀ ਏਨੀ ਕਾਹਲ ਕਿਉਂ ਰਹਿੰਦੀ ਏ ?"

"ਕਮਰਾ ਤਾਂ ਇਹ ਵੀ ਮਾੜਾ ਨਹੀਂ, ਡਾਰਲਿੰਗ ! ਰਾਤ ਜਦੋਂ ਆਪਾਂ ਇਹਦੇ ਵਿਚ ਵੜੇ ਤਾਂ ਕਿੰਨਾ ਚੰਗਾ ਲੱਗਾ ਸੀ ਕਿਉਂਕਿ ਆਹ ਪਿਛਲੀ ਖਿੜਕੀ ਖੁੱਲ੍ਹੀ ਸੀ ... ਬੱਸ, ਥੋੜ੍ਹਾ ਜਿਹਾ ਹੋਰ ਸਬਰ ਕਰ, ਇਹ ਬੰਦ ਕਮਰੇ ਦੀ ਭੜਾਸ ਥੋੜ੍ਹਾ ਚਿਰ ਈ ਰਹਿੰਦੀ ਹੁੰਦੀ ਐ !"

"ਹਾਂ ਸਬਰ ! ਸਹੀ ਕਿਹਾ, ਮੇਰੇ ਹਿੱਸੇ ਤਾਂ ਸਿਰਫ਼ ਇਹ ਸੁਸਰਾ ਸਬਰ ਈ ਆਇਆ ਏ ਤੇ



ਇਹ ਹੀ ਤਾਂ ਕਰ ਰਹੀ ਆਂ ... ਦਸ ਸਾਲਾਂ ਤੋਂ ਉਸੇ ਘੁਰਨੇ ਵਿਚ ਪਈ ਸੜ ਰਹੀ ਹਾਂ !"

"ਪਰ ਆਹ ਚਾਰ ਦਿਨਾਂ ਲਈ ਤਾਂ ਮੈਂ ਇਸ ਕਰਕੇ ਏਥੇ ਆਈ ਹਾਂ ਕਿ ਤਾਜ਼ਾ ਹਵਾ ਵਿਚ ਸਾਹ ਲੈ ਸਕਾਂ ... ਕੁਦਰਤ ਨਾਲ ਦਿਲ ਭਰ ਕੇ ਗੱਲਾਂ ਕਰ ਸਕਾਂ ... ਕਿਸੇ ਨਦੀ ਕਿਨਾਰੇ ਬੈਠ ਕੇ ਨਦੀ ਦੇ ਗੀਤ ਸੁਣਨਾ ਚਾਹੁੰਨੀਂ ਸਾਂ ਮੈਂ ... ਭੜਾਸ ਨਾਲ ਤਾਂ ਮੈਂ ਬਥੇਰਾ ਰੱਜ ਚੁੱਕੀ ਹਾਂ !"

"ਪਰ ਮਰਦ ਨੂੰ ਇਹ ਕਿਵੇਂ ਮਨਜ਼ੂਰ ਹੋ ਸਕਦਾ ਕਿ ਔਰਤ ਇਹ ਸਭ ਕਰੇ ... ਆਪਣੀ ਮਰਜ਼ੀ ਨਾਲ ਵੀ ਕੋਈ ਪਲ ਜੀਅ ਸਕੇ ... ਮਰਦ ਤਾਂ ਹਰ ਵਕਤ ਆਪਣੀ ਚਾਕਰੀ ਚਾਹੁੰਦਾ।"

"ਓ ਯਾਰ ਬੱਸ ਵੀ ਕਰ ਹੁਣ ! ਇਕ ਵਾਰ ਕੋਸੇ ਪਾਣੀ ਨਾਲ ਖੁੱਲ੍ਹ ਕੇ ਨਹਾ ਲੈ ... ਮੈਂ ਚਾਹ ਆਰਡਰ ਕਰਦਾ ਆਂ ... ਫਿਰ ਡਿਨਰ ਲਈ ਬਾਹਰ ਚੱਲਾਂਗੇ ... ਉਦੋਂ ਤੱਕ, ਇਹ ਭੜਾਸ-ਭੜੂਸ ਸਾਰੀ ਉੱਡ-ਪੁੱਡ ਜਾਣੀ ਐਂ ... ਪਲੀਜ਼ ਰੀਲੈਕਸ, ਚੰਦਾ !"

ਮੈਂ ਇਹਨੂੰ ਸਹਿਜ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹਾਂ ਕਿਉਂਕਿ ਮੈਂ ਡਰ ਰਿਹਾ ਹਾਂ ਇਹ ਸ਼ਾਮ ਵੀ ਕਿਤੇ ਬਰਬਾਦ ਨਾ ਹੋ ਜਾਵੇ, ਪਰ ਇਹਦਾ ਨਜ਼ਲਾ ਡਿੱਗੀ ਜਾ ਰਿਹਾ ਹੈ। ਪਤਾ ਨਹੀਂ, ਕਿੰਨੀਆਂ ਕੁ ਸਦੀਆਂ ਦਾ ਭਰਿਆ ਪਿਆ ਗੁਬਾਰ ਬਾਹਰ ਨਿਕਲ ਰਿਹਾ ਹੈ:

"ਜੇ ਮੇਰੀ ਗੱਲ ਮੰਨਦੇ ਤਾਂ ਪਰਲੇ ਪਾਰ ਚੱਲਦੇ, ਉਸ ਉੱਚੀ ਪਹਾੜੀ ਉਪਰ ਖਲੋ ਕੇ ਚੜ੍ਹਦੇ ਚੰਨ ਨੂੰ ਨਿਹਾਰਦੇ। ਚਾਂਦਨੀ ਨਾਲ ਗੱਲਾਂ ਕਰਦੇ ਤੇ ਬਾਰਾਂ ਇਕ ਵਜੇ ਜਾ ਕੇ ਮੁੜਦੇ ... ਤੇ ਜੇ ਰਾਤ ਵੀ ਓਥੇ ਹੀ ਕੱਟ ਲੈਂਦੇ ਤਾਂ ਇਹ ਘੁਰਨਾ ਕਿਹੜਾ ਕਿਤੇ ਉੱਡ ਚੱਲਿਆ ਸੀ ?"

ਹੁਣ ਹੋਰ ਵੀ ਸੁਹਾਵਣੀ ਹਵਾ ਕਮਰੇ ਦੇ ਆਰ-ਪਾਰ ਚੱਲ ਰਹੀ ਹੈ ਅਤੇ ਸਾਰਾ ਕਮਰਾ ਤਾਜ਼ਾ ਹਵਾ ਨਾਲ ਭਰ ਗਿਆ ਹੈ। ਇਹਦੀਆਂ ਛਿੱਕਾਂ ਵੀ ਬੰਦ ਹੋ ਗਈਆਂ ਹਨ ਪਰ ਬਕ-ਬਕ ਨਹੀਂ:

"ਜੇ ਏਥੇ ਲੇਕ ਟਾਹੋ ਆ ਕੇ ਵੀ ਆਹ ਭੜਾਸ ਹੀ ਸੁੰਘਣੀ ਸੀ ਤਾਂ ਏਨੀ ਦੂਰ ਆਉਣ ਦਾ ਕੀ ਫਾਇਦਾ ਸੀ ? ਇਹ ਤਾਂ ਓਥੇ ਬਥੇਰੀ ਸੀ, ਉਸ ਘੁਰਨੇ ਵਿਚ ... ਉਹ ਘੁਰਨਾ, ਜੋ ਤੁਹਾਨੂੰ ਇੰਨਾ ਪਿਆਰਾ ਲੱਗਦਾ ਐ ਕਿ ਉਸ ਵਿਚੋਂ ਨਿਕਲਣ ਦਾ ਕਦੇ ਨਾਂ ਤੱਕ ਵੀ ਨਹੀਂ ਲੈਂਦੇ ..."

"ਘੁਰਨਾ, ਘੁਰਨਾ, ਘੁਰਨਾ ! ਬੱਸ, ਸਿਰਫ਼ ਘੁਰਨਾ ! ਜਿਵੇਂ ਬਾਕੀ ਦੇ ਸਾਰੇ ਸ਼ਬਦ, ਤੇਰੀ ਖੋਪੜੀ ਵਿਚੋਂ ਕਿਤੇ ਗਾਇਬ ਹੋ ਗਏ ਹੋਣ !"

"ਉਂਜ ਮੈਨੂੰ ਪਤਾ, ਇਹ 'ਘੁਰਨਾ' ਸ਼ਬਦ ਤੂੰ 'ਗੈਟ੍ਰੋਜ਼' ਲਈ ਵਰਤਦੀ ਐਂ ਤੇ *ਮੈਨੂੰ ਇਹ ਵੀ ਪਤਾ, ਤੂੰ ਇਹ ਸ਼ਬਦ ਕਿਹਦੇ ਕੋਲੋਂ ਸਿਖਿਆ ਐ* ... ਪਰ ਤੈਨੂੰ 'ਗੈਟ੍ਰੋਜ਼' ਦੇ ਮਾਅਨੇ ਵੀ ਆਉਂਦੇ ਆ ?"

"ਗੈਟ੍ਰੋਜ਼, ਉਨ੍ਹਾਂ ਖੁੱਡਿਆਂ ਨੂੰ ਕਿਹਾ ਜਾਂਦਾ ਸੀ, ਜਿਨ੍ਹਾਂ ਵਿਚ ਗੁਲਾਮ ਲੋਕਾਂ ਨੂੰ ਪਸ਼ੂਆਂ ਵਾਂਗ ਤਾੜਿਆ ਜਾਂਦਾ ਸੀ ਪਰ ਉਹ ਵੇਚਾਰੇ ਤਾਂ ਉਨ੍ਹਾਂ ਖੁੱਡਿਆਂ ਵਿਚ ਬੰਦ ਹੋਣ ਬਾਵਜੂਦ, ਗ਼ਮ ਦੇ ਗੀਤ ਗਾਉਂਦੇ ਰਹਿੰਦੇ ਸੀ ਤੇ ਆਪਾਂ ਇਸ ਆਲੀਸ਼ਾਨ ਹੋਟਲ ਵਿਚ ਬੈਠੇ ਵੀ ਰੋ ਰਹੇ ਹਾਂ।"

"ਫਿਰ ਤੁਸੀਂ ਵੀ ਆਪਣੀ ਉਸ ਗਾਉਣ ਵਾਲੀ ਨੂੰ ਲੈ ਆਉਣਾ ਸੀ ਨਾਲ ... ਇਹਨੂੰ ਰੋਂਦਲ ਨੂੰ ਕੀ ਕਰਨਾ ਸੀ ਏਥੇ !"

"ਓ ਯਾਰ, ਹੱਦ ਹੋ ਗਈ! ਤੂੰ ਉਹਨੂੰ ਕੋਈ ਫਾਲਤੂ ਔਰਤ ਸਮਝਦੀ ਏਂ? ਤੇਰਾ ਖਿਆਲ, ਉਹ ਕੋਈ ਕਾਲ ਗਰਲ ਹੈ?"

"ਨਹੀਂ, ਨਹੀਂ, ਜਨਾਬ! ਉਹ 'ਮਹਾਨ ਕਲਾਕਾਰ', 'ਫਾਲਤੂ' ਕਿਵੇਂ ਹੋ ਸਕਦੀ ਏ? ਉਹ ਕਾਲੇ ਨਾਚ ਦੀ ਜਾਦੂਗਰਨੀ, 'ਕਾਲ ਗਰਲ' ਕਿਵੇਂ ਬਣ ਸਕਦੀ ਹੈ? ਜਿਹਦੇ ਨਾਚ ਦੇ ਵੱਡੇ ਵੱਡੇ ਵਿਦਵਾਨ ਵੀ ਦੀਵਾਨੇ ਹੋਣ ਉਹ 'ਐਸੀ ਵੈਸੀ' ਔਰਤ ਕਿਵੇਂ ਹੋ ਸਕਦੀ ਐ?"

ਇਹ ਸਿੱਧੀ ਮੇਰੇ ਸਿਰ ਨੂੰ ਆ ਰਹੀ ਹੈ ਪਰ ਮੈਂ ਗੁੱਸੇ ਨੂੰ ਕੰਟਰੋਲ ਕਰਨ ਅਤੇ ਇਹਨੂੰ ਟਾਲਣ ਦੀ ਪੂਰੀ ਵਾਹ ਲਾ ਰਿਹਾ ਹਾਂ:

"ਦੇਖ ਡਾਰਲਿੰਗ, ਉਹਦੇ ਕਲਾਕਾਰ ਹੋਣ ਵਿਚ ਕੀ ਸ਼ੱਕ ਹੈ?"

"ਪਰ ਹਾਂ, ਉਹ ਕਲਾ ਦਾ ਗਲਤ ਇਸਤੇਮਾਲ ਕਰ ਰਹੀ ਹੈ। ਉਸੇ 'ਰੇਸ, ਕਲਾਸ ਤੇ ਸਟੇਟ' ਲਈ ਵਰਤ ਰਹੀ ਐ, ਜਿਸਨੇ ਇਤਿਹਾਸ ਦੇ ਮੱਥੇ ਉੱਤੇ ਗੁਲਾਮ ਪ੍ਰਥਾ ਵਰਗਾ, ਕਦੇ ਵੀ ਨਾ ਮਿਟਣ ਵਾਲਾ ਕਲੰਕ ਲਾਇਆ, ਤਮਾਮ ਮਨੁੱਖੀ ਕਦਰਾਂ ਕੀਮਤਾਂ ਨੂੰ ਮਿੱਟੀ ਵਿਚ ਮਿਲਾਇਆ।"

"ਇਹ ਹੀ ਤਾਂ ਮੈਂ ਕਹਿੰਨੀਂ ਆਂ: ਉਹਨੂੰ ਆਪਣੇ ਨਾਲ ਲੈ ਆਉਂਦੇ ਤਾਂ ਉਹਨੇ ਕਲਾ ਦਾ 'ਸਹੀ ਇਸਤੇਮਾਲ' ਵੀ ਝੱਟ ਸਿੱਖ ਜਾਣਾ ਸੀ। ਉਸ 'ਮਹਾਨ ਕਲਾਕਾਰ' ਲਈ, ਏਨੀ ਕੁ ਗੱਲ ਸਿੱਖਣੀ ਕਿੰਨੀ *ਕੁ ਮੁਸ਼ਕਿਲ* ਹੋ ਸਕਦੀ ਹੈ, ਜਿਹਦੇ ਲਈ ਇਕ ਮਹਾਨ ਵਿਦਵਾਨ ਤੇ ਕਰਾਂਤੀਕਾਰੀ ਲੇਖਕ ਵੀ ਰਾਲ਼ਾਂ ਚੁਆਉਂਦਾ ਫਿਰਦਾ ਹੋਵੇ!"

"ਤੂੰ ਤਾਂ ਅੱਜ ਤੱਕ ਆਪਣੀ ਖੋਪੜੀ ਦਾ 'ਸਹੀ ਇਸਤੇਮਾਲ' ਸਿੱਖ ਨਹੀਂ ਸਕੀ ... ਤੂੰ ਵੀ ਤਾਂ ਕਮਿਸ਼ਨ ਦੇ ਚੰਦ ਟੁਕੜਿਆਂ ਲਈ, ਗਾਹਕਾਂ ਨੂੰ ਦੰਦੀਆਂ ਕੱਢ-ਕੱਢ ਕੇ ਦਿਖਾਉਂਦੀ ਏਂ ... ਪੂਛ ਚੁੱਕ ਚੁੱਕ ਕੇ ਅੱਗੇ ਪਿੱਛੇ ਹਿਲਾਉਂਦੀ ਏਂ ... ਆਪਣੇ ਬੌਸ ਲਈ ਮਿੱਠੀ ਸ਼ਰਬਤ ਬਣ ਕੇ 'ਜੈੱਸ ਸਰ, ਜੈੱਸ ਸਰ' ਕਹਿੰਦੀ ਨਹੀਂ ਥੱਕਦੀ ... ਪਰ ਮੇਰੇ ਨਾਲ ਬਿਨਾ ਵਜ੍ਹਾ ਵੀ ਲੜਦੀ ਰਹਿੰਨੀ ਏਂ।"

"ਬੱਸ, ਵੱਡੇ ਵਿਦਵਾਨਾਂ ਦੀ ਇਹੀ ਤਾਂ ਸਮੱਸਿਆ ਹੁੰਦੀ ਹੈ, ਜ਼ਿੰਦਗੀ ਨੂੰ ਇਕ ਹਕੀਕਤ ਵਾਂਗ ਨਹੀਂ, ਕਿਸੇ ਸੁਪਨੇ ਵਾਂਗ ਜੀਣਾ ... ਜੋ ਕੁਝ ਵੀ ਚਾਹੁੰਨਾ, ਸਿਰਫ਼ ਮਹਾਨ ਤੇ ਖਰਾ ਹੀ ਚਾਹੁੰਨਾਂ ... ਤੇ ਹਰ ਵਕਤ ਕਿਸੀ ਖਿਆਲੀ ਦੁਨੀਆ ਵਿਚ ਉੱਡਦੇ ਰਹਿਣਾ ..."

"ਇਹਦੇ ਵਿਚ ਬੁਰਾ ਕੀ ਐ?"

"ਬੁਰਾ ਇਹ ਹੈ ਕਿ ਗੱਲਾਂ ਤਾਂ ਅਸਮਾਨ ਦੇ ਤਾਰੇ ਤੋੜ ਕੇ ਲੈ ਆਉਣ ਦੀਆਂ ਕਰਨੀਆਂ, ਔਰਤ ਤੋਂ ਤਾਂ ਹਰ ਕਿਸਮ ਦੀ ਪਾਕ ਪਵਿੱਤਰਤਾ ਦੀ ਮੰਗ ਕਰਨੀ ਪਰ ਆਪ ਸੁਗੰਧੀਆਂ ਲੱਭਦੇ, ਖੁਸ਼ਬੋਆਂ ਸੁੰਘਦੇ ਫਿਰਨਾ।"

"ਓ ਯਾਰ! ਤੈਨੂੰ ਪਤਾ ਵੀ ਐ ਕਿ ਤੂੰ ਕੀ ਗੱਲਾਂ ਕਰ ਰਹੀ ਏਂ?"

ਮੇਰਾ ਧੀਰਜ ਮੁੱਕਦਾ ਜਾ ਰਿਹਾ ਹੈ ਅਤੇ ਖਿਝ ਚੜ੍ਹ ਰਹੀ ਹੈ।

"ਹਾਂ, ਸਹੀ ਕਹਿ ਰਹੀ ਹਾਂ! ਪਰ ਇਹ ਸਭ ਮਰਦ ਲਈ ਮੁਨਾਸਿਬ ਹੈ ਕਿਉਂਕਿ ਉਹਦਾ



ਇਹ ਜਨਮ-ਸਿੱਧ ਅਧਿਕਾਰ ਹੈ ਪਰ ਔਰਤ ਲਈ 'ਦੰਦੀਆਂ ਕੱਢਣਾਂ' ਵੀ ਇਕ ਗੁਨਾਹ ਹੈ ਕਿਉਂਕਿ ਉਹ ਔਰਤ ਹੈ?"

"ਦੇਖ ਚੰਦਾ, ਤੈਨੂੰ ਪਤਾ ਮੈਂ ਤਾਂ ਹਰ ਸਾਹ ਤੇਰੇ ਨਾਂ ਦਾ ਲੈਨਾਂ! ਤੇਰੇ ਨਾਂ ਦੀ ਹਰ ਵਕਤ ਮਾਲਾ ਜਪਦਾਂ ਕਿਉਂਕਿ ਮੈਂ ਤੈਨੂੰ ਬੇਪਨਾਹ ਮੁਹੱਬਤ ਕਰਦਾਂ ... ਇਸ ਲਈ ਤੇਰੀਆਂ ਖਰੀਆਂ ਖੋਟੀਆਂ ਵੀ ਸੁਣਦਾਂ!"

"ਪਰ ਮਨ ਹੀ ਮਨ ਤੁਸੀਂ ਆਪਣੇ ਜਿੰਨੀ ਪੜ੍ਹੀ ਲਿਖੀ ਤੇ ਵਿਦਵਾਨ ਔਰਤ ਦੀ ਹਮੇਸ਼ਾ ਤਮੰਨਾ ਰੱਖਦੇ ਰਹੇ ਹੋ, ਇਸ ਲਈ ਮੇਰੀ ਮੁਹੱਬਤ ਤੁਹਾਨੂੰ ਛੋਟੀ ਲੱਗਦੀ ਰਹੀ ਏ ਤੇ ਆਪਣੀ ਸੰਪੂਰਨ ਤੇ ਮਹਾਨ।"

ਇਹ ਬਿਨਾ ਵਜ੍ਹਾ ਬਾਤ ਦਾ ਬਤੰਗੜ ਬਣਾਈ ਜਾ ਰਹੀ ਹੈ ਤਾਂ ਮੇਰਾ ਗੁੱਸਾ ਵੀ ਅੰਤ ਭੜਕ ਪਿਆ ਹੈ ਅਤੇ ਠਾਠਾਂ ਮਾਰ ਰਿਹਾ ਹੈ:

"ਹੇ ਖੋਪੜੀ ਖਰਾਬ! ਪਤਾ ਨਹੀਂ, ਤੇਰੀ ਖੋਪੜੀ ਵਿਚ ਕੀ ਕੀ ਕੂੜ ਕਬਾੜ ਭਰ ਗਿਆ ਹੈ ਕਿ ਤੇਰੀ ਰੂਹ ਦਾ ਖਲਾਅ ਵਧਦਾ ਹੀ ਜਾ ਰਿਹਾ, ਜਿਸਨੂੰ ਭਰਨ ਲਈ ਬਾਹਰੀ ਖੁਸ਼ੀਆਂ ਦੇ ਪਿੱਛੇ ਭੱਜ ਰਹੀ ਏਂ ਪਰ ਮੇਰੇ ਤੋਂ ਹੀ ਨਹੀਂ, ਆਪਣੇ ਆਪ ਤੋਂ ਦੂਰ ਹੁੰਦੀ ਜਾ ਰਹੀ ਏਂ ...

ਇਸੇ ਕਰਕੇ ਆਪਣੇ ਅੰਤਰ-ਮਨ ਦੀ ਇੱਛਾ ਅਤੇ ਜਿਸਮ ਦੀ ਲੋੜ ਦੇ ਰੂਬਰੂ ਹੋਣ ਤੋਂ ਪਹਿਲਾਂ ਹੀ ਚੀਕ-ਚਿਹਾੜਾ ਪਾ ਕੇ ਬਹਿ ਜਾਨੀਂ ਏਂ ਤੇ ਆਪਣੇ ਹੀ ਹੰਝੂਆਂ ਵਿਚ ਖੁਰ ਮੁੱਕ ਜਾਨੀਂ ਏਂ ..."

... ... ... ... ... ... ...

ਤਕਰਾਰ, ਗੁੱਸਾ, ਤਨਜ਼, ਰੋਸ-ਪ੍ਰਤੀਰੋਸ ਅਤੇ ਦੱਬੀਆਂ ਕੁਚਲੀਆਂ ਸਧਰਾਂ ਦਾ ਵਿਸਫੋਟ ... ਅਸੀਂ ਇਕ ਅਜੇਹੀ ਅਣਚਾਹੀ ਬੇਲੋੜੀ ਬਹਿਸ ਵਿਚ ਉਲਝ ਚੁੱਕੇ ਹਾਂ ਕਿ ਮੁੱਕਣ ਦਾ ਨਾਂ ਹੀ ਨਹੀਂ ਲੈ ਰਹੀ।

ਇਹ ਸ਼ੁਰੂ ਹੋ ਜਾਂਦੀ ਹੈ ਤਾਂ ਮੈਂ ਚੁੱਪ ਕਰ ਜਾਂਦਾ ਹਾਂ।

ਮੈਂ ਬੋਲਣ ਲੱਗਦਾ ਹਾਂ ਤਾਂ ਇਹ ਚੁੱਪ ਕਰ ਜਾਂਦੀ ਹੈ।

ਇੰਜ ਲੱਗ ਰਿਹਾ ਹੈ ਜਿਵੇਂ ਅਸੀਂ ਬਹਿਸਣ ਲਈ ਹੀ ਇੰਨੀ ਦੂਰ ਆਏ ਹੋਈਏ। ਮਨਾਂ ਵਿਚ ਭਰੀ ਪਈ ਇਹ ਭੜਾਸ ਕੱਢਣ ਲਈ ਹੀ ਇਸ ਟੂਰ ਦਾ ਪ੍ਰੋਗਰਾਮ ਬਣਾਇਆ ਹੋਵੇ ... ਤੇ ਆਖਰ, ਬੋਲਦੇ-ਬੋਲਦੇ ਥੱਕ-ਅੱਕ ਗਏ ਹਾਂ ਤਾਂ ਇਹ ਬੈੱਡ ਉਪਰ ਇੰਜ ਚੌਫਾਲ ਜਾ ਪਈ ਹੈ ਜਿਵੇਂ ਕਹਿ ਰਹੀ ਹੋਵੇ, 'ਹੁਣ ਇਹ ਫਿਲੌਸਫੀ ਫਿਰ ਕਦੇ ਘੋਟ ਲਿਓ!'

ਪਰ ਮੇਰਾ ਇੰਨਾ ਬੁਰਾ ਹਾਲ ਹੋ ਰਿਹਾ ਹੈ ਕਿ ਮੈਂ ਕੰਧ ਵਿਚ ਸਿਰ ਮਾਰ ਰਿਹਾ ਹਾਂ ਅਤੇ ਇਕ ਨਵੀਂ ਕਿਸਮ ਦੀ ਚੀਸ ਮੇਰੇ ਕਲੇਜੇ ਵਿਚ ਛੇਕ ਕਰਦੀ ਛਾਤੀ ਪਾੜਦੀ ਜਾ ਰਹੀ ਹੈ:

'ਇਹ ਜ਼ਿੰਦਗੀ, ਸੁੰਗੜ ਕੇ ਇੰਨੀ ਨਿੱਕੀ ਜਿਹੀ ਕਦੋਂ ਕੁ ਹੋ ਗਈ, ਸਿਰਫ਼ ਇਕ ਖਾਲੀ ਖੋਲ਼ ਵਰਗੀ? ਇਹਨੂੰ ਬਾਹਲੀ ਉਮਰ ਦਾ ਲਕਵਾ ਮਾਰ ਗਿਆ ਜਾਂ ਸੰਘਰਸ਼ ਤੋਂ ਪਿੱਠ ਮੋੜਨ ਦਾ ਝੋਰਾ ਖਾ ਗਿਆ?'

'ਕਿੱਥੇ ਉਹ ਜ਼ਿੰਦਗੀ, ਜੋ ਅੰਗਿਆਰਾਂ ਉੱਤੇ ਵੀ ਨੱਚਦੀ ਸੀ ਤੇ ਕਿੱਥੇ ਆਹ ਜ਼ਿੰਦਗੀ ? ਜ਼ਿੰਦਗੀ ਦਾ ਸਿਰਫ਼ ਇਕ ਕਲੋਨ, ਜਿਸ ਦਾ ਰਿਮੋਟ ਕੰਟਰੋਲ ਵੀ ਕਿਸੇ ਹੋਰ ਦੇ ਹੱਥ ਵਿਚ ਹੈ।"

"ਬੱਸ, ਇੰਨੀ ਕੁ ਜ਼ਿੰਦਗੀ ਲਈ ਅਸੀਂ ਇੰਨੀ ਦੂਰ ਆਏ ?'

ਇਸ ਮਨੋ-ਕਲੇਸ਼ ਦੀ ਕੁੜੱਤਣ ਨਾਲ ਲਬੋ-ਲਬ ਭਰਿਆ ਮੈਂ ਆਪਣੀ ਪਿਆਰੀ ਚੰਦਾ ਦੇ ਕੋਲ ਬੈਠਾ ਵੀ ਇੰਨੀ ਦੂਰ ਮਹਿਸੂਸ ਕਰ ਰਿਹਾ ਹਾਂ, ਜਿਵੇਂ ਸਾਡੇ ਵਿਚਕਾਰ ਲੱਖਾਂ ਕੋਹਾਂ ਦਾ ਫਾਸਲਾ ਹੋ ਗਿਆ ਹੋਵੇ। ਇੰਨਾ ਅਸੀਮ ਫਾਸਲਾ, ਜਿਵੇਂ ਇਹ ਕਿਸੇ ਹੋਰ ਦੁਨੀਆ ਵਿਚ ਵਿਚਰ ਰਹੀ ਹੋਵੇ ਅਤੇ ਮੈਂ ਕਿਸੇ ਹੋਰ ਪਲੈਨਿਟ ਉਪਰ ਬੈਠਾ ਕੁੜ੍ਹ ਰਿਹਾ ਹੋਵਾਂ।

ਇਸ ਲਈ ਚੰਦਰਮਾ ਨੂੰ ਮੁੱਠੀ ਵਿਚ ਫੜਣ ਦਾ ਸਾਰਾ ਜੋਸ਼ ਠੰਢਾ ਹੋ ਚੁੱਕਾ ਹੈ ਤੇ ਚੰਦਾ ਨੂੰ ਚਾਂਦਨੀ ਨਾਲ ਇਸ਼ਨਾਨ ਕਰਾਉਣ ਦੀ ਤਾਂਘ ਵੀ ਦਮ ਤੋੜ ਚੁੱਕੀ ਹੈ ਅਤੇ ਉਸ ਤਲਿਸਮੀ ਸ਼ਾਮ ਦੀ ਤਮੰਨਾ ਵੀ ਇਹਦੇ ਹੰਝੂਆਂ ਵਿਚ ਹੀ ਕਿਤੇ ਡੁੱਬ-ਖੁਰ ਗਈ ਪ੍ਰਤੀਤ ਹੋ ਰਹੀ ਹੈ।

* *

ਪਰ ਚੰਦਰਮਾ ਤਾਂ ਸੱਚ-ਮੁੱਚ ਖਿੜਕੀ ਵਿਚ ਆ ਖਲੋਇਆ ਹੈ ਅਤੇ ਮਿਨ੍ਹਾ-ਮਿੰਨ੍ਹਾ ਸ਼ਰਾਰਤੀ ਹਾਸਾ ਹੱਸਦਾ, ਨੀਝ ਲਾ ਕੇ ਮੇਰੇ ਵੱਲ ਤੱਕਦਾ, ਸੈਨਤਾਂ ਕਦੇ ਮਿੱਠੀਆਂ-ਮਿੱਠੀਆਂ ਮਸ਼ਕਰੀਆਂ ਕਰ ਰਿਹਾ ਹੈ:

'ਹੁਣ ਚਾਂਦਨੀ ਨਾਲ ਇਸ਼ਨਾਨ ਕੀਹਨੂੰ ਕਰਾਏਂਗਾ, ਚੰਦਰਵੀਰ ?'

'ਮੁੱਠੀ ਵਿਚ ਫੜਨ ਜੋਗੀ ਹਿੰਮਤ ਕਿਥੋਂ ਲਿਆਏਂਗਾ, ਦੋਸਤ ?'

ਉਹਦੀ ਇਸ ਵੰਗਾਰ ਨਾਲ ਮੈਂ ਆਪਣਾ ਆਪ ਝੰਜੋੜ ਰਿਹਾ ਹਾਂ ਤਾਂ ਉਹ ਵੀ ਆਪਣੀ ਸੁਰ ਵਿਚ ਉਤਸ਼ਾਹ ਭਰ ਕੇ ਕਹਿ ਰਿਹਾ ਹੈ:

'ਇਕ ਵਾਰ ਹਿੰਮਤ ਕਰ ਕੇ ਉੱਠ ਚੰਦਰਵੀਰ, ਆਪਣੀ ਪਿਆਰੀ ਨੂੰ ਵੀ ਉਠਾ ਤੇ ਇਹਦੀਆਂ ਅੱਖਾਂ ਵਿਚ ਚਾਂਦਨੀ ਦਾ ਸੁਰਮਾ ਪਾ ਤੇ ਫਿਰ ਦੇਖ ਚਮਤਕਾਰ ... ਬੱਸ, ਪਿਆਰ ਹੀ ਪਿਆਰ !'

ਪਤਾ ਨਹੀਂ ਇਹ ਚੰਦਰਮਾ ਕਹਿ ਰਿਹਾ ਹੈ ਜਾਂ ਮੇਰਾ ਆਪਣਾ ਕੋਈ ਅਧੂਰਾ ਖ਼ੁਆਬ ਆਪਣੇ-ਆਪ ਨਾਲ ਸੰਵਾਦ ਰਚਾ ਰਿਹਾ ਹੈ, ਇਸ ਨਾਲ ਮੇਰੇ ਮਨ ਵਿਚ ਇਕ ਸੁਖਦ ਅਹਿਸਾਸ ਪੈਦਾ ਹੋ ਰਿਹਾ ਹੈ।

ਮੈਂ ਅੱਖਾਂ ਵਿਚ ਅੱਖਾਂ ਪਾ ਕੇ ਗਹੁ ਨਾਲ ਉਸ ਵੱਲ ਦੇਖਿਆ ਹੈ ਤਾਂ ਮੇਰੀ ਰੂਹ ਵਿਚ ਇਕ ਤੇਜ਼ ਝੁਣਝੁਣੀ ਜਿਹੀ ਉੱਠੀ ਹੈ ਅਤੇ ਲੋਅ ਦੀ ਇਕ ਚਿਣਗ ਮੇਰੇ ਸਾਰੇ ਵਜੂਦ ਵਿਚ ਬਿਜਲੀ ਵਾਂਗ ਗੁਜ਼ਰ ਗਈ ਹੈ ਅਤੇ ਚੰਦਰਮਾ ਨੂੰ ਮੁੱਠੀ ਵਿਚ ਫੜਣ ਦੀ ਤਾਂਘ ਫਿਰ ਮਚਲ ਉੱਠੀ ਹੈ।

ਪਰ ਮੈਂ ਉਛਲ ਕੇ ਖਿੜਕੀ ਵੱਲ ਹੱਥ ਵਧਾਇਆ ਹੀ ਹੈ ਕਿ ਇਹ ਹੀਂ-ਹੀਂ ਕਰਦਾ, ਟਪੂਸੀਆਂ ਮਾਰਦਾ, ਕਮਰੇ ਦੇ ਪਿਛਵਾੜੇ ਵਾਲੀ ਪਹਾੜੀ ਓਹਲੇ ਜਾ ਛੁਪਿਆ ਹੈ ... ਅਤੇ ਮੈਂ ਸੁੰਨ-ਮਟੁੰਨ, ਹੱਕਾ-ਬੱਕਾ, ਹੈਰਾਨ-ਪਰੇਸ਼ਾਨ, ਖਿੜਕੀ ਵਿਚ ਖੜ੍ਹਾ ਖਾਲ਼ੀ ਹੱਥ ਮਲ਼ ਰਿਹਾ ਹਾਂ।

ਮਨ ਹੋਰ ਉਦਾਸ ਹੋ ਗਿਆ ਹੈ ਤਾਂ ਫਿਰ ਚੰਦਾ ਵੱਲ ਪਰਤਿਆ ਹਾਂ ਪਰ ਇਹ ਤਾਂ ਹੁਣ



ਕੰਬਲ ਨਾਲ ਮੂੰਹ-ਸਿਰ ਤੱਕ ਸਾਰਾ ਬਦਨ ਢੱਕ ਕੇ ਫੁਸ-ਫੁਸ ਕਰ ਰਹੀ ਹੈ ਅਤੇ ਮੈਂ ਦਿਮਾਗ਼ੀ ਕਸ਼ਮਕਸ਼ ਦੇ ਤੇਜ਼ ਤੂਫਾਨ ਵਿਚ ਘਿਰੇ ਆਪਣੇ ਦਿਲ ਨੂੰ ਕੁਝ ਦਿਲਾਸਾ ਤੇ ਰਾਹਤ ਦੇਣ ਲਈ ਹੋਟਲ ਦੀ ਛੱਤ ਉਪਰ ਬਣੀ 'ਰੂਫ-ਬਾਰ' ਵਿਚ ਆ ਵੜਿਆ ਹਾਂ।

ਬੈਠਦੇ ਸਾਰ, ਇਕ ਉਦਾਸ ਝਾਤੀ 'ਸਰਵਿਸ ਕਾਊਂਟਰ' ਵੱਲ ਮਾਰੀ ਹੈ ਤਾਂ ਇਕ ਵੇਟਰ ਕੁੜੀ ਮੇਰੇ ਰੂਬਰੂ ਆ ਹਾਜ਼ਰ ਹੋਈ ਹੈ ਅਤੇ ਮੇਰੇ ਸਾਹਮਣੇ ਖੜ੍ਹੀ ਲਗਾਤਾਰ ਮੁਸਕਰਾ ਰਹੀ ਹੈ।

ਮੈਂ ਫਰੈਂਚ ਵੋਦਕਾ, ਤਾਜ਼ੇ ਨਿੰਬੂ, ਬਰਫ਼ ਤੇ ਸਲਾਦ ਨਾਲ ਅਤੇ ਇਕ ਪਲੇਟ 'ਚਿਕਨ ਵਿੰਗਜ਼' ਦਾ ਆਰਡਰ ਦਿੱਤਾ ਹੈ ਤਾਂ ਉਹ ਵੇਟਰ ਕੁੜੀ ਹੋਰ ਵੀ ਖੁੱਲ੍ਹ ਕੇ ਮੁਸਕਰਾਉਂਦੀ ਹੋਈ ਚਲੀ ਗਈ ਹੈ ਪਰ ਮੈਂ ਹੋਰ ਵੀ ਉਦਾਸ ਹੋ ਗਿਆ ਹਾਂ, ਕਿਉਂਕਿ ਇਕ ਚੰਦਾ ਬਿਨਾ ਮੈਨੂੰ ਇਹ ਸਾਰੀ ਚਹਿਕ-ਮਹਿਕ ਨਕਲੀ ਜਾਪ ਰਹੀ ਹੈ ਅਤੇ ਨਸ਼ੇ ਦੇ ਸਰੂਰ ਨਾਲ ਚਮਕਦੇ ਰੰਗ-ਬਰੰਗੇ ਚਿਹਰੇ ਓਪਰੇ ਲੱਗ ਰਹੇ ਹਨ।

ਉਹ ਵੇਟਰ ਕੁੜੀ ਮੇਰਾ ਆਰਡਰ ਲੈ ਕੇ ਆਈ ਹੈ ਤਾਂ ਉਹਨੇ ਇਕ ਤਿਰਛੀ ਜਿਹੀ ਨਜ਼ਰ ਮੇਰੇ ਉਦਾਸ ਸੁੰਨੇ ਚਿਹਰੇ ਉਪਰ ਵੀ ਘੁਮਾਈ ਹੈ ਪਰ ਮੇਰੇ ਦਿਲੋ-ਦਿਮਾਗ਼ ਵਿਚ ਤਾਂ ਇਸ ਸਮੇਂ ਥੱਲੇ ਬੈੱਡ ਉਪਰ ਪਈ ਤੇ ਡੁਸਕ ਰਹੀ ਚੰਦਾ ਘੁੰਮ ਰਹੀ ਹੈ:

'ਵੇਚਾਰੀ ਜੜ੍ਹਹੀਣਤਾ ਤੇ ਵੰਸ਼ਹੀਣਤਾ ਦੇ ਅਹਿਸਾਸ ਦੀ ਮਾਰੀ !'

'ਜਿਹਦੇ ਵਜੂਦ ਦਾ ਜ਼ਰਖੇਜ ਹਿੱਸਾ ਤਾਂ ਉਸੇ ਖੱਡ ਰਹਿ ਗਿਆ ਅਤੇ ਜੋ ਮੇਰੇ ਨਾਲ ਏਥੇ ਆ ਗਿਆ, ਉਹ ਵੀ ਪਰਵਾਸ ਦੀਆਂ ਦੁਸ਼ਵਾਰੀਆਂ ਅਤੇ ਅਤੀਤ ਦੇ ਝੋਰਿਆਂ ਨਾਲ ਪੱਥਰ ਬਣ ਗਿਆ।'

ਇਹ ਮਨੋ-ਵੇਗ ਪੈਦਾ ਹੁੰਦੇ ਹੀ ਮੇਰੇ ਅੰਤਰ-ਮਨ ਵਿਚ ਇਕ ਉਬਾਲ ਉੱਠਿਆ ਹੈ, 'ਕਿਉਂ ਨਾ ਚੰਦਾ ਨੂੰ ਵੀ ਖਿੱਚ ਕੇ ਏਥੇ ਲੈ ਆਵਾਂ, ਆਪਣੇ ਗਲਾਸ ਨਾਲ ਉਹਦਾ ਗਲਾਸ ਖੜਕਾਵਾਂ, ਅਤੇ ਇਹਦੇ ਮਨ ਦੀ ਸਾਰੀ ਕੁੜੱਤਣ ਇਸ ਵੋਦਕਾ ਵਿਚ ਘੋਲ ਘੋਲ ਕੇ ਪੀ ਜਾਵਾਂ !'

ਪਰ ਇਹਦੀ ਗੁਸੈਲ ਬੁੜਬੁੜ ਦਾ ਡਰ ਪੈਰਾਂ ਨੂੰ ਇੰਜ ਨੂੜੀ ਬੈਠਾ ਹੈ ਕਿ ਵੀਰਾਨਾ ਹੀ ਵੀਰਾਨਾ ਨਜ਼ਰ ਆ ਰਿਹਾ ਹੈ ਜਿੱਥੋਂ ਤੱਕ ਨਜ਼ਰ ਜਾ ਰਹੀ ਹੈ।

ਪਰ ਦੂਜੇ ਪੈੱਗ ਤੋਂ ਬਾਅਦ ਹੁਣ ਮੈਨੂੰ ਇਹ ਚੰਦਾ ਨਹੀਂ, ਉਹ ਚੰਦਾ ਦਿਸਣ ਲੱਗ ਪਈ ਹੈ, ਜਿਸ ਨੇ ਪਹਾੜੀ ਵਾਦੀਆਂ ਨੂੰ ਸੰਗਰਾਮੀ ਫ਼ਿਜ਼ਾ ਨਾਲ ਭਰਨ ਲਈ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕੀਤਾ ਅਤੇ ਆਪਣ ਸਭ ਕੁਝ ਉਸ ਅੰਦੋਲਨ ਦੇ ਹਵਾਲੇ ਕਰ ਦਿੱਤਾ।

ਉਹ ਚੰਦਾ ਨਜ਼ਰ ਆਈ ਹੈ ਤਾਂ ਉਹ ਟਿਹਰੀ ਸ਼ਹਿਰ ਵੀ ਦਿਸ ਰਿਹਾ ਹੈ, ਜਿੱਥੇ ਡੈਮ ਬਣਾਉਣ ਲਈ ਲੱਖਾਂ ਲੋਕਾਂ ਨੂੰ ਬੇਕਾਰੀ ਅਤੇ ਭੁੱਖਮਰੀ ਦੀ ਡੂੰਘੀ ਖੱਡ ਵਿਚ ਸਿੱਟ ਦਿੱਤਾ ਗਿਆ ਅਤੇ ਇਸ ਤਬਾਹੀ ਦੇ ਵਿਰੁੱਧ ਮੇਰਾ ਆਪਣਾ ਭਾਸ਼ਣ ਮੇਰੇ ਕੰਨਾਂ ਵਿਚ ਗੂੰਜ ਰਿਹਾ ਹੈ: ਉਹ ਭਾਸ਼ਣ ਜੋ ਮੈਂ ਟਿਹਰੀ ਡੈਮ ਦੇ ਕੱਚੇ ਬੰਨ੍ਹ ਉਪਰ ਖੜੋ ਕੇ ਦਿੱਤਾ ਸੀ:

"ਪਿਆਰੇ ਸਾਥੀਓ ਅਤੇ ਦੋਸਤੋ ! ਅਹੁ ਭਵਸਾਗਰ ਬਣਿਆ ਪਿਆ ਟਿਹਰੀ ਸ਼ਹਿਰ ਅਤੇ ਸੰਘਰਸ਼ਰਤ ਲੋਕਾਂ ਦਾ ਆਹ ਸੈਲਾਬ, ਇਹ ਸਿੱਧ ਕਰਦੇ ਹਨ ਕਿ ਵਾੜ ਹੀ ਖੇਤ ਨੂੰ ਖਾਈ ਜਾ

ਰਹੀ ਹੈ ਪਰ ਟਾਹਰਾਂ ਦੇਸ਼ ਦੀ ਤਰੱਕੀ ਦੀਆਂ ਮਾਰੀਆਂ ਜਾ ਰਹੀਆਂ ਹਨ ...”

ਮੇਰੇ ਜੋਸ਼ ਨਾਲ ਲਕੜੀ ਦੇ ਫੱਟਿਆਂ ਦੀ ਸਟੇਜ ਹਿੱਲ ਰਹੀ ਹੈ ਅਤੇ ਸਭ ਤੋਂ ਮੂਹਰਲੀ ਕਤਾਰ ਵਿਚ ਬੈਠੀਆਂ ਔਰਤਾਂ ਵਿਚਕਾਰ ਬੈਠੀ ਇਕ ਅੱਲ੍ਹੜ ਕੁੜੀ ਇੰਜ ਹੱਸ-ਹੱਸ ਲੋਟ-ਪੋਟ ਹੋ ਰਹੀ ਹੈ ਜਿਵੇਂ ਮੈਨੂੰ ਕੋਈ ਕਾਰਟੂਨ ਸਮਝ ਰਹੀ ਹੋਵੇ: *ਲੰਮੀ ਖੁੱਲ੍ਹੀ ਦਾੜ੍ਹੀ ਵਿਚ ਨਿੱਕਾ ਜਿਹਾ ਚਿਹਰਾ ਅਤੇ ਅੱਗ ਉਗਲਦੀ ਜੀਭ ! ਪਰ* ਮੇਰਾ ਭਾਸ਼ਣ ਤਰਕ-ਵਿਤਰਕ ਦੇ ਦੌਰ ਵਿਚ ਦਾਖਲ ਹੋ ਚੁੱਕਾ ਹੈ ਅਤੇ ਖਤਮ ਹੁੰਦੇ ਹੀ ਤਾਲੀਆਂ ਤੇ ਨਾਅਰਿਆਂ ਨਾਲ ਅਸਮਾਨ ਗੂੰਜ ਰਿਹਾ ਹੈ।

ਇਹ ਭਾਸ਼ਣ ਬੰਦ ਹੋਇਆ ਹੈ ਤਾਂ ਮੇਰੀਆਂ ਅੱਖਾਂ ਸਾਹਮਣੇ ਉਸ ਖੱਡ ਵਿਚ ਮੇਰੇ ਪਰਵੇਸ਼ ਦਾ ਪਹਿਲਾ ਦ੍ਰਿਸ਼ ਘੁੰਮਣ ਲੱਗ ਪਿਆ ਹੈ: ਜੋ 'ਮੁੜ ਵਸਾਓ ਮੋਰਚੇ' ਵੱਲੋਂ ਕਬਜ਼ਾਈ ਤੇ ਵਸਾਈ ਗਈ ਸੀ:

ਇਕ ਲੰਬਾ ਕਾਫਲਾ ਉਸ ਖੱਡ ਵੱਲ ਵਧ ਰਿਹਾ ਹੈ। ਹੱਥਾਂ ਵਿਚ ਬੈਨਰ ਝੰਡੇ ਲਈ ਲੋਕ ਉੱਚੀਆਂ ਨੀਵੀਆਂ ਪਹਾੜੀਆਂ ਉਪਰ ਮਾਰਚ ਕਰ ਰਹੇ ਹਨ ਅਤੇ ਟੇਡੀਆਂ ਮੇਡੀਆਂ ਪਗਡੰਡੀਆਂ ਉਪਰ ਪੈਲ੍ਹਾਂ ਪਾਉਂਦੀਆਂ ਉਹ ਮੋਰਨੀਆਂ ਵਰਗੀਆਂ ਕੁੜੀਆਂ ਵੀ ਨਜ਼ਰ ਆ ਰਹੀਆਂ ਹਨ, ਜਿਨ੍ਹਾਂ ਦੀ ਅਗਵਾਈ ਉਹ ਹੀ ਅੱਲ੍ਹੜ ਕੁੜੀ ਕਰ ਰਹੀ ਹੈ।

ਇਕ ਉੱਚੀ ਪਹਾੜੀ ਉੱਤੇ ਪਹੁੰਚ ਕੇ ਇਹ ਕਾਫਲਾ ਪਲ ਦੋ ਪਲ ਆਰਾਮ ਕਰਨ ਲਈ ਰੁਕ ਗਿਆ ਹੈ ਤਾਂ ਸੱਤੂਆਂ ਦੇ ਨਾਲ ਇਕ ਝਰਨੇ ਦਾ ਸੀਤਲ ਜਲ ਥਕਾਵਟ ਦੂਰ ਕਰਨ ਲਈ ਵਰਦਾਨ ਸਾਬਤ ਹੋ ਰਿਹਾ ਹੈ ਅਤੇ ਮੈਂ ਇਕ ਟੀਸੀ ਉਪਰ ਖਲੋ ਕੇ ਚਾਰ-ਚੁਫੇਰੇ ਦੇਖ ਰਿਹਾ ਹਾਂ:

ਇਕ ਲੰਮੀ-ਚੌੜੀ ਅਤੇ ਹਰੀ-ਭਰੀ ਉਹ ਵਿਸ਼ਾਲ ਬਸਤੀ ਦਿਖਾਈ ਦੇ ਰਹੀ ਹੈ, ਜਿੱਥੇ ਝੋਂਪੜੀਆਂ ਦੀਆਂ ਲੰਮੀਆਂ ਕਤਾਰਾਂ ਇੰਜ ਖੜ੍ਹੀਆਂ ਹਨ ਜਿਵੇਂ ਪਹਾੜੀਆਂ ਉਪਰ ਚੜ੍ਹਣ ਦੀ ਹੋੜ ਵਿਚ ਜੁੱਟੀਆਂ ਹੋਣ।

ਝੋਂਪੜੀਆਂ ਹੀ ਝੋਂਪੜੀਆਂ, ਟਿਮਟਮਾ ਰਹੇ ਹਜ਼ਾਰਾਂ ਦੀਵੇ ਅਤੇ ਛੱਤਾਂ ਵਿਚੋਂ ਨਿਕਲ ਰਹੇ ਧੂੰਏਂ ਦੇ ਬੇਸ਼ੁਮਾਰ ਗੁਬਾਰ: ਪਹਿਲੀ ਨਜ਼ਰੇ ਇਹ ਦ੍ਰਿਸ਼ ਬੜਾ ਅੱਦਭੁੱਤ, ਰੁਮਾਂਟਿਕ ਅਤੇ ਸਜੀਵ ਲੱਗ ਰਿਹਾ ਹੈ। ਪਰ ਜਿਉਂ ਜਿਉਂ ਅਸੀਂ ਬਸਤੀ ਵਿਚ ਪਰਵੇਸ਼ ਕਰ ਰਹੇ ਹਾਂ, ਮੇਰੇ ਜ਼ਿਹਨ ਵਿਚਲਾ ਇਹ ਤਲਿਸਮੀ ਨਕਸ਼ਾ ਬਦਲਦਾ ਜਾ ਰਿਹਾ ਹੈ ਅਤੇ ਕੁਰਬਲ ਕੁਰਬਲ ਕਰਦੀ, ਰੀਂਗਦੀ ਹੋਈ ਜ਼ਿੰਦਗੀ ਦੇਖ ਕੇ ਰੂਹ ਵਿਚੋਂ ਹੂਕ ਨਿਕਲ ਰਹੀ ਹੈ:

'ਵਾਹ ਰੇ ਹਿੰਦੁਸਤਾਨ ਤੇਰੀ ਤਰੱਕੀ ! ਸਦੀਆਂ ਤੋਂ ਇਨ੍ਹਾਂ ਪਹਾੜੀਆਂ ਵਿਚ ਵਸਦੇ-ਰਸਦੇ ਸਿੱਧੇ ਸਾਦੇ, ਮਿਹਨਤੀ ਅਤੇ ਕਮਾਊ ਲੋਕਾਂ ਨੂੰ ਚੁੱਕ ਕੇ ਇਸ ਲਾਚਾਰੀ ਤੇ ਬੇਬਸੀ ਦੀ ਖੱਡ ਵਿਚ ਸਿੱਟ ਦਿੱਤਾ !'

ਮੈਂ ਇਸ ਚਿੰਤਨ ਵਿਚ ਗੁੰਮ-ਗੁਆਚ ਕੇ ਗੰਭੀਰ ਹੋ ਗਿਆ ਹਾਂ ਪਰ ਉਹ ਅੱਲ੍ਹੜ ਚੁੱਲਬਲੀ ਮੇਰੇ ਸਾਹਮਣੇ ਖੜ੍ਹੀ ਚਹਿਕ ਰਹੀ ਹੈ:

“ਯਹ ਰਹਾ ਹਮਾਰਾ 'ਚੰਦਰ ਨਗਰ' ਸਾਹਿਬ !”

“ਆਪ ਜਹਾਂ ਰਹਿਣਾ ਪਸੰਦ ਕਰੇਂਗੇ, ਜਨਾਬ ?”

“ਹਾਂ ... ਔਰ ਉਮਰ ਭਰ ਕੇ ਲੀਏ !”



ਇਹ ਸ਼ਬਦ ਮੇਰੇ ਮੂੰਹੋਂ ਨਿਕਲਦੇ ਹੀ ਉਹ ਅੱਲ੍ਹੜ ਮੁਟਿਆਰ ਇੰਜ ਕਿਲਕਾਰੀ ਮਾਰ ਕੇ ਹੱਸ ਰਹੀ ਹੈ ਕਿ ਕਈ ਪੰਛੀ ਉਡਾਰੀਆਂ ਮਾਰ ਗਏ ਹਨ ਪਰ ਉਹ ਮੇਰੀਆਂ ਅੱਖਾਂ ਵਿਚ ਝਾਕੀ ਜਾ ਰਹੀ ਹੈ।

ਹਾਂ, ਉਹ ਹਾਲੇ ਤੱਕ ਮੇਰੀਆਂ ਅੱਖਾਂ ਵਿਚ ਝਾਕ ਰਹੀ ਹੈ।

ਪਰ ਕੰਨਾਂ ਵਿਚ ਆਵਾਜ਼ ਤਾਂ ਕਿਸੇ ਹੋਰ ਦੀ ਪੈ ਰਹੀ ਹੈ:

“ਸਰ ! ਹੋਰ ਡਰਿੰਕ ਲਓਗੇ ਜਾਂ ਖਾਣ ਲਈ ਕੁਝ ਹੋਰ ਲੈ ਆਵਾਂ ?”

ਇਸ ਆਵਾਜ਼ ਨਾਲ ਮੇਰੀ ਬਿਰਤੀ ਭੰਗ ਹੁੰਦੇ ਹੀ, ਮੇਰੇ ਮੂੰਹੋਂ 'ਬਿੱਲ' ਸ਼ਬਦ ਨਿਕਲਿਆ ਹੈ, ਤਾਂ ਉਹ ਵੇਟਰ ਕੁੜੀ ਅਦਬ ਨਾਲ ਝੁਕ ਕੇ 'ਓ. ਕੇਅ. ਸਰ !' ਕਹਿ ਕੇ ਚਲੀ ਗਈ ਹੈ।

ਮੈਂ ਬਿੱਲ ਦੇ ਨਾਲ 'ਟਿੱਪ' ਦੇ ਕੇ ਬਾਰ ਵਿਚੋਂ ਬਾਹਰ ਨਿਕਲਿਆ ਹਾਂ ਤਾਂ ਛੱਤ ਦੀਆਂ 'ਫਲੱਡ ਲਾਈਟਸ' ਨਾਲ ਟਾਕਰਾ ਹੁੰਦੇ ਹੀ ਮੇਰੀਆਂ ਅੱਖਾਂ ਚੁੰਧਿਆ ਕੇ ਇਕਦਮ ਬੰਦ ਹੋ ਗਈਆਂ ਹਨ ਅਤੇ ਰੂਹ ਵਿਚ ਇੰਨੀ ਤੇਜ਼ ਖਲਬਲੀ ਮਚ ਉੱਠੀ ਹੈ ਕਿ ਹਨੇਰਾ ਹੀ ਹਨੇਰਾ ਨਜ਼ਰ ਆ ਰਿਹਾ ਹੈ।

ਮੈਂ ਇਨ੍ਹਾਂ ਤੇਜ਼ ਰੋਸ਼ਨੀਆਂ ਤੋਂ ਥੋੜ੍ਹਾ ਪਰੇ ਹਟ ਕੇ, ਇਕ ਜੰਗਲੇ ਨੂੰ ਫੜ ਕੇ ਸਾਹਮਣੇ ਪਹਾੜੀਆਂ ਵੱਲ ਦੇਖ ਰਿਹਾ ਹਾਂ ਤਾਂ ਇਕ ਮੱਧਮ ਜਿਹੀ ਲੋਅ ਕਿਸੇ ਪਹਾੜੀ ਵਿਚੋਂ ਉੱਗ ਰਹੀ ਮਹਿਸੂਸ ਹੋ ਰਹੀ ਹੈ ਅਤੇ ਚੰਦਰਮਾ ਵੀ ਇਕ ਝਕਾਨੀ ਜਿਹੀ ਦੇ ਕੇ ਫਿਰ ਮੇਰੇ ਰੂਬਰੂ ਆ ਹਾਜ਼ਰ ਹੋਇਆ ਹੈ ਅਤੇ ਮੇਰੇ ਤੋਂ ਕੁਝ ਹੀ ਕਦਮਾਂ ਦੇ ਵਿੱਥ ਉੱਤੇ ਹੌਲੀ ਹੌਲੀ ਕਦਮ-ਚਾਪ ਕਰਦਾ ਫਿਰ ਸੈਨਤਾਂ ਨਾਲ ਮੈਨੂੰ ਆਪਣੇ ਪਾਸ ਬੁਲਾ ਰਿਹਾ ਹੈ।

ਚੰਦਰਮਾ ਨੂੰ ਇਕ ਵਾਰ ਫਿਰ ਅਚਾਨਕ ਆਪਣੇ ਸਾਹਮਣੇ ਦੇਖ ਕੇ ਮੈਨੂੰ ਚਾਅ ਚੜ੍ਹ ਗਿਆ ਹੈ ਅਤੇ ਮੁੱਠੀ ਵਿਚ ਫੜਨ ਦੀ ਕਸਕ ਮੁੜ ਜੀਅ ਉੱਠੀ ਹੈ ਅਤੇ ਮੈਂ ਦੌੜ ਤੁਰਿਆ ਹਾਂ ਆਪਣੇ ਹੀ ਕਦਮਾਂ ਦੇ ਅੱਗੇ ਪਿੱਛੇ।

ਪਰਬਤਾਂ ਦੇ ਉਪਰ ਥੱਲੇ।

ਆਪਣੀ ਹੀ ਸੋਚ ਦੇ ਆਰ-ਪਾਰ।

ਪਰ ਚੰਦਰਮਾ ਤਾਂ ਫਿਰ ਜਾ ਡੁੱਬਿਆ ਹੈ ਕਿਸੇ ਡੂੰਘੀ ਖੱਡ ਵਿਚ ਅਤੇ ਮੈਂ ਇਕ ਪੂਰਾ ਚੱਕਰ ਕੱਟ ਕੇ ਮੁੜ ਆ ਪਹੁੰਚਾ ਹਾਂ ਝੀਲ ਦੇ ਕਿਨਾਰੇ।

ਬੈਠਾ ਹਾਂ ਇਕ ਉੱਚੇ ਟਿੱਲੇ ਉੱਤੇ ਘੁੱਪ ਹਨੇਰੇ ਵਿਚ ਚੁੱਪ-ਚਾਪ।

ਹੁਣ ਘੂਕ ਸੁੱਤੀ ਪਈ ਹੈ ਝੀਲ। ਥੱਕ ਟੁੱਟ ਕੇ ਚੂਰ। ਦਿਨ ਭਰ ਢੋਅ-ਢੋਅ ਕਿਸ਼ਤੀਆਂ ਅਤੇ ਲੋਕਾਂ ਦਾ ਭਾਰ। ਨਾ ਕੋਈ ਕਿਸ਼ਤੀ ਤੈਰ ਰਹੀ ਹੈ ਝੀਲ ਦੇ ਪਾਣੀ ਵਿਚ, ਨਾ ਕੋਈ ਹੋਰ ਚਹਿਲ ਪਹਿਲ ਹੀ ਹੈ ਕਿਨਾਰੇ ਉੱਤੇ। ਪਾਰਕ ਵੀ ਸੁੱਤਾ ਪਿਆ ਹੈ ਤਾਣ ਕੇ ਰਾਤ ਦੀ ਖਾਮੋਸ਼ ਚਾਦਰ ਤੇ ਫੁੱਲ ਵੀ ਸਿਰ ਸੁੱਟੀ ਖੜ੍ਹੇ ਹਨ ਕੋਹਰੇ ਦੀ ਮੋਟੀ ਤਹਿ ਥੱਲੇ।

ਹਰੀਆਂ-ਭਰੀਆਂ ਵਾਦੀਆਂ ਵੀ ਸਿਮਟ-ਗੁਆਚ ਗਈਆਂ ਹਨ ਹਨੇਰੇ ਦੀ ਗੋਦੀ ਵਿਚ, 'ਸੀਨਿਕ ਪਆਇੰਟ' ਵੀ ਜਾ ਵੜੇ ਹਨ ਇਸੇ ਦੇ ਢਿੱਡ ਵਿਚ ਅਤੇ ਹਨੇਰਾ ਹੀ ਬਣਿਆ ਬੈਠਾ ਹੈ ਝੀਲ ਦਾ ਪਹਿਰੇਦਾਰ।

ਮੈਂ ਕੋਸ ਰਿਹਾ ਹਾਂ ਹਨੇਰੇ ਦੀ ਇਸ ਯੁਗਗਰਦੀ ਨੂੰ ...

ਇਕਦਮ ਠੰਢੀ ਸੀਤ ਹੋ ਗਈ ਇਸ ਫ਼ਿਜ਼ਾ ਨੂੰ ...

ਆਪਣੇ ਹੀ ਹੱਡਾਂ 'ਚ ਖੁਰ ਗਏ ਚੰਦਰਮਾ ਦੀ ਉਸ ਚਾਂਦਨੀ ਨੂੰ ... ਜਿਸਦੀ ਖੁਸ਼ਬੂ ਅਤੇ ਲੋਅ ਨਾਲ ਅਸੀਂ ਲੜਿਆ ਕਰਦੇ ਸਾਂ, ਹਨੇਰੇ ਦੇ ਵਿਰੁੱਧ, ਸੋਨ ਰੰਗੀ ਸਵੇਰ ਲਈ ਇਕ ਸੋਨ ਸੁਨਹਿਰੀ ਯੁੱਧ।

ਪਰ ਮੇਰੇ ਅਚੇਤ ਵਿਚ ਸੁਲਘ ਰਹੀ ਹੈ ਨਵ-ਚਿੰਤਨ ਦੀ ਇਕ ਨਵੀਂ ਚਿਣਗਾਰੀ ਅਤੇ ਮੈਂ ਲੜ ਰਿਹਾ ਹਾਂ ਇਸ ਵਕਤ ਆਪਣੇ ਹੀ ਵਰਤਮਾਨ ਨਾਲ ਇਕ ਅੰਦਰੂਨੀ ਯੁੱਧ ਅਤੇ ਉਨ੍ਹਾਂ ਸੋਨ ਸੁਨਹਿਰੀ ਯਾਦਾਂ ਦਾ ਇਕ ਪਰਛਾਵਾਂ ਮੰਡਰਾ ਰਿਹਾ ਹੈ ਇਸ ਸਮੇਂ ਵੀ ਮੇਰੇ ਸਿਰ ਉਪਰ।

ਮੇਰੇ ਤੋਂ ਕੁਝ ਦੂਰ ਇਕ ਪੰਛੀ ਵੀ ਮੰਡਰਾਅ ਰਿਹਾ ਹੈ ਝੀਲ ਦੇ ਪਾਣੀ ਉਪਰ। ਮਾਰ ਰਿਹਾ ਚੁੰਝਾਂ ਝੀਲ ਦੇ ਸੁੱਤੇ ਪਏ ਪਾਣੀ ਵਿਚ ਸ਼ੌਦਾਈਆਂ ਵਾਂਗ। ਪਤਾ ਨਹੀਂ, ਇਹ ਪੰਛੀ ਵਿਚਾਰਾ ਭੁੱਖਾ ਭਾਣਾ ਨਿਕਲਿਆ ਹੈ ਸ਼ਿਕਾਰ ਯੁੱਧ ਲਈ ਜਾਂ ਭਟਕ ਰਿਹਾ ਹੈ ਮੇਰੇ ਹੀ ਵਾਂਗ ਬੇਚੈਨ, ਬੇਆਬਰੂ ਅਤੇ ਦਿਸ਼ਾਹੀਨ ... ਕੀ ਪਤਾ, ਇਹ ਤਨਹਾ ਪੰਛੀ ਵੀ ਭਾਲ ਰਿਹਾ ਹੋਵੇ ਇਸ ਵਕਤ ਝੀਲ ਦੇ ਪਾਣੀ ਵਿਚੋਂ ਆਪਣੇ ਵਿਛੜੇ ਮਹਿਬੂਬ ਨੂੰ ਜਾਂ ਫਿਰ ਤਲਾਸ਼ ਰਿਹਾ ਹੋਵੇ ਕਿਸੇ ਸੁਨਹਿਰੀ ਯਾਦ ਦਾ ਕੋਈ ਸੱਜਰਾ ਅਕਸ।

ਫੜਫੜਾ ਰਿਹਾ ਹੈ ਪੰਛੀ। ਸ਼ੂਕ ਰਹੀ ਹੈ ਰਾਤ।

ਹਨੇਰੇ ਦਾ ਹੈ ਰਾਜ। ਚੁੱਪ ਹੈ ਸਾਰੀ ਕਾਇਨਾਤ।

ਮੈਂ ਗੁਣਗੁਣਾ ਰਿਹਾ ਹਾਂ ਇਕ ਉਦਾਸ ਧੁਨ।

ਵਿਰਲੀ ਟਾਵੀਂ ਕੋਈ ਰੌਸ਼ਨੀ ਦਿਸ ਰਹੀ ਹੈ ਬਹੁਤ ਦੂਰ ਕਿਸੇ ਪਹਾੜੀ ਉੱਤੇ ... ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਤਾਰਿਆਂ ਦੀ ਲੋਅ ਵਿਚ ਗਾ ਰਹੀ ਹੈ ਕੋਈ ਵਿਜੋਗਣ ਆਪਣੇ ਪਿਆਰੇ ਦੇ ਦਰਦ-ਵਿਛੋੜੇ ਦਾ ਗੀਤ ਅਤੇ ਮੇਰੀ ਪਿਆਰੀ ਚੰਦਾ ਦੇ ਕਦਮਾਂ ਦੀ ਠੁਮਕ-ਠੁਮਕ ਪੈ ਰਹੀ ਹੈ ਮੇਰੇ ਕੰਨਾਂ ਵਿਚ ਇਕ ਸੰਗੀਤਕ ਲੈਅ ਬਣ ਕੇ।

****